
# ਸਿੱਖ ਰਾਜ ਕਿਵੇਂ ਬਣਿਆ?



ਗਿ: ਸੋਹਣ ਸਿੰਘ
'ਸੀਤਲ'

# ਸਿੱਖ ਰਾਜ ਕਿਵੇਂ ਬਣਿਆ?

ਸੋਹਣ ਸਿੰਘ 'ਸੀਤਲ'

# ਸਿੱਖ ਰਾਜ ਕਿਵੇਂ ਬਣਿਆ?


ਲੇਖਕ

*ਸੋਹਣ ਸਿੰਘ 'ਸੀਤਲ'*

(ਕਰਤਾ 'ਸਿੱਖ ਰਾਜ ਕਿਵੇਂ ਗਿਆ'
'ਸਿੱਖ ਇਤਿਹਾਸ ਦੇ ਸੋਮੇਂ' ਆਦਿ)



*Mob.: 98117 91111 ◇98114 91111

ਧਾਰਮਿਕ ਪੁਸਤਕਾਂ ਤੇ ਬਾਬਾ ਜੀ ਦੇ ਰੁਮਾਲ ਸਾਹਿਬ ਦਾ ਨਿਵੇਕਲਾ ਸ਼ੋਅਰੂਮ

**ਭਾਈ ਚਤਰ ਸਿੰਘ ਐਂਡ ਕੋ.**

ਪੁਸਤਕਾਂ ਵਾਲੇ (ਅੰਮ੍ਰਿਤਸਰ ਵਾਲੇ)

* ਡੀ-118, ਫਤਿਹ ਨਗਰ, ਜੇਲ ਰੋਡ, ਨਵੀ ਦਿੱਲੀ-18

(ਨਜਦੀਕ ਗੁਰਦੁਆਰਾ ਛੋਟੇ ਸਾਹਿਬਜ਼ਾਦੇ ਸਾਹਿਬ ਜੀ)

◇1687 ਕੂਚਾ ਜੱਟ ਮਲ, ਦਰੀਬਾ ਕਲਾਂ, ਦਿੱਲੀ-6

ਸਭ ਹੱਕ ਕਰਤਾ ਦੇ ਰਾਖਵੇਂ ਹਨ।

2011

ਮੁੱਲ 120

ਪ੍ਰਕਾਸ਼ਕ : ਤੇਜਿੰਦਰ ਬੀਰ ਸਿੰਘ, ਲਾਹੌਰ ਬੁੱਕ ਸ਼ਾਪ
2-ਲਾਜਪਤ ਰਾਏ ਮਾਰਕੀਟ, ਨੇੜੇ ਸੁਸਾਇਟੀ ਸਿਨੇਮਾ,
ਲੁਧਿਆਣਾ ।
E-Mail:-lahorebookshop40@Rediffmail.com. Ph. : 2740738

ਲੇਜ਼ਰ ਸੈਟਿੰਗ : ਲਿਟਲ ਗ੍ਰਾਫ਼ਿਕਸ, ਕੋਟ ਕਿਸ਼ਨ ਚੰਦ, ਜਲੰਧਰ।

ਛਾਪਕ : ਸਰਤਾਜ ਪ੍ਰਿੰਟਿੰਗ ਪ੍ਰੈਸ, ਜਲੰਧਰ।

# ਤਤਕਰਾ

## ਪਹਿਲਾ ਕਾਂਡ ੧੩-੩੨


ਗੁਰੂ ਸਾਹਿਬਾਨ ੧੩
ਖ਼ਾਲਸੇ ਦਾ ਨਿਸ਼ਾਨਾ ੧੭
ਬੰਦਾ ਸਿੰਘ ੧੯
ਸਰਹਿੰਦ ਫ਼ਤਹਿ ੨੪
ਪਹਿਲਾ ਸਿੱਖ ਰਾਜ ੨੫
ਨਾਨਕਸ਼ਾਹੀ ਸਿੱਕਾ ੨੬
ਦੁਆਬਾ ਮਾਝਾ ਮੱਲਿਆ ੨੭
ਹੈਦਰੀ ਝੰਡਾ ੨੭
ਬਹਾਦਰ ਸ਼ਾਹ ਦੀ ਸਿੱਖਾਂ 'ਤੇ ਚੜ੍ਹਾਈ ੨੮
ਲੋਹਗੜ੍ਹ ਛੱਡਣਾ ੨੮
ਬਾਜ਼ੀਦ ਖ਼ਾਂ ਕਤਲ ੨੯
ਜਹਾਂਦਾਰ ਸ਼ਾਹ ੨੯
ਫ਼ਰਖ਼ਸੀਅਰ ੨੯
ਅਬਦੁੱਸਮੱਦ ਖ਼ਾਂ, ਗੁਰਦਾਸ ਨੰਗਲ ਨੂੰ ਘੇਰਾ ੩੦
ਬੰਦਾ ਸਿੰਘ ਗ੍ਰਿਫ਼ਤਾਰ ੩੦
ਖ਼ੂਨੀ ਸਤਵਾਰਾ ੩੧
ਸਿੱਖ ਬੱਚਾ ੩੧
ਅਜੇ ਸਿੰਘ ਤੇ ਬੰਦਾ ਸਿੰਘ ਸ਼ਹੀਦ ੩੨


## ਦੂਜਾ ਕਾਂਡ ੩੩—੬੩


ਸਿੱਖਾਂ ਵਿਰੁਧ ਕਤਲਾਮ ਦਾ ਹੁਕਮ ੩੩
ਫ਼ਰਖ਼ਸੀਅਰ ਕਤਲ ੩੪
ਮੁਹੰਮਦ ਸ਼ਾਹ ਬਾਦਸ਼ਾਹ ਬਣਿਆ ੩੫
ਬੰਦਈ ਸਿੱਖ ੩੫
ਤੱਤ ਖ਼ਾਲਸੇ ਤੇ ਬੰਦਈਆਂ ਦਾ ਝਗੜਾ ੩੬
ਖ਼ਾਨ ਬਹਾਦਰ ਲਾਹੌਰ ਦਾ ਸੂਬੇਦਾਰ ੩੮
ਸ਼ਹੀਦੀ ਤਾਰਾ ਸਿੰਘ ੩੮
ਸਿੰਘਾਂ ਨੇ ਖ਼ਜ਼ਾਨੇ ਲੁੱਟੇ ੪੨
ਹਿੰਦੂ ਦਾ ਮਾਲ ਵਾਪਸ ੪੩
ਚਵਿੰਡੇ ਦੀਆਂ ਸਿੰਘਣੀਆਂ ਦੀ ਬਹਾਦਰੀ ੪੩
ਸਿੱਖਾਂ ਦੇ ਸਿਰਾਂ ਦੇ ਇਨਾਮ ੪੩
ਦਿੱਲੀ ਦੀ ਫ਼ੌਜ ਪੰਜਾਬ ਵਿਚ ੪੪
ਬਾਦਸ਼ਾਹ ਨੇ ਭੰਡਾਂ ਤੋਂ ਸਿੱਖਾਂ ਦੀ ਨਕਲ ਵੇਖੀ ੪੬
ਪੰਥ ਨੂੰ ਜਾਗੀਰ ਤੇ ਨਵਾਬੀ ੪੬
ਦਰਬਾਰਾ ਸਿੰਘ ਸੁਰਗਵਾਸ ਤੇ ਕਪੂਰ ਸਿੰਘ ਜੱਥੇਦਾਰ ੪੭
ਬੁੱਢਾ ਦਲ ਤੇ ਤਰਨਾ ਦਲ ੪੮
ਜਾਗੀਰ ਜ਼ਬਤ ੪੯
ਆਲਾ ਸਿੰਘ ਪਟਿਆਲਾ ਨੇ ਅੰਮ੍ਰਿਤ ਛਕਿਆ ੫੦
ਜੰਗ ਬਾਸਰਕੀ ੫੧
ਜੰਗ ਹੁਜਰਾ ਸ਼ਾਹ ਮੁਕੀਮ ੫੧
ਅੰਮ੍ਰਿਤਸਰ ਸ਼ਾਹੀ ਕਬਜ਼ਾ ੫੨

ਜੰਗ ਗਿਲਵਾਲੀ ੫੩
ਸ਼ਹੀਦੀ ਮਨੀ ਸਿੰਘ ੫੭
ਕਾਤਲਾਂ ਤੋਂ ਬਦਲੇ ਲਏ ੫੮
ਸ਼ਹੀਦੀ ਹਕੀਕਤ ਰਾਏ ੫੯
ਖ਼ਾਨ ਬਹਾਦਰ ਨੂੰ ਕਤਲ ਕਰਨ ਦੀ ਗੋਂਦ ੬੦
ਕੁਤਬਦੀਨ ਨੇ ਥੰਮ੍ਹ ਸਾਹਿਬ ਸਾੜਿਆ ੬੧
ਸ਼ਹੀਦੀ ਬੋਤਾ ਸਿੰਘ ੬੩

## ਤਿੱਜਾ ਕਾਂਡ ੬੪—੯੦

ਮੁਗ਼ਲ ਬਾਦਸ਼ਾਹ ੬੪
ਨਾਦਰ ਦੇ ਪਹਿਲੇ ਹਾਲ ੬੮
ਨਾਦਰ ਦਾ ਹਮਲਾ ੭੦
ਸਿੰਘਾਂ ਦੁਰਾਨੀ ਫ਼ੌਜ ਲੁੱਟੀ ੭੪
ਖ਼ਾਨ ਬਹਾਦਰ ਨੇ ਨਾਦਰ ਨੂੰ ਸਿੰਘਾਂ ਬਾਰੇ ਦੱਸਣਾ ੭੪
ਖ਼ਾਨ ਬਹਾਦਰ ਨੂੰ ਮੁਲਤਾਨ ਦੀ ਸੂਬੇਦਾਰੀ ੭੫
ਸਿੱਖੀ ਵਿਚ ਵਾਧਾ ੭੬
ਸਿੱਖਾਂ ਦਾ ਪਹਿਲਾ ਕਿਲ੍ਹਾ ੭੬
ਕਿਲ੍ਹਾ ਡੱਲੇਵਾਲ ਢਾਹਿਆ ੭੭
ਸਿੰਘ ਦੇਸ ਛੱਡ ਗਏ ੭੮
ਸਿੰਘ ਖੱਡ ਵਿਚ ਆਕੀ ੮੦
ਮੱਸੇ ਦੀ ਮੌਤ ੮੩
ਨੱਥਾ ਤੇ ਰਾਏ ਸਿੰਘ
ਰਤਨ ਸਿੰਘ ਭੰਗੂ ਕਰਤਾ ੮੬
ਪ੍ਰਾਚੀਨ ਪੰਥ ਪ੍ਰਕਾਸ਼ ੮੭
ਸ਼ਹੀਦੀ ਤਾਰੂ ਸਿੰਘ ੮੭
ਸ਼ਹੀਦੀ ਮਤਾਬ ਸਿੰਘ ੮੭
ਖ਼ਾਨ ਬਹਾਦਰ ਦੀ ਮੌਤ ੯੦

## ਚੌਥਾ ਕਾਂਡ ੯੧—੧੩੮

ਖ਼ਾਨ ਬਹਾਦਰ ਦੇ ਪੁੱਤਰ ੯੧
ਯਾਹੀਆ ਖ਼ਾਂ ਸੂਬੇਦਾਰ ੯੨
ਪੰਥ ਵਿਚ ਛੋਟੇ ਜੱਥੇ ੯੩
ਸਿੰਘਾਂ ਲਾਹੌਰ ਲੁਟਿਆ ੯੪
ਜਸਪਤ ਕਤਲ ੯੪
ਸ਼ਹੀਦੀ ਸਬੇਗ ਸਿੰਘ ੯੬
ਛੋਟਾ ਘਲੂਘਾਰਾ ੯੭
ਸ਼ਾਹ ਨਿਵਾਜ਼ ਸੂਬੇਦਾਰ ੧੦੪
ਅਬਦਾਲੀ ਦੇ ਪਹਿਲੇ ਹਾਲ ੧੦੫
ਨਾਦਰ ਕਤਲ ਤੇ ਅਬਦਾਲੀ ਬਾਦਸ਼ਾਹ ੧੦੬
ਅਬਦਾਲੀ ਦਾ ਹਮਲਾ ੧੦੭
ਮੀਰ ਮੰਨੂੰ ਸੂਬੇਦਾਰ ੧੦੯
ਅਹਿਮਦ ਸ਼ਾਹ ਬਾਦਸ਼ਾਹ ਤੇ ੧੦੯
ਸਫ਼ਦਰ ਜੰਗ ਵਜ਼ੀਰ
ਅੰਮ੍ਰਿਤਸਰ ਸ਼ਾਹੀ ਪਹਿਰਾ ੧੧੦
ਸੁੱਖਾ ਸਿੰਘ ਨਹਾ ਗਿਆ ੧੧੦
ਸਿੰਘਾਂ ਚੌਧਰੀ ਮਾਰੇ ੧੧੧
ਸਲਾਬਤ ਖ਼ਾਂ ਕਤਲ ੧੧੨
੧੭੪੮ ਈ:, ਸਿੱਖ ਸਰਦਾਰਾਂ ਦੇ ਨਾਮ ੧੧੩
ਦਲ ਖ਼ਾਲਸਾ ੧੧੫
ਆਹਲੂ ਜੱਥੇਦਾਰ ੧੧੬
ਯਾਰਾਂ ਮਿਸਲਾਂ ੧੧੬

ਕਿਲ੍ਹਾ ਰਾਮ ਰਉਣੀ ੧੧੭
ਲਖਪਤ ਦੀ ਮੌਤ ੧੧੮
ਕੌੜਾ ਮੱਲ ਦਾ ਮੁਲਤਾਨ ਉਤੇ ਕਬਜ਼ਾ ੧੧੯
ਜੰਗ ਅਨੰਦਪੁਰ ੧੨੦
ਜੱਸਾ ਸਿੰਘ ਈਚੋਗਿੱਲ ਅਦੀਨਾ ਬੇਗ ਦਾ ਨੌਕਰ ੧੨੦
ਰਾਮ ਰਉਣੀ ਨੂੰ ਘੇਰਾ ੧੨੧
ਸਿੰਘਾਂ ਨੂੰ ਜਾਗੀਰ ੧੨੩
ਅਬਦਾਲੀ ਦਾ ਦੂਜਾ ਹਮਲਾ ੧੨੩
ਸ਼ਾਹ ਨਿਵਾਜ਼ ਦਾ ਮੁਲਤਾਨ ਉੱਤੇ ਕਬਜ਼ਾ ੧੨੪
ਕੌੜਾ ਮੱਲ ਤੇ ਸਿੱਖ ੧੨੫
ਸ਼ਾਹ ਨਿਵਾਜ਼ ਕਤਲ ੧੨੫
ਕੌੜਾ ਮੱਲ ਮੁਲਤਾਨ ਦਾ ਸੂਬੇਦਾਰ ੧੨੬
ਅਬਦਾਲੀ ਦਾ ਤਿੱਜਾ ਹਮਲਾ ੧੨੯
ਸ਼ਹੀਦੀ ਸੁੱਖਾ ਸਿੰਘ ੧੩੧
ਮੀਰ ਮੰਨੂੰ ਅਬਦਾਲੀ ਤੋਂ ਹਾਰ ਗਿਆ ੧੩੩
ਲਾਹੌਰ, ਮੁਲਤਾਨ, ਕਸ਼ਮੀਰ ਅਬਦਾਲੀ ਦੇ ਕਬਜ਼ੇ ੧੩੪
ਮੀਰ ਮੰਨੂੰ ਸਿੱਖਾਂ ਦਾ ਵੈਰੀ ੧੩੫
ਸਿੱਖਾਂ ਦੀ ਜਾਗੀਰ ਜ਼ਬਤ ੧੩੫
ਸਿਰਾਂ ਨਾਲ ਖੂਹ ਭਰੇ ੧੩੬
ਸਿੰਘਣੀਆਂ ਕੈਦ ਤੇ ਬੱਚੇ ਕਤਲ ੧੩੭
ਮੀਰ ਮੰਨੂੰ ਦੀ ਮੌਤ ੧੩੮


## *ਪੰਜਵਾਂ ਕਾਂਡ ੧੩੯—੧੯੪*


ਮੁਰਾਦ ਬੇਗਮ ਤੇ ਲਾਹੌਰ ਦੇ ਛੋਟੇ ਛੋਟੇ ਸੂਬੇਦਾਰ ੧੩੯
ਸਿੰਘਾਂ ਚੁਗਲ ਮਾਰੇ ੧੪੪
ਰਾਮਗੜ੍ਹ ਬਣਿਆ ੧੪੫
ਚੜ੍ਹਤ ਸਿੰਘ ਤੇ ਜੱਸਾ ਸਿੰਘ ਲਾਹੌਰ ਲੁਟਿਆ ੧੪੬
ਮੋਮਨ ਖ਼ਾਂ ਕਤਲ ੧੪੬
ਸਰਹਿੰਦ ਲੁੱਟੀ ੧੪੭
ਸਿੰਘ ਜੈਪੁਰ ਵਿਚ ੧੪੮
ਸਿੱਖਾਂ ਦਾ ਰਾਖੀ ਪ੍ਰਬੰਧ ੧੪੯
ਅਬਦਾਲੀ ਦਾ ਚੌਥਾ ਹਮਲਾ ੧੫੧
ਬਾਦਸ਼ਾਹ ਤੇ ਨਵਾਬਾਂ ਦੀਆਂ ਲੜਕੀਆਂ ਬਧੀਆਂ ੧੫੨
ਸਿੱਖਾਂ ਦੁਰਾਨੀ ਫ਼ੌਜ ਲੁੱਟੀ ੧੫੪
ਤੈਮੂਰ ਸੂਬੇਦਾਰ ੧੫੪
ਸ਼ਹੀਦੀ ਗੁਰਬਖ਼ਸ਼ ਸਿੰਘ ੧੫੫
ਸ਼ਹੀਦੀ ਦੀਪ ਸਿੰਘ ੧੫੭
ਨਾਸਰ ਅਲੀ ਨੇ ਥੰਮ੍ਹ ਸਾਹਿਬ ਸਾੜਿਆ ੧੫੯
ਸਿੱਖਾਂ ਅਦੀਨਾ ਬੇਗ ਦੀ ਮਦਦ ਕੀਤੀ ੧੬੦
ਨਾਸਰ ਅਲੀ ਕਤਲ ੧੬੦
ਅਦੀਨਾ ਬੇਗ ਤੇ ਮਰਹੱਟੇ ੧੬੧
ਮਰਹੱਟੇ ਲਾਹੌਰ ੧੬੩
ਅਦੀਨਾ ਬੇਗ ਸੂਬੇਦਾਰ ੧੬੪
ਸਿੱਖਾਂ ਨਾਲ ਲੜਾਈਆਂ ੧੬੪
ਅਦੀਨਾ ਬੇਗ ਮਰਿਆ ੧੬੬
ਜੰਗ ਉੜਮੁੜ ਟਾਂਡਾ ੧੬੬

ਸਿੰਘਾਂ ਨੇ ਦੁਆਬਾ ਤੇ ਮਾਝਾ ਮੱਲ ਲਿਆ ੧੬੬
ਮਰਹੱਟੇ ਫਿਰ ਆ ਗਏ ੧੬੭
ਅਬਦਾਲੀ ਦਾ ਪੰਜਵਾਂ ਹਮਲਾ ੧੬੭
ਤਿੱਜੀ ਲੜਾਈ ਪਾਨੀਪਤ ੧੬੯
ਕਰੀਮਦਾਦ ਖ਼ਾਂ ਦੇ ਮਾਤਹਿਤ ਸੂਬੇਦਾਰ ਲਾਹੌਰ ੧੭੦
ਸਿੰਘਾਂ ਲਾਹੌਰੋਂ ਨਜ਼ਰਾਨਾ ਲਿਆ ੧੭੧
ਆਲਾ ਸਿੰਘ ਨੂੰ 'ਰਾਜੇ' ਦਾ ਖ਼ਿਤਾਬ ੧੭੨
ਗੋਇੰਦਵਾਲ ਸਿੰਘਾਂ ਨੇ ਢੱਕਾਂ ਛੁਡਾਈਆਂ ੧੭੨
ਸ਼ਹੀਦੀ ਹਾਠੂ ਸਿੰਘ ੧੭੨
ਜਿਹਲਮ ਕੰਢੇ ਸਿੰਘਾਂ ਨੇ ਢੱਕਾਂ ਛੁਡਾਈਆਂ ੧੭੩
ਖ਼ਵਾਜਾ ਮਿਰਜ਼ਾ ਕਤਲ ੧੭੩
ਜ਼ੈਨ ਖ਼ਾਂ ਦੀ ਬੇਗਮ ਨੇ ਸਿੰਘ ਵੇਖੇ ੧੭੪
ਪੱਟੀ, ਸਿੰਘਣੀਆਂ ਕੈਦ ੧੭੪
ਨੂਰਦੀਨ ਹਾਰ ਗਿਆ ੧੭੪
ਗੁਜਰਾਂਵਾਲੇ, ਉਬੇਦ ਖ਼ਾਂ ਹਾਰ ਗਿਆ ੧੭੫
ਜੱਸਾ ਸਿੰਘ ਆਹਲੂ ਨੇ ਲਾਹੌਰ ਸਿੱਕਾ ਚਲਾਇਆ ੧੭੬
ਸਿੱਖ ਜੰਡਿਆਲੇ ੧੭੬
ਅਬਦਾਲੀ ਦਾ ਛੇਵਾਂ ਹਮਲਾ ੧੭੭
ਵੱਡਾ ਘਲੂਘਾਰਾ ੧੭੭
ਆਲਾ ਸਿੰਘ ਕੈਦ ਤੇ ਰਿਹਾਈ ੧੮੦
ਅਬਦਾਲੀ ਨੇ ਹਰਿਮੰਦਰ ਢਾਹਿਆ ੧੮੦
ਘਲੂਘਾਰੇ ਦਾ ਸਿੰਘਾਂ ਉੱਤੇ ਅਸਰ ੧੮੨
ਸਰਹਿੰਦ ਉੱਤੇ ਹਮਲਾ ੧੮੨
ਜੰਗ ਪਿਪਲੀ ਸਾਹਿਬ ੧੮੩
ਅਬਦਾਲੀ ਹਾਰ ਗਿਆ ੧੮੪
ਰਾਵੀ ਕੰਢੇ ਸਿੰਘਾਂ ਅਬਦਾਲੀ ਉੱਤੇ ਹਮਲਾ ਕੀਤਾ ੧੮੫
ਬੁੱਢਾ ਦਲ, ਤਰਨਾ ਦਲ ੧੮੫
ਪੰਡਤਾਣੀ ਬਦਲੇ ਉਸਮਾਨ ਖ਼ਾਂ ਕਸੂਰੀ ਕਤਲ ੧੮੭
ਜਾਫ਼ਰ ਬੇਗ ਹਾਰ ਗਿਆ ੧੮੮
ਹਰਿਮੰਦਰ ਸਾਹਿਬ ਦੀ ਨੀਂਹ ਧਰੀ ੧੮੯
ਜਹਾਨ ਖ਼ਾਂ ਹਾਰ ਗਿਆ ੧੮੯
ਖੋੜੀ ਤੇ ਮੁਰੰਡਾ ਮਾਰੇ ੧੯੦
ਸਰਹਿੰਦ ਫ਼ਤਹਿ ਕੀਤੀ, ੧੯੧
ਜ਼ੈਨ ਖ਼ਾਂ ਕਤਲ ੧੯੨
ਗੁ: ਫ਼ਤਹਿਗੜ੍ਹ ੧੯੨
ਸਿੱਖਾਂ ਸੂਬਾ ਸਰਹਿੰਦ ਮੱਲ ਲਿਆ ੧੯੨

## ਛੇਵਾਂ ਕਾਂਡ ੧੯੫—੨੨੮

ਬੁੱਢੇ ਦਲ ਦਾ ਜਮਨਾ-ਪਾਰ ਹਮਲਾ (੧੭੬੪ ਈ:) ੧੯੫
ਤਰਨਾ ਦਲ ਨੇ ਲਾਹੌਰੋਂ ਨਜ਼ਰਾਨਾ ਲਿਆ ੧੯੬

ਜਹਾਨ ਖ਼ਾਂ ਹਾਰ ਗਿਆ ੧੯੭
ਅਬਦਾਲੀ ਦਾ ਸੱਤਵਾਂ ਹਮਲਾ ੧੯੭
ਚੜ੍ਹਤ ਸਿੰਘ ਨੇ ਕਿਲ੍ਹਾ ਰੁਹਤਾਸ ਮੱਲਿਆ ੧੯੯
ਧੰਨੀ, ਪੋਠੋਹਾਰ ਮੱਲੇ ੧੯੯
ਭੰਗੀਆਂ ਇਲਾਕੇ ਮੱਲੇ ੧੯੯
ਰਿਆੜਕੀ ਦੁਆਬਾ ਮੱਲੇ ੨੦੦
ਜਵਾਹਰ ਮੱਲ ਤੇ ਨਜੀਬੁੱਦੌਲਾ ੨੦੦
ਬੁੱਢਾ ਦਲ ਜਮਨਾ ਪਾਰ ੨੦੦
ਜਵਾਹਰ ਮੱਲ ਦੀ ਮਦਦ ੨੦੦
ਨਜੀਬੁੱਦੌਲਾ ਨੇ ਜਵਾਹਰ ਮੱਲ ਨੂੰ ਡੋਲਾ ਦਿੱਤਾ ੨੦੧
ਅਬਦਾਲੀ ਦਾ ਅੱਠਵਾਂ ਹਮਲਾ ੨੦੧
ਆਲਾ ਸਿੰਘ ਨੂੰ ਸਰਹਿੰਦ ਮਿਲੀ ੨੦੩
ਅਬਦਾਲੀ ਨਾਲ ਜੰਗ ੨੦੩
ਸਿੰਘਾਂ ਦੇ ਕਬਜ਼ੇ ੨੦੩
ਗੁਰਦੁਆਰੇ ਬਣਾਏ ੨੦੬
ਲਾਹੌਰ ਉਤੇ ਸਿੱਖਾਂ ਦਾ ਕਬਜ਼ਾ ੨੦੭
ਨਾਨਕਸ਼ਾਹੀ ਸਿੱਕਾ ੨੦੮
ਸਿੱਖਾਂ ਸਾਰੇ ਪੰਜਾਬ 'ਤੇ ਕਬਜ਼ਾ ਕਰ ਲਿਆ ੨੦੮
ਮਿਸਲਾਂ ਦੇ ਇਲਾਕੇ ੨੦੮
ਜਮਨਾ ਪਾਰ ਹਮਲਾ (੧੭੬੫ ਈ.) ੨੧੦
ਸ਼ਾਮਲੀ ਦੀ ਲੜਾਈ ੨੧੧
ਜਵਾਹਰਮੱਲ ਦੀ ਮਦਦ ੨੧੧
ਰੀਵਾੜੀ ਲੁੱਟੀ ੨੧੧
ਸਿੱਖਾਂ ਤੇ ਮਰਹੱਟਿਆਂ ਦੀ ਜੰਗ (ਧੌਲਪੁਰ) ੨੧੧
ਨਜੀਬ ਨਾਲ ਜੰਗ ੨੧੨
ਅਮਰ ਸਿੰਘ ਪਟਿਆਲੇ ਨਾਲ ਲੜਾਈ ੨੧੨
ਪਾਕਪਟਨ 'ਤੇ ਕਬਜ਼ਾ ੨੧੨
ਅਬਦਾਲੀ ਦਾ ਨੌਂਵਾਂ ਹਮਲਾ ੨੧੩
ਰੁਹਤਾਸ ਕੋਲ ਜੰਗ ੨੧੩
ਸਿੱਖ ਲਾਹੌਰ ਛੱਡ ਗਏ ੨੧੩
ਅਬਦਾਲੀ ਨੇ ਲਹਿਣਾ ਸਿੰਘ ਨੂੰ ਰਾਜ ਦੇਣਾ ਚਾਹਿਆ, ਪਰ ਉਹ ਨਾ ਮੰਨਿਆ ੨੧੪
ਦਾਦਨ ਖ਼ਾਂ ਸੂਬੇਦਾਰ ੨੧੪
ਜਹਾਨ ਖ਼ਾਂ ਹਾਰ ਗਿਆ ੨੧੫
ਨਾਸਰ ਖ਼ਾਂ ਹਾਰ ਗਿਆ ੨੧੬
ਅਮਰ ਸਿੰਘ ਨੇ ਅਬਦਾਲੀ ਤੋਂ ਸਰਹਿੰਦ ਲਈ ਤੇ ਢੱਕਾਂ ਛੁਡਾਈਆਂ ੨੧੬
ਸਿੱਖਾਂ ਜਿਹਲਮ ਕੰਢੇ ਢੱਕਾਂ ਛੁਡਾਈਆਂ ੨੧੭
ਸਿੱਖਾਂ ਫਿਰ ਲਾਹੌਰ ਮੱਲ ਲਿਆ ੨੧੭
ਰਾਵਲਪਿੰਡੀ 'ਤੇ ਕਬਜ਼ਾ ੨੧੭
ਜਲੰਧਰ 'ਤੇ ਕਬਜ਼ਾ ੨੧੮
ਕੈਥਲ 'ਤੇ ਕਬਜ਼ਾ ੨੧੮
ਜਮਨਾ ਪਾਰ ਹਮਲਾ ੨੧੮
ਨਜੀਬ ਹਾਰ ਗਿਆ ੨੧੮

ਜਮਨਾ ਗੰਗਾ ਵਿਚ ਸਿੱਖਾਂ ਦਾ ਰਾਖੀ ਪਰਬੰਧ ੨੧੯
ਸਿੱਖ ਰਾਜ ਬਣ ਗਿਆ ੨੧੯
ਤ੍ਰਿੰਨਾਂ ਤਾਕਤਾਂ ਦਾ ਘੋਲ ੨੧੯
ਅਬਦਾਲੀ ਦਾ ਦਸਵਾਂ ਹਮਲਾ ੨੨੦
ਅਬਦਾਲੀ ਦਾ ਯਾਰ੍ਹਵਾਂ ਹਮਲਾ ੨੨੦
ਜਹਾਨ ਖ਼ਾਂ ਦੀ ਮੌਤ ੨੨੦
ਅਬਦਾਲੀ ਦੀ ਮੌਤ ੨੨੦
ਮਿਸਲਾਂ ਦੀ ਫ਼ੌਜੀ ਤਾਕਤ ੨੨੦
ਪਰਸਿੱਧ ਤਾਰੀਖ਼ਾਂ ੨੨੨
ਦਿੱਲੀ ਦੇ ਮੁਗ਼ਲ ਬਾਦਸ਼ਾਹ ੨੨੫
ਅਬਦਾਲੀ ਦੇ ਹਿੰਦ ਉੱਤੇ ਹਮਲੇ ੨੨੮

# ਮੁੱਢਲੀ ਬੇਨਤੀ

ਸਭ ਤੋਂ ਪਹਿਲੀ ਇਤਿਹਾਸਕ ਪੁਸਤਕ ਮੈਂ 'ਸਿੱਖ ਰਾਜ ਕਿਵੇਂ ਗਿਆ?' ਲਿਖੀ ਸੀ। ਉਸ ਦੇ ਪਰਕਾਸ਼ਤ ਹੋਣ ਉੱਤੇ ਪਾਠਕਾਂ ਨੇ ਮੇਰਾ ਏਨਾ ਹੌਸਲਾ ਵਧਾਇਆ, ਕਿ ਮੇਰੇ ਅੰਦਰ ਇਤਿਹਾਸ ਲਿਖਣ ਦੀ ਲਗਨ ਪੈਦਾ ਹੋ ਗਈ। ਜਿਹੜੀ ਪੁਸਤਕ ਇਸ ਵੇਲੇ ਆਪ ਜੀ ਦੇ ਹੱਥ ਵਿਚ ਹੈ, ਇਹ ਮੈਂ ਪਾਕਿਸਤਾਨ ਬਣਨ ਤੋਂ ਪਹਿਲਾਂ ਲਿਖਣੀ ਆਰੰਭ ਕੀਤੀ ਸੀ। ਇਸ ਦਾ ਪਹਿਲਾ ਕਾਂਡ ਹੀ ਅਜੇ ਲਿਖਿਆ ਸੀ, ਜਾਂ 'ਆਜ਼ਾਦੀ' ਆ ਗਈ। ਲੱਖਾਂ ਹਿੰਦੂ ਸਿੱਖਾਂ ਨਾਲ ਮੈਨੂੰ ਵੀ ਪਾਕਿਸਤਾਨ ਵਿਚੋਂ ਘਰ ਘਾਟ ਛੱਡ ਕੇ ਆਉਣਾ ਪਿਆ। ਏਸ ਅਦਲਾ-ਬਦਲੀ ਵਿਚ ਬਹੁਤ ਸਾਰਾ ਕੱਠਾ ਕੀਤਾ ਹੋਇਆ ਇਤਿਹਾਸਕ ਮਸਾਲਾ ਪਾਕਿਸਤਾਨ ਵਿਚ ਹੀ ਰਹਿ ਗਿਆ। ਏਸ ਕਾਰਨ ਮੈਂ ਆਪਣੇ ਪਾਠਕਾਂ ਤੱਕ ਇਹ ਪੁਸਤਕ ਛੇਤੀ ਨਹੀਂ ਪੁਚਾ ਸਕਿਆ। ਫਿਰ ਨਵੇਂ ਸਿਰਿਓਂ ਲੋੜੀਂਦੀਆਂ ਚੀਜ਼ਾਂ ਕੱਠੀਆਂ ਕਰ ਕੇ ਇਹ ਲਿਖਤ ਅੱਜ ਇਤਿਹਾਸ ਦੇ ਪ੍ਰੇਮੀ ਪਾਠਕਾਂ ਦੀ ਭੇਟਾ ਕਰ ਰਿਹਾ ਹਾਂ।

ਜਿਨ੍ਹਾਂ ਵਿੱਦਵਾਨ ਲਿਖਾਰੀਆਂ ਦੀਆਂ ਲਿਖਤਾਂ ਦੀ ਸਹਾਇਤਾ ਨਾਲ ਇਹ ਪੁਸਤਕ ਲਿਖੀ ਗਈ ਹੈ, ਮੈਂ ਉਹਨਾਂ ਦਾ ਦਿਲੋਂ ਧੰਨਵਾਦੀ ਹਾਂ। ਨਾਲ ਹੀ ਆਪਣੇ ਪਾਠਕਾਂ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਦੀ ਕਿਰਪਾਲਤਾ ਨਾਲ ਮੈਂ ਇਹ ਰਚਨਾਵਾਂ ਛਾਪਣ ਯੋਗ ਹੋ ਸਕਿਆ ਹਾਂ।

ਲੁਧਿਆਣਾ — **ਸੋਹਣ ਸਿੰਘ**

੧੭-੩-੫੦ ਈ. — **'ਸੀਤਲ'**

# ਪਹਿਲਾ ਕਾਂਡ

ਗੁਰੂ ਨਾਨਕ ਦੇਵ ਜੀ

ਜਗਤ ਜਲੰਦਾ ਠਾਰਨ ਵਾਸਤੇ ਗੁਰੂ ਨਾਨਕ ਦੇਵ ਜੀ ਨੇ ੧੫ ਅਪ੍ਰੈਲ, ੧੪੬੯ ਈ. (ਵਿਸਾਖ ਸੁਦੀ ੩,* ੧੫੨੬ ਬਿਕ੍ਰਮੀ) ਨੂੰ ਅਵਤਾਰ ਧਾਰਿਆ। ਆਪ ਨੇ ਦੇਸ ਦੇ ਡਿੱਗੇ ਹੋਏ ਜੀਵਨ ਨੂੰ ਹਰ ਪਹਿਲੂ ਤੋਂ ਉੱਚਾ ਚੁਕਿਆ, ਨਿਰੰਕਾਰ ਦੇ ਸਿਮਰਨ ਦੀ ਨਵੀਂ ਲਟਕ ਲਾਈ, ਧਰਮ ਤੇ ਸਮਾਜ ਦੀਆਂ ਕੁਰੀਤੀਆਂ ਨੂੰ ਦੂਰ ਕੀਤਾ, ਤੇ ਨਾਲ ਹੀ ਸਮੇਂ ਦੀ ਹਕੂਮਤ ਉੱਤੇ ਵੀ ਬੜੇ ਖੁੱਲ੍ਹੇ ਤੇ ਖਰੇ ਸ਼ਬਦਾਂ ਵਿਚ ਨੁਕਤਾਚੀਨੀ ਕੀਤੀ। ਰਾਜ-ਕਰਮਚਾਰੀਆਂ ਦੇ ਚਲਨ ਬਾਰੇ ਆਪ ਨੇ ਰਾਏ ਪਰਗਟ ਕੀਤੀ : 'ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ†।'

ਜਿੱਥੇ ਹਜ਼ੂਰ ਰੂਹਾਨੀਅਤ ਦੇ ਮਾਲਕ ਸਨ, ਓਥੇ ਧਰਮ, ਰਾਜਨੀਤੀ ਦੇ ਵੀ ਸੱਚੇ ਪਰਚਾਰਕ ਸਨ। ਗ਼ਰੀਬਾਂ ਦਾ ਦਰਦ ਰੱਖਣ ਵਾਲੇ ਮਹਾਰਾਜ ਦੁਖੀ ਪਰਜਾ ਨੂੰ ਕਸਾਈ ਰਾਜਿਆਂ ਦੇ ਵੱਸ ਪਿਆ ਵੇਖ ਕੇ ਕਿਵੇਂ ਸਹਾਰ ਸਕਦੇ ਸਨ ? ਸੋ ਆਪ ਨੇ ਇਕ ਅਜਿਹੇ ਪੰਥ ਦੀ ਨੀਂਹ ਧਰੀ, ਜੋ ਦੇਸ ਵਿਚ ਧਰਮ ਦਾ ਰਾਜ ਕਾਇਮ ਕਰ ਸਕੇ।

ਗੁਰੂ ਅਮਰ ਦਾਸ ਜੀ

ਏਸ ਪੰਥ ਦਾ ਪਰਚਾਰ ਸਾਰੇ ਦੇਸ ਵਿਚ ਖਿੱਲਰ ਗਿਆ, ਤਾਂ ਤੀਸਰੇ ਗੁਰੂ ਅਮਰ ਦਾਸ ਜੀ ਨੇ ਸਾਰੇ ਮੁਲਕ ਨੂੰ ਬਾਈ ਹਿੱਸਿਆਂ ਵਿਚ ਵੰਡਿਆ ਤੇ ਹਰ ਹਿੱਸੇ ਵਿਚ ਪਰਚਾਰ ਵਾਸਤੇ ਇਕ-ਇਕ ਆਗੂ ਥਾਪਿਆ। ਇਸ ਸਿਲਸਿਲੇ ਨੂੰ 'ਬਾਈ ਮੰਜੀਆਂ' ਵੀ ਕਹਿੰਦੇ ਹਨ। ਨੀਤੀ ਨਿਪੁੰਨ ਬਾਦਸ਼ਾਹ ਅਕਬਰ ਗੁਰੂ ਘਰ ਦਾ ਸ਼ਰਧਾਲੂ ਸੀ। ਉਹ ਲਾਹੌਰ ਤੋਂ ਦਿੱਲੀ ਨੂੰ ਜਾਂਦਾ ਹੋਇਆ ਗੁਰੂ ਜੀ ਦੇ ਦਰਸ਼ਨ ਨੂੰ ਗਿਆ, ਤੇ ਕਿਹਾ, 'ਹਜ਼ੂਰ, ਕੋਈ ਸੇਵਾ ਬਖ਼ਸ਼ੋ।' ਤਾਂ

---

*ਵੇਖੋ 'ਕਤਕ ਕਿ ਵਿਸਾਖ' ਸ: ਕਰਮ ਸਿੰਘ ਹਿਸਟੋਰੀਅਨ।

†ਮਾਝ ਕੀ ਵਾਰ, ਪਉੜੀ ੧, ਸਲੋਕ ਮ: ੧, ਪੰਨਾ ੧੪੫।

ਮਹਾਰਾਜ ਨੇ ਕਿਹਾ, 'ਇਸ ਸਾਲ ਪੰਜਾਬ ਦਾ ਮਾਮਲਾ ਮਾਫ਼ ਕਰ ਦਿਹ, ਕਿਉਂਕਿ ਜਿਨਸਾਂ ਦੇ ਭਾਉ ਗਿਰਨ ਕਰ ਕੇ ਜ਼ਿਮੀਦਾਰਾਂ ਨੂੰ ਬੜੀ ਤੰਗੀ ਹੋ ਜਾਵੇਗੀ।' ਅਕਬਰ ਨੇ ਮਾਮਲਾ ਮਾਫ਼ ਕਰ ਦਿੱਤਾ ਤੇ ਆਪਣੀ ਰਾਏ ਪਰਗਟ ਕੀਤੀ, ਕਿ 'ਗੁਰੂ ਗ਼ਰੀਬਾਂ ਦਾ ਦੋਸ਼ਤ ਹੈ।'* ਇਸ ਘਟਨਾ ਦਾ ਇਹ ਅਸਰ ਹੋਇਆ, ਕਿ ਪੰਜਾਬ ਦੇ ਜੱਟਾਂ ਵਿਚ ਸਿੱਖੀ ਬਹੁਤ ਵਧ ਗਈ। ਗੁਰੂ ਅਰਜਨ ਦੇਵ ਜੀ ਨੇ ਸਿੱਖੀ (ਪੰਥ) ਨੂੰ ਸਹੀ ਅਰਥਾਂ ਵਿਚ ਜਥੇਬੰਦ ਕੀਤਾ। ਆਪਣੇ ਪਿਤਾ ਜੀ ਦਾ ਆਰੰਭ ਕੀਤਾ ਹੋਇਆ ਅੰਮ੍ਰਿਤਸਰ ਹਰਿਮੰਦਰ ਸਾਹਿਬ, ਪੂਰਨ ਕੀਤਾ, ਬਾਈ ਸੂਬਿਆਂ ਦੇ ਪਰਚਾਰ ਤੇ ਉਗਰਾਹੀ ਨੂੰ ਠੀਕ ਕੀਤਾ, ਤੇ ਸਭ ਤੋਂ ਵੱਡਾ ਕੰਮ 'ਗੁਰੂ ਗ੍ਰੰਥ' ਸਾਹਿਬ ਦੀ ਬੀੜ ਪੂਰੀ ਕਰਨ ਦਾ ਕੀਤਾ। ਹੁਣ ਸਿੱਖ, ਇਕ ਪੂਰੀ ਤਰ੍ਹਾਂ ਜਥੇਬੰਦ ਧਰਮ (ਮਜ਼੍ਹਬ=ਫ਼ਿਰਕਾ) ਸੀ। ਸਿੱਖਾਂ ਕੋਲ ਚਾਰ ਚੀਜ਼ਾਂ ਆਪਣੀਆਂ ਸਨ : ੧. ਆਪਣਾ ਧਰਮ ਗ੍ਰੰਥ, ੨. ਆਪਣਾ ਧਰਮ ਮੰਦਰ, ੩. ਆਪਣਾ ਧਰਮ ਆਗੂ, ਤੇ ੪. ਆਪਣੀ ਸਾਂਝੀ ਗੋਲਕ (ਫ਼ੰਡ ਜਾਂ ਖ਼ਜ਼ਾਨਾ)। ਇਸ ਵੇਲੇ ਸਿੱਖੀ ਫ਼ਕੀਰਾਂ ਦੀ ਟੋਲੀ ਨਹੀਂ ਰਹੀ ਸੀ, ਸਗੋਂ ਵਿਹਾਰਕ ਬੰਦਿਆਂ ਦਾ, ਇਕ ਅਟੁੱਟ ਲੜੀ ਵਿਚ ਪ੍ਰੋਤਾ ਹੋਇਆ ਪੰਥ ਸੀ। ਉਹਨਾਂ ਵਿਚ ਵਾਹੀਵਾਨ ਜ਼ਿਮੀਂਦਾਰ, ਦੁਕਾਨਦਾਰ, ਬਿਉਪਾਰੀ, ਸ਼ਸਤਰਧਾਰੀ, ਸਿਪਾਹੀ, ਧਰਮ ਪਰਚਾਰਕ, ਮੁਕਦੀ ਗੱਲ, ਵੱਡੇ ਤੋਂ ਵੱਡਾ ਤੇ ਛੋਟੇ ਤੋਂ ਛੋਟਾ, ਹਰ ਤਰ੍ਹਾਂ ਦੇ ਆਦਮੀ ਸਨ। ਉਹ ਇਕ ਨਿਰੰਕਾਰ ਨੂੰ ਪੂਜਦੇ ਤੇ ਧਰਤੀ 'ਤੇ ਇਕ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨਦੇ ਸਨ। ਇਸ ਵੇਲੇ ਗੁਰਗੱਦੀ ਦੀ ਸ਼ਾਨ ਫ਼ਕੀਰਾਂ ਵਾਲੀ ਨਹੀਂ, ਮਹਾਰਾਜਿਆਂ ਵਾਲੀ ਸੀ। ਗੁਰੂ ਅਰਜਨ ਦੇਵ ਜੀ ਆਪ ਬੜੇ ਸਾਦਾ ਰਹਿੰਦੇ ਸਨ, ਪਰ ਗੁਰਗੱਦੀ ਦੀ ਸ਼ਾਨ ਵਾਸਤੇ ਸ਼ਾਹੀ ਮੰਦਰ, ਰੇਸ਼ਮੀ ਤੰਬੂ, ਹਾਥੀ, ਘੋੜੇ ਸਭ ਕੁਛ ਸੀ।† ਏਥੋਂ ਤੱਕ ਸਿੱਖੀ ਨੇ ਤਰੱਕੀ ਕੀਤੀ, ਕਿ ਇਹ ਪੰਥ ਤਅੱਸਬੀ ਜਹਾਂਗੀਰ ਦੀਆਂ ਅੱਖਾਂ ਵਿਚ ਰੜਕਣ ਲੱਗ ਪਿਆ। ਅੰਤ ਉਸ ਧੱਕੇਖ਼ੋਰ ਬਾਦਸ਼ਾਹ ਦੇ ਹੁਕਮ ਨਾਲ

ਗੁਰੂ ਅਰਜਨ ਦੇਵ ਜੀ

---

*The History of the Sikhs, Vol I, by W.L.M. Gregor, M.D. Printed in 1846, ਮੈਕਗ੍ਰੇਗਰ, ਪੰਨਾ ਪ੩।

†Transformation of Sikhism, by Gokul Chand Narang, II Edition, ਗੋਕਲ ਚੰਦ ਨਾਰੰਗ, ਪੰਨਾ ੭੬।

ਗੁਰੂ ਅਰਜਨ ਦੇਵ ਜੀ ੩੦ ਮਈ, ੧੬੦੬ ਈ. ਜੇਠ ਸੁਦੀ ਚਾਰ, ਦੋ ਹਾੜ ੧੬੬੩ ਬਿ. ਨੂੰ ਸ਼ਹੀਦ ਕਰ ਦਿੱਤੇ ਗਏ।

**ਗੁਰੂ ਹਰਿਗੋਬਿੰਦ**

ਫਿਰ ਬਲੀ ਯੋਧੇ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ 'ਤੇ ਬੈਠੇ। ਉਹ ਪੀਰਾਂ ਦੇ ਪੀਰ ਤੇ ਰਾਜਿਆਂ ਦੇ ਮਹਾਰਾਜ ਸਨ। ਉਹਨਾਂ ਦੇ ਸਿਰ 'ਤੇ ਸੁਨਹਿਰੀ ਕਲਗ਼ੀ, ਗਾਤਰੇ ਦੋ ਤਲਵਾਰਾਂ ਤੇ ਹੱਥ ਉੱਤੇ ਸੁੰਦਰ ਬਾਜ਼ ਹੁੰਦਾ ਸੀ। ਆਪ ਅਕਾਲ ਤਖ਼ਤ ਉੱਤੇ ਸ਼ਾਹੀ ਪੁਸ਼ਾਕ ਪਹਿਨ ਕੇ ਬਾਦਸ਼ਾਹੀ ਤਖ਼ਤ ਸਜਾ ਕੇ ਦਰਬਾਰ ਲਗਾਉਂਦੇ ਸਨ। ਮੁਗ਼ਲ ਸ਼ਾਹੀ ਦੇ ਅੰਦਰ-ਅੰਦਰ ਹੀ ਸਿੱਖਾਂ ਦਾ ਪੰਚਾਇਤੀ ਰਾਜ ਕਾਇਮ ਹੋ ਚੁੱਕਾ ਸੀ। ਅੰਮ੍ਰਿਤਸਰ ਉਹਨਾਂ ਦੀ ਰਾਜਧਾਨੀ ਸੀ, ਤੇ ਗੁਰੂ ਹਰਿਗੋਬਿੰਦ ਸਾਹਿਬ ਉਹਨਾਂ ਦੇ 'ਸੱਚੇ ਪਾਤਸ਼ਾਹ'। ਅਕਾਲ ਤਖ਼ਤ ਤੋਂ 'ਸੱਚੇ ਪਾਤਸ਼ਾਹ' ਦੀ ਮੋਹਰ ਥੱਲੇ ਹੁਕਮਨਾਮੇ ਜਾਰੀ ਹੋਇਆ ਕਰਦੇ ਸਨ। ਸਿੱਖ ਘੋੜਿਆਂ 'ਤੇ ਚੜ੍ਹਦੇ, ਤਲਵਾਰਾਂ ਲਿਸ਼ਕਾਉਂਦੇ, ਤੀਰਾਂ ਦੇ ਨਸ਼ਾਨੇ ਸਿਖਦੇ ਤੇ ਜੰਗਲਾਂ ਵਿਚ ਸ਼ਾਹੀ ਹਾਕਮਾਂ ਵਾਂਗ ਸ਼ਿਕਾਰ ਖੇਡਦੇ ਸਨ। ਛੇਵੇਂ ਗੁਰੂ ਜੀ ਨੇ ਸਿੱਖਾਂ ਨੂੰ ਪੂਰੇ ਸਿਪਾਹੀ ਬਣਾ ਦਿੱਤਾ ਸੀ। ਰਾਜ ਕਰਮਚਾਰੀਆਂ ਨੇ ਸਿੱਖਾਂ ਦੀ ਫ਼ੌਜੀ ਤਾਕਤ ਨੂੰ ਦਬਾਉਣਾ ਚਾਹਿਆ ਤੇ ਗੱਲੇ-ਕੱਥੇ ਲੜਾਈ ਵਾਸਤੇ ਬਹਾਨੇ ਟੋਲਣ ਲੱਗੇ। ਸੱਚੀ ਸਰਕਾਰ ਦੀ ਕਮਾਨ ਥੱਲੇ ਸਿੱਖ ਵੀ ਇਸ ਕੰਮ ਲਈ ਤਿਆਰ ਹੋ ਚੁੱਕੇ ਸਨ, ਸੋ ੧੬੨੮ ਤੋਂ ੧੬੩੪ ਈ. ਤਕ ਸ਼ਾਹੀ ਸੈਨਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਚਾਰ ਲੜਾਈਆਂ ਹੋਈਆਂ, ਤੇ ਚੌਹਾਂ ਵਿਚ ਹੀ ਗੁਰੂ ਸਾਹਿਬ ਨੂੰ ਪੂਰੀ ਫ਼ਤਹਿ ਪਰਾਪਤ ਹੋਈ। ਸ਼ਾਹੀ ਸੈਨਾ ਬਹੁਤੀ-ਸਣੇ ਜਰਨੈਲਾਂ—ਮਾਰੀ ਜਾਂਦੀ ਰਹੀ ਤੇ ਰਹਿੰਦੀ ਨੱਸ ਜਾਂਦੀ ਰਹੀ।

**ਔਰੰਗਜ਼ੇਬ ਦਾ ਸਮਾਂ**

ਔਰੰਗਜ਼ੇਬ ਦਾ ਸਮਾਂ ਆਇਆ, ਤਾਂ ਮੁਗ਼ਲਾਂ ਦੀ ਧੱਕੇਸ਼ਾਹੀ ਹੱਦੋਂ ਵੱਧ ਗਈ। ਮੁਲਾਣਿਆਂ ਨੂੰ ਖ਼ੁਸ਼ ਕਰਨ ਬਦਲੇ ਉਸ ਨੇ ਹਿੰਦੂਆਂ ਤੇ ਸਿੱਖਾਂ ਉੱਤੇ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ, ਮੰਦਰ ਢਾਹੁਣੇ ਆਰੰਭ ਦਿੱਤੇ, ਪਾਠ ਪੂਜਾ ਬੰਦ ਤੇ ਸ਼ਬਦ ਕੀਰਤਨ ਦੀ ਮਨਾਹੀ ਕਰ ਦਿੱਤੀ।

**ਗੁਰੂ ਤੇਗ਼ ਬਹਾਦਰ**

ਇਸ ਜ਼ੁਲਮ ਦੇ ਹੜ੍ਹ ਨੂੰ ਰੋਕਣ ਵਾਸਤੇ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਆਪ ਪੇਸ਼ ਕੀਤਾ, ਜੋ ਔਰੰਗਜ਼ੇਬ ਦੇ ਹੁਕਮ ਨਾਲ ੧੧ ਨਵੰਬਰ, ੧੬੭੫ ਈ. (੧੨ ਮਘਰ, ਮਘਰ ਸੁਦੀ ੫,

੧੭੩੨ ਬਿ.) ਨੂੰ ਦਿੱਲੀ ਵਿਚ ਸ਼ਹੀਦ ਕਰ ਦਿੱਤੇ ਗਏ। ਗੁਰੂ ਸਾਹਿਬ ਦੀ ਸ਼ਹੀਦੀ ਨੇ ਦੇਸ ਭਰ ਦੇ ਸਿੱਖਾਂ ਦੇ ਦਿਲਾਂ ਵਿਚ ਜੋਸ਼ ਤੇ ਗੁੱਸੇ ਦੀ ਅੱਗ ਬਾਲ ਦਿੱਤੀ। ਉਹ ਮਰਨ ਮਾਰਨ ਦੀ ਧਾਰ ਕੇ ਛੇਵੇਂ ਪਾਤਸ਼ਾਹ ਦੇ ਸਮੇਂ ਦੀਆਂ ਜਿੱਤਾਂ ਨੂੰ ਯਾਦ ਕਰਦੇ ਹੋਏ, ਦਸਵੇਂ ਗੁਰੂ ਦੇ ਝੰਡੇ ਹੇਠ 'ਕੱਠੇ ਹੋਣ ਲੱਗੇ।

**ਦਸਮੇਸ਼ ਜੀ**

ਦਸਮੇਸ਼ ਜੀ ਨੇ ਵੀ ਸੋਚ ਲਿਆ, ਕਿ ਹੁਣ ਤਲਵਾਰ ਉਠਾਏ ਬਿਨਾਂ ਨਿਭਾਉ ਔਖਾ ਹੈ। ਸੋ ਮਹਾਰਾਜ ਨੇ ਧੱਕੇਸ਼ਾਹੀ ਨਾਲ ਟੱਕਰ ਲੈਣ ਵਾਸਤੇ ਬੜੇ ਖੁੱਲ੍ਹੇ ਪੈਮਾਨੇ ਉੱਤੇ ਫ਼ੌਜੀ ਤਿਆਰੀਆਂ ਆਰੰਭ ਦਿੱਤੀਆਂ। ਪਹਾੜੀਏ ਹਿੰਦੂ ਰਾਜੇ ਬਦੋ ਬਦੀ ਸਿੱਖਾਂ ਦੇ ਰਾਹ ਵਿਚ ਆ ਅੜੇ, ਸੋ ਮਜਬੂਰਨ ਸਿੱਖਾਂ ਨੂੰ ਉਨ੍ਹਾਂ ਨਾਲ ਲੜਨਾ ਪਿਆ। ਕਦੇ ਲੜਾਈ, ਕਦੇ ਸੁਲ੍ਹਾ, ਤੇ ਕਦੇ ਦੋਹਾਂ ਧਿਰਾਂ ਨੇ ਰਲ ਕੇ ਸ਼ਾਹੀ ਸੈਨਾ ਨਾਲ ਵੀ ਟੱਕਰ ਲਈ।

ਸਿੱਖ ਇਕ ਤਕੜੀ ਫ਼ੌਜੀ ਤਾਕਤ ਬਣ ਗਏ ਸਨ। ਹੁਣ ਮਹਾਰਾਜ ਨੇ ਉਹਨਾਂ ਦੀ ਪ੍ਰੀਖਿਆ ਕਰਨੀ ਚਾਹੀ। ਦੁਨੀਆਂ ਦੇ ਇਤਿਹਾਸ ਵਿਚ ਇਹ ਅਨੋਖੀ ਪ੍ਰੀਖਿਆ ਸੀ। ਭਰੇ ਦੀਵਾਨ ਅੰਦਰ, ਹੱਥ ਵਿਚ ਚਮਕਦੀ ਤਲਵਾਰ ਲੈ ਕੇ ਹਜ਼ੂਰ ਨੇ ਸਿਰ ਮੰਗੇ। ਸਿੱਖੀ ਇਮਤਿਹਾਨ ਵਿਚ ਪਾਸ ਹੋਈ, ਪੰਜਾਂ ਸਿੱਖਾਂ ਨੇ ਸੀਸ ਭੇਟਾ ਕੀਤੇ। ਏਸ ਤਰ੍ਹਾਂ ਗੁਰੂ ਨਾਨਕ ਦੇ ਚਲਾਏ ਹੋਏ ਪੰਥ ਨੂੰ ਦਸਵੇਂ ਗੁਰੂ ਨੇ ਪੂਰਣਤਾ ਬਖ਼ਸ਼ੀ। ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਤੇ ਉਹਨਾਂ ਤੋਂ ਆਪ ਛਕਿਆ। ਉਹਨਾਂ ਨੂੰ 'ਸਿੰਘ' ਬਣਾਇਆ ਤੇ ਆਪ 'ਸਿੰਘ' ਬਣੇ। ਏਸੇ ਦਿਨ (ਵਿਸਾਖ ੧, ੧੭੫੬ ਬਿ=੩੦ ਮਾਰਚ,*

**ਅਨੋਖੀ ਪ੍ਰੀਖਿਆ**

---

*ਯੂਰਪ ਦੇ ਵੱਖ-ਵੱਖ ਮੁਲਕਾਂ ਵਿਚ ਸੰਨ ਈਸਵੀ ਵੱਖ ਵੱਖ ਤਾਰੀਖ਼ਾਂ ਤੋਂ ਸ਼ੁਰੂ ਹੁੰਦਾ ਸੀ। ਸਹਿਜ-ਸਹਿਜ ਸਾਰੇ ਮੁਲਕਾਂ ਨੇ ਕੁਛ ਦਿਨ ਵਧਾ ਘਟਾ ਕੇ ਸਾਲ ਬਰਾਬਰ ਕਰ ਲਿਆ। ਅੰਗਰੇਜ਼ਾਂ ਨੇ ਵੀ ੧੭੫੨ ਈ. ਵਿਚ ਗਿਆਰਾਂ ਦਿਨ ਘਟਾ ਕੇ ਆਪਣਾ ਸਾਲ ਬਰਾਬਰ ਕਰ ਲਿਆ। ਪਹਿਲੀ ਅੱਸੂ, ੧੮੦੯ ਬਿਕ੍ਰਮੀ, ਬੁਧਵਾਰ ਨੂੰ ੧੭੫੨ ਈ. ਦੇ ਸਤੰਬਰ ਦੀ ਦੋ ਤਾਰੀਖ਼ ਸੀ। ਅਗਲੇ ਦਿਨ ਦੋ ਅੱਸੂ ਵੀਰਵਾਰ ਨੂੰ, ੧੪ ਸਤੰਬਰ ਕਰ ਦਿੱਤੀ ਗਈ। ਏਸ ਤਰ੍ਹਾਂ ਵਿਸਾਖੀ ੨੭-੩੦ ਮਾਰਚ ਤੋਂ ਬਦਲ ਕੇ ੯-੧੩ ਅਪ੍ਰੈਲ ਨੂੰ ਆਉਣ ਲੱਗ ਪਈ। ੧੭੫੨ ਈ. ਦੀ ਵਿਸਾਖੀ ੨੯ ਮਾਰਚ ਨੂੰ ਸੀ, ਤੇ ੧੭੫੩ ਈ. ਦੀ ਵਿਸਾਖੀ ੯ ਅਪ੍ਰੈਲ ਨੂੰ ਆਈ। ੧੯੦੨ ਨੂੰ ਪਹਿਲੀ ਵਾਰ ਵਿਸਾਖੀ ੧੩ ਅਪ੍ਰੈਲ ਨੂੰ ਆਈ ਸੀ। ਫਿਰ ੧੨-੧੩ ਨੂੰ ਬਦਲ-ਬਦਲ ਕੇ ਆਉਂਦੀ ਰਹੀ। ੧੯੪੦ ਈ. ਨੂੰ ਆਖ਼ਰੀ ਵਾਰ ੧੨ ਨੂੰ ਵਿਸਾਖੀ ਸੀ। ਇਸ ਤੋਂ ਪਿਛੋਂ ੧੩ ਨੂੰ ਆ ਰਹੀ ਹੈ। ਕਦੇ ਇਹ ਤਾਰੀਖ਼ ਵੀ ਬਦਲ ਜਾਵੇਗੀ।

੧੬੯੯ ਈ.) ਹਜ਼ਾਰਾਂ ਸਿੱਖ ਅੰਮ੍ਰਿਤ ਛਕ ਕੇ ਸਿੰਘ ਬਣ ਗਏ। ਸ੍ਰੀ ਕੇਸਗੜ੍ਹ ਵਿਚ ਤਖ਼ਤ ਉੱਤੇ ਖਲੋ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, "ਮੇਰਾ ਰੂਪ, ਬਹਾਦਰ ਸਿੰਘੋ। ਹੁਣ ਅਸੀਂ 'ਵਾਹਿਗੁਰੂ ਜੀ ਕਾ ਖ਼ਾਲਸਾ' ਬਣੇ ਹਾਂ, ਤਾਂ 'ਵਾਹਿਗੁਰੂ ਜੀ ਕੀ ਫ਼ਤਹਿ' ਵੀ ਹੋਵੇਗੀ। ਇਹ ਅਕਾਲੀ ਪੰਥ ਸਾਜਣ ਵਾਸਤੇ ਹੀ ਅਕਾਲ ਪੁਰਖ ਨੇ ਮੈਨੂੰ ਭੇਜਿਆ ਸੀ। ਖ਼ਾਲਸਾ ਜੀ ! ਤੁਸੀਂ ਅੱਜ ਤੋਂ ਅਕਾਲ ਪੁਰਖ ਦੇ ਪੁੱਤਰ, ਵਾਹਿਗੁਰੂ ਦਾ ਰੂਪ, ਚੁਰਾਸੀ ਤੋਂ ਉੱਚੇ, ਜੰਮਣ ਮਰਨ ਤੋਂ ਰਹਿਤ, ਤੇ ਸਾਰੀ ਧਰਤੀ ਦੇ ਬਾਦਸ਼ਾਹ ਹੋ। ਤੁਹਾਡਾ ਜਨਮ ਖੰਡੇ ਦੀ ਧਾਰ ਵਿਚੋਂ ਹੋਇਆ ਹੈ, ਸੋ ਸ਼ਸਤਰ ਤੁਹਾਡੀ ਖੇਡ ਹੈ, ਲੜਨਾ ਤੁਹਾਡਾ ਕਰਮ ਹੈ, ਤੇ ਧਰਮ ਦਾ ਰਾਜ ਕਰਨਾ ਤੁਹਾਡਾ ਹੱਕ* ਹੈ। ਇਨਸਾਨ ਇਨਸਾਨ ਬਰਾਬਰ ਹੈ, ਜਾਤ ਪਾਤ ਭਰਮ ਹੈ, ਊਚ ਨੀਚ ਭੁਲੇਖਾ ਹੈ, ਦੁਨੀਆਂ ਚੁਰਾਸੀ ਦਾ ਗੇੜ ਹੈ, ਤੇ ਖ਼ਾਲਸਾ ਸਭ ਤੋਂ ਉੱਚਾ ਹੈ। ਤੁਸੀਂ ਸਭ 'ਭਾਈ' ਹੋ। ਗੁਰਮਤਾ() ਤੁਹਾਡੇ ਵਾਸਤੇ ਅਕਾਲੀ ਹੁਕਮ ਹੈ। ਤੁਸੀਂ ਵਾਹਿਗੁਰੂ ਦੇ ਚੁਣੇ ਹੋਏ ਸੰਤ-ਸਿਪਾਹੀ ਹੋ, ਤੇ ਆਉਣ ਵਾਲੇ ਸਮੇਂ ਲਈ ਤੁਸੀਂ ਦੇਸ ਦੇ ਬਾਦਸ਼ਾਹ ਹੋ੦। ਮੈਂ ਡਾਢਿਆਂ ਦੇ ਹੰਕਾਰ ਤੋੜਾਂਗਾ ਤੇ ਗ਼ਰੀਬਾਂ ਨੂੰ ਦੇਸ ਦੀ ਬਾਦਸ਼ਾਹੀ ਦਿਆਂਗਾ। ਦੇਸ ਤੁਹਾਡਾ ਹੈ ਤੇ ਤੁਸੀਂ ਹੀ ਦੇਸ ਦੇ ਬਾਦਸ਼ਾਹ ਹੋ...।"

**ਗੁਰੂ ਤੇ ਖ਼ਾਲਸਾ**

**ਖ਼ਾਲਸੇ ਦਾ ਨਿਸ਼ਾਨਾ**

ਏਨੀ ਸੁਣ ਕੇ ਸਿੱਖਾਂ ਦੇ ਚਿਹਰਿਆਂ 'ਤੇ ਲਾਲੀਆਂ ਚਮਕ ਆਈਆਂ, ਦਿਲਾਂ ਵਿਚ ਜੋਸ਼ ਠਾਠਾਂ ਮਾਰਨ ਲੱਗਾ, ਤਲਵਾਰਾਂ ਮਿਆਨਾਂ ਵਿਚੋਂ ਉਛਲੀਆਂ ਤੇ ਖੁੱਲ੍ਹੀ ਹਵਾ ਵਿਚ ਚਮਕਣ ਲੱਗੀਆਂ। ਇਕ ਅਵਾਜ਼ ਹੋ ਕੇ ਸਿੰਘਾਂ ਦੇ ਜਜ਼ਬਾਤ ਬਾਹਰ ਨਿਕਲੇ, ਤੇ

"ਰਾਜ ਕਰੇਗਾ ਖ਼ਾਲਸਾ
ਆਕੀ ਰਹੇ ਨਾ ਕੋਇ"

---

*ਪ੍ਰਾਚੀਨ ਪੰਥ ਪ੍ਰਕਾਸ਼, ਦੂਜੀ ਐਡੀਸ਼ਨ, ਰਤਨ ਸਿੰਘ ਭੰਗੂ, ਪੰਨਾ ੨੬,
"ਸਿਘਨ ਪੰਥ ਯੁਧ ਕੋ ਭਯੋ। ਸਿਘਨ ਜਨਮ ਸੰਗ ਸ਼ਸਤਰਨ ਲਇਓ।......
ਪੰਥ ਰਚਿਓ ਇਮ ਸਤਿਗੁਰ ਪੂਰੇ। ਜੁਧੈ ਖ਼ਾਤਰ ਕਰਨ ਜ਼ਰੂਰੇ।
ਬਿਨ ਜੁਧੈ ਕਬ ਪਾਯਤ ਪਾਤਿਸ਼ਾਹੀ। ਆਦਿ ਜੁਧੈ ਬਿਧ ਗੁਰੂ ਉਠਾਈ।"

()ਸੰਗਤ ਵਿਚ ਸਰਬ ਸੰਮਤੀ ਨਾਲ ਪਾਸ ਕੀਤਾ ਹੋਇਆ ਮਤਾ—ਰੈਜ਼ੂਲੇਸ਼ਨ।

੦ਭੰਗੂ, ਪੰਨਾ ੨੭। "ਅਬ ਦਯੈ ਪਾਤਸ਼ਾਹੀ ਗ਼ਰੀਬਨ ਉਠਾਏ। ਵੈ ਜਾਨੇ ਗੁਰ ਦਈ ਹੈ ਮਾਇ।" ਨਾਰੰਗ, ੧੬੯।

ਦੀ ਧੁਨ ਨਾਲ ਧਰਤ ਆਕਾਸ਼ ਗੂੰਜ ਉੱਠੇ। ਏਹਾ ਨਾਹਰਾ ਸਿੱਖਾਂ ਦਾ ਨਿਸ਼ਾਨਾ ਬਣ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਉਮਰ ਦਾ ਚੰਗਾ ਹਿੱਸਾ ਧਰਮ ਯੁੱਧਾਂ ਵਿਚ ਹੀ ਗੁਜ਼ਾਰਿਆ। ਆਪ ਦੀਆਂ ਲੜਾਈਆਂ ਭੰਗਾਣੀ ਦੇ ਮੈਦਾਨ (੧੯ ਵਿਸਾਖ, ੧੭੪੩ ਬਿ.=੧੬੮੬ ਈ.) ਤੋਂ ਆਰੰਭ ਹੋਈਆਂ ਤੇ ਅੰਤ ਨੂੰ ਮੁਕਤਸਰ ਦੀ ਪਵਿੱਤਰ ਧਰਤੀ 'ਤੇ (ਵਿਸਾਖ, ੧੭੬੨ ਬਿ=੧੭੦੫ ਈ.) ਆ ਮੁਕੀਆਂ।

**ਚਮਕੌਰ ਯੁੱਧ**

ਨਵੇਂ ਉੱਠ ਰਹੇ ਸਿੱਖ ਪੰਥ ਉੱਤੇ ਚਮਕੌਰ ਯੁੱਧ ਇਕ ਭਾਰੀ ਸੱਟ ਸੀ। ਏਸੇ ਦਿਨ ਸਿੱਖੀ ਨੇ ਸਦਾ ਵਾਸਤੇ ਮਿਟਣਾ ਜਾਂ ਅਮਰ ਹੋਣਾ ਸੀ। ਦੁਨੀਆਂ ਦੇ ਇਤਿਹਾਸ ਵਿਚ ਇਕ ਨਿਰਾਲਾ ਜੰਗ ਸੀ। ਇਕ ਪਾਸੇ ਭੁੱਖੇ ਤੇ ਥੱਕੇ ਹੋਏ ਚਾਲੀ ਸਿਪਾਹੀ ਤੇ ਦੂੱਜੇ ਪਾਸ ਲੱਖਾਂ ਦੀ ਗਿਣਤੀ ਵਿਚ ਟਿੱਡੀ ਦਲ। ਦੁਸ਼ਮਣ ਕਹਿੰਦੇ ਸਨ, 'ਅੱਜ ਸਿੱਖ ਪੰਥ ਦਾ ਨਾਮ ਨਿਸ਼ਾਨ ਮਿਟਾ ਦਿੱਤਾ ਜਾਵੇਗਾ', ਤੇ ਅਕਾਲ ਦਾ ਪੁਜਾਰੀ ਗੁਰੂ ਗੋਬਿੰਦ ਸਿੰਘ ਕਹਿ ਰਿਹਾ ਸੀ, 'ਆਪਣੇ ਪੁੱਤਰਾਂ ਦੇ ਲਹੂ ਵਿਚ ਰੰਗ ਕੇ ਅੱਜ ਅਕਾਲੀ ਝੰਡਾ ਸਦਾ ਵਾਸਤੇ ਉੱਚਾ ਝੁਲਾ ਦਿਆਂਗਾ।' ਇਸ ਘੋਰੇ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਤੇ ਅਠੱਤੀ ਸਿੰਘ ਸ਼ਹੀਦ ਹੋ ਗਏ ਸਨ। ਗੁਰੂ ਮਹਾਰਾਜ ਕੇਵਲ ਤਿੰਨਾਂ ਸਿੰਘਾਂ ਨੂੰ ਨਾਲ ਲੈ ਕੇ ਬਾਹਰ ਨਿਕਲੇ ਸਨ। ਕੋਈ ਵੀ ਕੌਮ ਏਸ ਉਮਰ ਵਿਚ ਏਨੀ ਵੱਡੀ ਸੱਟ ਖਾ ਕੇ ਸਦੀਆਂ ਵਾਸਤੇ ਸਿਰ ਉਠਾਉਣ ਜੋਗੀ ਨਹੀਂ ਰਹਿੰਦੀ। ਪਰ ਗੁਰੂ-ਪੰਥ ਛੇਮਾਹੀਂ ਦੇ ਅੰਦਰ ਹੀ ਮੁਕਤਸਰ ਦੇ ਮੈਦਾਨ ਵਿਚ ਹੰਕਾਰੀਆਂ ਦਾ ਹੰਕਾਰ ਤੋੜਨ ਦੇ ਸਮਰਥ ਹੋ ਗਿਆ। ਪੋਹ ਵਿਚ ਚਮਕੌਰ ਯੁੱਧ ਹੋਇਆ ਤੇ ਵਿਸਾਖ ਵਿਚ ਵਜ਼ੀਰ ਖ਼ਾਂ ਸੂਬਾ ਸਰਹਿੰਦ ਨੂੰ ਮੁਕਤਸਰ (ਖਿਦਰਾਣੇ ਦੀ ਢਾਬ) ਵਿਚ ਪੂਰੀ ਹਾਰ ਹੋਈ।

**ਗੁਰੂ ਜੀ ਤੋਂ ਪਿੱਛੋਂ**

ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਚਲੇ ਗਏ, ਤਾਂ ਪੰਜਾਬ ਦੇ ਸਿੱਖ ਆਪਣੇ ਘਰੀਂ ਵਿਹਾਰ ਵਿਚ ਰੁੱਝ ਗਏ। ਔਰੰਗਜ਼ੇਬ ਦੇ ਮਰਨ 'ਤੇ ਉਸ ਦੇ ਪੁੱਤਰਾਂ ਦਾ ਆਪਣੇ ਝਗੜਿਆਂ ਵਿਚ ਰੁੱਝ ਜਾਣ ਕਰਕੇ ਸਿੱਖਾਂ ਦਾ ਕਿਸੇ ਨੂੰ ਚੇਤਾ ਵੀ ਨਾ ਰਿਹਾ। ਪਰ ਸਿੱਖਾਂ ਨੂੰ ਮੁਗ਼ਲਾਂ ਦੀਆਂ ਵਧੀਕੀਆਂ ਤੇ ਸਰਹਿੰਦ ਦੀ ਖ਼ੂਨੀ ਧਰਤੀ ਕਦੇ ਵੀ ਨਾ ਭੁੱਲੀ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਜ਼ਖ਼ਮ ਅਜੇ ਅੱਲੇ ਹੀ ਸਨ, ਜਾਂ ਉਤੋਂ ਹੋਰ ਖ਼ਬਰ ਪਹੁੰਚੀ, ਕਿ ਸੂਬਾ ਸਰਹਿੰਦ ਵਜ਼ੀਰ ਖ਼ਾਂ ਦੇ ਭੇਜੇ ਹੋਏ ਪਠਾਣਾਂ ਨੇ ਦੱਖਣ ਵਿਚ ਗੁਰੂ

ਮਹਾਰਾਜ ਨੂੰ ਧੋਖੇ ਨਾਲ ਖ਼ੰਜਰ ਮਾਰ ਕੇ ਜ਼ਖ਼ਮੀ ਕਰ ਦਿੱਤਾ ਹੈ, ਜਿਸ ਦੇ ਕਾਰਨ ਆਪ ੭ ਅਕਤੂਬਰ, ੧੭੦੮ ਈ. (੮ ਕੱਤਕ ਸੁਦੀ ੫, ੧੭੬੫ ਬਿ.) ਨੂੰ ਸ਼ਹੀਦ ਹੋ ਗਏ ਹਨ। ਹੁਣ ਤਾਂ ਸਿੱਖਾਂ ਦੇ ਅੰਦਰ ਭਾਂਬੜ ਬਲ ਉਠੇ। ਉਹ ਸਿਰਫ਼ ਓਸ ਲੀਡਰ ਦੀ ਭਾਲ ਵਿਚ ਸਨ, ਜਿਹੜਾ ਉਹਨਾਂ ਨੂੰ ਮਰਨ ਮਾਰਨ ਵਾਸਤੇ ਸਰਹਿੰਦ ਦੇ ਖ਼ੂੰਨੀ ਸ਼ਹਿਰ ਵਿਚ ਲੈ ਚੱਲੇ।

### ਬੰਦਾ ਸਿੰਘ ਪੰਜਾਬ ਵਿਚ

ਸਿੱਖਾਂ ਨੂੰ ਲੀਡਰ ਵੀ ਛੇਤੀ ਹੀ ਮਿਲ ਗਿਆ। ਬਾਬਾ ਬੰਦਾ ਸਿੰਘ ਬਹਾਦਰ (ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਹੱਥੀਂ ਅੰਮ੍ਰਿਤ ਛਕਾ ਕੇ, ਪੰਜ ਤੀਰ, ਹੁਕਮਨਾਮਾ ਤੇ ਕੁਛ ਹਜ਼ੂਰੀ ਸਿੰਘ ਨਾਲ ਦੇ ਕੇ, ਜ਼ਾਲਮਾਂ ਨੂੰ ਸੋਧਣ ਵਾਸਤੇ ਭੇਜਿਆ ਸੀ) ਪੰਜਾਬ ਦੀ ਹੱਦ ਅੰਦਰ ਆ ਗਿਆ। ਪਹਿਲੇ ਪਹਿਲ ਉਹ ਬਾਂਗਰ ਦੇ ਇਲਾਕੇ ਵਿਚ ਆਇਆ। ਉਸ ਨੇ ਆਉਂਦਿਆਂ ਹੀ ਆਪਣਾ ਕੰਮ ਸ਼ੁਰੂ ਕਰ ਦਿੱਤਾ। ਇਕ ਪਿੰਡ ਵਿਚ ਉਸਦਾ ਜੱਥਾ ਉਤਰਿਆ ਹੋਇਆ ਸੀ, ਜਾਂ ਲੁਟੇਰਿਆਂ ਦੀ ਧਾੜ ਆ ਪਈ। ਉਹਨਾਂ ਮੁੱਠੀ ਭਰ ਸਿੰਘਾਂ ਨੇ ਧਾੜਵੀਆਂ ਦਾ ਡਟ ਕੇ ਟਾਕਰਾ ਕੀਤਾ। ਨਤੀਜਾ ਇਹ ਹੋਇਆ, ਕਿ ਪਿੰਡ ਨੂੰ ਲੁੱਟਣ ਆਏ, ਉਹ ਆਪਣਾ ਆਪ ਲੁਟਾ ਕੇ ਨੱਸ ਗਏ। ਲੁੱਟਿਆ ਹੋਇਆ ਮਾਲ ਬੰਦਾ ਸਿੰਘ ਨੇ ਆਪਣੇ ਸਾਥੀਆਂ ਨੂੰ ਵੰਡ ਦਿੱਤਾ। ਏਸ ਪਹਿਲੀ ਘਟਨਾ ਨੇ ਹੀ ਗ਼ਰੀਬਾਂ ਦੇ ਦਿਲਾਂ ਵਿਚ ਬੰਦਾ ਸਿੰਘ ਵਾਸਤੇ ਸਤਿਕਾਰ ਪੈਦਾ ਕਰ ਦਿੱਤਾ। ਕੁਛ ਦਿਨਾਂ ਪਿੱਛੋਂ ਉਹਨੇ 'ਸਿਹਰੀ' ਤੇ 'ਖੰਡਾ'—ਦੋਹਾਂ ਪਿੰਡਾਂ—ਦੇ ਵਿਚਕਾਰ ਆ ਡੇਰਾ ਕੀਤਾ।

### ਸਿੱਖਾਂ ਵੱਲੇ ਚਿੱਠੀਆਂ

ਏਥੋਂ ਮਾਝੇ, ਮਾਲਵੇ, ਦੁਆਬੇ ਤੇ ਪੰਜਾਬ ਦੇ ਹੋਰ ਦੂਰ ਨੇੜੇ ਦੇ ਸਿੱਖਾਂ ਨੂੰ ਚਿੱਠੀਆਂ ਲਿਖੀਆਂ, ਕਿ ਜ਼ਾਲਮ ਤੋਂ ਸਾਹਿਬਜ਼ਾਦਿਆਂ ਦਾ ਵੈਰ ਲੈਣ ਵਾਸਤੇ ਛੇਤੀ ਜੱਥੇ ਨਾਲ ਆ ਕੇ ਮਿਲੋ। ਜਿੱਥੇ-ਜਿੱਥੇ ਖ਼ਬਰ ਪਹੁੰਚੀ, ਸਿੰਘ ਸਾਰੇ ਕਾਰ ਵਿਹਾਰ ਛੱਡ ਕੇ ਹਥਿਆਰ ਸੰਭਾਲ ਕੇ ਬੰਦਾ ਸਿੰਘ ਵੱਲੇ ਤੁਰ ਪਏ। ਸ਼ਾਹੀ ਹਾਕਮਾਂ ਨੇ ਸੜਕਾਂ ਤੇ ਦਰਿਆਵਾਂ ਦੇ ਪੱਤਣਾਂ ਉੱਤੇ ਚੌਕੀਆਂ ਬਿਠਾ ਦਿੱਤੀਆਂ। ਮਾਝੇ ਦੇ ਸਿੰਘਾਂ ਨੂੰ ਇਸ ਰੁਕਾਵਟ ਕਾਰਨ ਬੜੀ ਔਖਿਆਈ ਹੋਈ। ਉਹ ਸਿੱਧਾ ਰਾਹ ਛੱਡ ਕੇ ਪਹਾੜੀ ਇਲਾਕੇ ਵੱਲੋਂ ਚੱਕਰ ਕੱਟ ਕੇ ਕੀਰਤਪੁਰ ਜਾ ਕੱਠੇ ਹੋਏ। ਮਾਲਵੇ ਦੇ ਸਿੰਘਾਂ ਵਾਸਤੇ ਇਹ ਔਕੜ ਨਹੀਂ ਸੀ। ਉਹ ਛੋਟੇ-ਛੋਟੇ ਜੱਥੇ ਬਣਾਕੇ ਛੇਤੀ ਹੀ ਬੰਦਾ ਸਿੰਘ ਕੋਲ ਜਾ ਅਪੜੇ। ੨-੩

ਮਹੀਨੇ ਵਿਚ ਹੀ ਬੰਦਾ ਸਿੰਘ ਕੋਲ ਚਾਰ ਹਜ਼ਾਰ ਅਸਵਾਰ ਤੇ ੭-੮ ਹਜ਼ਾਰ ਪੈਦਲ ਸਿੰਘ ਕੱਠੇ ਹੋ ਗਏ*। ਸਿੰਘਾਂ ਦਾ ਇਹ ਦਲ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠਾਂ 'ਰਾਜ ਕਰੇਗਾ ਖ਼ਾਲਸਾ' ਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਦਾ ਜਾ ਰਿਹਾ ਸੀ। ਜਿਸ ਪਿੰਡ ਦੇ ਚੌਧਰੀ ਗੁਰੂ ਕੇ ਲੰਗਰ ਵਾਸਤੇ ਰਸਦ ਜਾਂ ਕੁਛ ਹੋਰ ਨਜ਼ਰਾਨਾ ਲੈ ਕੇ ਮਿਲ ਪੈਂਦੇ, ਸਿੰਘ ਬਿਨਾਂ ਛੇੜ ਛਾੜ ਕੀਤੇ ਓਥੋਂ ਅੱਗੇ ਲੰਘ ਜਾਂਦੇ, ਤੇ ਜਿਥੋਂ ਦੇ ਹਾਕਮ ਕੁਛ ਆਕੜਦੇ, ਉਹ ਸੋਧ ਦਿੱਤੇ ਜਾਂਦੇ।

**ਸ਼ਾਹੀ ਖਜ਼ਾਨਾ ਲੁੱਟਿਆ**

ਭੂਨਾ ਪਿੰਡ (ਕੈਥਲ ਦੇ ਨੇੜੇ) ਕੋਲ ਪਤਾ ਲੱਗਾ, ਕਿ ਕੁਛ ਸਿਪਾਹੀਆਂ ਦੀ ਰਾਖੀ ਵਿਚ ਸ਼ਾਹੀ ਖ਼ਜ਼ਾਨਾ ਜਾ ਰਿਹਾ ਸੀ। ਸਿੰਘਾਂ ਨੇ ਸ਼ੇਰਵਾਈ ਹੱਲਾ ਕਰਕੇ ਖ਼ਜ਼ਾਨਾ ਲੁੱਟ ਲਿਆ। ਬੰਦਾ ਸਿੰਘ ਨੇ ਉਹ ਸਾਰਾ ਧਨ ਆਪਣੀਆਂ ਫ਼ੌਜਾਂ ਵਿਚ ਵੰਡ ਦਿੱਤਾ।

**ਕੈਥਲ ਦੇ ਹਾਕਮ ਨਾਲ ਜੰਗ**

ਕੁਛ ਦਿਨਾਂ ਪਿਛੋਂ ਕੈਥਲ ਦਾ ਹਾਕਮ ਫ਼ੌਜ ਲੈ ਕੇ ਸਿੰਘਾਂ 'ਤੇ ਚੜ੍ਹ ਆਇਆ, ਜੋ ਪਹਿਲੇ ਹੱਲੇ ਵਿਚ ਹੀ ਹਾਰ ਖਾ ਕੇ ਤੇ ਘੋੜੇ ਖੁਹਾ ਕੇ ਨੱਸ ਗਿਆ।

ਹੁਣ ਇਸ ਸਾਰੇ ਇਲਾਕੇ ਵਿਚ ਸਿੰਘਾਂ ਦਾ ਬੋਲਬਾਲਾ ਹੋ ਗਿਆ। ਦੂਰ ਨੇੜੇ ਤੋਂ ਕੁਛ ਹੋਰ ਸਿੰਘ ਆ ਰਲੇ, ਤੇ ਕੁਛ ਜ਼ਾਲਮਾਂ ਦੇ ਸਤਾਇਆਂ ਹੋਇਆਂ ਹਿੰਦੂਆਂ ਵਿਚੋਂ ਨਵੇਂ ਸਿੰਘ ਸਜ ਗਏ। ਖ਼ਾਲਸੇ ਦੀ ਚੜ੍ਹਦੀ ਕਲਾ ਵੇਖ ਕੇ ਬਹੁਤ ਸਾਰੇ ਲੁਟੇਰੇ ਵੀ ਆ ਰਲੇ। ਬੰਦਾ ਸਿੰਘ ਆਪਣੇ ਕੋਲ ਕੁਛ ਨਾ ਰੱਖਦਾ, ਜੋ ਵੀ ਲੁੱਟ ਦਾ ਮਾਲ ਜਾਂ ਨਜ਼ਰਾਨਾ ਆਉਂਦਾ, ਸਭ ਸਿੰਘਾਂ ਨੂੰ ਤੇ ਗ਼ਰੀਬਾਂ ਨੂੰ ਵੰਡ ਦੇਂਦਾ।

**ਸਮਾਣਾ ਮਾਰਿਆ**

ਸਭ ਤੋਂ ਪਹਿਲਾਂ ਬੰਦਾ ਸਿੰਘ ਦੀ ਨਜ਼ਰ ਸਮਾਣੇ 'ਤੇ ਪਈ। ਉਸ ਸਮੇਂ ਇਹ ਬੜਾ ਰੌਣਕੀ ਤੇ ਅਮੀਰਾਂ ਦਾ ਸ਼ਹਿਰ ਸੀ। ਏਥੋਂ ਬਾਈ ਪਾਲਕੀਆਂ ਨਿਕਲਦੀਆਂ ਸਨ, ਭਾਵ, ਏਥੋਂ ਦੇ ਸੱਯਦਾਂ ਤੇ ਮੁਗ਼ਲਾਂ ਦੇ ਬਾਈ ਅਮੀਰ ਘਰਾਣਿਆਂ ਨੂੰ ਬਾਦਸ਼ਾਹ ਵੱਲੋਂ ਪਾਲਕੀਆਂ ਵਿਚ ਚੱਲਣ ਦੀ ਆਗਿਆ ਸੀ। ਸਮਾਣੇ 'ਤੇ ਚੜ੍ਹਾਈ ਕਰਨ ਦਾ ਇਕ ਹੋਰ ਕਾਰਨ ਵੀ ਸੀ। ਗੁਰੂ ਤੇਗ਼ ਬਹਾਦਰ ਜੀ ਦਾ ਕਾਤਲ ਸੱਯਦ ਜਲਾਲੁੱਦੀਨ ਜਲਾਦ ਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਏਥੋਂ ਦੇ ਰਹਿਣ

---

*ਨਾਰੰਗ; ੧੨੫।

ਵਾਲੇ ਸਨ। ਇਸ ਵਾਸਤੇ ਸਿੰਘਾਂ ਦੇ ਦਿਲ ਵਿਚ ਇਸ ਸ਼ਹਿਰ ਵਾਸਤੇ ਘੱਟ ਗੁੱਸਾ ਨਹੀਂ ਸੀ। ੨੬ ਨਵੰਬਰ, ੧੭੦੯ ਈ: ਨੂੰ ਸਵੇਰੇ ਹੀ ਬੰਦਾ ਸਿੰਘ ਨੇ ਸਮਾਣੇ ਉੱਤੇ ਹਮਲਾ ਕਰ ਦਿੱਤਾ, ਤੇ ਕੁਛ ਘੰਟਿਆਂ ਵਿਚ ਹੀ ਵਸਦਾ ਸ਼ਹਿਰ ਉਜਾੜ ਕਰ ਦਿੱਤਾ। ਮੁਗ਼ਲਾਂ ਤੇ ਸੱਯਦਾਂ ਅੱਗੋਂ ਟਾਕਰਾ ਤਾਂ ਕੀਤਾ, ਪਰ ਖ਼ਾਲਸੇ ਦੇ ਅਗਾਧ ਜੋਸ਼ ਦੇ ਸਾਮ੍ਹਣੇ ਬਹੁਤਾ ਚਿਰ ਠਹਿਰ ਨਾ ਸਕੇ। ਕਹਿੰਦੇ ਹਨ : ਇਸ ਇਕ ਦਿਨ ਵਿਚ ਦਸ ਹਜ਼ਾਰ ਜਾਨਾਂ ਮੌਤ ਦੀ ਭੇਟ ਹੋ ਗਈਆਂ। ਇਸ ਸ਼ਹਿਰ ਦੀ ਲੁੱਟ ਵਿਚੋਂ ਸਿੰਘਾਂ ਨੇ ਚੰਗੇ ਹੱਥ ਰੰਗੇ, ਬੜਾ ਧਨ ਤੇ ਸਾਮਾਨ ਕਾਬੂ ਕੀਤਾ। ਇਲਾਕੇ ਦੇ ਲੁਟੇਰਿਆਂ ਵੀ ਬਹੁਤ ਕੁਛ ਹਾਸਲ ਕੀਤਾ, ਤੇ ਬਹੁਤ ਸਾਰੇ ਅਮੀਰਾਂ ਦੇ ਘਰ ਸਾੜ ਕੇ ਪੁਰਾਣੇ ਵੈਰ ਕੱਢੇ।

ਸਹੀ ਅਰਥਾਂ ਵਿਚ ਏਹਾ ਸਿੱਖਾਂ ਦੀ ਪਹਿਲੀ ਫ਼ਤਹਿ ਸੀ। ਭਾਈ ਫ਼ਤਹਿ ਸਿੰਘ ਏਥੋਂ ਦਾ ਫ਼ੌਜਦਾਰ ਬਣਾਇਆ ਗਿਆ। ਹੁਣ ਬੰਦਾ ਸਿੰਘ ਛੇਤੀ ਤੋਂ ਛੇਤੀ ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਮਿਲਣਾ ਚਾਹੁੰਦਾ ਸੀ। ਉਸ ਨੇ ਉਹਨਾਂ ਨੂੰ ਸੁਨੇਹਾ ਵੀ ਭੇਜ ਦਿੱਤਾ, ਕਿ ਅਸੀਂ ਛੱਤ ਬਨੂੜ ਵੱਲੇ ਆ ਰਹੇ ਹਾਂ, ਓਥੇ ਸਭ ਇਕੱਤਰ ਹੋ ਜਾਓ।

### ਹੋਰ ਮਾਰਾਂ

ਆਪ ਉਹ ਸਰਹਿੰਦ ਤੋਂ ਚੜ੍ਹਦੇ ਪਾਸੇ ਦੀ ਚੱਕਰ ਕੱਟ ਕੇ ਅੱਗੇ ਵਧਿਆ, ਤੇ ਰਾਹ ਵਿਚ ਘੁੜਾਮ, ਠਸਕਾ, ਸ਼ਾਹਾਬਾਦ, ਮੁਸਤਫ਼ਾਬਾਦ, ਕਪੂਰੀ, ਸਢੌਰਾ, ਮੁਖ਼ਲਸਗੜ੍ਹ (ਜਿਸ ਦਾ ਨਾਮ ਸਿੰਘਾਂ ਨੇ ਲੋਹਗੜ੍ਹ ਰਖਿਆ) ਤੇ ਬਨੂੜ ਦਾ ਕਸਬਾ ਮਾਰ ਲਿਆ। ਇਹਨਾਂ ਮਾਰਾਂ ਵਿਚ ਬੰਦਾ ਸਿੰਘ ਕੋਲ ਲੋੜੀਂਦਾ ਧਨ ਤੇ ਸਾਮਾਨ ਹੋ ਗਿਆ ਸੀ।

### ਰੋਪੜ ਦੀ ਲੜਾਈ

ਓਧਰ ਕੀਰਤਪੁਰ ਵਾਲਾ ਦਲ ਰੋਪੜ ਨੂੰ ਵਧਿਆ, ਤਾਂ ਵਜ਼ੀਰ ਖ਼ਾਂ ਦੇ ਭੇਜੇ ਹੋਏ ਮਲੇਰ ਕੋਟਲੀਏ ਫ਼ੌਜ ਲੈ ਕੇ ਅੱਗੋਂ ਜਾ ਅਪੜੇ। ਇਹਨਾਂ ਕੋਲ ਦੋ ਤੋਪਾਂ ਵੀ ਸਨ ਤੇ ਫ਼ੌਜ ਵੀ ਸਿੰਘਾਂ ਨਾਲੋਂ ਬਹੁਤੀ ਸੀ। ਪਰ ਜਿਸ ਵੇਲੇ ਸਿੰਘਾਂ ਦੇ ਜੱਥੇਦਾਰ 'ਚਲੋ ਸਰਹਿੰਦ', 'ਮਾਰੋ ਸਰਹਿੰਦ' ਦੇ ਨਾਅਰੇ ਲਾ ਕੇ ਅੱਗੇ ਵਧਦੇ, ਤਾਂ ਉਹਨਾਂ ਦੀ ਤਲਵਾਰ ਸਾਮ੍ਹਣੇ ਛਾਤੀ ਡਾਹ ਕੇ ਖਲੋਣ ਦੀ ਕਿਸੇ ਵਿਚ ਹਿੰਮਤ ਨਾ ਹੁੰਦੀ। ਦੋਹਾਂ ਪਾਸਿਆਂ ਤੋਂ ਗਭਰੂਆਂ ਦੇ ਸੱਥਰ ਵਿਛ ਗਏ। ਅੰਤ ਖ਼ਿਜ਼ਰ ਖ਼ਾਂ, ਨੁਸਰਤ ਖ਼ਾਂ ਤੇ ਵਲੀ ਮੁਹੰਮਦ ਖ਼ਾਂ ਮਾਰੇ ਗਏ, ਤੇ ਸ਼ੇਰ ਮੁਹੰਮਦ ਖ਼ਾਂ ਜ਼ਖ਼ਮੀ ਹੋ ਕੇ ਮੈਦਾਨ ਛਡ ਕੇ ਨੱਸ ਗਿਆ। ਸਿੰਘ ਵੈਰੀ ਦਾ ਸਾਮਾਨ ਕਬਜ਼ੇ ਕਰਕੇ ਫ਼ਤਹਿ ਦੇ

### ਦੋਹਾਂ ਦਲਾਂ ਦਾ ਮੇਲ

ਜੈਕਾਰੇ ਛੱਡਦੇ ਬਨੂੜ ਵੱਲ ਵਧੇ। ਬਨੂੜ ਤੋਂ ਦੋ-ਤਿੰਨ ਮੀਲ ਬਾਹਰ ਅੱਗੇ ਵਧ ਕੇ ਬੰਦਾ

ਸਿੰਘ ਜੇਤੂ ਸਿੰਘਾਂ ਨੂੰ ਆ ਮਿਲਿਆ। ਦੋਹਾਂ ਦਲਾਂ ਨੂੰ ਵੇਖ ਕੇ ਖ਼ੁਸ਼ੀਆਂ ਚੜ੍ਹ ਗਈਆਂ। ਕੜਾਹ ਪਰਸ਼ਾਦ ਦੀਆਂ ਦੇਗਾਂ ਵੰਡੀਆਂ ਗਈਆਂ। ਹੁਣ ਦੋਵੇਂ ਦਲ ਛੱਤ 'ਤੇ ਕਬਜ਼ਾ ਕਰ ਕੇ ਲੱਗੇ ਸਰਹਿੰਦ ਉੱਤੇ ਹਮਲਾ ਕਰਨ ਦੀਆਂ ਤਿਆਰੀਆਂ ਕਰਨ। ਸਾਰੇ ਇਲਾਕੇ ਦੀਆਂ ਨਜ਼ਰਾਂ ਸਰਹਿੰਦ ਦੀ ਲੜਾਈ 'ਤੇ ਲੱਗੀਆਂ ਹੋਈਆਂ ਸਨ। ਦੋਹੀਂ ਪਾਸੀਂ ਡਟਵੀਂ ਤਿਆਰੀ ਹੋ ਰਹੀ ਸੀ।

**ਸਰਹਿੰਦ 'ਤੇ ਚੜ੍ਹਾਈ ਦੀ ਤਿਆਰੀ ਤੇ ਬੰਦਾ ਸਿੰਘ ਦੀ ਫ਼ੌਜ**

ਬੰਦਾ ਸਿੰਘ ਕੋਲ ਆਦਮੀਆਂ ਦੀ ਗਿਣਤੀ ਕਾਫ਼ੀ ਸੀ, ਪਰ ਹਥਿਆਰ ਬੜੇ ਥੋੜ੍ਹੇ ਸਨ। ਬੜੇ ਥੋੜ੍ਹੇ ਸਿੰਘਾਂ ਕੋਲ ਬੰਦੂਕਾਂ ਸਨ, ਬਾਕੀ ਕਿਸੇ ਕੋਲ ਨੇਜ਼ਾ, ਕਿਸੇ ਕੋਲ ਤਲਵਾਰ ਤੇ ਕਿਸੇ ਕੋਲ ਤੀਰ ਕਮਾਨ। ਇਹ ਫ਼ੌਜ ਤਿੰਨ ਤਰ੍ਹਾਂ ਦੀ ਸੀ : ੧. ਧਰਮ ਦੀ ਖ਼ਾਤਰ ਸ਼ਹੀਦ ਹੋਣ ਵਾਲੇ ਪੱਕੇ ਸਿੱਖ, ੨. ਰਾਮ ਸਿੰਘ, ਤਲੋਕ ਸਿੰਘ ਫੂਲਕਿਆਂ ਆਦਿ ਦੇ ਘੱਲੇ ਹੋਏ ਤਨਖ਼ਾਹਦਾਰ ਸਿਪਾਹੀ, ੩. ਕੇਵਲ ਲੁੱਟ ਦੀ ਖ਼ਾਤਰ ਆਏ ਹੋਏ ਦੂਰ ਨੇੜੇ ਦੇ ਲੁਟੇਰੇ। ਇਹਨਾਂ ਤੋਂ ਇਲਾਵਾ ਇਕ ਹਜ਼ਾਰ ਸਿਪਾਹੀ ਹੋਰ ਵੀ ਸੀ, ਜੋ ਵਜ਼ੀਰ ਖ਼ਾਂ ਤੇ ਸੁੱਚਾ ਨੰਦ ਦੇ ਭੇਜੇ ਹੋਏ, ਬੰਦਾ ਸਿੰਘ ਨੂੰ ਧੋਖੇ ਨਾਲ ਮਾਰਨ ਵਾਸਤੇ ਉਸਦੀ ਫ਼ੌਜ ਨਾਲ ਜਾ ਮਿਲੇ ਸਨ। ਇਸ ਫ਼ੌਜ ਦਾ ਅਫ਼ਸਰ ਸੁੱਚਾ ਨੰਦ ਦਾ ਭਤੀਜਾ* ਸੀ, ਜਿਸ ਨੇ ਆਪਣੇ ਆਉਣ ਦਾ ਕਾਰਨ ਸੁੱਚਾ ਨੰਦ ਤੋਂ ਵੈਰ ਲੈਣਾ ਦੱਸਿਆ ਸੀ।

**ਵਜ਼ੀਰ ਖ਼ਾਂ ਦੀ ਫ਼ੌਜ**

ਦੂਜੇ ਪਾਸੇ ਬੁੱਢਾ ਵਜ਼ੀਰ ਖ਼ਾਂ ਵੀ 'ਚਪੜ-ਚਿੜੀ' ਦੇ ਮੈਦਾਨ ਵਿਚ ਸਿੰਘਾਂ ਨਾਲ ਲੜਨ ਵਾਸਤੇ ਤਿਆਰ ਹੋ ਖਲਾ। ਉਸ ਨੇ ਆਪਣੇ ਮਾਤਹਿਤ ਫ਼ੌਜਦਾਰਾਂ ਦੀ ਫ਼ੌਜ ਤੇ ਇਲਾਕੇ ਦੇ ਚੌਧਰੀਆਂ ਦੇ ਸਭ ਆਦਮੀ ਕੱਠੇ ਕਰ ਲਏ। ਜਿਹਾਦ ਦੇ ਨਾਮ ਥੱਲੇ ਮੁਲਾਣਿਆਂ ਨੇ ਵੀ ਸ਼ਹਾਦਤ ਦੇ ਚਾਹਵਾਨ ਹਜ਼ਾਰਾਂ ਗ਼ਾਜ਼ੀ ਬਹਿਸ਼ਤ ਦੇ ਦਰਵਾਜ਼ੇ ਅੱਗੇ ਲੈ ਆਂਦੇ। ਰਲ ਮਿਲ ਕੇ ਫ਼ੌਜ ਦੀ ਗਿਣਤੀ ੨੦ ਹਜ਼ਾਰ० ਹੋ ਗਈ। ਸਭ ਤੋਂ ਅੱਗੇ ਤੋਪਾਂ ਤੇ ਜ਼ੰਬੂਰਕੇ ਬੀੜੇ ਹੋਏ ਸਨ। ਉਸ ਤੋਂ ਪਿਛੋਂ ਹਾਥੀਆਂ ਦੀ ਪਾਲ ਖਲੀ ਕੀਤੀ ਹੋਈ ਸੀ। ਇਕ ਪਾਸੇ ਸ਼ੇਰ ਮੁਹੰਮਦ ਖ਼ਾਂ ਤੇ ਖ਼ਵਾਜਾ ਅਲੀ ਮਲੇਰਕੋਟਲੇ ਵਾਲੇ ਆਪਣੀਆਂ ਫ਼ੌਜਾਂ ਲਈ ਖਲੋ ਸਨ, ਤੇ

---

*ਡਾ. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, (ਅੰਗਰੇਜ਼ੀ) ਪੰਨਾ ੬੩।

०ਡਾ. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ ੬੨।

ਇਕ ਪਾਸੇ ਹੂਰਾਂ ਦੇ ਆਸ਼ਕ ਗ਼ਾਜ਼ੀ। ਵਿਚਕਾਰ ਬੁੱਢਾ ਨਵਾਬ ਵਜ਼ੀਰ ਖ਼ਾਂ ਘੋੜੇ 'ਤੇ ਅਸਵਾਰ ਸਾਰੀ ਫ਼ੌਜ ਦੀ ਕਮਾਨ ਕਰ ਰਿਹਾ ਸੀ। ਇਸ ਤਰ੍ਹਾਂ ਮੈਦਾਨ ਮੱਲੀ ਇਹ ਬੰਦਾ ਸਿੰਘ ਦੀ ਉਡੀਕ ਕਰ ਰਹੇ ਸਨ।

**ਸਿੰਘਾਂ ਦੀ ਚੜ੍ਹਾਈ**

ਉਧਰੋਂ ਅਗਾਧ ਜੋਸ਼ ਵਿਚ ਭਰੇ ਸਿੰਘ ਵੀ 'ਚੱਲੋ ਸਰਹਿੰਦ' ਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਦੇ ਆ ਰਹੇ ਸਨ। ਇਕ ਪਾਸੇ ਮਲਵਈ ਸੂਰਮੇ ਆ ਰਹੇ ਸਨ, ਜਿਨ੍ਹਾਂ ਦੀ ਸਰਦਾਰੀ ਸ. ਫ਼ਤਹਿ ਸਿੰਘ, ਸ. ਕਰਮ ਸਿੰਘ, ਸ. ਧਰਮ ਸਿੰਘ ਤੇ ਸ. ਆਲੀ ਸਿੰਘ ਦੇ ਹੱਥ ਸੀ। ਦੂਜੇ ਪਾਸੇ ਮਾਝੇ ਦੇ ਬੀਰ, ਬਾਬਾ ਬਿਨੋਦ ਸਿੰਘ, ਸ. ਬਾਜ ਸਿੰਘ, ਸ. ਰਾਮ ਸਿੰਘ ਤੇ ਸ. ਸ਼ਾਮ ਸਿੰਘ ਦੇ ਮਾਤਹਿਤ ਚਲੇ ਆ ਰਹੇ ਸਨ*। ਕੁਝ ਰਲਵੀਂ ਫ਼ੌਜ ਦੀ ਕਮਾਨ ਬੰਦਾ ਸਿੰਘ ਦੇ ਆਪਣੇ ਹੱਥ ਵਿਚ ਸੀ। ੨੨ ਮਈ ੧੭੧੦ ਈ. ਨੂੰ ਦੋਵੇਂ ਦਲ ਆਮ੍ਹੋ-ਸਾਮ੍ਹਣੇ ਆ ਭਿੜੇ। ਇਕ ਪਾਸੇ ਸ. ਫਤਹਿ ਸਿੰਘ ਤੇ ਦੂੱਜੇ ਪਾਸੇ ਸ. ਬਾਜ ਸਿੰਘ ਆਪਣੇ ਮਾਤਹਿਤ ਸਰਦਾਰਾਂ ਸਣੇ ਹਮਲਾ ਕਰਨ ਵਾਸਤੇ ਅੱਗੇ ਵਧੇ। ਬਾਬਾ ਬੰਦਾ ਸਿੰਘ ਆਪਣੀ ਇਮਦਾਦੀ (ਰੀਜ਼ਰਵ) ਫ਼ੌਜ ਲੈ ਕੇ ਇਕ ਉੱਚੇ ਟਿੱਬੇ 'ਤੇ ਖਲੋ ਕੇ ਜੰਗ ਦਾ ਰੰਗ ਵੇਖਣ ਲੱਗਾ।

**ਚਪੜ-ਚਿੜੀ ਦੀ ਲੜਾਈ**
**੨੨ ਮਈ, ੧੭੧੦ ਈ:**

ਸਿੰਘਾਂ ਦੇ ਨੇੜੇ ਢੁਕਣ ਉੱਤੇ ਵਜ਼ੀਰ ਖ਼ਾਂ ਦੀਆਂ ਤੋਪਾਂ ਦੇ ਜ਼ੰਬੂਰਿਆਂ ਨੇ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ। ਜਿਸ ਵੇਲੇ ਜ਼ੰਜੀਰਦਾਰ ਗੋਲੇ ਚੱਲੇ, ਲੁਟੇਰੇ ਪਹਿਲੇ ਹੱਥ ਹੀ ਹਰਨ ਹੋ ਗਏ। ਇਸ ਤੋਂ ਥੋੜ੍ਹਾ ਚਿਰ ਪਿੱਛੋਂ ਸੁੱਚਾ ਨੰਦ ਦਾ ਭਤੀਜਾ ਆਪਣੀ ਇਕ ਹਜ਼ਾਰ ਫ਼ੌਜ ਲੈ ਕੇ ਮੈਦਾਨ ਵਿਚੋਂ ਭੱਜ ਨਿਕਲਿਆ। ਪਿੱਛੇ ਕੇਵਲ ਸਿਦਕੀ ਸਿੱਖ ਹੀ ਡਟੇ ਰਹੇ। ਇਕ ਪਾਸੇ ਤੋਪਾਂ, ਜ਼ੰਬੂਰਕੇ ਤੇ ਦੂਰ ਮਾਰੂ ਬੰਦੂਕਾਂ, ਤੇ ਇਕ ਪਾਸੇ ਤੀਰ ਤੇ ਟਾਵੀਂ ਟਾਵੀਂ ਬੰਦੂਕ। ਇਸ ਹੱਲੇ ਵਿਚ ਸਿੱਖਾਂ ਦਾ ਬੜਾ ਨੁਕਸਾਨ ਹੋਇਆ। ਮੁਸਲਮਾਨ ਫ਼ੌਜ ਦੇ

**ਬੰਦਾ ਸਿੰਘ ਆਪ ਮੈਦਾਨ ਵਿਚ**

ਹੌਸਲੇ ਵਧ ਰਹੇ ਸਨ, ਕਿ ਸਿੱਖ ਨੱਸੇ-ਕਿ-ਨੱਸੇ। ਬਾਜ ਸਿੰਘ ਨੇ ਇਹ ਸਾਰੀ ਹਾਲਤ ਬੰਦਾ ਸਿੰਘ ਨੂੰ ਜਾ ਦੱਸੀ, ਤਾਂ ਉਹ ਇਮਦਾਦੀ ਫ਼ੌਜ ਲੈ ਕੇ ਮੈਦਾਨ ਵਿਚ ਆ ਡਟਿਆ। ਇਸ ਸੱਜਰਸਾਹ ਫ਼ੌਜ ਦੇ ਆਉਣ

*ਕਰਮ ਸਿੰਘ, ਬਾਬਾ ਬੰਦਾ ਬਹਾਦਰ, ਪੰਨਾ ੬੯।

ਨਾਲ ਸਿੰਘਾਂ ਦੇ ਦਿਲ ਵਧ ਗਏ। ਉਹਨਾਂ ਪੈਂਦੀ ਸੱਟੇ ਤਲਵਾਰਾਂ ਤੇ ਬਰਛੇ ਧੂਹ ਕੇ ਮਲੇਰਕੋਟਲੀਆਂ 'ਤੇ ਹੱਲਾ ਬੋਲ ਦਿੱਤਾ। ਉਹ ਦੋਵੇਂ ਯੋਧੇ ਮਰਦਾਂ ਵਾਂਗ ਡਟ ਕੇ ਲੜੇ, ਪਰ ਅੰਤ ਦੋਵੇਂ—ਸ਼ੇਰ ਮੁਹੰਮਦ ਖ਼ਾਂ ਤੇ ਖ਼ਵਾਜਾ ਅਲੀ—ਖ਼ਾਲਸੇ ਦੀ ਤਲਵਾਰ ਦੀ ਭੇਟਾ ਹੋ ਗਏ। ਜਰਨੈਲਾਂ ਦਾ ਡਿੱਗਣਾ ਹੀ ਸੀ, ਕਿ ਉਹਨਾਂ ਦੀ ਫ਼ੌਜ ਮੈਦਾਨ ਛੱਡ ਕੇ ਨੱਸ ਉੱਠੀ। ਦੂਜੇ ਪਾਸੇ ਗ਼ਾਜ਼ੀਆਂ ਦਾ ਵੀ ਬਹੁਤ ਬੁਰਾ ਹਾਲ ਹੋਇਆ। ਇਸ ਵੇਲੇ ਵਜ਼ੀਰ ਖ਼ਾਂ ਵਾਲਾ ਮੋਰਚਾ ਕਾਇਮ ਸੀ, ਬਾਕੀ ਸਭ ਸਿੱਖਾਂ ਦੇ ਕਬਜ਼ੇ ਵਿਚ ਆ ਗਿਆ ਸੀ। ਅਜੇ ਵੀ ਹੌਸਲਾ ਕਰਕੇ ਉਹ ਬੁੱਢਾ ਨਵਾਬ ਅੜਿਆ ਖਲਾ ਸੀ, ਜਾਂ ਕਿਸੇ ਯੋਧੇ ਦੇ ਇਕ ਤੀਰ ਨੇ ਜੰਗ ਦਾ ਫ਼ੈਸਲਾ ਕਰ ਦਿੱਤਾ। ਤੀਰ ਨਾਲ ਫੱਟੜ ਹੋ ਕੇ ਵਜ਼ੀਰ ਖ਼ਾਂ ਘੋੜੇ ਤੋਂ ਥੱਲੇ ਆ ਡਿੱਗਾ। ਦੋਹਾਂ ਪਾਸਿਆਂ ਤੋਂ ਬਾਜ ਸਿੰਘ ਤੇ ਫ਼ਤਹਿ ਸਿੰਘ ਨੇ ਹਮਲਾ ਕਰਕੇ ਜ਼ਖ਼ਮੀ ਸੂਬੇਦਾਰ ਨੂੰ ਕਾਬੂ ਕਰ ਲਿਆ। ਨਵਾਬ ਦਾ ਡਿੱਗਣਾ ਹੀ ਸੀ, ਕਿ ਉਸਦੀ ਫ਼ੌਜ—ਜਿਧਰ ਮੂੰਹ ਹੋਇਆ—ਨੱਸ ਤੁਰੀ। ਲੜਾਈ* ਖ਼ਤਮ ਹੋਈ, ਤੇ ਮੈਦਾਨ ਖ਼ਾਲਸੇ ਦੇ ਹੱਥ ਰਿਹਾ। ਜੇਤੂ ਸਿੰਘਾਂ ਨੇ ਮੈਦਾਨ ਵਿਚ ਪਿਆ ਦੁਸ਼ਮਣ ਦਾ ਸਭ ਸਾਮਾਨ ਕਬਜ਼ੇ ਕਰ ਲਿਆ ਤੇ ਨੱਸੇ ਜਾਂਦਿਆਂ ਦੇ ਮਗਰ ਵਾਢ ਧਰ ਲਈ। ੧੨ ਮੀਲ ਦਾ ਪੰਧ ਪੈਰਾਂ ਥੱਲੇ ਲਤਾੜ ਕੇ ਖ਼ਾਲਸਾ ਸਰਹਿੰਦ ਜਾ ਪਹੁੰਚਾ। ਥੋੜ੍ਹੇ ਜਹੇ ਟਾਕਰੇ ਪਿਛੋਂ ਕਿਲ੍ਹੇ 'ਤੇ ਕਬਜ਼ਾ ਕਰ ਲਿਆ। ੨੪ ਮਈ ਨੂੰ ਸਿੰਘ ਸਰਹਿੰਦ ਵਿਚ ਦਾਖ਼ਲ ਹੋ ਗਏ। ਸ਼ਹਿਰ ਦੀਆਂ ਕੰਧਾਂ ਸਿੰਘਾਂ ਨੂੰ ਅਜੇ ਵੀ ਸਾਹਿਬਜ਼ਾਦਿਆਂ ਦੇ ਖ਼ੂਨ ਨਾਲ ਰੰਗੀਆਂ ਹੋਈਆਂ ਨਜ਼ਰ ਆ ਰਹੀਆਂ ਸਨ। ਜੋ ਸਾਮ੍ਹਣੇ ਆਇਆ, ਤਲਵਾਰ ਦੀ ਧਾਰ ਲੰਘਾ ਦਿੱਤਾ ਗਿਆ। ਦਿਲਾਂ ਵਾਲਾ ਕਹਿਰ ਜੇਤੂਆਂ ਨੇ ਰੱਜ ਕੇ ਵੈਰੀਆਂ 'ਤੇ ਕਢਿਆ। ਬਾਜ਼ਾਰ ਤੇ ਮੁਗ਼ਲਾਂ ਦੀਆਂ ਹਵੇਲੀਆਂ ਲੋਥਾਂ ਨਾਲ ਭਰ ਗਈਆਂ। ਪਾਪੀਆਂ ਦੇ ਪਾਪ ਤੇ ਨਿਰਦੋਸ਼ਾਂ ਦਾ ਖ਼ੂਨ ਭਾਂਬੜ ਬਣ ਕੇ ਬਲ ਉਠਿਆ, ਜਿਸ ਵਿਚ ਗੁਨਾਹੀਂ ਭੰਬਟ ਬਣਕੇ ਡਿੱਗਣ ਲੱਗੇ।

ਵਜ਼ੀਰ ਖ਼ਾਂ ਦਾ ਡਿੱਗਣਾ

ਖ਼ਾਲਸੇ ਦੀ ਫ਼ਤਹਿ

ਸਰਹਿੰਦ ਵਿਚ ਦਾਖ਼ਲਾ

---

*ਇਸ ਲੜਾਈ ਦੇ ਵਧੇਰੇ ਹਾਲ 'ਬੰਦਾ ਸਿੰਘ ਸ਼ਹੀਦ' ਨਾਮੇ ਪੁਸਤਕ ਵਿਚ ਵੇਖੋ।

**ਲੁੱਟ ਮਾਰ**

ਲੜਾਈ ਆਰੰਭ ਹੋਈ ਤੇ ਜਿਹੜੇ ਲੁਟੇਰੇ ਨੱਸ ਗਏ ਸਨ, ਖ਼ਾਲਸੇ ਦੀ ਫ਼ਤਿਹ ਸੁਣ ਕੇ ਉਹ ਫਿਰ ਆ ਸ਼ਾਮਲ ਹੋਏ। ਸਰਹਿੰਦ ਦਾ ਬਹੁਤਾ ਨੁਕਸਾਨ ਉਹਨਾਂ ਹੀ ਕੀਤਾ। ਘਰਾਂ ਦੇ ਘਰ ਸਾੜ ਕੇ ਸੁਆਹ ਕਰ ਦਿੱਤੇ। ਜੋ ਇਸਤਰੀ ਪੁਰਸ਼ ਸਾਮ੍ਹਣੇ ਆਇਆ, ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਚਾਰ ਦਿਨ ਤੱਕ ਸ਼ਹਿਰ ਲੁਟੀਂਦਾ ਰਿਹਾ। ਅੰਤ ਬੰਦਾ ਸਿੰਘ ਨੇ ਹੁਕਮਨ ਅਮਨ ਕਾਇਮ ਕੀਤਾ। ਹੁਣ ਨਿਆਂ ਦੀ ਵਾਰੀ ਆਈ। ਜ਼ਾਲਮਾਂ ਨੂੰ ਜ਼ੁਲਮ ਦੀ ਸਜ਼ਾ ਦੇਣੀ ਸਭ ਤੋਂ ਚੰਗਾ ਨਿਆਂ ਹੈ। ਵਜ਼ੀਰ ਖ਼ਾਂ ਤਾਂ ਕੀਤੇ ਦਾ ਫਲ ਭੁਗਤ ਚੁੱਕਾ ਸੀ।

**ਵਜ਼ੀਰ ਖ਼ਾਂ ਦੀ ਮੌਤ**

ਚਪੜ-ਚਿੜੀ ਦੇ ਮੈਦਾਨ ਵਿਚੋਂ ਫੜੇ ਹੋਏ ਜ਼ਖ਼ਮੀ ਵਜ਼ੀਰ ਖ਼ਾਂ ਨੂੰ ਸਿੰਘਾਂ ਨੇ ਵਹਿੜਕਿਆਂ ਦੇ ਮਗਰ ਪਾ ਕੇ ਸਰਹਿੰਦ ਦੀ ਗਲੀ-ਗਲੀ ਵਿਚ ਫੇਰ ਕੇ ਸਹਿਕਦੇ ਨੂੰ ਅੱਗ ਵਿਚ ਸੁੱਟ ਦਿੱਤਾ। ਉਹ ਅੱਧ-ਝਲੂਠਾ ਹੋ ਗਿਆ, ਤਾਂ ਇਕ ਦਰੱਖ਼ਤ ਨਾਲ ਪੁੱਠਾ ਲਟਕਾ ਦਿੱਤਾ, ਜਿੱਥੇ ਉਸ ਦੀ ਲੋਥ ਨੂੰ ਜਾਨਵਰ ਤੋੜ ਰਹੇ ਸਨ।

**ਸੁੱਚਾ ਨੰਦ ਦੀ ਮੌਤ**

ਉਸਦਾ ਪੁੱਤਰ, ਸਿੰਘਾਂ ਦੇ ਆਉਣ ਤੋਂ ਪਹਿਲਾਂ ਹੀ, ਸਣੇ ਪਰਵਾਰ ਦਿੱਲੀ ਨੂੰ ਨੱਸ ਗਿਆ, ਸੋ ਹੱਥ ਨਾ ਆਇਆ। ਸੁੱਚਾ ਨੰਦ ਸਣੇ ਬਾਲ ਬੱਚੇ ਦੇ ਫੜਿਆ ਗਿਆ। ਹੋਰ ਵੀ ਕੋਈ ਗੁਨਾਹਗਾਰ ਫੜ ਕੇ ਸਿੰਘਾਂ ਨੇ ਕੈਦ ਕੀਤੇ ਹੋਏ ਸਨ। ਸਭ ਨੂੰ ਸ਼ਹਿਰ ਵਿਚ ਬੂਹੇ-ਬੂਹੇ ਫੇਰ ਕੇ ਜਿਉਂਦਿਆਂ ਨੂੰ ਅੱਗ ਵਿਚ ਸਾੜਿਆ ਗਿਆ । ਏਸ ਤਰ੍ਹਾਂ ਸੁੱਚਾ ਨੰਦ ਕੀਤੇ ਦਾ ਫਲ ਭੋਗ ਕੇ ਸਣੇ ਬਾਲ ਬੱਚਿਆਂ ਦੇ ਨਰਕਾਂ ਦਾ ਰਾਹੀ ਹੋਇਆ।

**ਸਿੱਖ ਰਾਜ ਦੀ ਨੀਂਹ ਧਰੀ**

ਇਸ ਵੇਲੇ ਸਰਹਿੰਦ ਸਰਕਾਰ ਦੇ ੨੮ ਪਰਗਣੇ ਸਿੰਘਾਂ ਦੇ ਕਬਜ਼ੇ ਵਿਚ ਸਨ। ਜਿਸ ਸ਼ਹਿਰ ਵਿਚ ਸਾਹਿਬ ਜ਼ੋਰਾਵਰ ਸਿੰਘ ਤੇ ਸਾਹਿਬ ਫ਼ਤਹਿ ਸਿੰਘ ਜੀ ਨਿਰਦੋਸ਼ ਸ਼ਹੀਦ ਕੀਤੇ ਗਏ ਸਨ, ਓਸੇ ਸ਼ਹਿਰ ਵਿਚ ਬਾਬਾ ਬੰਦਾ ਸਿੰਘ ਬਹਾਦੁਰ ਨੇ ਆਪਣੇ ਪਵਿੱਤਰ ਹੱਥਾਂ ਨਾਲ 'ਸਿੱਖ ਰਾਜ' ਦੀ ਨੀਂਹ ਧਰੀ। ਜਿੱਥੇ ਸਾਹਿਬਜ਼ਾਦਿਆਂ ਦਾ ਸੁੱਚਾ ਖ਼ੂਨ ਡੁਲ੍ਹਿਆ ਸੀ, ਓਸੇ ਥਾਂ 'ਤੇ 'ਖ਼ਾਲਸਾ ਰਾਜ' ਦਾ ਉੱਚਾ ਨਿਸ਼ਾਨ ਝੁਲਾਇਆ ਗਿਆ। 'ਸਰਕਾਰ' ਸਰਹਿੰਦ ਵਿਚ 'ਸਿੱਖ ਰਾਜ' ਦੀ ਕਾਇਮੀ ਦਾ ਐਲਾਨ ਕੀਤਾ ਗਿਆ ਤੇ ਸ. ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਬਣਾਇਆ ਗਿਆ।

ਇਸ ਵੇਲੇ ਜਮਨਾ ਤੋਂ ਲੈ ਕੇ ਸਤਲੁਜ ਤਕ ਸਿੱਖਾਂ ਦਾ ਕਬਜ਼ਾ ਹੋ ਚੁੱਕਾ ਸੀ। ਬਾਬਾ ਬੰਦਾ ਸਿੰਘ 'ਬਹਾਦੁਰ' ਨੇ 'ਸਿੱਖ ਰਾਜ' ਨੂੰ ਹਰ ਢੰਗ ਤੋਂ ਪੂਰਨ ਕਰਨ ਦੀ ਸੋਚੀ। ਕਿਸੇ ਰਾਜ ਵਾਸਤੇ ਉਸ ਦਾ ਆਪਣਾ ਮੁਲਕ, ਆਪਣੀ ਰਾਜਧਾਨੀ, ਆਪਣਾ ਝੰਡਾ, ਆਪਣੀ ਫ਼ੌਜ, ਆਪਣਾ ਬਾਦਸ਼ਾਹ, ਆਪਣਾ ਸਿੱਕਾ ਤੇ ਆਪਣੀ ਮੋਹਰ ਹੋਣੀ ਜ਼ਰੂਰੀ ਹੈ। ਸਿੱਖਾਂ ਕੋਲ ਗੁਰੂ ਗੋਬਿੰਦ ਸਿੰਘ ਦਾ ਬਖ਼ਸ਼ਿਆ ਹੋਇਆ ਆਪਣਾ ਝੰਡਾ (ਕੇਸਰੀ ਨਿਸ਼ਾਨ ਸਾਹਿਬ) ਹੈ ਸੀ। ਉਹਨਾਂ ਦਾ ਆਪਣਾ ਮੁਲਕ (ਜਿੱਤਿਆ ਹੋਇਆ ਪੰਜਾਬ) ਤੇ ਆਪਣਾ ਬਾਦਸ਼ਾਹ ਬੰਦਾ ਸਿੰਘ ਵੀ ਹੈਗਾ ਸੀ। ਬਾਕੀ ਦੀਆਂ ਚੀਜ਼ਾਂ ਪੂਰੀਆਂ ਕਰਨ ਦੀ ਲੋੜ ਸੀ।

**ਰਾਜਧਾਨੀ ਲੋਹਗੜ੍ਹ**

ਸਰਹਿੰਦ ਸ਼ਾਹੀ ਸੜਕ ਉੱਤੇ ਸੀ, ਸੋ ਉਸ ਦੀ ਥਾਂ ਬੰਦਾ ਸਿੰਘ ਨੇ ਲੋਹਗੜ੍ਹ ਨੂੰ ਰਾਜਧਾਨੀ ਬਣਾਇਆ। ਇਹ ਕਿਲ੍ਹਾ ਸਢੌਰੇ ਤੋਂ ਪੰਜ-ਛੇ ਕੋਹ ਦੂਰ ਪਹਾੜ ਦੀ ਕੰਢੀ ਵਿਚ ਸੀ। ਕਿਲ੍ਹਾ ਉੱਚੇ ਥਾਂ ਤੇ ਚੁਫੇਰਾ ਨਿਵਾਣ ਸੀ, ਜਿਸ ਦੇ ਦੋਹੀਂ ਪਾਸੀਂ ਦੋ ਨਾਲੇ ਵਗਦੇ ਸਨ, ਜੋ ਚੁਫੇਰਿਓਂ ਕਿਲ੍ਹੇ ਨੂੰ ਘੇਰਦੇ ਸਨ।

**ਬੰਦਾ ਸਿੰਘ ਬਾਦਸ਼ਾਹ**

ਟੁੱਟੇ ਹੋਏ ਕਿਲ੍ਹੇ ਦੀ ਮੁਰੰਮਤ ਕਰਕੇ ਉਪਰ ਕੇਸਰੀ ਨਿਸ਼ਾਨ ਝੁਲਾਇਆ ਗਿਆ। ਸਰਹਿੰਦ ਆਦਿ ਸ਼ਹਿਰਾਂ ਵਿਚੋਂ ਲੁੱਟਿਆ ਹੋਇਆ ਮਾਲ ਓਥੇ (ਲੋਹਗੜ੍ਹ) ਸਿੱਖੀ ਖ਼ਜ਼ਾਨੇ ਵਿਚ ਜਮ੍ਹਾ ਕੀਤਾ ਗਿਆ। ਖ਼ਾਲਸਾ ਫ਼ੌਜਾਂ ਬਾਬਾ ਬੰਦਾ ਸਿੰਘ ਨੂੰ 'ਬਾਦਸ਼ਾਹ' ਕਹਿੰਦੀਆਂ ਸਨ।

**ਸਿੱਖ ਰਾਜ ਦਾ ਸੰਮਤ ਨਾਨਕਸ਼ਾਹੀ ਮੋਹਰ ਤੇ ਸਿੱਕਾ**

ਜਦ ਕੋਈ ਮੁਗ਼ਲ ਬਾਦਸ਼ਾਹ ਤਖ਼ਤ 'ਤੇ ਬਹਿੰਦਾ ਸੀ, ਉਹ ਆਪਣਾ ਸੰਨ-ਜਲੂਸ ਚਲਾਉਂਦਾ ਸੀ। ਸਿੰਘਾਂ ਨੇ ਸਰਹਿੰਦ ਦੀ ਫ਼ਤਹਿ ਦੇ ਦਿਨ ਤੋਂ ਸਿੱਖ ਰਾਜ ਦਾ ਸੰਮਤ ਚਾਲੂ ਕੀਤਾ। ਸਿੱਖ, ਬਾਦਸ਼ਾਹੀ ਦਾ ਅਸਲੀ ਮਾਲਕ ਗੁਰੂ ਮਹਾਰਾਜ ਨੂੰ ਸਮਝਦੇ ਸਨ, ਸੋ ਉਹਨਾਂ ਦੇ ਨਾਮ ਉਤੇ ਨਾਨਕਸ਼ਾਹੀ ਸਿੱਕਾ ਤੇ ਮੋਹਰ ਬਣਾਏ ਗਏ। ਸਿੱਕੇ ਦੇ ਇਕ ਪਾਸੇ ਲਿਖਿਆ ਸੀ : (ਫ਼ਾਰਸੀ ਅੱਖਰਾਂ ਵਿਚ)

> "ਸਿੱਕਾ ਜ਼ਦ ਬਰ ਹਰ ਦੋ ਆਲਮ
> ਤੇਗ਼ਿ ਨਾਨਕ ਵਾਹਿਬ ਅਸਤ
> ਫ਼ਤਹਿ ਗੋਬਿੰਦ ਸਿੰਘ ਸ਼ਾਹਿ ਸ਼ਾਹਾਂ
> ਫ਼ਜ਼ਲਿ ਸੱਚਾ ਸਾਹਿਬ ਅਸਤ"

ਸਿੱਕੇ ਦੇ ਦੂਜੇ ਪਾਸੇ :

"ਜ਼ਰਬ ਬਾ ਅਮਾਨੁੱਦਹਿਰ ਮਸੱਵਰਤ
ਸ਼ਹਿਰ ਜ਼ੀਨਤੁੱਤਖਤਿ ਮੁਬਾਰਕ ਬਖ਼ਤ"

ਸ਼ਾਹੀ ਮੋਹਰ ਫ਼ਾਰਸੀ ਅਖਰਾਂ ਵਿਚ ਗੋਲ ਸ਼ਕਲ ਦੀ ਪੈਸੇ ਨਾਲੋਂ ਜ਼ਰਾ ਛੋਟੀ ਸੀ। ਉਸ ਦੇ ਸ਼ਬਦ ਸਨ :

"ਦੇਗ਼ ਉ ਤੇਗ਼ ਉ ਫ਼ਤਹਿ ਉ ਨੁਸਰਤਿ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ"

ਹੁਣ ਮੁਗ਼ਲਾਂ ਵਾਂਗ ਸਿੱਖਾਂ ਕੋਲ ਸਭ ਕੁਝ ਆਪਣਾ ਸੀ : ਮੁਲਕ, ਤਖ਼ਤ, ਰਾਜਧਾਨੀ, ਸਿੱਕਾ, ਮੋਹਰ, ਝੰਡਾ, ਫ਼ੌਜ, ਬਾਦਸ਼ਾਹ। ਫ਼ਰਕ ਕੇਵਲ ਏਨਾ ਸੀ, ਕਿ ਮੁਗ਼ਲਾਂ ਦਾ ਸਭ ਕੁਝ ਆਪਣੇ ਨਾਂ ਥੱਲੇ ਸੀ, ਤੇ ਸਿੱਖਾਂ ਦਾ ਸਭ ਕੁਛ ਗੁਰੂ ਮਹਾਰਾਜ ਦੇ ਨਾਮ ਥੱਲੇ। ਬੰਦਾ ਸਿੰਘ ਆਪਣੇ ਆਪ ਨੂੰ ਗੁਰੂ ਮਹਾਰਾਜ ਦਾ ਬੰਦਾ (ਗ਼ੁਲਾਮ) ਕਹਿੰਦਾ ਸੀ, ਤੇ ਬਾਕੀ ਸਭ ਉਸ ਨੂੰ 'ਬਾਦਸ਼ਾਹ' ਆਖਦੇ ਸਨ।

**ਦੁਆਬੇ ਤੇ ਮਾਝੇ ਵਿਚ ਸਿੰਘਾਂ ਦਾ ਕਬਜ਼ਾ**

ਸਾਰੇ ਮਾਲਵੇ ਉੱਤੇ ਸਿੱਖਾਂ ਦਾ ਕਬਜ਼ਾ ਹੋ ਗਿਆ, ਤਾਂ ਦੁਆਬੇ ਅਤੇ ਮਾਝੇ ਵਿਚ ਵੀ ਸਿੰਘਾਂ ਨੇ ਆਜ਼ਾਦੀ ਦੇ ਢੋਲ ਵਜਾ ਦਿੱਤੇ। ਦੁਆਬਾ ਜਲੰਧਰ ਵਿਚ ਇਕ ਸੁਲਤਾਨਪੁਰ ਨੂੰ ਛੱਡ ਕੇ—ਜਿੱਥੇ ਸ਼ਾਹੀ ਫ਼ੌਜਦਾਰ ਰਹਿੰਦਾ ਸੀ—ਬਾਕੀ ਸਾਰੇ ਇਲਾਕੇ ਉੱਤੇ-ਸਣੇ ਬਿਲਾਸਪੁਰ ਆਦਿ ਪਹਾੜੀ ਰਿਆਸਤਾਂ ਦੇ—ਸਿੰਘਾਂ ਨੇ ਕਬਜ਼ਾ ਕਰ ਲਿਆ। ਮਾਝੇ ਵਿਚ ਕਸੂਰ ਤੇ ਲਾਹੌਰ ਦੇ ਸ਼ਹਿਰ ਛੱਡ ਕੇ ਦਰਿਆ ਰਾਵੀ ਤੇ ਬਿਆਸ ਦੇ ਅੰਦਰ ਪਠਾਣਕੋਟ ਦੀਆਂ ਪਹਾੜੀਆਂ ਤੱਕ ਖ਼ਾਲਸੇ ਨੇ ਮੱਲਾਂ ਮੱਲ ਲਈਆਂ। ਲਾਹੌਰ ਦੀ ਇਹ ਹਾਲਤ ਸੀ, ਕਿ ਸ਼ਹਿਰ ਦੇ ਅੰਦਰ ਸੂਬਾ ਅਸਲਮ ਖ਼ਾਂ ਬੈਠਾ ਸੀ, ਤੇ ਸ਼ਾਲਾਮਾਰ ਬਾਗ਼ ਤੱਕ ਸਿੱਖ ਮਾਰਾਂ ਮਾਰ ਰਹੇ ਸਨ। ਸ਼ਹਿਰ ਤੇ ਇਲਾਕੇ ਦੇ ਮੁਲਾਣਿਆਂ ਨੇ ਮਜ਼੍ਹਬੀ ਜੋਸ਼ ਦੁਆਕੇ ਹੈਦਰੀ ਝੰਡਾ ਕੱਢਿਆ।

**ਹੈਦਰੀ ਝੰਡਾ**

ਗ਼ਾਜ਼ੀ ਚਾਈਂ ਚਾਈਂ ਸ਼ਹੀਦੀ ਗਾਨੇ ਬੰਨ੍ਹਕੇ ਗਏ, ਪਰ ਕੋਟਲਾ ਬੇਗਮ ਦੀ ਲੜਾਈ ਵਿਚ ਸਿੰਘਾਂ ਤੋਂ ਹਾਰ ਖਾ ਕੇ ਵਾਪਿਸ ਲਾਹੌਰ ਆ ਵੜੇ।

**ਪਹਿਲਾ ਸਿੱਖ ਰਾਜ**

ਹੁਣ ਦਰਿਆ ਰਾਵੀ ਤੋਂ ਜਮਨਾ ਤੱਕ ਤੇ ਲਾਹੌਰ, ਕਸੂਰ, ਬਠਿੰਡਾ, ਪਾਨੀਪਤ ਤੋਂ ਉੱਚਿਆਂ ਪਹਾੜਾਂ ਤੱਕ ਖ਼ਾਲਸੇ ਦਾ ਰਾਜ ਸੀ। ਇਸ ਨੂੰ ਅਸੀਂ 'ਪਹਿਲਾ ਸਿੱਖ ਰਾਜ' ਕਹਿ ਸਕਦੇ ਹਾਂ। ਸਾਰਾ ਇਲਾਕਾ ਸਿੱਖ

ਫ਼ੌਜਦਾਰਾਂ ਵਿਚ ਵੰਡਿਆ ਹੋਇਆ ਸੀ ਤੇ ਬਾਦਸ਼ਾਹ ਬੰਦਾ ਸਿੰਘ ਰਾਜਧਾਨੀ ਲੋਹਗੜ੍ਹ ਵਿਚ ਰਹਿੰਦਾ ਸੀ। ਰਾਜ ਪਰਬੰਧ ਵਿਚ ਸਭ ਤੋਂ ਵੱਡਾ ਕੰਮ ਬਾਬਾ

ਜ਼ਿਮੀਂਦਾਰੀ ਖ਼ਤਮ

ਬੰਦਾ ਸਿੰਘ ਨੇ ਇਹ ਕੀਤਾ, ਕਿ ਸਾਰੇ ਇਲਾਕੇ ਵਿਚੋਂ ਜ਼ਿਮੀਦਾਰੀ ਢੰਗ ਉਡਾ ਕੇ ਵਾਹੀ ਕਰਨ ਵਾਲਿਆਂ ਨੂੰ ਜ਼ਮੀਨ ਦਾ ਮਾਲਕ ਬਣਾ ਦਿੱਤਾ ਤੇ ਸਰਕਾਰੀ ਮਾਮਲਾ ਸਿੱਧਾ ਉਨ੍ਹਾਂ ਤੋਂ ਲਿਆ। ਏਸ ਤਰ੍ਹਾਂ ਕੁਛ ਗਿਣਤੀ ਦੇ ਜ਼ਿਮੀਦਾਰ ਤਾਂ ਵੈਰੀ ਬਣ ਗਏ, ਪਰ ਹਜ਼ਾਰਾਂ ਵਾਹੀਵਾਨ ਸਿੱਖ ਰਾਜ ਦੇ ਹਾਮੀ ਬਣ ਗਏ। ਖ਼ਾਲਸੇ ਦੀ ਚੜ੍ਹਦੀ ਕਲਾ ਵੇਖ ਕੇ ਅਨੇਕਾਂ ਹਿੰਦੂ ਤੇ ਮੁਸਲਮਾਨ ਸਿੱਖ ਬਣ ਗਏ। ਏਸ ਤਰ੍ਹਾਂ ਇਸ ਥੋੜ੍ਹੇ ਸਮੇਂ ਵਿਚ ਸਿੱਖੀ ਵਿਚ ਚੋਖਾ ਵਾਧਾ ਹੋਇਆ। ਇਹ ਸਾਰੀਆਂ ਖ਼ਬਰਾਂ ਬਾਦਸ਼ਾਹ ਬਹਾਦਰ ਸ਼ਾਹ ਨੂੰ ਪਹੁੰਚੀਆਂ,

ਬਹਾਦਰ ਸ਼ਾਹ ਦੀ ਚੜ੍ਹਾਈ

ਤਾਂ ਉਹ ਦੱਖਣ ਤੋਂ ਸਿੱਧਾ ਸਿੱਖਾਂ ਦੀ ਬਗ਼ਾਵਤ ਨੂੰ ਦਬਾਉਣ ਵਾਸਤੇ ਆਇਆ। ਹਿੰਦੁਸਤਾਨ ਭਰ ਦੀਆਂ ਸ਼ਾਹੀ ਫ਼ੌਜਾਂ ਉਹਦੇ ਨਾਲ ਸਨ। ਉਹ ਦਿੱਲੀ ਤੋਂ ਪਾਸੇ-ਪਾਸੇ ਸਿੱਧਾ ਸਿੱਖ ਇਲਾਕੇ ਵੱਲੇ ਵਧਿਆ। ਸ਼ਾਹੀ ਸੈਨਾ ਨਾਲ ਸਿੱਖਾਂ ਦੀ

ਅਮੀਨਗੜ੍ਹ ਦੀ ਲੜਾਈ

ਪਹਿਲੀ ਲੜਾਈ ੨੬ ਅਕਤੂਬਰ, ੧੭੧੦ ਈ. ਅਮੀਨਗੜ੍ਹ ਕੋਲ ਹੋਈ। ਸਿੰਘ ਗਿਣਤੀ ਵਿਚ ਥੋੜ੍ਹੇ ਸਨ, ਸੋ ਕੋਈ ਤਾਂ ਆਪ ਨਾਲੋਂ ਬਹੁਤਿਆਂ ਨੂੰ ਮਾਰ ਕੇ ਸ਼ਹੀਦ ਹੋ ਗਏ, ਤੇ ਬਾਕੀ ਪਿੱਛੇ ਹਟ ਕੇ ਜੰਗਲ ਵਿਚ ਛਿਪ ਗਏ। ਸ਼ਾਹੀ ਸੈਨਾ ਦੀ ਇਹ ਪਹਿਲੀ ਜਿੱਤ ਸੀ। ਇਸ ਤੋਂ ਪਿਛੋਂ ਸਿੱਖਾਂ ਨੂੰ ਥਾਨੇਸਰ, ਸਰਹਿੰਦ,

ਲੋਹਗੜ੍ਹ ਛਡਣਾ

ਸਢੌਰਾ ਆਦਿ, ਇਕ-ਇਕ ਕਰਕੇ ਸਾਰੇ ਥਾਂ ਛੱਡਣੇ ਪਏ, ਤੇ ਅੰਤ ਸਾਰੇ ਕਿਲ੍ਹਾ ਲੋਹਗੜ੍ਹ ਵਿਚ ਘਿਰ ਗਏ। ਕਈ ਲੜਾਈਆਂ ਲੜਨ ਪਿਛੋਂ ਸਿੰਘ ਸਮਾਂ ਵਿਚਾਰ ਕੇ ੧੦-੧੧ ਦਸੰਬਰ ਦੀ ਵਿਚਲੀ ਰਾਤ ਨੂੰ ਲੋਹਗੜ੍ਹ ਦੇ ਕਿਲ੍ਹੇ ਵਿੱਚੋਂ ਨਿਕਲ ਗਏ। ਅਗਲੇ ਦਿਨ (੧੧ ਦਸੰਬਰ, ੧੭੧੦ ਈ.=੨੦ ਸ਼ਵਾਲ, ੧੧੨੨ ਹਿ :) ਮੁਨਿਮ ਖ਼ਾਂ ਨੇ ਲੋਹਗੜ੍ਹ ਉੱਤੇ ਕਬਜ਼ਾ ਕਰ

ਬਖ਼ਸ਼ੀ ਗੁਲਾਬ ਸਿੰਘ

ਲਿਆ। ਬਾਬਾ ਬੰਦਾ ਸਿੰਘ ਤਾਂ ਨਿਕਲ ਗਿਆ ਸੀ, ਪਰ ਉਹਦੇ ਥਾਂ ਬਖ਼ਸ਼ੀ ਗੁਲਾਬ ਸਿੰਘ ਕੈਦ ਕਰ ਲਿਆ ਗਿਆ।

ਬਾਜੀਦ ਖ਼ਾਂ
ਸ਼ੰਮਸ ਖ਼ਾਂ ਕਤਲ

ਲੋਹਗੜ੍ਹ 'ਚੋਂ ਨਿਕਲ ਕੇ ਬੰਦਾ ਸਿੰਘ ਪਟਾਣਕੋਟ ਆ ਗੱਜਿਆ ਤੇ ਬਹਿਰਾਮਪੁਰ ਦੀ ਲੜਾਈ ਵਿਚ ਬਾਜੀਦ ਖ਼ਾਂ ਤੇ ਸ਼ੰਮਸ ਖ਼ਾਂ ਨੂੰ ਕਤਲ ਕੀਤਾ। ਲੋਹਗੜ੍ਹ ਤੋਂ ਵਿਹਲਾ ਹੋ ਕੇ ਬਾਦਸ਼ਾਹ ਵੀ ਸ਼ਾਹੀ ਸੈਨਾ ਸਣੇ ਮਗਰੇ ਮਗਰ ਆ ਰਿਹਾ ਸੀ। ਉਹ ਦੁਆਬਾ, ਰਿਆੜਕੀ ਤੇ ਮਾਝੇ ਵਿਚ ਦੀ ਹੁੰਦਾ ਹੋਇਆ ੧੧ ਅਗਸਤ, ੧੭੧੧ ਈ. ਨੂੰ ਲਾਹੌਰ ਪੁੱਜਾ। ਇਸ ਵੇਲੇ ਸਾਰੇ ਪੰਜਾਬ ਵਿਚੋਂ ਸਿੱਖਾਂ ਦੇ ਕਬਜ਼ੇ ਵਿਚ ਕੋਈ ਥਾਂ ਵੀ ਨਹੀਂ ਰਹਿ ਗਿਆ ਸੀ। ਬਾਬਾ ਬੰਦਾ ਸਿੰਘ ਸਣੇ ਬਾਕੀ ਸਿੰਘਾਂ ਦੇ ਪਹਾੜਾਂ ਵਿਚ ਜਾ ਬੈਠਾ ਸੀ।

ਬਹਾਦਰ ਸ਼ਾਹ ਦਾ
ਮਰਨਾ

ਬਾਦਸ਼ਾਹ ਬਹਾਦਰ ਸ਼ਾਹ ੨੭-੨੮ ਫ਼ਰਵਰੀ (੧੭੧੨ ਈ.) ਦੀ ਵਿਚਲੀ ਰਾਤ ਨੂੰ ਲਾਹੌਰ ਹੀ ਮਰ ਗਿਆ। ਤਖ਼ਤ ਵਾਸਤੇ ਉਹਦੇ ਸ਼ਹਿਜ਼ਾਦਿਆਂ ਵਿਚ ਲੜਾਈ ਛਿੜ ਪਈ।

ਜਹਾਂਦਾਰ ਸ਼ਾਹ

ਬਾਕੀ ਤਿੰਨਾਂ ਭਰਾਵਾਂ ਨੂੰ ਮਾਰਕੇ ਜਹਾਂਦਾਰ ਸ਼ਾਹ (੨੯ ਮਾਰਚ ਨੂੰ) ਬਾਦਸ਼ਾਹ ਬਣ ਗਿਆ। ਉਸਨੇ ਜ਼ੁਲਫ਼ਕਾਰ ਖ਼ਾਂ ਨੂੰ ਆਪਣਾ ਵਜ਼ੀਰ ਬਣਾ ਲਿਆ ਤੇ ਜ਼ਬਰਦਸਤ ਖ਼ਾਂ ਨੂੰ ਸੂਬੇਦਾਰ ਲਾਹੌਰ। ਨਵੇਂ ਬਾਦਸ਼ਾਹ ਤੇ ਵਜ਼ੀਰ ਨੂੰ ਸਾਲ ਭਰ ਵੀ ਸ਼ਾਹੀ ਮਾਨਣੀ ਨਾ ਮਿਲੀ। ਸੱਯਦ ਭਰਾਵਾਂ ਦੀ ਮਦਦ ਨਾਲ ਫ਼ਰਖ਼ਸੀਅਰ ਨੇ ੧੧ ਫ਼ਰਵਰੀ, ੧੭੧੩ ਈ. ਨੂੰ ਜਹਾਂਦਾਰ ਸ਼ਾਹ ਤੇ ਜ਼ੁਲਫ਼ਕਾਰ ਖ਼ਾਂ ਨੂੰ ਕਤਲ ਕਰ ਦਿੱਤਾ ਤੇ ਆਪ ਬਾਦਸ਼ਾਹ ਬਣ ਗਿਆ। ਸੱਯਦ ਅਬਦੁੱਲਾ ਨੂੰ ਵਜ਼ੀਰ ਤੇ ਅਬਦੁੱਸਮੱਦ ਖ਼ਾਂ ਨੂੰ ਸੂਬੇਦਾਰ ਲਾਹੌਰ ਬਣਾਇਆ।

ਫ਼ਰਖ਼ਸੀਅਰ

ਏਸ ਗੜਬੜ ਸਮੇਂ ਬੰਦਾ ਸਿੰਘ ਨੇ ਫਿਰ ਸਢੌਰਾ ਮੱਲ ਲਿਆ ਸੀ। ਫ਼ਰਖ਼ਸੀਅਰ ਦਾ ਹੁਕਮ ਪਾ ਕੇ ਅਬਦੁੱਸਮੱਦ ਖ਼ਾਂ ਤੇ ਜ਼ੈਨੁੱਦੀਨ ਖ਼ਾਂ ਨੇ ਮਿਲ ਕੇ ਸਿੱਖਾਂ ਤੋਂ ਸਢੌਰਾ ਖੋਹ ਲਿਆ। ਫਿਰ ਕੁਛ ਸਮੇਂ ਵਾਸਤੇ ਅਬਦੁੱਸਮੱਦ ਖ਼ਾਂ ਤੇ ਜ਼ਕਰੀਆ ਖ਼ਾਂ ਰਾਜਪੂਤਾਨੇ ਵਿਚ ਇਕ ਮੁਹਿੰਮ 'ਤੇ ਭੇਜ ਦਿੱਤੇ ਗਏ। ਏਨੀ ਕੁ ਮੁਹਲਤ ਮਿਲਨ 'ਤੇ ਬੰਦਾ ਸਿੰਘ ਨੇ ਫਿਰ ਰਿਆੜਕੀ 'ਤੇ ਕਬਜ਼ਾ ਕਰ ਲਿਆ।

ਮਾਰਚ ੧੭੧੫ ਈ. ਨੂੰ ਬਾਦਸ਼ਾਹ ਨੇ ਬੰਦਾ ਸਿੰਘ ਦੀ ਗ੍ਰਿਫ਼ਤਾਰੀ ਦਾ ਬੜਾ ਸਖ਼ਤ ਹੁਕਮ ਜਾਰੀ ਕੀਤਾ। ਅਬਦੁੱਸਮੱਦ

**ਅਬਦੁੱਸਮੱਦ ਖ਼ਾਂ ਦੀ ਬੰਦਾ ਸਿੰਘ 'ਤੇ ਚੜ੍ਹਾਈ**

ਖ਼ਾਂ ਦਲੇਰੇ-ਜੰਗ ਪੰਜਾਬ ਭਰ ਦੇ ਫ਼ੌਜਦਾਰਾਂ ਤੇ ਚੌਧਰੀਆਂ ਨੂੰ ਨਾਲ ਲੈ ਕੇ ਬੰਦਾ ਸਿੰਘ ਨੂੰ ਫੜਨ ਵਾਸਤੇ ਚੜ੍ਹਿਆ। ਕੋਟ ਮਿਰਜ਼ਾ ਜਾਨ ਕੋਲ ਥੋੜ੍ਹੀ ਜੇਹੀ ਲੜਾਈ ਪਿਛੋਂ ਸਿੱਖ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਘਿਰ ਗਏ। ਦਲੇਰੇ-ਜੰਗ ਦੇ ਇਸ ਘੇਰੇ ਦੀ

**ਗੁਰਦਾਸ ਨੰਗਲ ਨੂੰ ਘੇਰਾ**

ਖ਼ਬਰ ਬਾਦਸ਼ਾਹ ਕੋਲ ੧੭ ਅਪ੍ਰੈਲ, ੧੭੧੫ ਈ. ਨੂੰ ਪੁੱਜੀ। ਸਿੰਘ ਸੈਂਕੜਿਆਂ ਵਿਚ ਤੇ ਦੁਸ਼ਮਣ ਲੱਖਾਂ ਦੀ ਗਿਣਤੀ ਵਿਚ ਸਨ। ਲਗਭਗ ਅੱਠ ਮਹੀਨੇ ਇਹ ਘੇਰਾ ਰਿਹਾ। ਸਿੰਘਾਂ ਕੋਲੋਂ ਦਾਰੂ ਸਿੱਕਾ ਤੇ ਦਾਣਾ ਪੱਠਾ ਮੁਕ ਗਿਆ, ਤਾਂ ਦਰੱਖ਼ਤਾਂ ਦੇ ਪੱਤਰ ਸੂਤ ਕੇ ਤੇ ਛਿੱਲਾਂ ਲਾਹ ਕੇ ਸਿੰਘਾਂ ਨੇ ਖਾਧੀਆਂ। ਉਹਨਾਂ ਘੋੜਿਆਂ ਤਕ ਝਟਕਾ ਕੇ ਖਾ ਲਏ, ਪਰ ਘੇਰੇ ਦਾ ਕੋਈ ਫ਼ੈਸਲਾ ਨਾ ਹੋਇਆ। ਕੋਈ ਸ਼ੇਰਾਂ ਵਰਗੇ ਜੁਆਨ ਭੁੱਖ ਦੇ ਦੁੱਖੋਂ ਮਾਰੇ ਗਏ। ਕਈਆਂ ਨੇ ਪੱਟ ਚੀਰ ਕੇ ਢਿੱਡੀਂ ਪਾ ਲਏ। ਮਰਦਾ-ਮਰਦਾ ਸਿੱਖ ਆਪਣੀ ਬੰਦੂਕ ਦੀ ਨਾਲੀ ਵੈਰੀ ਵੱਲੇ ਕਰ ਕੇ ਪਲੀਤਾ ਦਾਗ਼ ਦੇਂਦਾ ਸੀ। ਏਸੇ ਤਰ੍ਹਾਂ ਉਹ ਮਰਨ ਤੋਂ ਪਹਿਲਾਂ ਕਿਸੇ ਦੁਸ਼ਮਣ ਨੂੰ ਨਾਲ ਲੈ ਕੇ ਮਰਨਾ ਚਾਹੁੰਦਾ ਸੀ। ਭੁੱਖ ਦੀ ਅੱਤ ਹੋ ਗਈ ਸੀ, ਪਰ ਗੁਰੂ ਦੇ ਸਪੁੱਤਰਾਂ ਨੇ ਹੌਸਲਾ ਨਾ ਹਾਰਿਆ।

ਬਲ ਨਾਲ ਕਿਲ੍ਹਾ ਨਾ ਛੁਡਾ ਸਕਿਆ, ਤਾਂ ਅਬਦੁੱਸਮੱਦ ਖ਼ਾਂ ਨੇ ਕੂਟ ਨੀਤੀ ਦਾ ਆਸਰਾ ਲਿਆ। ਉਹਨੇ ਬੰਦਾ ਸਿੰਘ ਕੋਲ ਸ਼ਰਤਾਂ ਭੇਜੀਆਂ, ਕਿ ਜੇ ਸਿੰਘ ਕਿਲ੍ਹਾ ਖ਼ਾਲੀ ਕਰ ਦੇਣ, ਤਾਂ ਉਹਨਾਂ ਨੂੰ ਬਾਦਸ਼ਾਹ ਵੱਲੋਂ ਪੂਰਨ ਮਾਫ਼ੀ ਦਿੱਤੀ ਜਾਵੇਗੀ, ਤੇ ਉਹਨਾਂ ਦੇ ਗੁਜ਼ਾਰੇ ਵਾਸਤੇ ਸ਼ਾਹੀ ਫ਼ੁਰਮਾਨ ਦੁਆਰਾ ਜਾਗੀਰ ਦਿੱਤੀ ਜਾਵੇਗੀ, ਜਿੱਥੇ ਉਹ ਆਜ਼ਾਦੀ ਨਾਲ ਰਹਿ ਸਕਣਗੇ। ਇਹਨਾਂ ਸ਼ਰਤਾਂ ਦੀ ਪੁਸ਼ਟੀ ਵਾਸਤੇ ਉਹਨੇ ਕੁਰਾਨ ਸ਼ਰੀਫ਼ ਦੀਆਂ ਕਸਮਾਂ ਖਾਧੀਆਂ ਤੇ ਬੰਦਾ ਸਿੰਘ ਵਾਸਤੇ ਕੁਝ ਨਜ਼ਰਾਨ੍ਹਾ ਭੇਜਿਆ।*

ਇਸ ਹਾਲਤ ਵਿਚ ਬੰਦਾ ਸਿੰਘ ਨੇ ੧੭ ਦਸੰਬਰ, ੧੭੧੫ ਈ. ਨੂੰ ਗੁਰਦਾਸ ਨੰਗਲ ਦੀ ਗੜ੍ਹੀ ਦਾ ਬੂਹਾ ਖੋਲ੍ਹ

**ਬੰਦਾ ਸਿੰਘ ਕੈਦ**

ਦਿੱਤਾ। ਦਲੇਰੇਜੰਗ ਨੇ ਸਭ ਕਸਮਾਂ ਭੁਲਾ ਕੇ ਬੰਦਾ ਸਿੰਘ ਤੇ ਬਾਕੀ ਦਿਆਂ ਸਿੱਖਾਂ ਨੂੰ ਕੈਦ

---

*ਭੰਗੂ, ਪੰਨੇ ੧੨੬-੭।

ਕਰ ਲਿਆ। ਉਹਨਾਂ ਵਿਚੋਂ ਤਿੰਨ ਕੁ ਸੌ ਸਿੰਘ ਮੁਸ਼ਕਾਂ ਜੂੜ ਕੇ ਤੂਰਾਨੀ ਸਿਪਾਹੀਆਂ ਅੱਗੇ ਸੁੱਟ ਦਿੱਤੇ ਗਏ। ਦਲੇਰੇ ਜੰਗ ਦੇ ਉਹ ਦਲੇਰ ਸਿਪਾਹੀ, ਜੋ ਗੜ੍ਹੀ ਵਿਚ ਬੈਠੇ ਸਿੰਘਾਂ ਵੱਲੋਂ ਮੂੰਹ ਨਹੀਂ ਸਨ ਕਰ ਸਕਦੇ, ਜੂੜਿਆ ਹੋਇਆਂ ਉੱਤੇ ਤਲਵਾਰਾਂ ਧੂਹ ਕੇ ਟੁੱਟ ਪਏ, ਤੇ ਇਕ-ਇਕ ਦੇ ਵੀਹ-ਵੀਹ ਟੁਕੜੇ ਕਰ ਦਿੱਤੇ। ਬਾਕੀ ਦੇ ਦੋ ਸੌ ਸਿੰਘ ਕੈਦ ਕਰਕੇ ਸਣੇ ਬੰਦਾ ਸਿੰਘ ਦੇ ਲਾਹੌਰ ਆਂਦੇ ਗਏ।

ਬੰਦਾ ਸਿੰਘ ਲਾਹੌਰੋਂ
ਦਿੱਲੀ ਨੂੰ

ਲਾਹੌਰੋਂ ਜ਼ਕਰੀਆਂ ਖ਼ਾਂ ਦੀ ਨਿਗਰਾਨੀ ਵਿਚ ਬੰਦਾ ਸਿੰਘ ਨੂੰ ਦਿੱਲੀ ਨੂੰ ਤੋਰ ਦਿੱਤਾ ਗਿਆ। ਜ਼ਕਰੀਆਂ ਖ਼ਾਂ ਨੇ ਸਾਰਾ ਇਲਾਕਾ ਤਬਾਹ ਕਰ ਦਿੱਤਾ, ਹਜ਼ਾਰਾਂ ਘਰ ਸਾੜ ਦਿੱਤੇ, ਕਈ ਮਾਂਵਾਂ ਬੇ-ਔਲਾਦ ਹੋ ਗਈਆਂ ਤੇ ਸੈਂਕੜੇ ਸਤਵੰਤੀਆਂ ਦੇ ਸੁਹਾਗ ਲੁੱਟੇ ਗਏ। ਪੰਜ ਕੁ ਸੌ ਸਿੰਘ ਹੋਰ ਕੈਦੀ ਬਣਾ ਲਏ ਤੇ ਹਜ਼ਾਰਾਂ ਦੇ ਸਿਰ ਗੱਡਿਆਂ 'ਤੇ ਲੱਦ ਕੇ ਦਿੱਲੀ ਨੂੰ ਤੋਰੇ ਗਏ। ੨੭ ਫ਼ਰਵਰੀ ਨੂੰ ਜਦ ਉਹ ਦਿੱਲੀ ਪੁੱਜੇ, ਤਾਂ ਸਿੰਘਾਂ ਦੀ ਗਿਣਤੀ ੭੪੦ ਸੀ।

ਫ਼ਰਖ਼ਸੀਅਰ
ਦਾ ਹੁਕਮ

ਉਹ ਦਿੱਲੀ ਬਾਦਸ਼ਾਹ ਫ਼ਰਖ਼ਸੀਅਰ ਦੇ ਸਾਮ੍ਹਣੇ ਪੁੱਜੇ, ਤਾਂ ਉਹਨੇ ੬੯੪ ਸਿੰਘਾਂ ਨੂੰ ਕਤਲ ਦਾ ਹੁਕਮ ਦੇ ਕੇ ਸਰਬਰਾਹ ਖ਼ਾਂ ਕੋਤਵਾਲ ਦੇ ਹਵਾਲੇ ਕਰ ਦਿੱਤਾ ਤੇ ਬਾਕੀਆਂ ਨੂੰ ਇਬਰਾਹੀਮੁੱਦੀਨ ਮੀਰ ਆਤਸ਼ ਦੀ ਨਿਗਰਾਨੀ ਅੰਦਰ ਕਿਲ੍ਹੇ ਵਿਚ ਕੈਦ ਕਰ ਦਿੱਤਾ।

ਖ਼ੂੰਨੀ ਸਤਵਾਰਾ

੫ ਮਾਰਚ, ੧੭੧੬ ਈ. ਨੂੰ ਸਿੰਘਾਂ ਦੇ ਕਤਲ ਦਾ ਕੰਮ ਸ਼ੁਰੂ ਹੋਇਆ। ਸੌ ਸਿੰਘ ਰੋਜ਼ ਕਤਲ ਕੀਤੇ ਜਾਂਦੇ। ਉਹ ਸਾਰੇ ਸ਼ਹੀਦੀ ਬਾਟੇ ਛਕ ਗਏ, ਪਰ ਕਿਸੇ ਇਕ ਨੇ ਵੀ ਧਰਮ ਤੋਂ ਮੂੰਹ ਨਾ ਮੋੜਿਆ। ਜਿਸ ਚਾਅ ਨਾਲ ਉਹ ਮੌਤ ਨੂੰ ਗਲਵੱਕੜੀ ਪਾਉਂਦੇ ਸਨ, ਦੁਨੀਆਂ ਵਿਚ ਹੋਰ ਮਿਸਾਲ ਨਹੀਂ ਮਿਲਦੀ।

ਸਿੱਖ ਬੱਚਾ

ਉਨ੍ਹਾਂ ਸ਼ਹੀਦ ਹੋਣ ਵਾਲਿਆਂ ਵਿਚ ਇਕ ਸਿੱਖ ਬੱਚਾ ਵੀ ਸੀ, ਜਿਸ ਦੀ ਮਾਂ ਨੇ ਬਾਦਸ਼ਾਹ ਕੋਲੋਂ ਇਸ ਸ਼ਰਤ ਉੱਤੇ ਮਾਫ਼ੀ ਲੈ ਲਈ ਸੀ, ਕਿ ਉਹ ਸਿੱਖ ਨਹੀਂ। ਪਰ ਸਿੱਖ ਬੱਚਾ ਇਹ ਸ਼ਰਤ ਨਾ ਮੰਨਿਆ, ਭਾਵ ਉਹ ਮੂੰਹੋਂ ਕਹਿਣ ਵਾਸਤੇ ਤਿਆਰ ਨਾ ਹੋਇਆ, ਕਿ ਮੈਂ ਸਿੱਖ ਨਹੀਂ, ਤੇ ਉਹ ਖ਼ੁਸ਼ੀ ਨਾਲ ਸ਼ਹੀਦ ਹੋ ਗਿਆ।

ਬਾਬਾ ਬੰਦਾ ਸਿੰਘ ਤੇ ਉਸਦੇ ਅਹਿਲਕਾਰਾਂ ਨੂੰ ਜੇਲ੍ਹ ਵਿਚ ਤਿੰਨ ਮਹੀਨੇ ਅਨੇਕਾਂ ਕਸ਼ਟ ਦਿੱਤੇ ਗਏ, ਤੇ ਅੰਤ ਨੂੰ ਇਸਲਾਮ ਜਾਂ ਮੌਤ ਦਾ ਹੁਕਮ ਸੁਣਾ ਦਿੱਤਾ ਗਿਆ। ਜੇ ਅੱਗੇ ਸੱਤ ਸੌ ਵਿਚੋਂ ਕਿਸੇ ਇਸਲਾਮ ਨਹੀਂ ਸੀ ਮੰਨਿਆ, ਤਾਂ ਇਹਨਾਂ ਵਿਚੋਂ ਕਿਸਨੇ ਮੰਨਣਾ ਸੀ ? ਅੰਤ ੧੯ ਜੂਨ, ੧੭੧੬ ਈ. ਨੂੰ ਉਹ ਸਾਰੇ ਕਤਲ ਕਰ ਦਿੱਤੇ ਗਏ। ਬੰਦਾ ਸਿੰਘ ਦਾ ਕਤਲ ਉਚੇਚੇ ਢੰਗ ਦਾ ਸੀ। ਖ਼ਵਾਜਾ ਕੁਤਬੁੱਦੀਨ ਬਖ਼ਤਿਆਰ ਕਾਕੀ ਦੀ ਦਰਗਾਹ ਕੋਲ—ਜਿਥੇ ਕੁਤਬਮੁਨਾਰਾ ਖਲਾ ਹੈ—ਬੰਦਾ ਸਿੰਘ ਨੂੰ ਲੈ ਜਾ ਬਿਠਾਇਆ। ਉਹਦੇ ਸਿੱਖ ਅਹਿਲਕਾਰਾਂ ਦੇ ਸਿਰ ਨੇਜ਼ਿਆਂ 'ਤੇ ਟੰਗੇ ਖਲੇ ਸਨ। ਉਸਦਾ ਚਾਰ ਸਾਲ ਦਾ ਪੁੱਤਰ-ਅਜੈ ਸਿੰਘ-ਉਸਦੇ ਪੱਟਾਂ 'ਤੇ ਪਾ ਕੇ ਕਤਲ ਕੀਤਾ ਗਿਆ। ਬੱਚੇ ਦਾ ਕਲੇਜਾ ਕੱਢ ਕੇ ਟੁਕੜੇ ਕਰ ਕੇ ਪਿਤਾ ਦੇ ਮੂੰਹ ਵਿਚ ਦਿੱਤਾ ਗਿਆ। ਪੁੱਤਰ ਦੀ ਰੱਤ ਦੇ ਛੱਟੇ ਬੰਦਾ ਸਿੰਘ ਦੇ ਚੇਹਰੇ 'ਤੇ ਮਾਰੇ ਗਏ। ਪਰ ਆਫ਼ਰੀਨ ਉਸ ਮਰਦ ਦੇ, ਕਿ ਮੱਥੇ 'ਤੇ ਵੱਟ ਤਕ ਨਹੀਂ ਪਾਇਆ।

ਬੰਦਾ ਸਿੰਘ ਦੇ ਕਤਲ ਦਾ ਹੁਕਮ

ਅਜੈ ਸਿੰਘ ਦੀ ਸ਼ਹੀਦੀ

ਫਿਰ ਬੰਦਾ ਸਿੰਘ ਦੀ ਆਪਣੀ ਵਾਰੀ ਆਈ। ਪਹਿਲਾਂ ਉਸ ਦੀ ਸੱਜੀ ਤੇ ਫਿਰ ਖੱਬੀ ਅੱਖ ਕੱਢੀ ਗਈ। ਫਿਰ ਉਸਦਾ ਖੱਬਾ ਪੈਰ ਤੇ ਫਿਰ ਦੋਵੇਂ ਹੱਥ ਵੱਢੇ ਗਏ। ਉਹ ਅਜੇ ਵੀ ਓਵੇਂ ਸ਼ਾਂਤ ਬੈਠਾ ਸੀ, ਪਰ ਜੱਲਾਦ ਕਾਹਲੇ ਪੈ ਗਏ ਸਨ। ਅੰਤ ਉਸ ਨੂੰ ਤਲਵਾਰ ਨਾਲ ਛੋਟੇ-ਛੋਟੇ ਟੁਕੜੇ ਕੀਤਾ ਗਿਆ। ਇਉਂ ਉਸ ਗੁਰੂ ਦੁਲਾਰੇ ਨੇ ਸ਼ਹੀਦੀ ਪਾਈ, ਕਰ ਕੌਮ ਦੀ ਇੱਜ਼ਤ ਉੱਤੇ ਦਾਗ਼ ਨਹੀਂ ਲੱਗਣ ਦਿੱਤਾ।○

ਬੰਦਾ ਸਿੰਘ ਸ਼ਹੀਦ

ਫ਼ਰਖ਼ਸੀਅਰ ਨੇ ਸਮਝਿਆ, ਕਿ ਬੰਦਾ ਸਿੰਘ ਨੂੰ ਸ਼ਹੀਦ ਕਰਕੇ ਉਸ ਨੇ ਸਿੱਖ ਪੰਥ ਨੂੰ ਮੁਕਾ ਦਿੱਤਾ ਹੈ, ਪਰ ਜਿਸ ਪੰਥ ਨੂੰ ਅਕਾਲ ਪੁਰਖ ਨੇ ਆਪ ਸਾਜਿਆ ਹੈ, ਉਹਨੂੰ ਮਿਟਾ ਕੌਣ ਸਕਦਾ ਹੈ ?

---

○ਇਸ ਸੰਤ ਸਿਪਾਹੀ ਦਾ ਪੂਰਾ ਜੀਵਨ ਪੜ੍ਹਨਾ ਚਾਹੋ, ਤਾਂ ਵੇਖੋ 'ਬੰਦਾ ਸਿੰਘ ਸ਼ਹੀਦ'।

# ਦੂਜਾ ਕਾਂਡ

ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦ ਹੋਣਾ ਸਿੱਖ ਪੰਥ ਸਿਰ ਬੜੀ ਭਾਰੀ ਸੱਟ ਸੀ। ਹੋਰ ਕੋਈ ਵੀ ਕੌਮ ਅਜੇਹੀ ਮਾਰੂ ਸੱਟ ਪਿਛੋਂ ਦੁਬਾਰਾ ਉਠਣ ਜੋਗੀ ਨਾ ਰਹਿੰਦੀ। ਪੰਜਾਬ ਭਰ ਵਿਚੋਂ ਸਿੱਖਾਂ ਦੀ ਤਾਕਤ ਖ਼ਤਮ ਕਰ ਦਿੱਤੀ ਗਈ। ਕੋਈ ਥਾਂ ਵੀ ਉਹਨਾਂ ਦੇ ਸਿਰ ਲੁਕਾਉਣ ਨੂੰ ਨਾ ਰਹਿ ਗਿਆ। ਬੰਦਾ ਸਿੰਘ ਤੇ ਉਹਦੇ ਸਾਥੀ ੭੪੦ ਸਿੰਘਾਂ ਨੂੰ ਕਤਲ ਕਰਕੇ ਬਾਦਸ਼ਾਹ ਫ਼ਰਖ਼ਸੀਅਰ ਦਾ ਦਿਲ ਅਜੇ ਠੰਢਾ ਨਹੀਂ ਸੀ ਹੋਇਆ।

**ਸਿੱਖਾਂ ਵਿਰੁੱਧ ਫ਼ੁਰਮਾਨ**

ਉਹਨੇ ਹੇਠ ਲਿਖੇ ਭਾਵ ਦਾ ਫ਼ੁਰਮਾਨ ਜਾਰੀ ਕੀਤਾ :—"ਜੋ ਸਿੱਖ ਵੀ ਕਾਬੂ ਆਵੇ, ਉਸਨੂੰ ਬਿਨਾਂ ਕਿਸੇ ਕਾਰਨ ਕਤਲ ਕੀਤਾ ਜਾਵੇ। ਜੋ ਸਿੱਖ ਇਸਲਾਮ ਪਰਵਾਨ ਕਰ ਲਵੇ, ਉਸਦੀ ਜਾਨ ਬਖ਼ਸ਼ੀ ਜਾਵੇ। ਸਭ ਹਿੰਦੂ ਕੇਸ ਤੇ ਦਾੜ੍ਹੀ ਮੁਨਾ ਲੈਣ। ਜੋ ਮੁਨਾਉਣ ਤੋਂ ਇਨਕਾਰ ਕਰੇ, ਉਸਨੂੰ ਸਿੱਖ ਸਮਝ ਕੇ ਕਤਲ ਕੀਤਾ ਜਾਵੇ। ਜੋ ਕੋਈ ਸਿੱਖਾਂ ਦੀ ਕਿਸੇ ਕਿਸਮ ਦੀ ਸਹਾਇਤਾ ਕਰੇ, ਉਸਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ। ਜੇ ਕੋਈ ਕਿਸੇ ਸਿੱਖ ਨੂੰ ਗ੍ਰਿਫ਼ਤਾਰ ਕਰਾਵੇ, ਜਾਂ ਦੱਸ ਪਾਵੇ, ਜਾਂ ਕਤਲ ਕਰਕੇ ਸਿੱਖ ਦਾ ਸਿਰ ਪੇਸ਼ ਕਰੇ, ਉਸਨੂੰ ਇਨਾਮ ਦਿੱਤਾ ਜਾਵੇ।"*

---

*Sketch of the Sikhs, by Malcolm, London, 1812, ਮੈਲਕਮ, ਪੰਨਾ ੮੫; A Journy from Bengal to England (1782-3), 2 Vols. by George Forstor, ਫ਼ਾਰਸਟਰ, ਜਿਲਦ ਪਹਿਲੀ, ਪੰਨੇ ੩੧੨-੩; History of the Sikhs by Major James Browne, (1788) ਬਰਾਊਨ, ਜਿਲਦ ਦੂਜੀ, ਪੰਨਾ ੧੩; A History of the Sikhs, by Joseph Devey Cunningham (1918) ਕਨਿੰਘਮ, ਪੰਨਾ ੮੯, ਮੈਕਗ੍ਰੇਗਰ, ਪੰਨਾ 113, ਨਾਰੰਗ, ਪੰਨਾ 201; Studies in Later Mughal Histoy of the Punjab by Hari Ram Gupta (1944), ਪੰਜਾਬ ਮੁਗ਼ਲ, ਪੰਨਾ ੫੦; ਸਿੱਖੋਂ ਕਾ ਉਥਾਨ ਔਰ ਪਤਨ, (ਹਿੰਦੀ) ਕਰਤਾ ਨੰਦ ਕੁਮਾਰ ਦੇਵ ਸ਼ਰਮਾ, (੧੯੯੭ ਬਿ.) ਪੰਨਾ ੭੬।

ਇਸ ਐਲਾਨ ਨੇ ਸਾਰੇ ਦੇਸ ਵਿਚ ਭਾਜੜ ਪਾ ਦਿੱਤੀ। ਹਜ਼ਾਰਾਂ ਸਿੱਖ ਤਲਵਾਰ ਦੀ ਧਾਰ ਲੰਘਾ ਦਿੱਤੇ ਗਏ। ਹਰ ਕੇਸਾਧਾਰੀ ਸਿਰ ਬਦਲੇ ਹਾਕਮਾਂ ਵੱਲੋਂ ਇਨਾਮ ਦਿੱਤੇ ਜਾਣ ਲੱਗੇ। ਜਿਹੜੇ ਸਿੱਖ ਬਚੇ, ਉਹ ਪਿੰਡ ਛੱਡ ਕੇ ਜੰਗਲਾਂ ਤੇ ਪਹਾੜਾਂ ਵਿਚ ਜਾ ਲੁਕੇ। ਲੁਟੇਰੇ ਸਿਰ ਮੂੰਹ ਮੁਨਾ ਕੇ ਹਿੰਦੂਆਂ ਵਿਚ ਮਿਲ ਗਏ। ਮੁਗ਼ਲ ਸਿਪਾਹੀ ਤੇ ਪਿੰਡਾਂ ਦੇ ਚੌਧਰੀ ਸਿੱਖਾਂ ਮਗਰ ਸ਼ਿਕਾਰੀਆਂ ਵਾਂਗ ਲੱਗੇ ਫਿਰਦੇ। ਸਾਰਾ ਪੰਜਾਬ ਸਿੱਖਾਂ ਤੋਂ ਖ਼ਾਲੀ ਕਰ ਦਿੱਤਾ ਗਿਆ। ਹਿੰਦੂਆਂ ਤਾਂ ਦਾੜ੍ਹੀ ਸਿਰ ਮੁਨਾ ਕੇ ਦਿਨ-ਕਟੀ ਕਰ ਲਈ, ਪਰ ਸਿੱਖਾਂ ਵਾਸਤੇ ਬੜੀ ਔਖੀ ਘੜੀ ਆ ਬਣੀ। ਉਹ ਹਿਮਾਲਿਆ ਦੀਆਂ ਪਹਾੜੀਆਂ, ਮਾਲਵੇ ਦੇ ਜੰਗਲਾਂ ਤੇ ਰਾਜਪੂਤਾਨੇ ਦੇ ਰੇਤਥਲਿਆਂ ਵਿਚ ਜਾ ਲੁਕੇ। ਉਹਨਾਂ ਨੂੰ ਧਰਮ ਥਿਰ ਰੱਖਣ ਬਦਲੇ ਦਰੱਖ਼ਤਾਂ ਦੇ ਪੱਤਰ ਤੇ ਜੰਗਲੀ ਜਾਨਵਰਾਂ ਦਾ ਮਾਸ ਖਾ ਕੇ ਦਿਨ ਕੱਟਣੇ ਪਏ। ਪਿਛੇ ਉਹਨਾਂ ਦੇ ਬੱਚੇ ਤੇ ਇਸਤਰੀਆਂ ਨਿਰੇ ਜ਼ਾਲਮ ਹਾਕਮਾਂ ਦੇ ਰਹਿਮ 'ਤੇ ਸਨ। ਇਸ ਨਿੱਤ ਦੇ ਜ਼ੁਲਮ ਨੇ ਸਿੱਖਾਂ ਨੂੰ ਸਗੋਂ ਨਿਡਰ ਬਣਾ ਦਿੱਤਾ।

ਅਬਦੁੱਸਮੱਦ ਖ਼ਾਂ ਨੂੰ ਆਪਣੀ ਪੈ ਗਈ

ਡੇਢ ਕੁ ਸਾਲ ਤਾਂ ਏਹ ਹਾਲ ਰਿਹਾ, ਪਰ ਫੇਰ ਅਬਦੁੱਸਮੱਦ ਖ਼ਾਂ ਹੋਰ ਝਗੜਿਆਂ ਵਿਚ ਰੁਝ ਗਿਆ। ਦੁਆਬੇ ਵਿਚ ਈਸਾ ਖ਼ਾਂ ਮੰਝ ਨੇ ਤੇ ਕਸੂਰ ਵਿਚ ਹੁਸੈਨ ਖ਼ਾਂ ਖ਼ੇਸ਼ਗੀ ਨੇ ਬਗ਼ਾਵਤ ਕਰ ਦਿੱਤੀ। ਇਹ ਬਗ਼ਾਵਤਾਂ ਦਿੱਲੀ ਦਰਬਾਰ ਦੇ ਇਸ਼ਾਰੇ ਉੱਤੇ ਸਨ। ਸੂਬੇਦਾਰ ਲਾਹੌਰ ਨੂੰ ਸਿੱਖਾਂ ਵੱਲੋਂ ਹਟਾ ਕੇ ਆਪਣਾ ਧਿਆਨ ਇਸ ਪਾਸੇ ਲਾਉਣਾ ਪਿਆ। ਦੂਜੇ ਪਾਸੇ ਦਿੱਲੀ ਸਰਕਾਰ ਵਿਚ ਅਦਲਾ ਬਦਲੀ ਕਰਨ ਵਾਸਤੇ ਡੂੰਘੀਆਂ ਸਾਜ਼ਸ਼ਾਂ ਹੋ ਰਹੀਆਂ ਸਨ। ਸੋ ਪੰਜਾਬ ਸਰਕਾਰ ਉੱਤੇ ਉਸਦਾ ਬਹੁਤ ਅਸਰ ਪੈ ਰਿਹਾ ਸੀ।

ਫ਼ਰਖ਼ਸੀਅਰ ਤੇ ਸੱਯਦਾਂ ਦੀ ਅਜੋੜ

ਫ਼ਰਖ਼ਸੀਅਰ, ਸੱਯਦ ਭਰਾਵਾਂ (ਅਬਦੁੱਲਾ ਖ਼ਾਂ ਤੇ ਹੁਸੈਨ ਅਲੀ) ਦੀ ਮਦਦ ਨਾਲ ਬਾਦਸ਼ਾਹ ਬਣਿਆ ਸੀ। ਸੱਯਦ ਚਾਹੁੰਦੇ ਸਨ, ਕਿ ਬਾਦਸ਼ਾਹ ਉਹਨਾਂ ਦੇ ਹੱਥ ਕਠਪੁਤਲੀ ਬਣ ਕੇ ਰਹੇ। ਤੇ ਫ਼ਰਖ਼ਸੀਅਰ ਦਾ ਇਰਾਦਾ ਸੀ, ਕਿ ਸੱਯਦਾਂ ਦੀ ਤਾਕਤ ਖ਼ਤਮ ਕੀਤੀ ਜਾਵੇ। ਇਸ ਕਾਰਨ ਦਿੱਲੀ ਦਰਬਾਰ ਵਿੱਚ ਦੋ ਧੜੇ ਹੋ ਗਏ, ਜੋ ੧੭੧੭ ਈ: ਤੋਂ ੧੭੧੯ ਤਕ ਆਪਸ ਵਿਚ ਝਗੜਦੇ ਰਹੇ। ਅੰਤ ਸੱਯਦ ਆਪਣੀ ਚਾਲ ਵਿਚ ਸਫਲ ਹੋ ਗਏ। ਉਹਨਾਂ ਫ਼ਰਖ਼ਸੀਅਰ ਨੂੰ ਤਖ਼ਤੋਂ ਲਾਹ ਕੇ ਅੰਨ੍ਹਾ ਕਰ

ਫ਼ਰਖ਼ਸੀਅਰ ਕਤਲ

**ਰਫ਼ੀਉਦਾਰਜਾਤ ਤੇ ਰਫ਼ੀਉੱਦੌਲਾ**

ਦਿੱਤਾ, ਤੇ ਕੁੱਛ ਸਮੇਂ ਪਿਛੋਂ ਕਤਲ ਕਰ ਦਿੱਤਾ (੧੭੧੯ ਈ:)। ਇਸ ਵੇਲੇ ਸੱਯਦਾਂ ਦੀ ਤਾਕਤ ਚੋਟੀ 'ਤੇ ਪਹੁੰਚੀ ਹੋਈ ਸੀ। ਉਹਨਾਂ ਆਪਣੀ ਮਰਜ਼ੀ ਦਾ ਸ਼ਹਿਜ਼ਾਦਾ—ਰਫ਼ੀਉੱਦਾਰਜਾਤ—ਦਿੱਲੀ ਦੇ ਤਖ਼ਤ 'ਤੇ ਬਿਠਾਇਆ। ਉਸਦਾ ਸੁਭਾਂ ਸੱਯਦਾਂ ਦੇ ਪਸੰਦ ਨਾ ਆਇਆ, ਤਾਂ ਤਿੰਨ ਮਹੀਨੇ ਪਿਛੋਂ ਹੀ ਉਸਨੂੰ ਜ਼ਹਿਰ ਦੇ ਕੇ ਮਾਰ ਦਿੱਤਾ ਗਿਆ ਤੇ ਉਸਦੇ ਵੱਡੇ ਭਰਾ ਰਫ਼ੀਉੱਦੌਲਾ ਨੂੰ ਬਾਦਸ਼ਾਹ ਬਣਾ ਦਿੱਤਾ। ਤਿੰਨ ਮਹੀਨੇ ਪਿਛੋਂ ਉਸਨੂੰ ਵੀ ਭਰਾ ਦੇ ਮਗਰੇ ਤੋਰ ਦਿੱਤਾ ਗਿਆ।*

**ਮੁਹੰਮਦ ਸ਼ਾਹ ਬਾਦਸ਼ਾਹ**

ਹੁਣ ਸੱਯਦਾਂ ਦੀ ਚੋਣ ਮੁਹੰਮਦ ਸ਼ਾਹ 'ਤੇ ਪਈ। ਸੱਤ ਸਾਲ ਦੀ ਨਜ਼ਰਬੰਦੀ ਪਿੱਛੋਂ ਕਿਸਮਤ ਨੇ ਉਸਨੂੰ ਬਾਦਸ਼ਾਹੀ ਤਖ਼ਤ 'ਤੇ ਬਿਠਾ ਦਿੱਤਾ। ਇਕ ਸਾਲ ਪਿਛੋਂ ਸੱਯਦਾਂ ਦੀ

**ਮੁਹੰਮਦ ਅਮੀਨ ਖ਼ਾਂ ਵਜ਼ੀਰ**

ਤਾਕਤ ਦਾ ਅੰਤ ਸਮਾਂ ਆ ਗਿਆ। ੧੭੨੦ ਈ. ਦੇ ਅਖ਼ੀਰ ਵਿਚ ਸੱਯਦ ਅਬਦੁੱਲਾ ਨੂੰ ਹਟਾ ਕੇ ਮੁਹੰਮਦ ਸ਼ਾਹ ਨੇ ਮੁਹੰਮਦ ਅਮੀਨ ਖ਼ਾਂ ਨੂੰ 'ਇਤਮਾਦੁੱਦੌਲਾ' ਦਾ ਖ਼ਿਤਾਬ ਦੇ ਕੇ ਵਜ਼ੀਰ ਬਣਾਇਆ, ਪਰ ਉਹ

**ਨਜ਼ਾਮੁੱਲ ਮੁਲਕ ਵਜ਼ੀਰ**

ਡੇਢ ਮਹੀਨੇ ਪਿਛੋਂ ਹੀ (੧੬ ਜਨਵਰੀ, ੧੭੨੧ ਈ. ਨੂੰ) ਮਰ ਗਿਆ। ਫਿਰ ਨਜ਼ਾਮੁਲ ਮੁਲਕ ਦਿੱਲੀ ਦਾ ਵਜ਼ੀਰ ਬਣਿਆ।

ਏਸ ਸਮੇਂ ਸਿੱਖਾਂ ਨੂੰ ਸਰਕਾਰ ਵੱਲੋਂ ਥੋੜ੍ਹਾ ਜਿਹਾ ਵਿਹਲ ਮਿਲਿਆ, ਤੇ ਉਹ ਜੰਗਲ ਪਹਾੜ ਛੱਡਕੇ ਪੰਜਾਬ ਦੇ ਮੈਦਾਨਾਂ ਵਿਚ ਆ ਨਿਕਲੇ। ਸਿੱਖਾਂ ਦੇ ਆਉਣ ਨਾਲ ਗੁਰਦੁਆਰਿਆਂ ਦੀ ਰੌਣਕ ਵੀ ਵੱਧਣ ਲੱਗੀ। ਮਾਸਾਹਾਰੀ ਸੁਭਾਵਕ ਹੀ ਘੱਟ ਲੜਾਕਾ ਹੋ ਜਾਂਦਾ ਹੈ। ਬਾਬਾ ਬੰਦਾ ਸਿੰਘ ਨੇ ਸਿੱਖਾਂ ਨੂੰ

**ਬੰਦਈ ਸਿੱਖ**

ਮਾਸ ਖਾਣ ਤੋਂ ਵਰਜਿਆ। ਜਿਹੜੇ ਮਾਸ ਖਾਣਾ ਛੱਡਕੇ ਵੈਸ਼ਨੋ ਹੋ ਗਏ, ਬਾਕੀ ਸਿੰਘ ਉਹਨਾਂ ਨੂੰ 'ਬੰਦਈ' ਆਖਣ ਲੱਗ ਪਏ। ਬੰਦਈ ਲੜਾਈ ਦਾ ਅਭਿਆਸ ਛੱਡ ਕੇ ਗੁਰਦੁਆਰਿਆਂ ਦੀ ਸੇਵਾ 'ਚ ਲੱਗ ਗਏ।

---

*ਚਹਾਰ ਗੁਲਜ਼ਾਰ ਸ਼ੁਜਾਈ, ਹਰਚਰਨ ਦਾਸ, (੧੭੮੪ ਈ.) ਪੰਨਾ ੩੮੪, ਦੋਹਾਂ ਭਰਾਵਾਂ ਨੂੰ ਸੱਯਦਾਂ ਵੱਲੋਂ ਜ਼ਹਿਰ ਦਿੱਤਾ ਗਿਆ।

ਜੰਗੀ ਸਿੰਘ ਵੀ ਜੋ ਇਕੱਲੇ ਦੁਕੱਲੇ ਪਿੰਡੀਂ ਆਏ, ਆਪਣੀ ਕਿਰਤ ਵਿਚ ਹੀ ਰੁੱਝ ਗਏ। ੧੭੨੦ ਈ. ਵਿਚ ਮਾਝੇ ਤੇ ਰਿਆੜਕੀ ਵਿਚ ਆਮ ਸਿੱਖ ਨਜ਼ਰ ਆਉਣ ਲਗ ਪਏ। ੧੭੨੧ ਈ. (੧੭੭੮ ਬਿ.) ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਚ ਖੁੱਲ੍ਹੇ ਤੌਰ ਤੇ ਸਿੱਖ ਕੱਠੇ ਹੋਏ। ਸਮੇਂ ਅਨੁਸਾਰ ਮੇਲੇ ਦੀ ਰੌਣਕ ਚੰਗੀ ਹੋ ਗਈ।

**ਤੱਤ ਖ਼ਾਲਸੇ ਤੇ ਬੰਦਈਆਂ ਦਾ ਝਗੜਾ**

ਏਥੇ ਚੜ੍ਹਾਵੇ ਉੱਤੇ ਬੰਦਈਆਂ ਤੇ ਤੱਤ ਖ਼ਾਲਸੇ ਵਿਚ ਝਗੜਾ ਪੈ ਗਿਆ*। ਭਾਵੇਂ ਭਾਈ ਮਨੀ ਸਿੰਘ ਜੀ ਨੇ ਚਿੱਠੀਆਂ ਪਾ ਕੇ ਇਹ ਝਗੜਾ ਨਿਬੇੜ ਦਿੱਤਾ ਸੀ, ਤੇ ਗੁਰੂ ਮਹਾਰਾਜ ਵੱਲੋਂ ਫ਼ੈਸਲਾ ਤੱਤ ਖ਼ਾਲਸੇ ਦੇ ਹੱਕ ਵਿਚ ਹੋ ਚੁੱਕਾ ਸੀ, ਪਰ ਬੰਦਈਆਂ ਦੇ ਮਹੰਤ ਅਮਰ ਸਿੰਘ ਨੇ ਫ਼ੈਸਲਾ ਪਰਵਾਨ ਨਾ ਕੀਤਾ। ਸੋ ਦੋਹਾਂ ਧਿਰਾਂ ਦੀ ਆਪਸ ਵਿਚ ਖੜਕ ਪਈ। ਇਹ ਪਹਿਲਾ ਸਮਾਂ ਸੀ, ਜਾਂ ਸਿੱਖ ਸਿੱਖਾਂ ਨਾਲ ਲੜੇ। ਬੰਦਈ ਧੜਾ ਅਮਲੀ ਤੌਰ 'ਤੇ ਅਸਲੋਂ ਖ਼ਤਮ ਹੋ ਗਿਆ (ਕੁਛ ਕਤਲ ਹੋ ਗਏ, ਕੁਛ ਨੱਸ ਗਏ, ਤੇ ਬਹੁਤ ਸਾਰੇ ਭੁਜੰਗੀ ਬਣ ਕੇ ਤੱਤ ਖ਼ਾਲਸੇ ਵਿਚ ਰਲ ਗਏ) ਤੇ ਇਕ ਮੁਠ ਹੋਣ ਕਰਕੇ ਤੱਤ ਖ਼ਾਲਸੇ ਦੀ ਤਾਕਤ ਵਧ ਗਈ। ਸਾਰੇ ਗੁਰਦੁਆਰਿਆਂ ਉਤੇ ਪੰਥ ਦਾ ਹੱਕ ਮੰਨ ਲਿਆ ਗਿਆ। ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਜੀ ਨੂੰ ਥਾਪਿਆ ਗਿਆ।

੧੭੧੬-੧੭ ਈ. ਦੀ ਕਤਲਾਮ ਵਿਚ ਬਹੁਤ ਸਾਰੇ ਸਿੱਖਾਂ ਦੇ ਘਰ ਅਸਲੋਂ ਤਬਾਹ ਕਰ ਦਿੱਤੇ ਗਏ ਸਨ। ਪਹਾੜਾਂ ਤੋਂ ਬੀਕਾਨੇਰ ਨੂੰ ਨੱਸਣ ਸਮੇਂ ਕੁਝ ਸਿੰਘ ਆਪਣੇ ਬਾਲ ਬੱਚੇ ਨਾਲ ਲੈ ਗਏ ਸਨ ਤੇ ਕੇਈਆਂ ਦੇ ਪਿੱਛੋਂ ਹਕੂਮਤ ਵੱਲੋਂ ਕਤਲ ਕਰ ਦਿੱਤੇ ਗਏ ਸਨ। ਅਜੇਹੇ ਸਿੰਘ ਪੰਜਾਬ ਵਿਚ ਆ ਕੇ ਚੁੱਪ ਕਰਕੇ ਬਹਿਣ ਦੇ ਹੱਕ ਵਿਚ ਨਹੀਂ ਸਨ। ਨਾਲੇ ਬੰਦਾ ਸਿੰਘ ਦੇ ਸਮੇਂ, ਜੋ ਸੁਪਨੇ ਵਾਂਗ ਸਿੰਘਾਂ ਨੇ ਆਜ਼ਾਦੀ ਵੇਖੀ ਸੀ, ਉਹ ਉਹਨਾਂ ਨੂੰ ਭੁੱਲੀ ਨਹੀਂ ਸੀ।

**ਸਿੰਘ ਫਿਰ ਉਠ ਖਲੋਤੇ**

ਉਹ ਹਰ ਮੁੱਲ ਉੱਤੇ ਫਿਰ ਆਜ਼ਾਦੀ ਹਾਸਲ ਕਰਨਾ ਚਾਹੁੰਦੇ ਸਨ। ਉਹ ਸੌ-ਸੌ ਦੇ ਜੱਥੇ ਬਣਾ ਕੇ ਇਲਾਕੇ ਵਿਚ ਫਿਰਨ ਲੱਗੇ। ਆਪਣੇ ਗੁਜ਼ਾਰੇ ਜੋਗੀ ਕਿਤੇ ਨਾ ਕਿਤੇ ਉਹ ਲੁੱਟ ਮਾਰ ਵੀ ਕਰ ਲੈਂਦੇ। ਜਿਨ੍ਹਾਂ ਲੋਕਾਂ ਨੇ ਪਿੱਛੇ ਸਿੱਖਾਂ ਦੇ ਪਰਿਵਾਰ ਫੜਾਏ ਤੇ ਘਰ ਢੁਹਾਏ ਸਨ,

---

*ਪੂਰਾ ਵੇਰਵਾ ਅਸੀਂ 'ਬੰਦਾ ਸਿੰਘ ਸ਼ਹੀਦ' ਵਿਚ ਲਿਖ ਚੁੱਕੇ ਹਾਂ।

ਉਹਨਾਂ ਵਿਚੋਂ ਕੋਈ ਖ਼ਾਲਸੇ ਦੇ ਗੁੱਸੇ ਦਾ ਸ਼ਿਕਾਰ ਹੋ ਗਏ। ਏਸ ਗੜਬੜ ਨੂੰ ਰੋਕਣ ਵਾਸਤੇ ਅਬਦੁੱਸਮੱਦ ਖ਼ਾਂ ਨੇ ਸਿੱਖਾਂ ਉੱਤੇ ਫਿਰ ਸਖ਼ਤੀ ਕਰਨੀ ਆਰੰਭ ਦਿੱਤੀ। ਦੂਜਿਆਂ ਨਾਲੋਂ ਸਿੱਖਾਂ ਕੋਲੋਂ ਦੂਣਾ ਮਹਿਸੂਲ ਲੈਣ ਦਾ ਹੁਕਮ ਦਿੱਤਾ। ਪਰਜਾ ਵਿਚ ਇਸ਼ਤਿਹਾਰ ਫੇਰਿਆ ਗਿਆ, ਕਿ ਜਿਸਦਾ ਸਿੱਖਾਂ ਹੱਥੋਂ ਨੁਕਸਾਨ ਹੋਇਆ ਹੋਵੇ, ਉਹ ਦਾਅਵਾ ਕਰੇ ਤੇ ਅਜਿਹੇ ਦਾਅਵਿਆਂ ਦਾ ਫ਼ੈਸਲਾ ਇਉਂ ਹੋਣ ਲੱਗਾ : ਸਿੱਖਾਂ ਦੀ ਜਾਇਦਾਦ ਜ਼ਬਤ ਕਰਕੇ ਦਾਅਵੇਦਾਰਾਂ ਨੂੰ ਦਿੱਤੀ ਗਈ०। ਕੋਈ ਸ਼ੁਬੇ ਵਿਚ ਫੜੇ ਹੋਏ ਸਿੱਖ ਬਿਨਾਂ ਮੁਕੱਦਮੇਂ ਹੀ ਫਾਂਸੀ ਦਿੱਤੇ ਗਏ। ਇਹਨਾਂ ਕਾਰਵਾਈਆਂ ਤੋਂ ਸਿੱਖਾਂ ਵਿਚ ਫੇਰ ਹਲਚਲ ਮਚ ਗਈ।

**ਅਬਦੁੱਸਮੱਦ ਖ਼ਾਂ ਦੀ ਸਖ਼ਤੀ**

**ਕਮਰੁੱਦੀਨ ਖ਼ਾਂ ਵਜ਼ੀਰ**

੧੭੨੪ ਈ: ਵਿਚ ਦਿੱਲੀ ਵਜ਼ਾਰਤ ਵਿਚ ਫੇਰ ਅਦਲਾ ਬਦਲੀ ਹੋਈ। ਨਜ਼ਾਮੁਲ ਮੁਲਕ ਨੇ ਅਸਤੀਫ਼ਾ ਦੇ ਦਿੱਤਾ ਤੇ ਉਸਦੀ ਥਾਂ ਕਮਰੁੱਦੀਨ ਖ਼ਾਂ 'ਇਤਮਾਦੁੱਦੌਲਾ' ਦੂੱਜਾ ਵਜ਼ੀਰ ਬਣਿਆ। ਉਹ ਮੁਹੰਮਦ ਅਮੀਨ ਖ਼ਾਂ, 'ਇਤਮਾਦੁੱਦੌਲਾ' ਪਹਿਲੇ ਦਾ ਪੁੱਤਰ ਸੀ। ਇਸ ਵੇਲੇ ਅਬਦੁੱਸਮੱਦ ਖ਼ਾਂ ਦਾ ਧਿਆਨ ਆਪਣੇ ਸੂਬੇ ਦੇ ਪਰਬੰਧ ਨਾਲੋਂ ਦਿੱਲੀ ਵੱਲ ਵਧੇਰੇ ਲੱਗਾ ਹੋਇਆ ਸੀ। ਸੋ ਸਿੱਖਾਂ ਨੂੰ ਜ਼ਰਾ ਵਿਹਲ ਮਿਲ ਗਿਆ। ੧੭੨੫ ਈ. ਵਿਚ ਬੀਕਾਨੇਰ ਤੋਂ ਹੋਰ ਸਿੰਘ ਆ ਗਏ। ਉਹ ਸਾਰੇ ਪੰਜਾਬ ਵਿਚ ਜੱਥੇ ਬਣ ਕੇ ਫਿਰਨ ਲੱਗੇ ਤੇ ਲੱਗੇ ਵਿਰੋਧੀਆਂ ਤੋਂ ਗਿਣ-ਗਿਣ ਕੇ ਬਦਲੇ ਲੈਣ। ਚੁਗਲਾਂ ਨੂੰ ਮਾਰਿਆ ਤੇ ਸਿੱਖਾਂ ਦੀਆਂ ਖੁੱਸੀਆਂ ਹੋਈਆਂ ਜਾਇਦਾਦਾਂ ਉੱਤੇ ਫੇਰ ਉਹਨਾਂ ਦਾ ਕਬਜ਼ਾ ਕਰਾਇਆ*। ਏਸ ਲੁੱਟ ਮਾਰ ਨਾਲ ਸਾਰਾ ਦੇਸ਼ ਉੱਜੜ ਗਿਆ। ਥਾਂ ਥਾਂ ਡਾਕੇ ਤੇ ਚੋਰੀਆਂ ਵੱਧ ਗਈਆਂ। ਪੁਲਸ ਸਿੰਘਾਂ ਸਾਮ੍ਹਣੇ ਤਾਂ ਹੁੰਦੀ ਨਾ, ਤੇ ਕਿਰਤੀ ਸਿੱਖਾਂ ਜਾਂ ਹਿੰਦੂਆਂ ਉੱਤੇ ਆਪਣਾ ਗੁੱਸਾ ਕੱਢ ਲੈਂਦੀ। ਇਸਦਾ ਅਸਰ ਸਿੰਘਾਂ ਦੇ ਹੱਕ ਵਿਚ ਸਗੋਂ

**ਸਿੰਘ ਪੰਜਾਬ ਵਿਚ ਆ ਗਏ**

---

०ਸ਼ਮਸ਼ੇਰ ਖ਼ਾਲਸਾ (ਉਰਦੂ), ਗਿਆਨੀ ਗਿਆਨ ਸਿੰਘ, (੧੯੨੩) ਪੰਨਾ ੩੬।

*ਸ਼ਮਸ਼ੇਰ ਖ਼ਾਲਸਾ (ਉਰਦੂ), ਪੰਨਾ ੩੭।

ਚੰਗਾ ਹੋਇਆ। ਜਿਸ ਉੱਤੇ ਪੁਲਸ ਸ਼ੱਕ ਕਰਦੀ, ਉਹ ਸਿੰਘਾਂ ਦੇ ਜੱਥੇ ਵਿੱਚ ਜਾ ਮਿਲਦਾ। ਏਸ ਤਰ੍ਹਾਂ ਲੱਗੀ ਖ਼ਾਲਸੇ ਦੀ ਗਿਣਤੀ ਵਧਣ।

**ਅਬਦੁੱਸਮੱਦ ਖ਼ਾਂ ਮੁਲਤਾਨ ਦਾ ਤੇ ਖ਼ਾਨ ਬਹਾਦਰ ਲਾਹੌਰ ਦਾ ਸੂਬੇਦਾਰ ਬਣੇ**

ਦਿੱਲੀ ਦੇ ਵਜ਼ੀਰ ਕਮਰੁੱਦੀਨ ਖ਼ਾਂ ਨੇ ਸੂਬੇ ਦੇ ਖ਼ਰਾਬ ਪਰਬੰਧ ਦਾ ਬਹਾਨਾ ਲਾ ਕੇ ਅਬਦੁੱਸਮੱਦ ਖ਼ਾਂ ਦਲੇਰੇ ਜੰਗ ਸੈਫੁੱਦੌਲਾ ਸੱਤ ਹਜ਼ਾਰੀ (ਇਹ ਖ਼ਿਤਾਬ ਉਸਨੂੰ ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਬਦਲੇ ਮਿਲਿਆ ਸੀ) ਨੂੰ ਲਾਹੌਰੋਂ ਹਟਾ ਕੇ ਮੁਲਤਾਨ ਦਾ ਸੂਬੇਦਾਰ ਬਣਾ ਦਿੱਤਾ ਤੇ ਉਸਦੀ ਥਾਂ ਲਾਹੌਰ ਦਾ ਸੂਬੇਦਾਰ ਉਸਦੇ ਪੁੱਤਰ ਜ਼ਕਰੀਆਂ ਖ਼ਾਂ 'ਖਾਨ ਬਹਾਦੁਰ, ਸੈਫੁੱਦੌਲਾ ਦੂੱਜਾ, ਅੱਠ ਹਜ਼ਾਰੀ' ਨੂੰ ਬਣਾ ਦਿੱਤਾ। ਇਹ, ਵਜ਼ੀਰ ਕਮਰੁੱਦੀਨ ਖ਼ਾਂ ਦਾ ਭਣਵਈਆ ਸੀ। ਇਹ ਅਦਲਾ ਬਦਲੀ ੧੭੨੬ ਈ. ਵਿਚ ਹੋਈ। ਸਿੱਖ ਇਤਿਹਾਸ ਵਿਚ ਇਹ ਸੂਬੇਦਾਰ 'ਖ਼ਾਨ ਬਹਾਦਰ' ਦੇ ਨਾਮ ਨਾਲ ਹੀ ਪ੍ਰਸਿਧ ਹੈ। ਉਸਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਬਣਾਇਆ, ਤੇ ਮੋਮਨ ਖ਼ਾਂ ਨੂੰ ਨਾਇਬ ਸੂਬੇਦਾਰ। ਸਿੱਖਾਂ ਨੂੰ ਦਬਾਉਣ ਵਾਸਤੇ ਮੋਮਨ ਖ਼ਾਂ ਦੇ ਮਾਤਹਿਤ ਗਸ਼ਤੀ ਫ਼ੌਜ ਇਲਾਕੇ ਵਿਚ ਲਾਈ ਗਈ। ਇਸ ਨਵੀਂ ਅਦਲਾ ਬਦਲੀ ਤੋਂ ਸਰਕਾਰੀ ਚੌਧਰੀਆਂ ਦੇ ਹੌਸਲੇ ਵਧ ਗਏ ਤੇ ਉਹ ਲੱਗੇ ਸਿੱਖਾਂ ਨੂੰ ਧਮਕਾਉਣ। ਪਰ ਇਹਨਾਂ ਧਮਕੀਆਂ ਤੇ ਧੱਕਿਆਂ ਦਾ ਸਿੱਖਾਂ ਉੱਤੇ ਬਿਲਕੁਲ ਉਲਟਾ ਅਸਰ ਹੁੰਦਾ। ਜਿਉਂ-ਜਿਉਂ ਉਨ੍ਹਾਂ ਉੱਤੇ ਵਧੇਰੇ ਦਬੱਾ ਪਾਉਣ ਦਾ ਯਤਨ ਕੀਤਾ ਜਾਂਦਾ, ਤਿਉਂ-ਤਿਉਂ ਉਹ ਦਲੇਰ ਤੇ ਨਿਡਰ ਹੁੰਦੇ ਜਾਂਦੇ। ਜਿੱਥੇ ਕਿਤੇ ਸ਼ਾਹੀ ਫ਼ੌਜ ਨਾਲ ਟਾਕਰਾ ਹੋ ਪੈਂਦਾ, ਸਿੰਘ ਸ਼ੇਰਾਂ ਵਾਂਗ ਦੋ ਹੱਥ ਕਰਕੇ ਜੰਗਲਾਂ ਵਿਚ ਜਾ ਲੁਕਦੇ। ਅਜਿਹੀਆਂ ਘਟਨਾਵਾਂ ਦੇਸ ਵਿਚ ਆਮ ਹੋ ਗਈਆਂ ਸਨ, ਜਿਨ੍ਹਾਂ ਵਿਚੋਂ ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ ਇਕ ਪ੍ਰਸਿੱਧ ਘਟਨਾ ਸੀ।

**ਸ਼ਹੀਦੀ ਭਾਈ ਤਾਰਾ ਸਿੰਘ ਜੀ**

ਨੌਸ਼ਹਿਰਾ (ਜ਼ਿਲ੍ਹਾ ਲਾਹੌਰ) ਵਿਚ ਕੁਛ ਸਿੱਖ ਵਾਹੀ ਕਰਦੇ ਸਨ। ਓਥੋਂ ਦਾ ਚੌਧਰੀ ਸਾਹਿਬ ਰਾਏ ਸਿੱਖਾਂ ਦੇ ਖੇਤ ਵਿਚ ਘੋੜੀਆਂ ਛੱਡ ਛੱਡਦਾ ਸੀ। ਸਿੱਖਾਂ ਦੇ ਕਈ ਵਾਰ ਬੇਨਤੀ ਕਰਨ ਉੱਤੇ ਵੀ ਚੌਧਰੀ ਨੇ ਕੋਈ ਪਰਵਾਹ ਨਾ ਕੀਤੀ, ਸਗੋਂ ਇਕ ਦਿਨ ਖਿੜ ਕੇ ਕਹਿਣ ਲੱਗਾ, 'ਤੁਹਾਡੇ ਸਿਰਾਂ ਦੇ ਵਾਲਾਂ ਦੇ ਰੱਸੇ ਵੱਟ ਕੇ ਘੋੜੀਆਂ ਬੱਝਣਗੀਆਂ, ਓਨਾ ਚਿਰ ਖੁੱਲ੍ਹੀਆਂ ਹੀ ਫਿਰਨਗੀਆਂ।' ਇਹ ਬੋਲੀ ਸੁਣ ਕੇ

ਸਿੱਖਾਂ ਦੇ ਤਨ ਮਨ ਅੱਗ ਲੱਗ ਉਠੀ। ਉਨ੍ਹਾਂ ਭੁਸੇ ਪਿੰਡ (ਜ਼ਿਲਾ ਅੰਮ੍ਰਿਤਸਰ) ਦੇ ਸ. ਅਮਰ ਸਿੰਘ ਤੇ ਬਘੇਲ ਸਿੰਘ ਢਿੱਲੋਂ ਨੂੰ ਸੱਦ ਕੇ ਚੌਧਰੀ ਦੀਆਂ ਘੋੜੀਆਂ ਬਾਹਰ ਚਰਦੀਆਂ ਫੜਾ ਦਿੱਤੀਆਂ। ਭੁਸੇ ਸਰਦਾਰਾਂ ਨੇ ਘੋੜੀਆਂ ਸ. ਲਖਮੀਰ ਸਿੰਘ (ਪਿੰਡ ਘਰਿਆਲਾ, ਜ਼ਿਲ੍ਹਾ ਲਾਹੌਰ)o ਨੂੰ ਲਿਆ ਦਿੱਤੀਆਂ ਤੇ ਉਹਨੇ ਮਾਲਵੇ ਵਿਚ ਸ. ਆਲਾ ਸਿੰਘ (ਮਹਾਰਾਜਾ ਪਟਿਆਲਾ ਦਾ ਵੱਡਾ ਭਰਾ) ਕੋਲ ਵੇਚ ਕੇ ਪੈਸੇ ਭਾਈ ਤਾਰਾ ਸਿੰਘ ਜੀ ਦੇ ਲੰਗਰ ਵਿਚ ਆ ਪਾਏ।

ਭਾਈ ਤਾਰਾ ਸਿੰਘ ਪਿੰਡ 'ਵਾਂ' ਜ਼ਿਲ੍ਹਾ ਲਾਹੌਰ (ਓਦੋਂ ਪਰਗਣਾ ਪੱਟੀ ਤੇ ਪਾਕਸਤਾਨ ਬਣਨ ਪਿਛੋਂ ਅੰਮ੍ਰਿਤਸਰ) ਦਾ 'ਬੁੱਟਰ' ਗੋਤ ਦਾ ਜੱਟ** ਸੀ। ਉਹ ਬੜਾ ਸਿਦਕੀ ਸਿੱਖ ਸੀ, ਤੇ ਪੰਥ ਵਿਚ ਸੰਤ ਕਹਿ ਕੇ ਪੂਜਿਆ ਜਾਂਦਾ ਸੀ। ਉਹ ਤੇਗ਼ਧਾਰੀ ਸੰਤ ਸੀ, ਜੋ ਸਿਮਰਨ ਦੇ ਨਾਲ ਕਿਰਤ ਵੀ ਕਰਦਾ ਤੇ ਸਦਾ ਗੁਰੂ ਕਾ ਲੰਗਰ ਚਲਾਉਂਦਾ ਸੀ। ਹਰ ਵੇਲੇ ਉਹਦੇ ਕੋਲ ਕੁਛ ਸਿੰਘ ਟਿਕੇ ਰਹਿੰਦੇ ਸਨ। ਜਿਹੜੇ ਪੁਲਸ ਦੇ ਭਗੌੜੇ ਹੋ ਜਾਂਦੇ, ਉਹ ਉਸ ਕੋਲ ਆ ਟਿਕਦੇ। ਭਾਈ ਤਾਰਾ ਸਿੰਘ ਜੀ ਬੰਦਾ ਸਿੰਘ ਦੇ ਯੁੱਧਾਂ ਵਿਚ ਵੀ ਸ਼ਾਮਲ ਰਹੇ ਹਨ।

ਸਾਹਿਬਰਾਏ ਨੇ ਘੋੜੀਆਂ ਦੀ ਸੂਹ ਕੱਢ ਲਈ। ਉਹ ਆਦਮੀ ਲੈ ਕੇ ਬਘੇਲ ਸਿੰਘ, ਅਮਰ ਸਿੰਘ ਨੂੰ ਫੜਨ ਗਿਆ, ਤਾਂ ਉਹ ਨੱਸ ਕੇ ਭਾਈ ਤਾਰਾ ਸਿੰਘ ਜੀ ਦੇ ਡੇਰੇ ਆ ਗਏ। ਮਗਰੇ ਸਾਹਿਬ ਰਾਏ ਵੀ ਡੇਰੇ ਆ ਪੁੱਜਾ। ਉਹ ਆਪਣੇ ਸੁਭਾਂ ਅਨੁਸਾਰ ਭਾਈ ਤਾਰਾ ਸਿੰਘ ਜੀ ਨੂੰ ਵੀ ਓਵੇਂ ਧਮਕਾਉਣ ਲੱਗਾ। ਚੌਧਰੀ ਨੇ ਭਾਈ ਸਾਹਿਬ ਜੀ ਤੋਂ ਚੋਰ ਮੰਗੇ, ਤਾਂ ਉਹਨਾਂ ਅੱਗੋਂ ਉੱਤਰ ਦਿੱਤਾ, ਕਿ ਚੋਰ ਉਹ ਹੈ, ਜੋ ਲੋਕਾਂ ਦੇ ਖੇਤ ਚਾਰਦਾ ਹੈ, ਨਾ ਕਿ ਉਹ, ਜੋ ਆਪਣੀ ਕਿਰਤ ਕਰਕੇ ਖਾਂਦੇ ਹਨ। ਚੌਧਰੀ ਨੂੰ ਬੜੀ ਤਮਕ ਲੱਗੀ। ਉਹਨੇ ਗ਼ੁਸੇ ਵਿਚ ਆ ਕੇ ਕਹਿ ਦਿੱਤਾ, "ਜੇ ਸਿੱਧੇ ਹੱਥੀਂ ਮੇਰੇ ਚੋਰ ਨਾ ਦਿਉਗੇ, ਤਾਂ ਮੈਂ ਜੁੱਤੀਆਂ ਨਾਲ ਲੈ ਲਵਾਂਗਾ।"

ਭਾਈ ਸਾਹਿਬ ਜੀ ਨੇ ਅੱਗੋ ਉੱਤਰ ਦਿੱਤਾ, "ਜੋ ਸੰਤਾਂ ਨੂੰ ਜੁੱਤੀਆਂ ਦੱਸਦਾ ਏ, ਉਹ ਆਪ ਜੁੱਤੀਆਂ ਖਾ ਕੇ ਜਾਂਦਾ ਏ।"

---

*ਸ਼ਮਸ਼ੇਰ ਖ਼ਾਲਸਾ (ਉਰਦੂ), ਪੰਨਾ ੩੯।

oਪਾਕਿਸਤਾਨ ਬਣਨ ਪਿਛੋਂ ਜ਼ਿਲ੍ਹਾ ਅੰਮ੍ਰਿਤਸਰ।

**ਭੰਗੂ, ਪੰਨਾ ੧੭੩।

ਇਸ਼ਾਰਾ ਸਮਝ ਕੇ ਇਕ ਸਿੱਖ ਨੇ ਉਠ ਕੇ ਚੌਧਰੀ ਨੂੰ ਪੰਜ-ਸੱਤ ਜੁੱਤੀਆਂ ਮਾਰ ਦਿੱਤੀਆਂ। ਚੌਧਰੀ ਰੋਂਦਾ ਧੋਂਦਾ ਪੱਟੀ ਦੇ ਫ਼ੌਜਦਾਰ ਜਾਫ਼ਰ ਬੇਗ ਕੋਲ ਜਾ ਪਿਟਿਆ। ਉਹ ਦੋ ਸੌ ਪੈਦਲ ਤੇ ਸੌ ਅਸਵਾਰ੦ ਲੈ ਕੇ ਤਾਰਾ ਸਿੰਘ ਜੀ 'ਤੇ ਚੜ੍ਹ ਆਇਆ। ਇਹ ਫ਼ੌਜ ਚਾਰ ਘੜੀ ਦੇ ਤੜਕੇ ਪਿੰਡ 'ਵਾਂ' ਆ ਪੁੱਜੀ। ਸ: ਬਘੇਲ ਸਿੰਘ ਅੰਮ੍ਰਿਤ ਵੇਲੇ ਬਾਹਰ ਮੈਦਾਨ ਗਿਆ, ਤਾਂ ਘੋੜਿਆਂ ਦੇ ਸੁੰਬਾਂ ਦੀ ਆਵਾਜ਼ ਕੰਨੀ ਪਈ। ਉਹ ਸਮਝ ਗਿਆ, ਕਿ ਸ਼ਾਹੀ ਫ਼ੌਜ ਆ ਗਈ ਹੈ। ਪਿੱਛੇ ਹਟਣ ਦੀ ਥਾਂ ਉਹਨੇ ਆਉਣ ਵਾਲਿਆਂ ਨੂੰ ਲਲਕਾਰਿਆ। ਸਾਹਿਬ ਰਾਏ ਨੇ ਆਵਾਜ਼ ਪਛਾਣ ਕੇ ਫ਼ੌਜਦਾਰ ਨੂੰ ਕਿਹਾ, ਕਿ ਏਹਾ ਬਘੇਲ ਸਿੰਘ ਮੇਰੀਆਂ ਘੋੜੀਆਂ ਦਾ ਚੋਰ ਹੈ। ਫ਼ੌਜਦਾਰ ਨੇ ਬਘੇਲ ਸਿੰਘ 'ਤੇ ਹੱਲਾ ਕਰ ਦਿੱਤਾ। ਸਿੰਘ ਨੇ ਬਰਛਾ ਸੰਭਾਲਿਆ ਤੇ ਸੂਰਮਿਆਂ ਵਾਂਗ ਸ਼ਹੀਦ ਹੋਇਆ।

ਬੁੰਗੇ ਵਿਚ ਉਸ ਵੇਲੇ ਬਾਈ ਸਿੰਘ (ਲਖਮੀਰ ਸਿੰਘ ਘਰਿਆਲਾ, ਆਲੀ ਸਿੰਘ, ਗੁਰਬਖ਼ਸ਼ ਸਿੰਘ ਭੜਾਣਾ, ਭੀਮ ਸਿੰਘ, ਬਾਦਲ ਸਿੰਘ ਰੱਤੋਕੇ, ਮੇਘ ਸਿੰਘ ਮੱਦਰ, ਹਾਤਾ ਸਿੰਘ ਚੂੰਘ, ਬਲਾਕਾ ਸਿੰਘ, ਸਾਂਙਣਾ, ਜੋਧ ਸਿੰਘ ਨਾਰੋਵਾਲ, ਮਿਹਰ ਸਿੰਘ ਤੁੰਗ, ਵਸਾਵਾ ਸਿੰਘ, ਕੋਇਰ ਸਿੰਘ, ਸਮੁੰਦ ਸਿੰਘ ਤੇ ਝਾਬ ਸਿੰਘ ਮੁਲਤਾਨੀ, ਸੂਰਾ ਸਿੰਘ ਖਾਲੜਾ, ਭੰਗੜ ਸਿੰਘ, ਰਸਾਲ ਸਿੰਘ ਪਸ਼ੌਰੀ, ਅਮਰ ਸਿੰਘ ਭੂੱਸਾ, ਆਦਿ) ਸਨ। ਬੰਦੂਕਾਂ ਦੀ ਆਵਾਜ਼ ਸੁਣ ਕੇ ਸਾਰੇ ਮੈਦਾਨ ਵਿਚ ਆ ਡਟੇ। ਪਹਿਲੇ ਹੱਲੇ ਵਿਚ ਹੀ ਸ਼ਾਹੀ ਫ਼ੌਜ ਦਸ-ਕੁ ਆਦਮੀ ਮਰਵਾ ਕੇ ਤੇ ਕੁਝ ਫੱਟੜ ਕਰਵਾ ਕੇ ਪਿੱਛੇ ਨੱਸ ਉੱਠੀ। ਮਰਨ ਵਾਲਿਆਂ ਵਿਚ ਫ਼ੌਜਦਾਰ ਦਾ ਇਕ ਭਰਾ ਤੇ ਇਕ ਭਤੀਜਾ ਵੀ ਸਨ। 'ਵਾਂ' ਤੋਂ ਨੱਸ ਕੇ ਜਾਫ਼ਰ ਬੇਗ ਨੇ ਕੰਬੋਕੀ ਮਾੜੀ ਆ ਸਾਹ ਲਿਆ ਤੇ ਓਥੋਂ ਲੋਥਾਂ ਚੁੱਕ ਕੇ ਸਿੱਧਾ ਲਾਹੌਰ ਜ਼ਕਰੀਆ ਖ਼ਾਂ ਕੋਲ ਜਾ ਪਿੱਟਿਆ। ਸੂਬੇਦਾਰ ਨੇ ਮੋਮਨ ਖ਼ਾਂ ਨੂੰ ਫ਼ੌਜ ਲੈ ਕੇ ਚੜ੍ਹਾਈ ਕਰਨ ਦਾ ਹੁਕਮ ਦਿੱਤਾ। ਕੋਲੋਂ ਇਕ ਕਾਜ਼ੀ ਨੇ ਕਿਹਾ, 'ਸਿੰਘ ਜਿਉਂਦੇ ਫੜ ਕੇ ਲਿਆਓ, ਏਥੇ ਮਾਰਾਂਗੇ।' ਮੋਮਨ ਖ਼ਾਂ ਦੇ ਇਕ ਸਿਪਾਹੀ ਨੇ ਕਿਹਾ, 'ਕਾਜ਼ੀ ਸਾਹਿਬ ਨੂੰ ਨਾਲ ਲੈ ਚਲੋ।'* ਏਨੀ ਸੁਣਕੇ ਕਾਜ਼ੀ ਡਰਦਾ ਮਾਰਿਆ ਚੁੱਪ ਹੋ ਗਿਆ ਤੇ ਮੁੜਕੇ

---

੦ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ, ੪੯੫। ਭੰਗੂ, ਪੰਨਾ ੧੭੬ ਉੱਤੇ ੮੦ ਪੈਦਲ ਤੇ ੨੫ ਅਸਵਾਰ ਲਿਖਦਾ ਹੈ।

*ਭੰਗੂ ਪੰਨਾ ੧੭੯।

ਹੋਰ ਕੋਈ ਨਾ ਬੋਲਿਆ। ਮੋਮਨ ਖ਼ਾਂ ੨੨੦੦ ਸਵਾਰ, ੫ ਹਾਥੀ, ੪ ਰਹਿਕਲੇ ਤੇ ੪੦ ਜੰਬੂਰੇ ਲੈ ਕੇ ਤਾਰਾ ਸਿੰਘ ਨੂੰ ਫੜਨ ਵਾਸਤੇ ਚੜ੍ਹਿਆ। ਲਾਹੌਰ ਦੇ ਸਿੱਖਾਂ ਨੇ ਇਕ ਸਿੰਘ ਹੱਥੀਂ ਇਹ ਸਾਰੀ ਖ਼ਬਰ ਤਾਰਾ ਸਿੰਘ ਨੂੰ ਪੁਚਾ ਦਿੱਤੀ੦, ਤੇ ਨਾਲ ਹੀ ਬੇਨਤੀ ਕਰ ਘੱਲੀ, ਕਿ ਆਪ ਡੇਰਾ ਛੱਡ ਕੇ ਚਾਰ ਦਿਹਾੜੇ ਪਾਸੇ ਹੋ ਜਾਓ। ਭਾਈ ਤਾਰਾ ਸਿੰਘ ਜੀ ਨੇ ਸਾਰਿਆਂ ਨੂੰ ਸੁਨੇਹਾ ਸੁਣਾ ਦਿੱਤਾ ਤੇ ਨਾਲ ਹੀ ਆਪਣੀ ਰਾਏ ਵੀ ਦੱਸ ਦਿੱਤੀ, ਕਿ ਜੋ ਜਾਣਾ ਚਾਹਵੇ, ਉਹ ਬੜੀ ਖ਼ੁਸ਼ੀ ਨਾਲ ਜਾ ਸਕਦਾ ਹੈ, ਮਗਰ ਮੈਂ ਏਥੇ ਹੀ ਮੈਦਾਨ ਵਿਚ ਲੜ ਕੇ ਸ਼ਹੀਦ ਹੋਵਾਂਗਾ।

ਡੇਰੇ ਵਿਚਲੇ ਸਿੰਘਾਂ ਵਿਚੋਂ ਤਾਂ ਕਿਸੇ ਕੀ ਜਾਣਾ ਸੀ, ਸਗੋਂ ਇਹ ਖ਼ਬਰ ਸੁਣ ਕੇ ਤੀਹ-ਕੁ ਸਿੰਘ (ਜੋਗਾ ਸਿੰਘ, ਸੁੰਦਰ ਸਿੰਘ, ਗੱਜਾ ਸਿੰਘ, ਨਿਰੰਜਨ ਸਿੰਘ ਚਾਹਲ, ਕਿਹਰ ਸਿੰਘ ਹੇਰੂ, ਸ਼ੇਰ ਸਿੰਘ, ਸੂਬਾ ਸਿੰਘ, ਸੂਰਨ ਸਿੰਘ ਆਦਿ) ਹੋਰ ਆ ਗਏ। ਸਾਰੇ ਮੋਰਚਾਬੰਦੀ ਕਰਕੇ ਲੱਗੇ ਸ਼ਾਹੀ ਫ਼ੌਜ ਦੀ ਉਡੀਕ ਕਰਨ। ਅਜੇ ਸੂਰਜ ਨਹੀਂ ਸੀ ਚੜ੍ਹਿਆ, ਜਾਂ ਮੋਮਨ ਖ਼ਾਂ ਦੀਆਂ ਫ਼ੌਜਾਂ ਪਹੁੰਚ ਗਈਆਂ। ਵੈਰੀ ਮਾਰ ਹੇਠ ਆਏ, ਤਾਂ ਸਿੰਘਾਂ ਨੇ ਮੋਰਚਿਆਂ ਵਿਚੋਂ ਤੀਰ ਗੋਲੀਆਂ ਬਰਸਾਉਣੇ ਸ਼ੁਰੂ ਕਰ ਦਿੱਤੇ। ਦੋਹਾਂ ਪਾਸਿਆਂ ਤੋਂ ਅੰਧਾ ਧੁੰਦ ਅੱਗ ਵਰ੍ਹਨ ਲੱਗੀ। ਸਿੰਘਾਂ ਕੋਲੋਂ ਦਾਰੂ ਸਿੱਕਾ ਮੁਕ ਗਿਆ, ਤਾਂ ਉਹ ਤਲਵਾਰਾਂ ਤੇ ਬਰਛੇ ਫੜ ਕੇ ਬੁੰਗਿਓਂ ਬਾਹਰ ਨਿਕਲੇ। ਤਕੀ ਬੇਗ ਤੂਰਾਨੀ ਨੇ ਤਾਰਾ ਸਿੰਘ ਨੂੰ ਸਾਹਮਣੇ ਵੇਖ ਕੇ ਉਸ ਵੱਲ ਹਾਥੀ ਵਧਾਇਆ। ਬਰਾਬਰ ਦਾ ਜੋੜ ਵੇਖ ਕੇ ਸਿੰਘ ਨੇ ਵੀ ਓਸੇ ਵੱਲੇ ਘੋੜਾ ਛੇੜਿਆ। ਤਕੀ ਬੇਗ ਨੇ ਤੀਰ ਮਾਰਿਆ, ਜੋ ਤਾਰਾ ਸਿੰਘ ਦੇ ਦੁਮਾਲੇ (ਨਿਹੰਗ ਸਿੰਘਾਂ ਦੀ ਪੱਗ ਦਾ ਉਪਰਲਾ ਹਿੱਸਾ-ਫ਼ੱਰਰਾ) ਵਿਚ ਲੱਗਾ। ਅੱਗੋਂ ਵਾਰ ਬਚਾ ਕੇ ਤਾਰਾ ਸਿੰਘ ਨੇ ਬਰਛਾ ਉਲਾਰਿਆ। ਤਕੀ ਬੇਗ ਸੰਜੋਅ ਵਿਚ ਮੜ੍ਹਿਆ ਹੋਇਆ ਸੀ। ਸੋ ਸਿੰਘ ਸਾਹਿਬ ਨੇ ਉਸਦੇ ਮੂੰਹ ਵਿਚ ਬਰਛਾ ਮਾਰਿਆ। ਬੜਾ ਮਾਰੂ ਫੱਟ ਖਾ ਕੇ ਤਕੀ ਬੇਗ ਪਿਛਾਂਹ ਉਠ ਨੱਠਾ। ਮੋਮਨ ਖ਼ਾਂ ਨੇ ਤਕੀ ਬੇਗ ਦੇ ਮੂੰਹ ਵਿਚੋਂ ਲਹੂ ਵਗਦਾ ਵੇਖ ਕੇ ਠੱਠੇ ਨਾਲ ਪੁਛਿਆ, "ਸਗੋਂ ਪਾਨ ਖਾ ਰਹੇ ਹੋ?" ਤਕੀ ਬੇਗ ਨੇ ਓਸੇ ਬੋਲੀ ਵਿਚ ਉੱਤਰ ਦਿੱਤਾ, "ਤਾਰਾ ਸਿੰਘ ਬੀੜੇ ਵੰਡ ਰਿਹਾ ਹੈ, ਜ਼ਰਾ ਆਪ ਵੀ ਅੱਗੇ ਹੋ ਕੇ ਲੈ ਲਵੋ।" ਏਸ ਫੱਟ ਨਾਲ ਕੁਛ ਚਿਰ ਪਿਛੋਂ ਤਕੀ ਬੇਗ ਮਰ ਗਿਆ। ਫਿਰ ਮੋਮਨ ਖ਼ਾਂ ਦਾ ਭਤੀਜਾ ਮੁਰੀਦ ਖ਼ਾਂ ਅੱਗੇ

---

੦ਭੰਗੂ, ਪੰਨਾ ੧੭੯। ਪੰਥ ਪ੍ਰਕਾਸ਼, ਪੰਨਾ ੪੯੩।

ਵਧਿਆ। ਭੀਮ ਸਿੰਘ ਨੇ ਬਰਛੇ ਨਾਲ ਉਸਦਾ ਮਹਾਵਤ ਮਾਰ ਦਿੱਤਾ ਤੇ ਕੰਨੋਂ ਫੜਕੇ ਹਾਥੀ ਬਹਾ ਲਿਆ। ਨੇੜੇ ਹੀ ਲਖਮੀਰ ਸਿੰਘ ਖਲਾ ਸੀ। ਉਹ ਛਾਲ ਮਾਰ ਕੇ ਹਾਥੀ 'ਤੇ ਚੜ੍ਹ ਗਿਆ ਤੇ ਤਲਵਾਰ ਨਾਲ ਮੁਰੀਦ ਖ਼ਾਂ ਦਾ ਸਿਰ ਵਢ ਲਿਆ। ਫਿਰ ਸ਼ਾਹੀ ਫ਼ੌਜ ਦੇ ਅਫ਼ਸਰ ਦਯਾ ਰਾਮ ਤੇ ਮਨਸਾ ਰਾਮ ਪੂਰਬੀਏ ਅੱਗੇ ਵਧੇ, ਜੋ ਅਮਰ ਸਿੰਘ ਹੱਥੋਂ ਮਾਰੇ ਗਏ। ਹੁਣ ਲੜਾਈ ਅੰਤ ਦੇ ਨੇੜੇ ਪਹੁੰਚ ਚੁੱਕੀ ਸੀ। ਭਾਈ ਤਾਰਾ ਸਿੰਘ ਜੀ ਸਰੀਰ 'ਤੇ ਅਨੇਕਾਂ ਫੱਟ ਖਾ ਕੇ ਤੇ ਕੇਈਆਂ ਨੂੰ ਤਲਵਾਰ ਦੀ ਧਾਰ ਲੰਘਾ ਕੇ ਸ਼ਹੀਦ ਹੋ ਗਏ। ਸ਼ਾਹੀ ਫ਼ੌਜ ਦੇ ਤਿੰਨ ਕੁ ਸੌ ਬੰਦੇ ਮਰੇ ਤੇ ਕੁਛ ਫੱਟੜ ਹੋਏ੦। ੨੨ ਸਿੰਘ ਭਾਈ ਤਾਰਾ ਸਿੰਘ ਜੀ ਨਾਲ ਸ਼ਹੀਦ ਹੋਏ()। ਲੜਾਈ ਮੁੱਕੀ, ਤਾਂ ਮੋਮਨ ਖ਼ਾਂ ਫ਼ਤਿਹ ਦੇ ਵਾਜੇ ਵਜਾਉਂਦਾ ਹੋਇਆ ਲਾਹੌਰ ਨੂੰ ਮੁੜਿਆ। ਇਹ ਸਾਕਾ ਫੱਗਣ, ੧੭੮੨ ਬਿ: (੧੭੨੬ ਈ:) ਨੂੰ ਹੋਇਆ।

ਸਿੱਖਾਂ ਵਿਚ ਤਾਰਾ ਸਿੰਘ ਜੀ ਬੜੀ ਪੂਜਨੀਕ ਹਸਤੀ ਸੀ। ਉਸਦੀ ਸ਼ਹੀਦੀ ਦੀ ਖ਼ਬਰ ਸੁਣ ਕੇ ਖ਼ਾਲਸਾ ਭੜਕ ਉਠਿਆ ਤੇ ਹਜ਼ਾਰਾਂ ਸਿੰਘ ਗੁਰਮਤਾ ਕਰਨ ਵਾਸਤੇ ਅੰਮ੍ਰਿਤਸਰ ਕੱਠੇ ਆ ਹੋਏ। ਸਾਰਿਆਂ ਫ਼ੈਸਲਾ ਕੀਤਾ, ਕਿ ਦੇਸ ਵਿਚ ਲੁੱਟਮਾਰ ਜ਼ੋਰਾਂ 'ਤੇ ਕੀਤੀ ਜਾਵੇ ਤੇ ਖ਼ਾਸ ਕਰਕੇ ਸ਼ਾਹੀ ਖ਼ਜ਼ਾਨੇ ਉੱਤੇ ਹੱਥ ਮਾਰਿਆ ਜਾਵੇ। ਅੱਡੋ ਅੱਡ ਜੱਥੇ ਬਣਾ ਕੇ ਸਿੰਘ ਚੁਫੇਰੇ ਇਲਾਕੇ ਵਿਚ ਖਿਲਰ ਗਏ। ਓਧਰ ਸੂਬੇਦਾਰ ਵੱਲੋਂ ਵੀ ਥਾਂ-ਥਾਂ ਗਸ਼ਤੀ ਫ਼ੌਜ ਫਿਰ ਰਹੀ ਸੀ।

**ਸਿੰਘਾਂ ਨੇ ਸ਼ਾਹੀ ਖ਼ਜ਼ਾਨਾ ਲੁੱਟਿਆ**

ਮੁਲਤਾਨ ਤੋਂ ਸ਼ਾਹੀ ਖ਼ਜ਼ਾਨਾ ਦਿੱਲੀ ਨੂੰ ਜਾ ਰਿਹਾ ਸੀ। ਸਿੰਘਾਂ ਨੂੰ ਪਤਾ ਲੱਗਾ, ਤਾਂ ਉਹਨਾਂ ਖੁੱਡੀਆਂ (ਜ਼ਿਲ੍ਹਾ ਲਾਹੌਰ) ਕੋਲ ਘੇਰ ਲਿਆ। ਸ਼ਾਹੀ ਰਾਖੇ ਕੁਛ ਮਾਰੇ ਗਏ ਤੇ ਕੁਛ ਨੱਸ ਗਏ। ਚਾਰ ਲੱਖ ਦੇ ਕਰੀਬ ਖ਼ਜ਼ਾਨਾ ਸਿੰਘਾਂ ਦੇ ਹੱਥ ਆਇਆ, ਜਿਸ ਵਿੱਚੋਂ ਕੁਛ ਤਾਂ ਗੁਰੂ ਕੇ ਲੰਗਰ ਵਾਸਤੇ ਅੰਮ੍ਰਿਤਸਰ ਭਾਈ ਮਨੀ ਸਿੰਘ ਜੀ ਕੋਲ ਪੁਚਾ ਦਿੱਤਾ ਤੇ ਬਾਕੀ ਸਿੰਘਾਂ ਵਿੱਚ ਵੰਡ ਦਿੱਤਾ ਗਿਆ। ਚਵਿੰਡੇ ਦੇ ਸਿੰਘਾਂ ਨੇ ਲਾਹੌਰ ਨੂੰ ਜਾਂਦਾ ਖ਼ਜ਼ਾਨਾ ਲੁੱਟ ਲਿਆ। ਕਸੂਰੋਂ ਲਾਹੌਰ ਨੂੰ ਜਾਂਦਾ ਹੋਇਆ ਖ਼ਜ਼ਾਨਾ ਦਰਬਾਰਾ ਸਿੰਘ, ਫ਼ਤਹਿ ਸਿੰਘ, ਖੜਕ ਸਿੰਘ ਆਦਿ ਨੇ ਪਿੰਡ ਕਾਹਨੇ ਕੋਲ ਲੁੱਟ ਲਿਆ।

---

੦ਪੰਥ ਪ੍ਰਕਾਸ਼, ਪੰਨਾ ੪੯੫।

()ਭੰਗੂ, ਪੰਨਾ ੧੯੫।

ਘੋੜੇ ਖੋਹੇ

ਸ਼ਾਹੀ ਸੌਦਾਗਰ ਮੁਰਤਜ਼ਾ ਖ਼ਾਂ ਦਿੱਲੀ ਨੂੰ ਘੋੜੇ ਲਈ ਜਾ ਰਿਹਾ ਸੀ, ਜੋ ਸਿੱਖਾਂ ਨੇ ਜੰਡਿਆਲੇ ਕੋਲ ਖੋਹ ਲਏ। ਸ਼ਾਹ ਮੁਹੰਮਦ ਦਾ ਸਾਲਾ, ਨਵਾਬ ਜਾਫ਼ਰ ਖ਼ਾਂ ਦਸ ਹਜ਼ਾਰੀ

ਜਾਫ਼ਰ ਖ਼ਾਂ ਨੂੰ ਲੁੱਟਿਆ

ਸਣੇ ਪਰਵਾਰ ਦਿੱਲੀ ਨੂੰ ਜਾ ਰਿਹਾ ਸੀ, ਜੋ ਬਾਘ ਸਿੰਘ, ਬੁੱਢਾ ਸਿੰਘ ਨੇ ਗੋਇੰਦਵਾਲ ਦੇ ਪੱਤਣ 'ਤੇ ਲੁੱਟ ਲਿਆ। ਸ੍ਰੀ ਹਰਿਗੋਬਿੰਦ

ਹਿੰਦੂ ਨਾ ਲੁੱਟਿਆ ਮਾਲ ਵਾਪਸ ਕੀਤਾ

ਪੁਰੇ ਕੋਲ ਇਕ ਸੁਦਾਗਰ ਦਾ ਮਾਲ ਸਿੰਘਾਂ ਲੁੱਟ ਲਿਆ। ਪਿਛੋਂ ਪਤਾ ਲੱਗਾ, ਕਿ ਉਹ ਸੁਦਾਗਰ—ਪਰਤਾਪ ਚੰਦ—ਸਿਆਲਕੋਟ ਦਾ ਹਿੰਦੂ ਸੀ। ਸਿੰਘਾਂ ਨੇ ਉਸਦਾ ਮਾਲ ਵਾਪਸ ਕਰ ਦਿੱਤਾ○। ੧੭੨੬ ਈ. ਵਿਚ ਅਜਿਹੀਆਂ ਕਈ ਵਾਰਦਾਤਾਂ ਹੋਈਆਂ। ਖ਼ਾਨ ਬਹਾਦਰ ਜ਼ਕਰੀਆਂ ਖ਼ਾਂ ਨੇ ਗਸ਼ਤੀ ਫ਼ੌਜ ਵਧਾ ਦਿੱਤੀ ਤੇ ਨਾਲ ਹੀ ਹੁਕਮ ਜ਼ਰਾ ਸਖ਼ਤ ਕਰ ਦਿੱਤੇ। ਸੋ ਥਾਂ-ਥਾਂ ਸਿੰਘਾਂ ਨਾਲ ਫ਼ੌਜ ਦੀ ਮੁਠਭੇੜ ਹੋਣ ਲੱਗੀ।

ਚਵਿੰਡੇ ਵਿਚ ਸਿੰਘਣੀਆਂ ਦੀ ਗਸ਼ਤੀ ਫ਼ੌਜ ਨਾਲ ਟੱਕਰ

ਚਵਿੰਡੇ ਦੇ ਜਥੇਦਾਰ ਬਹਾਦਰ ਸਿੰਘ ਦੇ ਪੁੱਤਰ ਦਾ ਵਿਆਹ ਸੀ। ਉਹ ਜੰਞ ਚੜ੍ਹ ਗਏ, ਤਾਂ ਮਗਰੋਂ ਗਸ਼ਤੀ ਫ਼ੌਜ ਦਾ ਇਕ ਦਸਤਾ ਆ ਪਿਆ। ਘਰ ਵਿਚ ਉਸ ਵੇਲੇ ਸਿੰਘਣੀਆਂ ਹੀ ਸਨ। ਉਹਨਾਂ ਅਜੇਹੀ ਦਲੇਰੀ ਨਾਲ ਟਾਕਰਾ ਕੀਤਾ, ਕਿ ਅੰਤ ਫ਼ੌਜ ਨੂੰ ਕੰਡ ਵਿਖਾ ਕੇ ਭੱਜਣਾ ਪਿਆ। ਇਹ ਘਟਨਾ ਹਾੜ੍ਹ, ੧੭੮੩ ਬਿ. (੧੭੨੬ ਈ.) ਨੂੰ ਹੋਈ।

ਰਾਮੇ ਰੰਧਾਵੇ ਨੇ ਸਿੰਘ ਮਾਰੇ

ਪਹਾੜਾਂ ਵੱਲੋਂ ਅੰਮ੍ਰਿਤਸਰ ਨੂੰ ਆਉਂਦੇ ਹੋਏ ਵੀਹ-ਕੁ ਸਿੰਘ ਪਿੰਡ ਘਣੀਏਂ ਰੰਧਾਵਿਆਂ ਦੇ ਆ ਉੱਤਰੇ। ਚੌਧਰੀ ਰਾਮਾ ਰੰਧਾਵਾ ਫ਼ੌਜ ਚੜ੍ਹਾ ਕੇ ਲੈ ਆਇਆ। ਟਾਕਰੇ ਵਿਚ ਕਈਆਂ ਨੂੰ ਮਾਰ ਕੇ ਵੀਹ ਸਿੰਘ ਸ਼ਹੀਦ ਹੋ ਗਏ। ਉਹਨਾਂ ਦੇ ਸਿਰ ਲਾਹੌਰ ਪੁਚਾ ਕੇ ਰਾਮੇ ਨੇ ਇਨਾਮ ਲੈ ਲਿਆ।

ਖ਼ਾਨ ਬਹਾਦਰ ਦਾ ਇਸ਼ਤਿਹਾਰ

ਜ਼ਕਰੀਆ ਖ਼ਾਂ ਨੇ ਸਾਰੇ ਸੂਬੇ ਵਿਚ ਇਕ ਆਮ ਇਸ਼ਤਿਹਾਰ ਜਾਰੀ ਕੀਤਾ, 'ਜੋ ਕਿਸੇ ਸਿੱਖ ਦੀ ਦੱਸ ਪਾਵੇ, ਉਸਨੂੰ ਦਸ ਰੁਪੈ ਇਨਾਮ,

---

○ਪੰਥ ਪ੍ਰਕਾਸ਼, ਪੰਨਾ ੫੦੬।

ਜੋ ਪਕੜਾਵੇ, ਉਸਨੂੰ ਪੰਝੀ ਰੁਪੈ ਤੇ ਜੋ ਸਿਰ ਪੇਸ਼ ਕਰੇ, ਉਸਨੂੰ ਸੌ ਰੁਪਇਆ ਇਨਾਮ ਮਿਲੇਗਾ०। ਵਧੇਰੇ ਸੇਵਾ ਕਰਨ ਵਾਲੇ ਨੂੰ ਜਾਗੀਰ ਵੀ ਦਿੱਤੀ ਜਾਵੇਗੀ। ਇਸਦਾ ਨਤੀਜਾ ਇਹ ਹੋਇਆ, ਕਿ ਫ਼ੌਜਾਂ ਦੇ ਨਾਲ ਪਿੰਡਾਂ ਦੇ ਚੌਧਰੀ ਤੇ ਵਾਹਰਾਂ ਸਿੰਘਾਂ ਦੀ ਭਾਲ ਵਿਚ ਫਿਰਨ ਲੱਗ ਪਈਆਂ। ਅੱਗੇ-ਅੱਗੇ ਸਿੰਘ ਤੇ ਮਗਰ-ਮਗਰ ਫ਼ੌਜਾਂ, ਸਾਰਾ ਦੇਸ ਉੱਜੜ ਗਿਆ, ਕੁਝ ਸਿੰਘਾਂ ਲੁੱਟ ਲਿਆ ਤੇ ਰਹਿੰਦੀ ਸ਼ਾਹੀ ਫ਼ੌਜਾਂ ਨੇ()। ਲੋਕ ਵਗਾਰ ਵਿਚ ਫੜੇ ਗਏ, ਫ਼ਸਲ ਸਿੱਖਾਂ ਲੁੱਟ ਲਈ ਤੇ ਭੇਡ ਬੱਕਰੀ ਜੋ ਹੱਥ ਲੱਗੀ, ਉਹ ਫ਼ੌਜਾਂ ਨੇ ਸਮੇਟ ਲਈ। ਲੋਕਾਂ ਕੋਲ ਸਰਕਾਰੀ ਮਾਮਲਾ ਤਾਰਨ ਜੋਗਾ ਵੀ ਨਾ ਰਿਹਾ।

**ਦਿੱਲੀ ਦੀ ਫ਼ੌਜ ਲਾਹੌਰ ਵਿਚ ਖ਼ਰਾਜ ਲੈਣ ਵਾਸਤੇ**

ਲਾਹੌਰੋਂ ਤਿੰਨ ਸਾਲ ਦਾ ਖ਼ਰਾਜ ਦਿੱਲੀ ਨਹੀਂ ਸੀ ਗਿਆ। ਬਾਦਸ਼ਾਹ ਨੇ ਹੈਬਤ ਖ਼ਾਂ ਤੇ ਸਲਾਬਤ ਖ਼ਾਂ ਨੂੰ ਦੋ ਹਜ਼ਾਰ ਰੁਹੇਲਾ ਫ਼ੌਜ ਦੇ ਕੇ ਖ਼ਰਾਜ ਵਸੂਲ ਕਰਨ ਵਾਸਤੇ ਭੇਜਿਆ। ਉਹਨਾਂ ਲਾਹੌਰ ਆ ਡੇਰੇ ਲਾਏ ਤੇ ਜ਼ਕਰੀਆ ਖ਼ਾਂ ਕੋਲੋਂ ਕਰੋੜਾਂ ਰੁਪੈ ਖ਼ਰਾਜ ਮੰਗਿਆ, ਨਾਲ ਆਪਣੇ ਖ਼ਰਚ ਵਾਸਤੇ ਪੰਜ ਹਜ਼ਾਰ ਰੋਜ਼ਾਨਾ। ਜ਼ਕਰੀਆ ਖ਼ਾਂ ਦੇ ਖ਼ਜ਼ਾਨੇ ਵਿਚ ਤਾਂ ਕੁਛ ਨਹੀਂ ਸੀ, ਸੋ ਉਹਨੇ ਇਲਾਕੇ ਦੇ ਚੌਧਰੀ ਫੜ ਮੰਗਵਾਏ। ਜਿੰਨ੍ਹਾਂ ਨੇ ਸਿੱਖਾਂ ਨੂੰ ਫੜਾ ਫੜਾ ਕੇ ਇਨਾਮ ਲਏ ਸਨ, ਹੁਣ ਉਹਨਾਂ ਨੂੰ ਸਭ ਹਿਸਾਬ ਦੇਣੇ ਆਏ। ਸੂਬੇ ਨੇ ਬੜੀ ਬੇ-ਇੱਜ਼ਤੀ ਕਰਕੇ ਚੌਧਰੀਆਂ ਕੋਲੋਂ ਪੈਸੇ ਕੱਠੇ ਕੀਤੇ। ਦਸ ਹਜ਼ਾਰ ਤਾਂ ਰੁਹੇਲੇ ਸਰਦਾਰਾਂ ਨੂੰ ਵੱਢੀ ਦਿੱਤੀ ਤੇ ਬਾਕੀ ਵੀਹ ਲੱਖ ਦੇ ਲਗਭਗ ੬੦ ਗੱਡਿਆਂ ਉਤੇ ਲੱਦ ਕੇ ਤੋਰ ਦਿੱਤਾ। ਇਹ ਰੁਪਇਆ ਰੁਹੇਲਿਆਂ ਸਾਮ੍ਹਣੇ ਗਿਣ ਕੇ ਨਹੀਂ ਲੱਦਿਆ ਸੀ। ਉਹਨਾਂ ਨੂੰ ਦੱਸਿਆ ਗਿਆ, ਕਿ ਸਾਰਾ ਬਕਾਇਆ ਖ਼ਰਾਜ (ਜੋ ਕਈ ਕਰੋੜ ਬਣਦਾ ਸੀ) ਦੇ ਦਿੱਤਾ ਹੈ। ਫਿਰ ਜ਼ਕਰੀਆ ਖ਼ਾਂ ਸੋਚਣ ਲੱਗਾ, ਕਿ ਇਹ ਪੜਦਾ ਕਿਵੇਂ ਰਹੇ ? ਔਖੀ ਵੇਲੇ

**ਖ਼ਾਨ ਬਹਾਦਰ ਦੇ ਇਸ਼ਾਰੇ 'ਤੇ**

ਉਹਨੂੰ ਚੰਗੀ ਸੁਝੀ। ਸ. ਸਬੇਗ ਸਿੰਘ ਜੰਬਰ ਲਾਹੌਰ ਰਿਹਾ ਕਰਦਾ ਸੀ, ਤੇ ਸਰਕਾਰੀ ਪਿੰਡ ਠੇਕੇ (ਇਜਾਰੇ) 'ਤੇ ਲਿਆ ਕਰਦਾ ਸੀ। ਉਸਨੂੰ

---

०ਸ਼ਮਸ਼ੇਰ ਖ਼ਾਲਸਾ, (ਉਰਦੂ) ਪੰਨਾ ੪੧। ਕਨਿੰਘਮ, ੮੯। ਮੈਕਗ੍ਰੇਗਰ ੧੧੩। ਮੈਲਕਮ, ੮੫।

()ਪੰਥ ਪ੍ਰਕਾਸ਼, ਪੰਨਾ ੫੦੪।

ਸਿੰਘਾਂ ਖ਼ਜ਼ਾਨਾ ਲੁੱਟ ਲਿਆ

ਬੁਲਾ ਕੇ ਜ਼ਕਰੀਆ ਖ਼ਾਂ ਨੇ ਕਿਹਾ, ਕਿ ਸਿੰਘਾਂ ਨੂੰ ਕਹੋ, ਇਹ ਖ਼ਜ਼ਾਨਾ ਦਿੱਲੀ ਨਾ ਜਾਵੇ੦, ਸਾਡੀ ਫ਼ੌਜ ਟਾਕਰਾ ਨਹੀਂ ਕਰੇਗੀ। ਰੁਹੇਲੇ ਖ਼ਜ਼ਾਨਾ ਲੈ ਕੇ ਬਿਆਸ ਕੰਢੇ ਪਹੁੰਚੇ, ਤਾਂ ਅੱਠ ਹਜ਼ਾਰ ਸਿੰਘ ਅਚਨਚੇਤ ਜਾ ਪਏ। ਲਾਹੌਰੀ ਫ਼ੌਜ ਖ਼ਾਲਸੇ ਨੂੰ ਵਿਹੰਦੇ ਸਾਰ ਭੱਜ ਗਈ। ਰੁਹੇਲਿਆਂ ਕੁਛ ਟਾਕਰਾ ਕੀਤਾ, ਪਰ ਸਿੰਘਾਂ ਦੀ ਤੇਗ਼ ਸਾਮ੍ਹਣੇ ਬਹੁਤਾ ਚਿਰ ਖਲੋ ਨਾ ਸੱਕੇ। ਸਿੰਘ ਖ਼ਜ਼ਾਨਾ ਲੁੱਟ ਕੇ ਜੰਗਲ ਵਿਚ ਜਾ ਵੜੇ ਤੇ ਰੁਹੇਲੇ ਸਰਦਾਰ ਰੋਂਦੇ ਧੋਂਦੇ ਲਾਹੌਰ। ਇਹ ਘਟਨਾ ੧੭੩੦ ਈ. ਦੀ ਹੈ।

ਜ਼ਕਰੀਆਂ ਖ਼ਾਂ ਨੇ ਬਾਦਸ਼ਾਹ ਨੂੰ ਲਿਖਿਆ, ਕਿ ਮੈਂ ਸਾਰਾ ਬਕਾਇਆ—ਕਰੋੜਾਂ ਰੁਪੈ—ਭਾਰ ਦਿੱਤਾ ਸੀ, ਪਰ ਸਿੰਘਾਂ ਨੇ ਲੁੱਟ ਲਿਆ ਹੈ, ਸੋ ਮਦਦ ਵਾਸਤੇ ਫ਼ੌਜ ਭੇਜੋ। ਗੁੱਸਾ ਖਾ ਕੇ ਬਾਦਸ਼ਾਹ ਨੇ ਨਜੀਬ ਖਾਂ, ਸਫ਼ਦਰ ਖ਼ਾਂ,

ਦਿੱਲੀ ਤੋਂ ਫ਼ੌਜ ਪੰਜਾਬ ਆਈ

ਜ਼ਫ਼ਰ ਖ਼ਾਂ ਆਦਿ ਨੂੰ ੨੦ ਹਜ਼ਾਰ ਫ਼ੌਜ ਦੇ ਕੇ ਭੇਜਿਆ। ਫ਼ੌਜ ਦੇ ਅਪੜਨ ਤੋਂ ਪਹਿਲਾਂ ਹੀ ਸਿੱਖ ਕੁਛ ਪਹਾੜਾਂ ਵਿਚ ਲੁਕ ਗਏ ਤੇ ਕੁਛ ਬੀਕਾਨੇਰ ਜਾ ਵੜੇ। ਸ਼ਾਹੀ ਫ਼ੌਜ ਨੇ ਹਿੰਦੂਆਂ ਤੇ ਕਿਰਤੀ ਸਿੱਖਾਂ ਉੱਤੇ ਸਾਰਾ ਗੁੱਸਾ ਕੱਢਿਆ, ਤੇ ਉੱਜੜੇ ਹੋਏ ਦੇਸ ਨੂੰ ਹੋਰ ਤਬਾਹ ਕੀਤਾ। ਸ਼ਾਹੀ ਫ਼ੌਜ ਦਿੱਲੀ ਨੂੰ ਵਾਪਸ ਮੁੜੀ, ਤਾਂ ੧੭੩੧ ਵਿਚ ਸਿੰਘ ਪੰਜਾਬ ਵਿਚ ਫੇਰ ਆ

ਸਿੰਘਾਂ ਨੇ ਬਦਲੇ ਲਏ

ਪਰਗਟ ਹੋਏ। ਇਸ ਵਾਰੀ ਪਹਿਲਾਂ ਨਾਲੋਂ ਉਹ ਵਧੇਰੇ ਕਰੜੇ ਹੱਥੀਂ ਮਾਰ ਧਾੜ ਕਰਨ ਲੱਗੇ। ਇਲਾਕੇ ਦੇ ਚੁਗ਼ਲ ਚੌਧਰੀਆਂ ਨੂੰ ਚੰਗੀ ਤਰ੍ਹਾਂ ਸੋਧਿਆ ਤੇ ਜੋ ਹਿੰਦੂ ਧੱਕੇ ਨਾਲ ਮੁਸਲਮਾਨ ਕੀਤੇ ਗਏ ਸੀ, ਉਹਨਾਂ ਨੂੰ ਸਿੰਘ ਸਜਾਇਆ। ਏਸ ਸਮੇਂ ਬਹੁਤ ਸਾਰੇ ਨਵੇਂ ਸਿੰਘ ਸਜ ਕੇ ਪੰਥ ਵਿਚ ਰਲੇ। ਸਿੰਘਾਂ ਨੇ ਸਾਰੇ ਇਲਾਕੇ ਵਿਚ ਉਹ ਤਰਥੱਲੀ ਮਚਾਈ, ਕਿ ਸਭ ਕੋਲੋਂ ਗਿਣ ਗਿਣਕੇ ਬਦਲੇ ਲਏ। ਜ਼ਕਰੀਆ ਖ਼ਾਂ ਨੇ ਫਿਰ ਸਿੰਘਾਂ ਨੂੰ ਦਬਾਉਣ ਦਾ ਬੜਾ ਯਤਨ ਕੀਤਾ, ਪਰ ਸਾਰਾ ਤਾਣ ਲਾ ਕੇ ਵੀ ਉਹ ਇਸ ਵਾਰ ਸਫਲ ਨਾ ਹੋਇਆ। ਸਿੰਘਾਂ ਦੀ ਗਿਣਤੀ ਤੇ ਹੌਸਲੇ ਦੋਵੇਂ ਚੀਜ਼ਾਂ ਵਧ ਗਈਆਂ। ਕਈ ਵਾਰ ਉਹ ਲਾਹੌਰ ਦੇ ਬਜ਼ਾਰਾਂ ਤਕ ਲੁੱਟ ਮਾਰ ਕਰ ਜਾਂਦੇ()।

---

੦ਪੰਥ ਪ੍ਰਕਾਸ਼, ਪੰਨਾ ੫੦੮।

()ਨਾਰੰਗ, ਪੰਨਾ ੨੪੪। ਸ਼ਮਸ਼ੇਰ ਖ਼ਾਲਸਾ (ਉਰਦੂ) ਪੰਨਾ ੪੩।

ਖ਼ਾਨ ਬਹਾਦਰ ਦੀ ਬਾਦਸ਼ਾਹ ਨਾਲ ਸਲਾਹ

ਖ਼ਾਨ ਬਹਾਦਰ ਜ਼ਕਰੀਆਂ ਖ਼ਾਂ ਜ਼ੋਰ ਨਾਲ ਸਿੰਘਾਂ ਨੂੰ ਨਾ ਦਬੱਾ ਸਕਿਆ, ਤਾਂ ਉਹਨੇ ਨੀਤੀ ਦੀ ਹੋਰ ਚਾਲ ਚੱਲੀ। ਉਹਨੇ ਬਾਦਸ਼ਾਹ ਨੂੰ ਵੇਰਵੇ ਨਾਲ ਲਿਖਿਆ, 'ਸਖ਼ਤੀ ਨਾਲ ਨਹੀਂ, ਤਾਂ ਨੀਤੀ ਨਾਲ ਸਿੰਘਾਂ ਨੂੰ ਵੱਸ ਕਰਨਾ ਚਾਹੀਦਾ ਹੈ। ਜੇ ਸਿੱਖਾਂ ਨੂੰ ਜਾਗੀਰ ਦੇ ਦਿੱਤੀ ਜਾਵੇ, ਤਾਂ ਇਹ ਲੁੱਟ ਮਾਰ ਕਰਨੀ ਛੱਡ ਦੇਣਗੇ। ਇਸ ਤੋਂ ਬਿਨਾਂ ਇਹ ਮੁਲਕ ਵੱਸਣ ਨਹੀਂ ਦੇਣਗੇ।'

ਮੁਹੰਮਦ ਸ਼ਾਹ

ਬਾਦਸ਼ਾਹ ਮੁਹੰਮਦ ਸ਼ਾਹ ਬੜਾ ਕਮਜ਼ੋਰ ਸੀ। ਸੱਤ ਸਾਲ ਨਜ਼ਰਬੰਦ ਰਹਿਣ ਕਰਕੇ ਉਹ ਉੱਚੀ ਵਿੱਦਿਆ ਨਹੀਂ ਸੀ ਪਾ ਸਕਿਆ। ਉਹ ਅਫ਼ੀਮ ਖਾਂਦਾ ਸੀ, ਤੇ ਹਰ ਵੇਲੇ ਮਹਿਲਾਂ ਵਿਚ ਹੀ ਵੜਿਆ ਰਹਿੰਦਾ ਸੀ। ਸੱਚੀ ਗੱਲ ਤਾਂ ਇਹ ਹੈ, ਕਿ ਉਹ ਬਾਦਸ਼ਾਹੀ ਦੇ ਲਾਇਕ ਹੀ ਨਹੀਂ ਸੀ°। ਜ਼ਕਰੀਆ ਖ਼ਾਂ ਦੀ ਚਿੱਠੀ ਪੜ੍ਹ ਕੇ ਬਾਦਸ਼ਾਹ ਨੇ ਆਪਣੇ ਅਮੀਰਾਂ ਤੋਂ ਸਿੰਘਾਂ ਬਾਰੇ ਪੁੱਛਿਆ। ਜੇਹੋ ਜੇਹਾ ਬਾਦਸ਼ਾਹ, ਓਹੋ ਜੇਹੇ ਉਸਦੇ ਸਲਾਹਕਾਰ। ਸਾਰਿਆਂ ਦੀ ਇਹ ਸਲਾਹ ਪੱਕੀ ਹੋਈ, ਕਿ ਭੰਡਾਂ ਕੋਲੋਂ ਸਿੰਘਾਂ ਦੀ ਨਕਲ ਕਰਾ ਕੇ ਵੇਖੀ ਜਾਵੇ। ਭੰਡਾਂ ਨੇ ਬੜੀ ਢੁੱਕਵੀਂ ਨਕਲ ਕੀਤੀ, ਜਿਸਦਾ ਬਾਦਸ਼ਾਹ ਦੇ ਦਿਲ 'ਤੇ ਬੜਾ ਅਸਰ ਹੋਇਆ। ਉਸ ਨੇ ਖ਼ਾਨ ਬਹਾਦਰ ਨੂੰ ਸਿੰਘਾਂ ਨੂੰ ਜਾਗੀਰ ਦੇਣ ਦੀ ਆਗਿਆ ਲਿਖ ਭੇਜੀ।

ਸਿੱਖਾਂ ਦੀ ਨਕਲ

ਪੰਥ ਨੂੰ ਜਾਗੀਰ ਤੇ ਨਵਾਬੀ

੧੭੯੦ ਬਿ. (੧੭੩੩ ਈ.) ਦੀ ਵਿਸਾਖੀ ਮਨਾਉਣ ਵਾਸਤੇ ਸਾਰੇ ਸਿੰਘ, ਅੰਮ੍ਰਿਤਸਰ ਕੱਠੇ ਹੋਏ। ਉਸ ਵੇਲੇ ਪੰਥ ਵਿਚ ਨਾਮਵਰ ਸਿੰਘ ਇਹ ਸਨ : ਦਰਬਾਰਾ ਸਿੰਘ, ਕਪੂਰ ਸਿੰਘ, ਹਰੀ ਸਿੰਘ ਹਜ਼ੂਰੀ, ਦੀਪ ਸਿੰਘ ਸ਼ਹੀਦ, ਜੱਸਾ ਸਿੰਘ ਰਾਮਗੜ੍ਹੀਆ, ਕਰਮ ਸਿੰਘ, ਬੁੱਢਾ ਸਿੰਘ ਸ਼ੁਕਰਚੱਕੀਆ, ਗਰਜਾ ਸਿੰਘ ਆਦਿ। ਜ਼ਕਰੀਆ ਖ਼ਾਂ ਖ਼ਾਨ ਬਹਾਦਰ ਦਾ ਭੇਜਿਆ ਹੋਇਆ ਸ. ਸਬੇਗ ਸਿੰਘ ਜੰਬਰ, ਅੰਮ੍ਰਿਤਸਰ ਦੀਵਾਨ ਵਿਚ ਹਾਜ਼ਰ ਹੋਇਆ। ਸੂਬੇਦਾਰ ਦੇ ਭੇਜੇ ਹੋਏ ਪੰਜ ਹਜ਼ਾਰ ਦਮੜੇ ਉਹਨੇ ਦੇਗ

---

°Fall of the Mughal Empire. Vol. I. by Jadunath Sarkar. Kt. C. I.E. (1932) ਜਾਦੂ ਨਾਥ ਸਰਕਾਰ, ਪੰਨੇ ੬-੭।

ਵਾਸਤੇ ਪੰਥ ਦੀ ਭੇਟਾ ਕੀਤੇ ਤੇ ਬੇਨਤੀ ਕੀਤੀ, "ਲਾਹੌਰ ਸਰਕਾਰ ਪੰਥ ਨਾਲ ਸੁਲ੍ਹਾ ਕਰਨਾ ਚਾਹੁੰਦੀ ਹੈ। ਪੰਥ ਵਾਸਤੇ ਇਕ ਲੱਖ ਸਾਲ ਦੀ ਜਾਗੀਰ ਤੇ 'ਨਵਾਬੀ' ਦਾ ਖ਼ਿਤਾਬ ਭੇਜਿਆ ਹੈ()। ਪੰਥ ਕਿਰਪਾ ਕਰਕੇ ਪਰਵਾਨ ਕਰੇ।" ਉਸ ਵੇਲੇ ਦੀਵਾਨ ਦਾ ਜੱਥੇਦਾਰ ਸ. ਦਰਬਾਰਾ ਸਿੰਘ ਸੀ। ਉਹਨੇ ਸਾਰੇ ਪੰਥ ਦੀ ਰਾਏ ਪੁੱਛੀ, ਤਾਂ ਬਹੁਤਿਆਂ ਨੇ ਨਾ-ਪਰਵਾਨ ਕਰਨ ਦੀ ਸਲਾਹ ਦਿੱਤੀ। ਸ. ਸਬੇਗ ਸਿੰਘ ਨੇ ਫਿਰ ਬੇਨਤੀ ਕੀਤੀ, "ਨੀਤੀ ਇਸ ਗੱਲ ਦੀ ਮੰਗ ਕਰਦੀ ਹੈ, ਕਿ ਘਰ ਆਈ ਕੋਈ ਚੀਜ਼ ਨਾ ਮੋੜੀ ਜਾਵੇ। ਸੁਲ੍ਹਾ ਵਾਸਤੇ ਅਸਾਂ ਦਰਖ਼ਾਸਤ ਨਹੀਂ ਕੀਤੀ, ਸਗੋਂ ਪੰਜਾਬ ਸਰਕਾਰ ਨੇ ਕੀਤੀ ਹੈ। ਅਸਾਂ ਉਸ ਤੋਂ ਕੁਛ ਮੰਗਿਆ ਨਹੀਂ, ਸਗੋਂ ਉਸਨੇ ਪੰਥ ਤੋਂ ਡਰ ਕੇ ਭੇਟਾ ਭੇਜੀ ਹੈ। ਇਸ ਵਿਚ ਪੰਥ ਦੀ ਸ਼ਾਨ ਹੈ, ਨਿਰਾਦਰੀ ਨਹੀਂ। ਸੋ ਸਭ ਕੁਛ ਪਰਵਾਨ ਕਰ ਲੈਣਾ ਚਾਹੀਦਾ ਹੈ।" ਸਬੇਗ ਸਿੰਘ ਦੀ ਸਲਾਹ ਸਰਬ ਸੰਮਤੀ ਨਾਲ ਮੰਨ ਲਈ ਗਈ। ਜਾਗੀਰ ਤਾਂ ਪਰਵਾਨ ਹੋ ਗਈ, ਪਰ ਨਵਾਬੀ ਤੇ ਸਿਰੋਪਾ (ਖ਼ਿਲਅਤ) ਦਾ ਝਾਲੂ ਕੋਈ ਨਾ ਬਣੇ। ਜਿਸਨੂੰ ਕਿਹਾ ਜਾਵੇ, ਉਹੋ ਨਾਂਹ ਕਰ ਦੇਵੇ। ਉਸ ਵੇਲੇ ਕਪੂਰ ਸਿੰਘ ਫ਼ੈਜ਼ਲਾਪੁਰੀਆ ਸੰਗਤ ਵਿਚ ਪੱਖਾ ਝੱਲ ਰਿਹਾ ਸੀ। ਸਾਰੇ ਪੰਥ ਨੇ ਇਕ ਆਵਾਜ਼ ਉਹਦਾ ਨਾਂ ਪੇਸ਼ ਕੀਤਾ। ਅੰਤ ਉਸ ਨੂੰ ਖ਼ਿਤਾਬ ਨਵਾਬੀ ਪਰਵਾਨ ਕਰਨਾ ਪਿਆ। ਉਸ ਦਿਨ ਤੋਂ ਉਸਨੂੰ ਨਵਾਬ ਕਪੂਰ ਸਿੰਘ ਕਹਿਕੇ ਬੁਲਾਇਆ ਜਾਣ ਲੱਗਾ।

**ਕਪੂਰ ਸਿੰਘ ਨੂੰ ਨਵਾਬੀ ਦਿੱਤੀ**

**ਅੰਮ੍ਰਿਤਸਰ ਵਿਚ ਅਮਨ ਦਾ ਸਾਲ**

ਜਾਗੀਰ ਪਾ ਕੇ ਸਿੰਘ ਅੰਮ੍ਰਿਤਸਰ ਵਿਚ ਅਮਨ ਨਾਲ ਵੱਸਣ ਲੱਗ ਪਏ। ਸਭ ਦਾ ਲੰਗਰ ਪਾਣੀ ਕੱਠਾ ਹੁੰਦਾ। ਲੋੜਵੰਦ ਦੀ ਬਸਤਰ ਸ਼ਸਤਰ ਆਦਿ ਦੀ ਲੋੜ ਗੁਰੂ ਕੀ ਗੋਲਕ ਵਿਚੋਂ ਪੂਰੀ ਕੀਤੀ ਜਾਂਦੀ। ਗੋਲਕ ਵਿਚ ਤਿੰਨ ਤਰ੍ਹਾਂ ਦੀ ਆਮਦਨ ਆਉਂਦੀ- ਜਾਗੀਰ, ਚੜ੍ਹਾਵਾ ਤੇ ਸਿੱਖਾਂ ਦੀ ਕਿਰਤ ਕਮਾਈ। ਸਰਦਾਰਾਂ ਵਿਚ ਅਹੁਦਿਆਂ ਦੀ ਵੰਡ ਇਸ ਤਰ੍ਹਾਂ ਸੀ : ਭਾਈ ਮਨੀ ਸਿੰਘ ਜੀ ਗ੍ਰੰਥੀ ਦਰਬਾਰ ਸਾਹਿਬ, ਦਰਬਾਰਾ ਸਿੰਘ ਦੀਵਾਨ, ਨਵਾਬ ਕਪੂਰ ਸਿੰਘ ਨਸ਼ਾਨ ਬਰਦਾਰ, ਗੁਰਬਖ਼ਸ਼ ਸਿੰਘ ਕੋਲ ਤੋਪਾਂ ਤੇ ਜੰਬੂਰੇ, ਹਰੀ ਸਿੰਘ ਲੰਗਰ ਦਾ ਜੱਥੇਦਾਰ, ਜੱਸਾ ਸਿੰਘ ਆਹਲੂਵਾਲੀਆ ਘੋੜਿਆਂ ਦੇ ਦਾਣੇ ਦਾ ਵਰਤਾਵਾ। ਦੀਵਾਨ ਤੇ ਨਵਾਬ

---

()ਸ਼ਮਸ਼ੇਰ ਖ਼ਾਲਸਾ, (ਉਰਦੂ) ਪੰਨਾ ੪੫। ਨਾਰੰਗ, ਪੰਨਾ ੨੦੫।

ਦੇ ਸਲਾਹਕਾਰ : ਹਰੀ ਸਿੰਘ ਹਜ਼ੂਰੀ, ਦੀਪ ਸਿੰਘ ਸ਼ਹੀਦ, ਜੱਸਾ ਸਿੰਘ ਰਾਮਗੜ੍ਹੀਆ, ਕਰਮ ਸਿੰਘ ਖੱਤਰੀ, ਬੁੱਢਾ ਸਿੰਘ ਸ਼ੁਕਰਚੱਕੀਆ, ਭੂਮਾ ਸਿੰਘ, ਗਰਜਾ ਸਿੰਘ ਆਦਿ। ਸਾਲ-ਕੁ ਇਹ ਪਰਬੰਧ ਠੀਕ ਚੱਲਦਾ ਰਿਹਾ। ਸਿੰਘਾਂ ਨੇ ਮੁਲਕ ਵਿਚ ਕੋਈ ਗੜਬੜ ਨਹੀਂ ਕੀਤੀ। ਅਗਲੇ ਸਾਲ ਸਾਵਣ,

ਦਰਬਾਰਾ ਸਿੰਘ ਸੁਰਗਵਾਸ
ਕਪੂਰ ਸਿੰਘ ਜੱਥੇਦਾਰ ਬਣਿਆ

੧੭੯੧ ਬਿ. (੧੭੩੪ ਈ.) ਦੀਵਾਨ ਦਰਬਾਰਾ ਸਿੰਘ ਸੁਰਗਵਾਸ ਹੋ ਗਿਆ, ਤਾਂ ਉਸਦੀ ਥਾਂ ਨਵਾਬ ਕਪੂਰ ਸਿੰਘ ਪੰਥ ਦਾ ਜੱਥੇਦਾਰ ਬਣਿਆ। ਇਸ ਤੋਂ ਪਹਿਲੋਂ ਸ. ਦਰਬਾਰਾ ਸਿੰਘ ਹੀ ਸਾਰੇ ਪੰਥ ਦਾ ਜੱਥੇਦਾਰ ਮੰਨਿਆ ਜਾਂਦਾ ਸੀ।

ਇਸ ਵੇਲੇ ਸਿੰਘਾਂ ਦੀ ਗਿਣਤੀ ਚੋਖੀ ਵੱਧ ਗਈ ਸੀ। ਸੋ ਸਾਰੇ ਦਲ ਦਾ ਇਕੋ ਥਾਂ ਪਰਬੰਧ ਕਰਨ ਵਿੱਚ ਬੜੀ ਔਖਿਆਈ ਹੁੰਦੀ ਸੀ। ਇਸ ਵਾਸਤੇ

ਬੁੱਢਾ ਦਲ ਤੇ
ਤਰਨਾ ਦਲ

ਪੰਥ ਦੇ ਮੁਖੀ-ਮੁਖੀ ਸਿੰਘਾਂ ਨੇ ਵਿਚਾਰ ਕਰਕੇ ਦਲ ਦੇ ਦੋ ਹਿੱਸੇ ਕਰ ਦਿੱਤੇ : 'ਬੁੱਢਾ ਦਲ' ਤੇ 'ਤਰਨਾ ਦਲ'। ਤਰਨਾ (ਜੁਆਨ) ਦਲ ਨੂੰ ਅੱਗੋ ਪੰਜਾਂ ਜੱਥਿਆਂ ਵਿਚ ਵੰਡ ਦਿੱਤਾ ਗਿਆ()।

੧. ਜੱਥਾ ਸ਼ਹੀਦਾਂ : ਇਸ ਜੱਥੇ ਦੇ ਜੱਥੇਦਾਰ ਬਾਬਾ ਦੀਪ ਸਿੰਘ ਜੀ ਸ਼ਹੀਦ ਸਨ। ਉਹਨਾਂ ਦੇ ਨਾਲ ਸ. ਨੱਥਾ ਸਿੰਘ ਤੇ ਸ. ਗੁਰਬਖ਼ਸ਼ ਸਿੰਘ ਪਰਸਿੱਧ ਸਰਦਾਰ ਸਨ।

੨. ਜੱਥਾ ਅੰਮ੍ਰਿਤਸਰੀਆਂ : ਇਸ ਦੇ ਜੱਥੇਦਾਰ ਸ. ਕਰਮ ਸਿੰਘ ਤੇ ਸ. ਧਰਮ ਸਿੰਘ ਖੱਤਰੀ ਅੰਮ੍ਰਿਤਸਰੀਏ ਸਨ।

੩. ਇਸ ਦਾ ਜੱਥੇਦਾਰ ਬਾਬਾ ਕਾਹਨ ਸਿੰਘ ਤੇਹਣ ਸੀ। ਇਸ ਜੱਥੇ ਵਿਚ ਪਰਸਿਧ ਸਰਦਾਰ ਮੀਰੀ ਸਿੰਘ ਤੇਹਣ, ਹਰੀ ਸਿੰਘ ਢਿੱਲੋਂ ਤੇ ਬਾਘ ਸਿੰਘ ਹੱਲੋਵਾਲੀਆ ਕਲਾਲ ਸਨ।

੪. ਜੱਥਾ ਡੱਲੇਵਾਲੀਆਂ : ਇਸ ਦਾ ਜੱਥੇਦਾਰ ਸ. ਦਸੌਂਧਾ ਸਿੰਘ ਗਿੱਲ ਜੱਟ, ਪਿੰਡ ਕੋਟ ਬੁੱਢੇ ਦਾ ਸੀ।

੫. ਰੰਘਰੇਟੇ ਸਿੰਘਾਂ ਦਾ ਜੱਥਾ : ਇਸ ਵਿਚ ਬੀਰ ਸਿੰਘ, ਜਿਉਣ ਸਿੰਘ, ਮਦਨ ਸਿੰਘ, ਅਮਰ ਸਿੰਘ ਨਾਮੀ ਸਰਦਾਰ ਸਨ।

---

()ਪੰਥ ਪ੍ਰਕਾਸ਼, ਪੰਨਾ ੫੬੮। ਭੰਗੂ, ਪੰਨਾ ੨੦੨। ਨਾਰੰਗ, ਪੰਨਾ ੨੦੬।

ਇਹਨਾਂ ਪੰਜਾਂ ਜੱਥਿਆਂ ਦੇ ਸਰਦਾਰਾਂ ਨੂੰ ਇਕ-ਇਕ ਨਿਸ਼ਾਨ ਤੇ ਇਕ-ਇਕ ਨਗਾਰਾ ਦੇ ਕੇ ਅੱਡੋ ਅੱਡ ਡੇਰੇ ਕਰਨ ਦਾ ਹੁਕਮ ਦਿੱਤਾ ਗਿਆ। ਫੇਰ ਸਾਰੇ ਸਿੰਘਾਂ ਨੂੰ ਕਿਹਾ ਗਿਆ, ਕਿ ਜਿਸ ਸਿੰਘ ਦਾ ਜਿਸ ਸਰਦਾਰ ਨਾਲ ਦਿਲ ਮਿਲੇ, ਉਹ ਉਹਦੇ ਜੱਥੇ ਵਿਚ ਜਾ ਰਲੇ। ਇਹਨਾਂ ਪੰਜਾਂ ਜੱਥਿਆਂ ਨੇ ਰਾਮ ਸਰ, ਸੰਤੋਖ ਸਰ, ਬਬੇਕ ਸਰ, ਆਦਿ ਥਾਂਵਾਂ 'ਤੇ ਡੇਰੇ ਕੀਤੇ।

ਪਿਛੇ ਅਕਾਲ ਬੁੰਗੇ 'ਬੁੱਢਾ ਦਲ' ਰਹਿ ਗਿਆ, ਜਿਸਦਾ ਜੱਥੇਦਾਰ ਨਵਾਬ ਕਪੂਰ ਸਿੰਘ ਸੀ। ਇਸ ਜੱਥੇ ਵਿਚ ਨਾਮਵਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਬਰਾਜ ਸਿੰਘ ਸਨ।

ਸਿੰਘਾਂ ਦੀ ਗਿਣਤੀ ਵਧ ਜਾਣ ਕਰਕੇ ਜਾਗੀਰ ਦੀ ਆਮਦਨ ਨਾਲ ਖ਼ਰਚ ਪੂਰਾ ਨਹੀਂ ਸੀ ਹੁੰਦਾ। ਇਸ ਕਾਰਨ ਤਰਨਾ ਦਲ ਦੇ ਸਾਰੇ ਜੱਥੇ ਹਾਂਸੀ, ਹਿਸਾਰ ਨੂੰ ਚਾਲੇ ਪਾ ਗਏ। ਪਿਛੇ ਅੰਮ੍ਰਿਤਸਰ ਕੇਵਲ ਬੁੱਢਾ ਦਲ ਹੀ ਰਹਿ ਗਿਆ। ਸੂਬੇਦਾਰ ਲਾਹੌਰ ਨੇ ਸਿੰਘਾਂ ਦੀ ਤਾਕਤ ਖਿਲਰ ਗਈ ਜਾਣ ਕੇ ੧੭੩੫ ਈ. ਵਿਚ ਜਾਗੀਰ੦ ਜ਼ਬਤ ਕਰ ਲਈ ਤੇ ਨਵਾਬ ਕਪੂਰ ਸਿੰਘ ਨੂੰ ਜੱਥੇ ਸਮੇਤ ਸਰਕਾਰੀ ਨੌਕਰੀ ਕਰਨ ਵਾਸਤੇ ਕਿਹਾ। ਸਿੰਘਾਂ ਨੇ ਇਹ ਸ਼ਰਤ ਪਰਵਾਨ ਨਾ ਕੀਤੀ। ਹੁਣ ਬੁੱਢਾ ਦਲ ਦੇ ਸਾਮ੍ਹਣੇ ਖ਼ਰਚ ਦਾ ਸਵਾਲ ਆ ਗਿਆ। ਹਰਿਮੰਦਰ ਸਾਹਿਬ ਦੇ ਚੜ੍ਹਾਵੇ ਤੋਂ ਤਾਂ ਖ਼ਰਚ ਪੂਰਾ ਹੁੰਦਾ ਨਹੀਂ ਸੀ, ਤੇ ਨਾ ਫ਼ੌਜੀ ਸਿੰਘ ਚੜ੍ਹਾਵੇ ਤੋਂ ਖ਼ਰਚ ਲੈਣਾ ਹੀ ਮੰਨਦੇ ਸਨ, ਸੋ ਹਾਰ ਕੇ ਫਿਰ ਉਹਨਾਂ ਨੂੰ ਆਪਣਾ ਪਹਿਲਾ ਢੰਗ ਵਰਤਣਾ ਪਿਆ। ਇਹਨਾਂ ਹੀ ਦਿਨਾਂ ਵਿਚ ਸਰਕਾਰ ਦਾ ਇਸ਼ਾਰਾ ਪਾ ਕੇ ਪਿੰਡਾਂ ਦਿਆਂ ਚੌਧਰੀਆਂ ਵੀ ਸਿੰਘਾਂ ਨੂੰ ਤੰਗ ਕਰਨਾ ਆਰੰਭ ਕਰ ਦਿੱਤਾ ਸੀ। ਸਿੰਘ ਵੀ ਅੰਮ੍ਰਿਤਸਰੋਂ ਉਠ ਕੇ ਪਿੰਡਾਂ ਵੱਲ ਹੋ ਤੁਰੇ ਤੇ ਲੱਗੇ ਨੰਬਰਦਾਰਾਂ ਤੇ ਚੌਧਰੀਆਂ ਤੋਂ ਮਾਮਲਾ ਉਗਰਾਹੁਣ। ਜਿਹੜਾ ਪਿੰਡ ਡੰਗ ਦੇ ਲੰਗਰ ਜੋਗੀ ਰਸਦ ਦੇ ਦੇਂਦਾ, ਓਥੋਂ ਸਿੰਘ ਅਮਨ ਨਾਲ ਅੱਗੇ ਲੰਘ ਜਾਂਦੇ ਤੇ ਜੋ ਵਿਹਰਦਾ, ਓਥੋਂ ਬਲ ਨਾਲ ਲੁੱਟ ਲੈਂਦੇ। ਏਸ ਤਰ੍ਹਾਂ ਲਗਭਗ ਸਾਰੇ ਮਾਝੇ ਵਿਚ ਲੁੱਟ ਮਾਰ ਮੱਚ ਗਈ।

ਤਰਨਾ ਦਲ ਹਾਂਸੀ ਹਿਸਾਰ ਨੂੰ

ਜਾਗੀਰ ਜ਼ਬਤ

ਏਸ ਲੁੱਟ ਮਾਰ ਨੂੰ ਰੋਕਣ ਵਾਸਤੇ ਤੇ ਮਾਝੇ ਨੂੰ ਸਿੰਘਾਂ ਤੋਂ ਸਾਫ਼ ਕਰਨ

---

੦ਨਾਰੰਗ, ਪੰਨਾ ੨੦੭। ਪੰਥ ਪ੍ਰਕਾਸ਼, ੫੭੨। ਭੰਗੂ, ੨੦੫।

ਗਸ਼ਤੀ ਫ਼ੌਜ

ਵਾਸਤੇ ਸੂਬਾ ਲਾਹੌਰ ਨੇ ਦੀਵਾਨ ਲਖਪਤ ਰਾਏ ਤੇ (ਆਪਣੇ ਭਤੀਜੇ) ਮੁਖ਼ਲਸ ਖ਼ਾਂ ਦੇ ਮਾਤਹਿਤ ਦਸ ਹਜ਼ਾਰ ਗਸ਼ਤੀ ਫ਼ੌਜ ਇਲਾਕੇ ਵਿਚ ਫਿਰਨ ਵਾਸਤੇ ਨੀਯਤ ਕੀਤੀ। ਇਹ ਫ਼ੌਜਾਂ ਪਿੰਡਾਂ ਵਿੱਚ ਚੱਕਰ ਲਾਉਂਦੀਆਂ ਫਿਰਦੀਆਂ। ਜੋ ਕੋਈ ਅੱਗੋਂ ਜ਼ਰਾ ਵੀ ਉੱਚੀ ਸਾਹ ਲੈਂਦਾ, ਤਾਂ ਉਹਨੂੰ ਸਿੱਖ ਕਹਿਕੇ ਕਤਲ ਕਰ ਦਿੱਤਾ ਜਾਂਦਾ। ਤੰਗ ਆ ਕੇ ਸਿੰਘ ਮਾਲਵੇ ਦੇਸ ਜਾ ਵੜੇ।

ਨਵਾਬ ਕਪੂਰ ਸਿੰਘ ਦਾ ਡੇਰਾ ਬਰਨਾਲੇ ਜਾ ਉਤਰਿਆ, ਜੋ ਪਟਿਆਲੇ ਰਾਜ ਦੇ ਬਾਨੀ ਸ. ਆਲਾ ਸਿੰਘ ਦੀ ਉਸ ਵੇਲੇ ਰਾਜਧਾਨੀ ਸੀ। ਸ. ਆਲਾ

ਆਲਾ ਸਿੰਘ ਨੇ ਅੰਮ੍ਰਿਤ ਛਕਿਆ

ਸਿੰਘ ਨੇ ਆਪਣੇ ਘਰ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਾਇਆ, ਇਕੱਠੇ ਹੋਏ ਪੰਥ ਨੂੰ ਲੰਗਰ ਛਕਾਇਆ ਤੇ ਹਰ ਇਕ ਸਿੰਘ ਨੂੰ ਖੇਸ ਲੁੰਗੀਆਂ ਆਦਿ ਬਸਤਰ ਭੇਟਾ ਕੀਤੇ। ਏਸ ਸ਼ੁਭ ਸਮੇਂ ਆਲਾ ਸਿੰਘ ਨੇ ਸਮੇਤ ਪਰਵਾਰ

ਬੁੱਢੇ ਦਲ ਦਾ ਦੌਰਾ

ਨਵਾਬ ਕਪੂਰ ਸਿੰਘ ਦੇ ਹੱਥੋਂ ਅੰਮ੍ਰਿਤ ਛਕਿਆ()। ਇਸ ਦਿਨ ਤੋਂ ਸ. ਆਲਾ ਸਿੰਘ ਦਾ ਪੰਥ ਵਿੱਚ ਅੱਗੇ ਨਾਲੋਂ ਵਧੇਰੇ ਆਦਰ ਹੋਣ ਲੱਗਾ। ਸ: ਆਲਾ ਸਿੰਘ ਤੋਂ ਵਿਦਿਆ ਹੋ ਕੇ ਬੁੱਢਾ ਦਲ ਮਲੇਰ ਕੋਟਲੇ ਦੇ ਇਲਾਕੇ ਆ ਉਤਰਿਆ। ਸ਼ਰਧਾਲੂਆਂ ਤੋਂ ਨਜ਼ਰਾਂ ਲੈਂਦੇ ਤੇ ਆਕੀਆਂ ਤੋਂ ਲੁੱਟਮਾਰ ਕਰਦੇ ਹੋਏ ਸਿੰਘ ਸਰਹਿੰਦ ਦੇ ਉਦਾਲੇ ਜਾ ਧਮਕੇ। ਏਥੋਂ ਦੇ ਮੁਸਲਮ ਚੌਧਰੀਆਂ ਤੇ ਜ਼ਿਮੀਂਦਾਰਾਂ ਨੂੰ ਲੁੱਟਦੇ ਹੋਏ ਉਹ ਸਤਲੁਜ ਟੱਪ ਕੇ ਦੁਆਬਾ ਜਲੰਧਰ ਵਿਚ ਆ ਮਾਰ ਧਾੜ ਕਰਨ ਲੱਗੇ। ਲੋਕਾਂ ਉੱਤੇ ਸਿੰਘਾਂ ਦਾ ਐਨਾ ਰੁਹਬ ਪੈ ਗਿਆ, ਕਿ ਕੋਈ ਅੱਗੋਂ ਉਭਾਸਰਨ ਦੀ ਦਲੇਰੀ ਨਾ ਕਰ ਸਕਦਾ। ਮੰਝ ਰਾਜਪੂਤਾਂ ਦਾ ਇਲਾਕਾ ਖ਼ਾਸ ਤੌਰ 'ਤੇ ਲੁਟਿਆ ਗਿਆ।

ਇਸ ਵੇਲੇ ਬੁੱਢਾ ਦਲ ਤੇ ਤਰਨਾ ਦਲ ਦੋਵੇਂ ਆ ਕੱਠੇ ਹੋਏ। ਪੰਥ ਨੇ

ਗੋਇੰਦਵਾਲ ਦਾ ਮੇਲਾ

ਗੁਰਮਤਾ ਕੀਤਾ, ਕਿ ਦੀਪਮਾਲਾ ਦਾ ਮੇੱਲਾ ਸ੍ਰੀ ਗੋਇੰਦਵਾਲ ਮਨਾਇਆ ਜਾਵੇ। ਸੋ ਗੋਇੰਦਵਾਲ ਦੇ ਪੱਤਣ ਤੋਂ ਦਰਿਆ ਬਿਆਸ ਟੱਪ ਕੇ ਪਹਿਲੇ ਸਰਾਧ ਦਾ ਮੇੱਲਾ ਸ੍ਰੀ ਬਾਉਲੀ ਸਾਹਿਬ (ਗੋਇੰਦਵਾਲ) ਆ ਕੀਤਾ। ਮਾਲਵੇ ਤੇ ਦੁਆਬੇ ਵਿਚੋਂ ਸਿੰਘ ਚੰਗੇ ਹੱਥ ਰੰਗ ਕੇ ਆਏ ਸਨ, ਸੋ ਗੁਰਦੁਆਰੇ ਦੀ

---

()ਪੰਥ ਪ੍ਰਕਾਸ਼, ਪੰਨਾ ੫੭੫ । ਭੰਗੂ, ਪੰਨਾ ੨੦੬।

ਸੇਵਾ ਦਿਲ ਖੋਲ੍ਹ ਕੇ ਕੀਤੀ। ਏਥੋਂ ਚੱਲ ਕੇ ਚੌਥੇ ਪੰਜਵੇਂ ਸਰਾਧ ਦਾ ਮੇਲਾ ਖਡੂਰ ਸਾਹਿਬ ਕੀਤਾ। ਏਥੋਂ ਵਿਹਲੇ ਹੋ ਕੇ ਸਿੰਘ ਸ੍ਰੀ ਤਰਨ ਤਾਰਨ ਆ ਬੈਠੇ। ਤਰਨਾ ਦਲ ਤਾਂ ਏਥੇ ਹੀ ਰਿਹਾ ਤੇ ਬੁੱਢਾ ਦਲ ਬਾਸਰਕੀ ਬੀੜ ਵਿੱਚ ਜਾ ਉਤਰਿਆ।

**ਖਡੂਰ ਸਾਹਿਬ ਦਾ ਸਰਾਧ**

ਇਹ ਖ਼ਬਰ ਲਾਹੌਰ ਸੂਬੇਦਾਰ ਖ਼ਾਨ ਬਹਾਦਰ ਨੂੰ ਪੁੱਜੀ, ਤਾਂ ਉਹਨੇ ਸੱਤ ਹਜ਼ਾਰ ਫ਼ੌਜ ਦੇ ਕੇ ਦੀਵਾਨ ਲਖਪਤ ਰਾਏ, ਹੈਬਤ ਖ਼ਾਂ, ਸਲਾਬਤ ਖ਼ਾਂ, ਕੁਤਬਦੀਨ ਆਦਿ ਜਰਨੈਲਾਂ ਨੂੰ ਸਿੰਘਾਂ ਉੱਤੇ ਹਮਲਾ ਕਰਨਾ ਵਾਸਤੇ ਭੇਜਿਆ। ਉਹਨਾਂ ਚੁੱਪ ਕੀਤੇ ਬੈਠੇ ਸਿੰਘਾਂ ਉਤੇ ਬਾਸਰਕੀ ਹੱਲਾ ਬੋਲ ਦਿੱਤਾ। ਬੜਾ ਘਮਸਾਨ ਦਾ ਯੁੱਧ ਹੋਇਆ। ਸਿੰਘ ਭਾਵੇਂ ਗਿਣਤੀ ਵਿਚ ਥੋੜ੍ਹੇ ਸਨ, ਪਰ ਬੜੀ ਬਹਾਦਰੀ ਨਾਲ ਲੜੇ। ਕੁਤਬਦੀਨ (ਸਮੁੰਦ ਖ਼ਾਂ ਦਾ ਜਵਾਈ) ਤੇ ਸਲਾਬਤ ਖ਼ਾਂ ਲੜਾਈ ਵਿਚ ਮਾਰੇ ਗਏ। ਦੋਹਾਂ ਜਰਨੈਲਾਂ ਦੇ ਮਰਨ ਨਾਲ ਸ਼ਾਹੀ ਫ਼ੌਜ ਦੇ ਹੌਸਲੇ ਟੁੱਟ ਗਏ। ਪਰ ਐਨ ਓਸੇ ਵੇਲੇ ਸਮੁੰਦ ਖ਼ਾਂ ਸੱਜਰ-ਸ਼ਾਹ ਫ਼ੌਜ ਲੈ ਕੇ ਆ ਪੁੱਜਾ। ਹੁਣ ਸਿੰਘਾਂ ਨੇ ਲੜਾਈ ਵਿਚੋਂ ਖਿਸਕ ਜਾਣ ਵਿਚ ਹੀ ਭਲਾਈ ਸਮਝੀ। ਉਹ ਲੜਦੇ ਲੜਾਉਂਦੇ ਖੇਮ ਕਰਨ ਨੂੰ ਨਿਕਲ ਗਏ। ਇਹ ਲੜਾਈ ੨੭ ਕੱਤਕ, ੧੭੯੩ ਬਿ. (੧੭੩੬ ਈ.) ਨੂੰ ਹੋਈ।੦

**ਜੰਗ ਬਾਸਰਕੀ**

ਸ਼ਾਹੀ ਫ਼ੌਜ ਵੀ ਸਿੰਘਾਂ ਦੇ ਮਗਰ ਹੋ ਤੁਰੀ। ਖੇਮ ਕਰਨ ਕੋਲ ਤਰਨਾ ਦਲ ਵੀ ਬੁੱਢਾ ਦਲ ਨਾਲ ਜਾ ਮਿਲਿਆ। ਹੁਣ ਦੋਵੇਂ ਦਲ ਕੱਠੇ ਹੋ ਕੇ ਚੂਹਣੀਆਂ ਦੇ ਇਲਾਕੇ ਵਿਚ ਜਾ ਪਹੁੰਚੇ। ਅੱਗੇ-ਅੱਗੇ ਸਿੱਖ ਤੇ ਮਗਰ-ਮਗਰ ਸ਼ਾਹੀ ਫ਼ੌਜ ਆ ਰਹੀ ਸੀ। ਅੰਤ ਹੁਜਰਾ ਸ਼ਾਹ ਮੁਕੀਮ ਕੋਲ ਦੋਹਾਂ ਦਲਾਂ ਦਾ ਫੇਰ ਟਾਕਰਾ ਹੋ ਪਿਆ। ਸਿੱਖਾਂ ਦੇ ਦਿਲਾਂ ਵਿਚ ਬਾਸਰਕੀ ਦੀ ਹਾਰ ਦਾ ਬੜਾ ਗੁੱਸਾ ਸੀ। ਸੋ, ਉਹ ਇਸ ਬਹਾਦਰੀ ਨਾਲ ਲੜੇ, ਕਿ ਸ਼ਾਹੀ ਫ਼ੌਜ ਹਜ਼ਾਰਾਂ ਸਿਪਾਹੀ ਤੇ ਜਮਾਲ ਖ਼ਾਂ, ਤਾਤਾਰ ਖ਼ਾਂ, ਦੂਨੀ ਚੰਦ (ਲਖਪਤ ਰਾਏ ਦਾ ਭਤੀਜਾ) ਵਰਗੇ ਜਰਨੈਲ ਮਰਵਾ ਕੇ ਲਾਹੌਰ ਨੱਸ ਗਈ। ਖ਼ਾਲਸੇ ਨੂੰ ਪੂਰੀ ਫ਼ਤਹਿ* ਪ੍ਰਾਪਤ ਹੋਈ, ਤੇ ਹਾਰੀ ਹੋਈ ਸ਼ਾਹੀ ਫ਼ੌਜ ਦੇ ਡੇਰੇ ਵਿਚੋਂ ਹਜ਼ਾਰਾਂ ਰੁਪੈ ਦਾ ਸਾਮਾਨ ਹੱਥ ਆਇਆ।

**ਜੰਗ ਹੁਜਰਾ ਸ਼ਾਹ ਮੁਕੀਮ**

---

੦ਪੰਥ ਪ੍ਰਕਾਸ਼, ਪੰਨਾ ਪ੭੬। ਨਾਰੰਗ, ਪੰਨਾ ੨੦੭।

*ਪੰਥ ਪ੍ਰਕਾਸ਼, ਪੰਨਾ ਪ੭੬। ਨਾਰੰਗ, ਪੰਨਾ ੨੦੭।

ਏਥੋਂ ਸਿੰਘਾਂ ਨੇ ਫੇਰ ਅੰਮ੍ਰਿਤਸਰ ਨੂੰ ਮੂੰਹ ਕਰ ਲਿਆ। ਉਹ ਇਲਾਕੇ ਵਿਚੋਂ ਆਕੀਆਂ ਨੂੰ ਸੋਧਦੇ ਹੋਏ ਮਾਝੇ ਵਿਚ ਦੀ ਆ ਰਹੇ ਸਨ, ਜਾਂ ਸਮੁੰਦ ਖ਼ਾਂ ਲਾਹੌਰੋਂ ਹੋਰ ਸੱਜਰਸਾਹ ਫ਼ੌਜ ਲੈ ਕੇ ਆ ਚੜ੍ਹਿਆ।

**ਸਿੰਘ ਰਿਆੜਕੀ ਵਿਚ**

ਇਸ ਫ਼ੌਜ ਦਾ ਟਾਕਰਾ ਕਰਨ ਦੀ ਥਾਂ ਸਿੰਘ ਰਿਆੜਕੀ ਨੂੰ ਨਿਕਲ ਗਏ ਤੇ ਕਲਾਨੌਰ, ਗੁਰਦਾਸਪੁਰ, ਪਠਾਨਕੋਟ ਜਾ ਲੁੱਟੇ। ਫਿਰ ਦਰਿਆ ਰਾਵੀ ਟੱਪ ਕੇ ਸਿੰਘਾਂ ਪਸਰੂਰ, ਸਿਆਲਕੋਟ, ਵਜ਼ੀਰਾਬਾਦ ਦੇ ਇਲਾਕਿਆਂ ਵਿਚ ਜਾ ਲੁੱਟ ਮਚਾਈ।

ਏਸ ਗੜਬੜ ਤੋਂ ਖ਼ਾਨ ਬਹਾਦਰ ਜ਼ਕਰੀਆਂ ਖ਼ਾਂ ਸੂਬੇਦਾਰ ਲਾਹੌਰ ਤੰਗ ਆ ਗਿਆ। ਉਹਨੇ ਮੁੱਲਾਂ ਕਾਜ਼ੀਆਂ ਨੂੰ ਸੱਦ ਕੇ ਪੁਛਿਆ, ਕਿ ਹਜ਼ਾਰਾਂ ਰੋਜ਼ ਕਤਲ ਹੋਣ 'ਤੇ ਵੀ ਸਿੰਘ ਵਧਦੇ ਜਾਂਦੇ ਹਨ, ਇਸਦਾ ਕੀ ਕਾਰਨ ਹੈ ? ਅੱਗੋਂ ਉਹਨਾਂ ਜਵਾਬ ਦਿੱਤਾ, 'ਇਹਨਾਂ ਦਾ ਗੁਰੂ ਅੰਮ੍ਰਿਤਸਰ ਦੇ ਤਾਲਾਬ (ਸਰੋਵਰ) ਵਿਚ ਆਬੇਹਯਾਤ (ਅੰਮ੍ਰਿਤ) ਪਾ ਗਿਆ ਹੈ। ਓਥੋਂ ਇਸ਼ਨਾਨ ਕਰਕੇ ਤੇ ਆਬੇ-ਹਯਾਤ ਪੀ ਕੇ ਸਿੰਘ ਅਮਰ ਹੋ ਜਾਂਦੇ ਹਨ। ਸਿੰਘਾਂ ਦਾ ਅੰਮ੍ਰਿਤਸਰ ਜਾਣਾ ਬੰਦ ਕਰ ਦੇਈਏ, ਤਾਂ ਇਹ ਆਪ ਹੀ ਮੁਕ ਜਾਣਗੇ।'

**ਅੰਮ੍ਰਿਤਸਰ 'ਤੇ ਸ਼ਾਹੀ ਕਬਜ਼ਾ**

ਇਹ ਦਲੀਲ ਸੁਣਕੇ ਖ਼ਾਨ ਬਹਾਦਰ ਨੇ ਕਾਜ਼ੀ ਅਬਦੁੱਲ ਰਹਿਮਾਨ ਤੇ ਮੁਹੰਮਦ ਬਖ਼ਸ਼ ਨੂੰ ਦੋ ਹਜ਼ਾਰ ਫ਼ੌਜ ਦੇ ਕੇ ਅੰਮ੍ਰਿਤਸਰ 'ਤੇ ਕਬਜ਼ਾ ਕਰਨ ਭੇਜ ਦਿੱਤਾ। ਉਹਨਾਂ ਆਉਂਦਿਆਂ ਹੀ ਸ਼ਹਿਰ 'ਤੇ ਕਬਜ਼ਾ ਕਰ ਲਿਆ, ਤੇ ਸਰੋਵਰ ਦੇ ਉਦਾਲੇ ਸਖ਼ਤ ਪਹਿਰਾ ਲਾ ਦਿੱਤਾ, ਤਾਂ ਜੋ ਕੋਈ ਸਿੱਖ ਉਸ ਵਿਚ ਇਸ਼ਨਾਨ ਨਾ ਕਰ ਸੱਕੇ, ਜਾਂ ਓਥੋਂ ਅੰਮ੍ਰਿਤ ਨਾ ਪੀ ਸਕੇ।

ਇਸ ਵੇਲੇ ਭਾਈ ਮਨੀ ਸਿੰਘ ਜੀ ਤੇ ਉਹਦੇ ਥੋੜ੍ਹੇ ਜੇਹੇ ਸਾਥੀ ਸੰਤਾਂ ਫ਼ਕੀਰਾਂ ਤੋਂ ਬਿਨਾਂ ਹੋਰ ਕੋਈ ਸਿੰਘ ਅੰਮ੍ਰਿਤਸਰ ਨਹੀਂ ਸੀ ਆ ਜਾ ਸਕਦਾ। ਕਾਜ਼ੀ ਨੇ ਇਕ ਦਿਨ ਆਮ ਲੋਕਾਂ ਵਿਚ ਖਲੋ ਕੇ ਕਿਹਾ, ਕਿ ਕੋਈ ਸਿੱਖ ਹੁਣ ਅੰਮ੍ਰਿਤਸਰ ਵਿਚ ਇਸ਼ਨਾਨ ਕਰ ਜਾਏ, ਤਾਂ ਮੈਂ ਉਹਨੂੰ ਸਿੰਘ ਸਮਝਾਂ, ਨਹੀਂ ਤਾਂ ਇਹ ਸਾਰੇ ਗਿੱਦੜ ਹਨ, ਜੋ ਕੇਵਲ ਨਾਮ ਨੂੰ ਹੀ ਸਿੰਘ (ਸ਼ੇਰ) ਹਨ। ਉਡਦੀ ਉਡਦੀ ਇਹ ਗੱਲ ਖ਼ਾਲਸਾ ਦਲ ਵਿੱਚ ਜਾ ਪੁੱਜੀ। ਸ: ਸੁੱਖਾ ਸਿੰਘ ਤਖਾਣ ਮਾੜੀ ਕੰਬੋਕੀ ਤੇ ਸ. ਥਰਾਜ ਸਿੰਘ (ਭਾਈ ਮਨੀ ਸਿੰਘ ਜੀ ਦਾ ਭਤੀਜਾ) ਪੰਜਾਹ ਸਿੰਘਾਂ ਦੇ ਜੱਥੇ ਸਣੇ ਅੰਮ੍ਰਿਤਸਰ ਇਸ਼ਨਾਨ ਕਰਨ ਵਾਸਤੇ ਤਿਆਰ ਹੋ ਪਏ। ਉਹਨਾਂ ਬਾਕੀ ਜੱਥੇ ਨੂੰ ਗਿਲਵਾਲੀ

**ਸੁੱਖਾ ਸਿੰਘ ਤੇ ਥਰਾਜ ਸਿੰਘ ਦੀ ਬਹਾਦਰੀ**

ਦਰਵਾਜ਼ਿਓਂ ਬਾਹਰ ਖਲ੍ਹਾਰ ਦਿੱਤਾ ਤੇ ਆਪ ਦੋਵੇਂ ਭੇਸ ਬਦਲ ਕੇ ਸਰੋਵਰ 'ਤੇ ਜਾ ਪੁੱਜੇ। ਅਜੇ ਅੰਮ੍ਰਿਤ ਵੇਲਾ ਹੀ ਸੀ। ਸ਼ਾਹੀ ਸੈਨਾ ਦੇ ਸਿਪਾਹੀ ਆਪੋ ਆਪਣੇ ਤੰਬੂਆਂ ਵਿਚ ਸੁੱਤੇ ਪਏ ਸਨ। ਦੋਹਾਂ ਸਿੰਘਾਂ ਨੇ ਇਸ਼ਨਾਨ ਕੀਤਾ ਤੇ ਜੈਕਾਰੇ ਛੱਡਦੇ ਘੋੜਿਆਂ 'ਤੇ ਸਵਾਰ ਹੋ ਕੇ ਆਪਣੇ ਜੱਥੇ ਵਿਚ ਆ ਰਲੇ। ਜੈਕਾਰੇ ਸੁਣਕੇ ਮੁਸਲਮਾਨ ਫ਼ੌਜ ਵਿਚ ਹਲ ਚਲ ਮੱਚ ਗਈ। ਉਹ 'ਸਿੰਘ ਆ ਪਏ' ਕਹਿੰਦੇ ਹੋਏ ਜਿਸ ਪਾਸੇ ਮੂੰਹ ਹੋਇਆ, ਉੱਠ ਨੱਸੇ। ਕਾਜ਼ੀ ਅਬਦੁੱਲ ਰਹਿਮਾਨ ਵੀ ਘਬਰਾ ਗਿਆ, ਪਰ ਦੂੱਜਿਆਂ ਤੋਂ ਆਪਣਾ ਡਰ ਲੁਕਾਉਣ ਬਦਲੇ ਹਲਾਸ਼ੇਰੀ ਦੇਣ ਲੱਗਾ, ਕਿ ਸਿੰਘ ਥੋੜ੍ਹੇ ਹੀ ਜੇ, ਤਕੜੇ ਹੋ ਕੇ ਫੜ ਲਵੋ। ਸਿੰਘ ਜੇ ਚੁੱਪ ਕਰ ਕੇ ਖਿਸਕਣਾ ਚਾਹੁੰਦੇ, ਤਾਂ ਜਾ ਸਕਦੇ ਸਨ, ਪਰ ਉਹਨਾਂ ਏਹਾ ਮਤਾ ਪਾਸ ਕੀਤਾ, ਕਿ ਹੁਣ ਆਏ ਹਾਂ, ਤਾਂ ਖ਼ਾਲੀ ਨਾ ਮੁੜੀਏ, ਕੁਛ ਸਿੰਘਾਂ ਵਾਲਾ ਕੰਮ ਕਰਕੇ ਹੀ ਚੱਲੀਏ। ਉਹਨਾਂ ਗਿਲਵਾਲੀ ਦਰਵਾਜ਼ਿਓਂ ਬਾਹਰ ਜੈਕਾਰੇ ਛੱਡੇ। ਸੁਣ ਕੇ ਕਾਜ਼ੀ ਤੇ ਉਸਦਾ ਪੁੱਤਰ ਫ਼ੌਜ ਲੈ ਕੇ ਓਸੇ ਪਾਸੇ ਵੱਲ ਵਧੇ। ਉਹ ਡੇਰਿਓਂ ਬਾਹਰ ਨਿਕਲੇ ਹੀ ਸਨ, ਜਾਂ ਸਿੰਘ ਸ਼ੇਰਾਂ ਵਾਂਗ ਝੱਟ ਕਰ ਕੇ ਆ ਪਏ। ਥੋੜ੍ਹਾ ਜਿਹਾ ਚਿਰ ਚੰਗੀ ਲੜਾਈ ਹੋਈ। ਸ਼ਾਹੀ ਸੈਨਾ ਵਿੱਚੋਂ ਸੌ ਦੇ ਲਗਭਗ ਸਿਪਾਹੀ ਫੱਟੜ ਹੋਏ ਜਾਂ ਮਾਰੇ ਗਏ। ਮਰਨ ਵਾਲਿਆਂ ਵਿੱਚ ਕਾਜ਼ੀ ਅਬਦੁਲ ਰਹਿਮਾਨ* ਤੇ ਉਸ ਦਾ ਪੁੱਤਰ ਵੀ ਸਨ। ਚਾਨਣ ਹੋਣ ਤੋਂ ਪਹਿਲਾਂ ਹੀ ਸਿੰਘ ਭੱਜ ਕੇ ਫਿਰ ਜੰਗਲ ਵਿੱਚ ਜਾ ਵੜੇ।

### ਜੰਗ ਗਿਲਵਾਲੀ

ਇਹ ਖ਼ਬਰ ਲਾਹੌਰ ਪੁੱਜੀ, ਤਾਂ ਖਾਨ ਬਹਾਦਰ ਨੇ ਗਸ਼ਤੀ ਫ਼ੌਜ ਦੀ ਗਿਣਤੀ ਵਧਾ ਦਿੱਤੀ, ਤੇ ਉਹਦੇ ਅਫ਼ਸਰਾਂ ਨੂੰ ਸਖ਼ਤੀ ਦੇ ਹੁਕਮ ਦਿੱਤੇ। ਸਿੰਘ ਸਮਾਂ ਵਿਚਾਰ ਕੇ ਮਾਲਵੇ ਨੂੰ ਚਲੇ ਗਏ, ਤੇ ਲੁੱਟ ਮਾਰ ਕਰਦੇ ਹਾਂਸੀ ਹਿਸਾਰ ਤੱਕ ਜਾ ਪੁੱਜੇ। ਪਿਛੋਂ ਮਾਝੇ ਤੇ ਰਿਆੜਕੀ ਵਿੱਚ ਗਸ਼ਤੀ ਫ਼ੌਜ ਨੇ ਸਿੱਖਾਂ ਦੇ ਸਾਕ ਸੰਬੰਧੀ ਬੁਰੀ ਤਰ੍ਹਾਂ ਲੁੱਟੇ। ਇਹ ਘਟਨਾਵਾਂ ਸੰਮਤ ੧੭੯੪ ਬਿ. (੧੭੩੭ ਈ.) ਦੀਆਂ ਹਨ।

### ਸਰੋਵਰ ਦੀ ਬੇ-ਅਦਬੀ

ਦੀਵਾਨ ਲਖਪਤ ਰਾਏ ਨੂੰ ਸੂਬੇਦਾਰ ਨੇ ਅੰਮ੍ਰਿਤ-ਸਰ ਦਾ ਪਰਬੰਧ ਕਰਨ ਵਾਸਤੇ ਭੇਜਿਆ। ਉਹਨੇ ਅੰਮ੍ਰਿਤ ਸਰੋਵਰ ਵਿੱਚ ਮਿੱਟੀ ਸੁਟਾ ਕੇ

---

*ਪੰਥ ਪ੍ਰਕਾਸ਼, ਪੰਨਾ ੫੧੯।

ਬਹੁਤ ਸਾਰਾ ਪੂਰ ਦਿੱਤਾ, ਤੇ ਉਥੋਂ ਦਾ ਅਫ਼ਸਰ ਕਾਜ਼ੀ ਅਬਦੁਲ ਰਜ਼ਾਕ ਨੂੰ ਥਾਪਿਆ। ਏਨੀਆਂ ਗੜਬੜਾਂ ਵਿਚ ਵੀ ਭਾਈ ਮਨੀ ਸਿੰਘ ਜੀ ਅੰਮ੍ਰਿਤਸਰ ਵਿਚ ਹੀ ਟਿਕੇ ਰਹੇ। ਉਹ ਨਿਰਮਲੇ ਸੰਤਾਂ ਦੇ ਭੇਸ ਵਿੱਚ ਰਹਿੰਦੇ ਸਨ। ਅਸਲ ਵਿੱਚ ਨਿਰਮਲੇ ਸੰਤਾਂ ਦੀ ਪਰਣਾਲੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਟਕਸਾਲੀ ਅਰਥ ਚੱਲੇ ਹੀ ਭਾਈ ਮਨੀ ਸਿੰਘ ਜੀ ਤੋਂ ਸਨ। ਭਾਈ ਸਾਹਿਬ ਸਾਰੇ ਕੱਪੜੇ (ਕਛਹਿਰਾ, ਚੋਗਾ ਤੇ ਦਸਤਾਰ) ਸਫ਼ੈਦ ਪਹਿਨਿਆ ਕਰਦੇ ਸਨ। ਉਹਨਾਂ ਦੀ ਸਫ਼ੈਦ ਤੇ ਸਿੱਧੀ ਦਸਤਾਰ ਤੋਂ ਮੁਸਲਮਾਨਾਂ ਨੂੰ ਕਾਫ਼ੀ ਭੁਲੇਖਾ ਲੱਗਦਾ ਸੀ, ਕਿਉਂਕਿ ਫ਼ੌਜੀ ਸਿੰਘ ਨੋਕਦਾਰ ਨੀਲੀ ਦਸਤਾਰ੦ ਪਹਿਨਿਆਂ ਕਰਦੇ ਸਨ। ਭਾਈ ਸਾਹਿਬ ਜੀ ਕੋਲ ਹਰ ਵੇਲੇ ਪੰਦਰਾਂ ਵੀਹ ਹਿੰਦੂ ਸਿੱਖ ਸੰਤ ਤੇ ਮੁਸਲਮਾਨ ਫ਼ਕੀਰ ਟਿਕੇ ਰਹਿੰਦੇ ਸਨ। ਆਪ ਹਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸੰਗਤਾਂ ਨੂੰ ਸਮਝਾਉਂਦੇ ਰਹਿੰਦੇ ਸਨ। ਗੁਰੂ ਕਾ ਲੰਗਰ ਹਰ ਵੇਲੇ ਹਰ ਪ੍ਰਾਣੀ-ਮਾਤਰ ਵਾਸਤੇ ਵਰਤਦਾ ਰਹਿੰਦਾ ਸੀ। ਇਹਨਾਂ ਕਾਰਨਾਂ ਕਰਕੇ ਹਾਕਮ, ਭਾਈ ਸਾਹਿਬ ਨੂੰ ਸਭ ਦਾ ਸਾਂਝਾ ਫ਼ਕੀਰ ਸਮਝਕੇ ਕੁਛ ਨਹੀਂ ਸਨ ਕਹਿੰਦੇ।

**ਭਾਈ ਮਨੀ ਸਿੰਘ ਦੀ ਰਹਿਣੀ**

**ਗਿ. ਗਿਆਨ ਸਿੰਘ ਭਾਈ ਮਨੀ ਸਿੰਘ ਜੀ ਦਾ ਪੜੋਤਰਾ**

ਸਿੱਖ ਇਤਿਹਾਸ ਦੇ ਪਰਸਿਧ ਲਿਖਾਰੀ-ਪੰਥ ਪ੍ਰਕਾਸ਼ ਤੇ ਤਵਾਰੀਖ਼ ਗੁਰੂ ਖਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ, ਭਾਈ ਮਨੀ ਸਿੰਘ ਜੀ ਦੇ ਪੜੋਤਰੇ ਸਨ। ਗਿਆਨੀ ਜੀ, ਭਾਈ ਸਾਹਿਬ ਜੀ ਦੀ ਸਾਖੀ ਪੰਥ ਪ੍ਰਕਾਸ਼ ਵਿਚ ਬੜੇ ਵਿਸਥਾਰ ਨਾਲ ਲਿਖਦੇ ਹਨ।

**ਭਾਈ ਮਨੀ ਸਿੰਘ ਦਾ ਜੀਵਨ**

ਗੁਰੂ ਤੇਗ ਬਹਾਦਰ ਜੀ ਪਿੰਡ ਅਕੋਈ ਉਤਰੇ ਹੋਏ ਸਨ, ਜਾਂ ਪਿੰਡ ਕੈਬੋਵਾਲ* (ਸ਼ਹਿਰ ਸੁਨਾਮ ਦੇ ਕੋਲ) ਦਾ ਸਿੱਖ ਭਾਈ 'ਕੱਲ੍ਹਾ' ਆਪਣੇ ਪੁੱਤਰਾਂ—ਮਨੀਆ ਤੇ ਗਨਾਹੀਆ—ਸਣੇ ਗੁਰੂ ਜੀ ਨੂੰ ਮੱਥਾ ਟੇਕਣ ਆਇਆ। ਦਸਮੇਸ਼ ਜੀ ਪਟਣੇ ਸਾਹਿਬ ਤੋਂ ਅਨੰਦਪੁਰ ਆਏ, ਤਾਂ ਭਾਈ ਕੱਲ੍ਹਾ ਆਪਣੇ ਪੁੱਤਰ ਮਨੀਏਂ ਨੂੰ ਗੁਰੂ ਸਾਹਿਬ ਪਾਸ ਸੌਂਪ ਆਇਆ।

---

੦ਮੈਕੇਗ੍ਰੇਗਰ, ਪੰਨਾ ੧੯। ਮੈਲਕਮ, ੧੮੦।

*ਨਾਦਰ ਦੇ ਹਮਲੇ ਵੇਲੇ ਥੇਹ ਹੋ ਗਿਆ, ਤਾਂ ਏਥੋਂ ਦੇ ਕੁਛ ਬਚੇ ਆਦਮੀ ਪਿੰਡ ਲੌਂਗੋਵਾਲ ਜਾ ਵੱਸੇ।

ਮਨੀਏਂ ਦੀ ਉਮਰ ਉਸ ਵੇਲੇ ਸੱਤ ਕੁ ਸਾਲ ਦੀ ਸੀ, ਭਾਵ ਦਸਮੇਸ਼ ਜੀ ਤੋਂ ਦੋ ਸਾਲ ਵੱਡੀ। ਭਾਈ ਮਨੀਆ ਹਜ਼ੂਰ ਦਾ ਬਾਲ-ਸਖਾਈ ਸੀ। ਜਦ ਗੁਰੂ ਜੀ ਨੇ ਖ਼ਾਲਸੇ ਦੀ ਰਚਨਾ ਕੀਤੀ, ਭਾਈ ਮਨੀਆ ਵੀ ਅੰਮ੍ਰਿਤ ਛਕ ਕੇ ਮਨੀ ਸਿੰਘ ਬਣ ਗਿਆ। ਜਦ ਅਨੰਦਪੁਰ ਸਾਹਿਬ ਛੱਡਿਆ, ਭਾਈ ਮਨੀ ਸਿੰਘ ਜੀ ਗੁਰੂ ਕੇ ਮਹਿਲਾਂ ਨਾਲ ਦਿੱਲੀ ਚਲੇ ਗਏ। ਮੁਕਸਤਰ ਯੁੱਧ ਪਿਛੋਂ ਮਾਤਾ ਸਾਹਿਬ ਦੇਵਾਂ ਨਾਲ ਭਾਈ ਮਨੀ ਸਿੰਘ ਜੀ ਗੁਰੂ ਮਹਾਰਾਜ ਨੂੰ ਦਮਦਮੇ ਸਾਹਿਬ ਆ ਮਿਲੇ। ਹਜ਼ੂਰ ਨਦੇੜ ਨੂੰ ਗਏ, ਤਾਂ ਮਨੀ ਸਿੰਘ ਵੀ ਨਾਲ ਗਿਆ। ਮਹਾਰਾਜ ਦੇ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ ਮਨੀ ਸਿੰਘ ਮਾਤਾ ਸਾਹਿਬ ਦੇਵਾਂ ਨਾਲ ਦਿੱਲੀ ਆ ਗਿਆ। ੧੭੨੧ ਈ. ਵਿੱਚ ਮਾਤਾ ਸੁੰਦਰੀ ਜੀ ਨੇ ਮਨੀ ਸਿੰਘ ਨੂੰ ਅੰਮ੍ਰਿਤਸਰ ਹਰਮਿੰਦਰ ਸਾਹਿਬ ਦਾ ਗ੍ਰੰਥੀ ਨੀਯਤ ਕਰਕੇ ਤੱਤ ਖ਼ਾਲਸੇ ਤੇ ਬੰਦਈਆਂ ਦਾ ਝਗੜਾ ਨਿਬੇੜਨ ਵਾਸਤੇ ਭੇਜਿਆ। ਉਸ ਸਮੇਂ ਤੋਂ ਸ਼ਹੀਦੀ ਤੱਕ ਆਪ ਹਰਿਮੰਦਰ ਸਾਹਿਬ ਦੇ ਗ੍ਰੰਥੀ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਮਰਯਾਦਾ ਆਪ ਤੋਂ ਚੱਲੀ ਹੈ।

**ਨਿਗਾਹੀਆ ਸਿੰਘ ਦਾ ਪਰਵਾਰ**

ਇੱਕ ਵਾਰ ਆਪ ਜੀ ਦਾ ਭਰਾ—ਨਗਾਹੀਆ ਸਿੰਘ—ਸਣੇ ਪਰਵਾਰ ਅੰਮ੍ਰਿਤਸਰ ਆਇਆ। ਉਸਦੇ ਸੱਤਾਂ ਪੁੱਤਰਾਂ-ਅਘੜ ਸਿੰਘ, ਥਰਾਜ ਸਿੰਘ, ਦਰਗਾਹਾ ਸਿੰਘ, ਰੁਘਾ ਸਿੰਘ, ਬਖ਼ਤ ਸਿੰਘ, ਸੁਜਾਨ ਸਿੰਘ-ਨੇ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਪਹਿਲੇ ਤਿੰਨੇ ਤਾਂ ਭਾਈ ਸਾਹਿਬ ਜੀ ਦੇ ਕੋਲ ਅੰਮ੍ਰਿਤਸਰ ਹੀ ਰਹੇ ਤੇ ਬਾਕੀ ਚਾਰੇ ਆਪਣੇ ਪਿਤਾ ਨਾਲ ਵਾਪਸ ਪਿੰਡ ਚਲੇ ਗਏ। ਪਿੱਛੋਂ ਥਰਾਜ ਸਿੰਘ ਨਵਾਬ ਕਪੂਰ ਸਿੰਘ ਦੇ ਜੱਥੇ ਵਿਚ ਰਲ ਗਿਆ, ਤੇ ਦਰਗਾਹਾ ਸਿੰਘ ਅੰਤ ਸਮੇਂ ਤੱਕ ਭਾਈ ਮਨੀ ਸਿੰਘ ਜੀ ਦੀ ਸੇਵਾ ਵਿਚ ਰਿਹਾ।

ਦੀਵਾਨ ਲਖਪਤ ਰਾਏ ਤੇ ਕਾਜ਼ੀ ਅਬਦੁਲ ਰਜ਼ਾਕ ਦੇ ਕਰੜੇ ਪ੍ਰਬੰਧ ਦੇ ਕਾਰਨ ਸਿੰਘਾਂ ਦਾ ਅੰਮ੍ਰਿਤਸਰ ਆਉਣਾ ਜਾਣਾ ਅਸਲੋਂ ਬੰਦ ਹੋ ਗਿਆ ਸੀ। ਭਾਈ ਮਨੀ ਸਿੰਘ ਜੀ ਦੀ ਆਤਮਾ ਨੂੰ ਇਹ ਦੁੱਖ ਅਸਹਿ ਹੋ ਰਿਹਾ ਸੀ। ਉਹਨਾਂ ਦੀ ਦਿਲੀ ਰੀਝ ਸੀ, ਕਿ ਕਿਸੇ ਬਹਾਨੇ ਅੰਮ੍ਰਿਤਸਰ ਵਿੱਚ ਪੰਥ ਦਾ ਇਕੱਠ ਕੀਤਾ ਜਾਏ। ਇਸ ਕਾਰਜ ਵਾਸਤੇ ਉਹਨਾਂ ਅੰਮ੍ਰਿਤਸਰ ਦੇ ਹਾਕਮ

**ਮੇਲੇ ਦਾ ਫ਼ੈਸਲਾ**

ਕਾਜ਼ੀ ਅਬਦੁਲ ਰਜ਼ਾਕ ਨਾਲ ਮਿਲਾਪ ਕੀਤਾ। ਫ਼ੈਸਲਾ ਇਹ ਹੋਇਆ, ਕਿ ਭਾਈ ਮਨੀ ਸਿੰਘ ਜੀ ਦੀਪਮਾਲਾ ਦਾ ਮੇਲਾ ਕਰਨ

ਬਦਲੇ ਪੰਜ ਹਜ਼ਾਰ ਰੁਪੈ ਠੇਕੇ ਵਜੋਂ ਸਰਕਾਰ ਨੂੰ ਦੇਣ ਤੇ ਦੋ ਹਜ਼ਾਰ ਵਢੀ ਵਜੋਂ ਕਾਜ਼ੀ ਅਬਦੁਲ ਰਜ਼ਾਕ ਨੂੰo,। ਦਸ ਦਿਨ ਮੇਲਾ ਹੋਣਾ ਨੀਯਤ ਹੋਇਆ। ਇਹ ਵੀ ਫ਼ੈਸਲਾ ਹੋਇਆ, ਕਿ ਸਿੰਘਾਂ ਦੇ ਅੰਮ੍ਰਿਤਸਰ ਆਉਣ ਉਤੇ ਸਰਕਾਰ ਵੱਲੋਂ ਕੋਈ ਰੁਕਾਵਟ ਨਹੀਂ ਹੋਵੇਗੀ।

ਭਾਈ ਸਾਹਿਬ ਦਾ ਖ਼ਿਆਲ ਸੀ, ਕਿ ਬੇਅੰਤ ਸੰਗਤਾਂ ਕੱਠੀਆਂ ਹੋਣਗੀਆਂ ਤੇ ਲੋੜ ਅਨੁਸਾਰ ਚੜ੍ਹਾਵਾ ਆ ਜਾਵੇਗਾ। ਸੋ ਸੱਤ ਹਜ਼ਾਰ ਹਾਕਮਾਂ ਨੂੰ ਦੇ ਕੇ ਬਚੇ ਚੜ੍ਹਾਵੇ ਨਾਲ ਹਰਿਮੰਦਰ ਸਾਹਿਬ ਦੀ ਸੇਵਾ ਕੀਤੀ ਜਾਵੇਗੀ। ਉਹਨਾਂ ਦੂਰ ਨੇੜੇ ਸੰਗਤਾਂ ਤੇ ਜੱਥਿਆਂ ਨੂੰ ਚਿੱਠੀਆਂ ਭੇਜ ਦਿੱਤੀਆਂ। ਓਧਰ ਓਥੇ ਵੱਸਣ ਵਾਲੇ ਸੰਤਾਂ ਤੇ ਹੋਰ ਸ਼ਰਧਾਲੂਆਂ ਨੇ ਸਰੋਵਰ ਵਿਚੋਂ ਮਿੱਟੀ ਕੱਢ ਕੇ ਖੂਹ ਜੋ ਕੇ ਪਾਣੀ ਭਰ ਦਿੱਤਾ। ਮੇਲੇ ਦੀ ਤਿਆਰੀ ਬੜੇ ਉਤਸ਼ਾਹ ਨਾਲ ਹੋਣ ਲੱਗੀ।

ਲਾਹੌਰ ਦੇ ਹਾਕਮਾਂ ਦੀ ਨੀਅਤ ਬਦਲ ਗਈ। ਉਹਨਾਂ ਨੂੰ ਇਹ ਬੁਰੀ ਸੋਚ ਸੁਝੀ, ਕਿ ਮੇਲੇ ਉੱਤੇ ਸਾਰੇ ਸਿੰਘ ਸਰਦਾਰ ਕੱਠੇ ਹੋਣਗੇ, ਕਿਉਂ ਨਾ ਉਹਨਾਂ ਸਾਰਿਆਂ ਨੂੰ ਏਥੋਂ ਫੜ ਕੇ ਦਿੱਲੀ ਭੇਜ ਦਿੱਤਾ ਜਾਵੇ। ਸੋ ਉਹਨਾਂ ਮੇਲੇ ਦਾ ਪਰਬੰਧ ਕਰਨ ਦੇ ਬਹਾਨੇ ਲੋੜ ਤੋਂ ਕਿਤੇ ਵੱਧ ਫ਼ੌਜ ਅੰਮ੍ਰਿਤਸਰ ਭੇਜ ਦਿੱਤੀ। ਫ਼ੌਜ ਦੀ ਬਹੁ-ਗਿਣਤੀ ਤੇ ਨਵੇਂ ਆਏ ਅਫ਼ਸਰਾਂ ਦੇ ਰੰਗ ਢੰਗ ਤੋਂ ਭਾਈ ਸਾਹਿਬ ਜੀ ਅਸਲੀ ਗੱਲ ਸਮਝ ਗਏ। ਉਹਨਾਂ ਸਭ ਜੱਥਿਆਂ ਤੇ ਇਲਾਕਿਆਂ ਵਿੱਚ ਵੇਰਵੇ ਲਿਖ ਕੇ ਮੋੜਵੀਆਂ ਚਿੱਠੀਆਂ ਲਿਖ ਭੇਜੀਆਂ, ਕਿ ਸੰਗਤਾਂ ਨਾ ਆਉਣ। ਸੋ ਨਾ ਸੰਗਤਾਂ ਆਈਆਂ, ਤੇ ਨਾ ਮੇਲਾ ਲੱਗਾ। ਕੇਵਲ ਥੋੜ੍ਹੇ ਜਹੇ ਉਦਾਸੀ, ਨਿਰਮਲੇ ਸੰਤ ਤੇ ਮੁਸਲਮਾਨ ਸੂਫ਼ੀ ਫ਼ਕੀਰ ਹੀ ਕੱਠੇ ਹੋਏ।

ਦੀਪਮਾਲਾ ਦੇ ਦਿਨ ਗੁਜ਼ਰ ਗਏ, ਤਾਂ ਹਾਕਮਾਂ ਨੇ ਭਾਈ ਸਾਹਿਬ ਜੀ ਤੋਂ ਠੇਕੇ ਦਾ ਰੁਪਿਆ ਮੰਗਿਆ। ਭਾਈ ਸਾਹਿਬ ਜੀ ਨੇ ਖਰੀ-ਖਰੀ ਕਹਿ ਸੁਣਾਈ, ਕਿ ਤੁਸਾਂ ਆਪ ਹੀ ਬੇਲੋੜੀ ਫ਼ੌਜ ਭੇਜ ਕੇ ਮੇਲਾ ਲੱਗਣੋਂ ਹਟਾ ਦਿੱਤਾ ਹੈ, ਇਸ ਵਾਸਤੇ ਚੜ੍ਹਾਵਾ ਹੀ ਨਹੀਂ ਆਇਆ, ਤਾਂ ਅਸੀਂ ਠੇਕਾ ਕਿਥੋਂ ਤਾਰੀਏ ? ਅੰਤ ਲਾਹੌਰ ਸਰਕਾਰ ਦੇ ਹੁਕਮ ਨਾਲ ਦੀਵਾਨ ਲਖਪਤ ਰਾਏ* ਨੇ

**ਭਾਈ ਮਨੀ ਸਿੰਘ ਦੀ ਗ੍ਰਿਫ਼ਤਾਰੀ**

ਭਾਈ ਮਨੀ ਸਿੰਘ ਜੀ ਨੂੰ ਅੰਮ੍ਰਿਤਸਰ ਤੋਂ ਕੈਦ ਕਰ ਕੇ ਲਾਹੌਰ ਸੂਬੇਦਾਰ ਦੇ ਪੇਸ਼ ਕੀਤਾ। ਇਹ ਘਟਨਾ ੧੭੯੫ ਬਿ. (੧੭੩੮) ਈ. ਦੀ ਹੈ()।

---

oਪੰਥ ਪ੍ਰਕਾਸ਼, ਪੰਨਾ ੫੯੩।

*ਭੰਗੂ, ਪੰਨਾ ੨੧੧।

()ਪੰਥ ਪ੍ਰਕਾਸ਼, ਪੰਨਾ ੫੯੩; ਨਾਰੰਗ, ੯੦; ਸਿਨਹਾ Rise of the Sikh Power by Nerendra Krishna Sinha, M.A., Ph. D., ਪੰਨਾ ੮।

ਭਾਈ ਮਨੀ ਸਿੰਘ ਜੀ ਸੂਬੇਦਾਰ ਖ਼ਾਨ ਬਹਾਦਰ ਦੇ ਪੇਸ਼ ਕੀਤੇ ਗਏ। ਭਾਈ ਸਾਹਿਬ ਜੀ ਨੇ ਠੇਕੇ ਦੀ ਰਕਮ ਤਾਰਨ ਤੋਂ ਅਸਮਰਥਾ ਪਰਗਟ ਕੀਤੀ ਤੇ ਮੇਲਾ ਨਾ ਲੱਗਣ ਦਾ ਦੂਸ਼ਣ ਸਰਕਾਰ ਦੇ ਸਿਰ ਹੀ ਥਪਿਆ, ਤਾਂ ਨਵਾਬ ਨੇ ਹੁਕਮ ਦਿੱਤਾ, ਕਿ ਜਾਂ ਮੁਸਲਮਾਨ ਹੋਣਾ ਪਰਵਾਨ ਕਰੋ ਜਾਂ ਕਤਲ ਹੋਣ ਲਈ ਤਿਆਰ ਹੋਵੋ। ਭਾਈ ਸਾਹਿਬ ਨੇ ਉੱਤਰ ਦਿਤਾ, "ਖ਼ਾਨ ਬਹਾਦਰ ! ਅੱਗੇ ਕਦੇ ਕਿਸੇ ਸਿੱਖ ਨੇ ਧਰਮ ਤਿਆਗਿਆ ਹੈ, ਤਾਂ ਮੇਰੇ ਉੱਤੇ ਵੀ ਇਹ ਸੁਆਲ ਕਰ ਲੈਂਦੇ। ਸਿੱਖ ਧਰਮ ਤਿਆਗਣ ਨਾਲੋਂ, ਜਾਨ ਦੇਣਾ ਚੰਗਾ ਸਮਝਦਾ ਹੈ। ਖ਼ਾਲਸਾ ਹਾਜ਼ਰ ਹੈ।"

ਕੋਲ ਬੈਠੇ ਕਾਜ਼ੀ ਤੋਂ ਪੁੱਛਿਆ ਗਿਆ, ਤਾਂ ਉਸਨੇ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਕੱਟਣ ਦਾ ਫ਼ਤਵਾ ਦਿੱਤਾ। ਲਾਹੌਰ ਦੇ ਸਿੱਖਾਂ ਨੂੰ ਪਤਾ ਲੱਗਾ, ਤਾਂ ਉਹਨਾਂ ਠੇਕਾ ਤਾਰਨ ਵਾਸਤੇ ਰਕਮ ਕੱਠੀ ਕੀਤੀ। ਉਹਨਾਂ ਭਾਈ ਸਾਹਿਬ ਜੀ ਨੂੰ ਪੁੱਛਿਆ, ਤਾਂ ਉਹਨਾਂ ਏਸ ਤਰ੍ਹਾਂ ਜਾਨ ਬਚਾਉਣ ਤੋਂ ਇਨਕਾਰ ਕਰ ਦਿੱਤਾ।

**ਬੰਦ ਬੰਦ ਕੱਟੇ ਗਏ**

ਅੰਤ ਨਖ਼ਾਸ ਚੌਕ ਵਿੱਚ ਇਹ ਖ਼ੂੰਨੀ ਨਾਟਕ ਖੇਡਿਆ ਗਿਆ। ਜਲਾਦ ਤਲਵਾਰ ਦਾ ਵਾਰ ਗੁੱਟ ਉੱਤੇ ਕਰਨ ਲੱਗਾ, ਤਾਂ ਭਾਈ ਸਾਹਿਬ ਨੇ ਉਸ ਨੂੰ ਇਸ ਕਾਹਲੀ ਤੋਂ ਵਰਜਿਆ ਤੇ ਕਿਹਾ, "ਆਪਣੇ ਮਾਲਕ ਦਾ ਹੁਕਮ ਪੂਰਾ ਕਰ। ਤੈਨੂੰ ਬੰਦ-ਬੰਦ ਕੱਟਣ ਦੀ ਆਗਿਆ ਹੈ। ਤੂੰ ਵੇਖਦਾ ਨਹੀਂ, ਕਿ ਗੁੱਟ ਤੋਂ ਅੱਗੇ ਇੱਕ ਉਂਗਲ ਦੇ ਤਿੰਨ-ਤਿੰਨ ਜੋੜ ਹਨ ? ਸੋ ਤੂੰ ਹਰ ਇੱਕ ਜੋੜ ਵਖ-ਵਖ ਕਰਨਾ ਹੈ।" ਅਨੋਖੀ ਸ਼ਹੀਦੀ ਸੀ, ਜਲਾਦ ਸਰੀਰ ਦਾ ਬੰਦ-ਬੰਦ ਕੱਟ ਰਿਹਾ ਸੀ, ਤੇ ਧਰਮੀ ਸੰਤ ਸ਼ਾਂਤੀ ਨਾਲ ਸਮਾਧੀ ਲਾਈ ਬੈਠਾ ਸੀ। ਇਹ ਕਾਰਾ ਦੇਖ ਕੇ ਲਾਹੌਰ ਦਾ ਹਰ ਦਰਦੀ ਦਿਲ ਕੁਰਲਾ ਉਠਿਆ। ਆਖ਼ਰੀ ਵਾਰ ਧੌਣ ਉੱਤੇ ਹੋਇਆ, ਤੇ ਸਿਰ ਧੜ ਤੋਂ ਵੱਖਰਾ ਹੋ ਗਿਆ।

**ਸਸਕਾਰ**

ਲਾਹੌਰੀ ਸਿੱਖਾਂ ਵੱਲੋਂ ਭਾਈ ਸਹਿਬ ਜੀ ਦੇ ਟੁਕੜੇ ਹੋ ਚੁੱਕੇ ਸਰੀਰ ਦਾ ਸਸਕਾਰ ਕਿਲ੍ਹੇ ਦੇ ਚੜ੍ਹਦੇ ਦਰਵਾਜ਼ਿਓਂ ਬਾਹਰ ਕੀਤਾ ਗਿਆ, ਜਿੱਥੇ ਅਜੇ ਤਕ ਸਮਾਧ ਬਣੀ ਹੋਈ ਹੈ। ਆਪ ਜੀ ਦੀ ਸ਼ਹੀਦੀ ਮਘਰ ਸੁਦੀ ਪੰਜ, ੧੭੯੫ ਬਿ. (੧੭੩੮) ਈ. ਨੂੰ ਹੋਈ०।

---

०ਸ਼ਮਸ਼ੇਰ ਖ਼ਾਲਸਾ, (ਗੁਰਮੁਖੀ) ਗਿ: ਗਿਆਨ ਸਿੰਘ, ੧੮੯੨ ਈ. ਵਿਚ ਛਪੀ (ਪੰਨਾ ੭੪।

ਏਸ ਸ਼ਹੀਦੀ ਨੇ ਸਿੰਘਾਂ ਦੇ ਦਿਲਾਂ ਅੰਦਰ ਦੱਬੀ ਹੋਈ ਅੱਗ ਭੜਕਾ ਦਿੱਤੀ। ਹਰ ਇਕ ਸਿੱਖ ਦੇ ਦਿਲ ਵਿੱਚ ਭਾਈ ਸਾਹਿਬ ਵਾਸਤੇ ਅਥਾਹ ਪਿਆਰ ਤੇ ਸ਼ਰਧਾ ਸੀ। ਬੰਦ-ਬੰਦ ਕੱਟਣ ਦੀ

**ਸ਼ਹੀਦੀ ਦਾ ਅਸਰ**

ਸਜ਼ਾ ਅਬਦੁੱਲ ਰਜ਼ਾਕ ਦੀ ਨਿਗਰਾਨੀ ਵਿੱਚ ਭੁਗਤਾਈ ਗਈ ਸੀ। ਨਾਲੇ ਉਹ ਭਾਈ ਸਾਹਿਬ ਜੀ ਦੀ ਗ੍ਰਿਫ਼ਤਾਰੀ ਵੇਲੇ ਲਖਪਤ ਦੇ ਨਾਲ ਸੀ। ਸੋ ਪਿਛੋਂ ਸਮਾਂ ਪਾ ਕੇ ਸਿੰਘਾਂ ਨੇ

**ਕਾਤਲਾਂ ਤੋਂ ਬਦਲੇ ਲਏ**

ਕਾਜ਼ੀ ਦੇ ਜੱਦੀ ਪਿੰਡ ਅਲੀ ਗੜ੍ਹ (ਜ਼ਿਲ੍ਹਾ ਗੁਜਰਾਂਵਾਲਾ) ਨੂੰ ਉਜਾੜ ਕੇ ਉਸਦਾ ਨਾਂ ਅਕਾਲ ਗੜ੍ਹ() ਰਖਿਆ, ਤੇ ਸ. ਅਘੜ ਸਿੰਘ ਨੇ ਕਾਜ਼ੀ ਨੂੰ ਕਤਲ ਕੀਤਾ। ਜਿਸ ਕਾਜ਼ੀ ਨੇ ਫ਼ਤਵਾ ਦਿੱਤਾ ਸੀ, ਉਸਨੂੰ ਬਰਾਜ ਸਿੰਘ ਨੇ ਉਹਦੇ ਘਰ (ਮੁਜ਼ੰਗ, ਲਾਹੌਰ) ਜਾ ਕੇ ਕਤਲ ਕੀਤਾ।

ਸਮੁੰਦ ਖਾਂ ਪਿੰਡ ਮਾਣਕ ਕੋਲ ਡੇਰਾ ਲਾਈ ਬੈਠਾ ਸੀ। ਉਹ ਗਸ਼ਤੀ ਫ਼ੌਜ ਦਾ ਅਫ਼ਸਰ ਸੀ। ਨਵਾਬ ਕਪੂਰ ਸਿੰਘ

**ਸਮੁੰਦ ਖ਼ਾਂ ਕਤਲ**

ਨੇ ਉਸ ਉੱਤੇ ਹਮਲਾ ਕੀਤਾ। ਲੜਾਈ ਵਿਚ ਸਮੁੰਦ ਖਾਂ ਫੜਿਆ ਗਿਆ। ਸਿੰਘਾਂ ਨੇ ਉਹਨੂੰ ਘੋੜਿਆਂ ਮਗਰ ਘਸੀਟ ਕੇ ਮਾਰ ਦਿੱਤਾ।*

ਇਹ ਸਾਲ ਸਿੰਘਾਂ ਦੀ ਕਤਲਾਮ ਦਾ ਸੀ। ਭਾਈ ਮਨੀ ਸਿੰਘ ਦੇ ਨਾਲ ਫੜੇ ਹੋਏ ਸਿੱਖ ਸੰਤ ਚਰਖ਼ੀ 'ਤੇ ਚੜ੍ਹਾ ਕੇ ਮਾਰੇ ਗਏ੦। ਏਥੇ ਹੀ ਬੱਸ ਨਹੀਂ, ਇਲਾਕੇ ਵਿੱਚੋਂ ਭਾਲ-ਭਾਲ ਕੇ ਅਮਨ ਨਾਲ

**ਹੋਰ ਸਿੰਘਾਂ ਨੂੰ ਸਜ਼ਾਵਾਂ**

ਘਰੀਂ ਬੈਠੇ ਸਿੱਖ ਫੜ ਕੇ ਲਾਹੌਰ ਲੈ ਆਂਦੇ ਗਏ ਤੇ ਇਸਲਾਮ ਨਾ ਧਾਰਨ ਕਰਨ ਉੱਤੇ ਅਨੇਕਾਂ ਤਸੀਹੇ ਦੇ ਕੇ ਕਤਲ ਕੀਤੇ ਗਏ ()। ਇਹਨਾਂ ਸ਼ਹੀਦੀ ਕਾਰਨਾਮਿਆਂ ਨੇ ਸਿੰਘਾਂ ਨੂੰ ਪੂਰੀ ਤਰ੍ਹਾਂ ਭੜਕਾ ਦਿੱਤਾ।

---

()ਹੁਣ ਤੱਕ ਉਸ ਪਿੰਡ ਦਾ ਨਾਂ ਅਕਾਲਗੜ੍ਹ ਹੀ ਹੈ।

*ਪੰਥ ਪ੍ਰਕਾਸ਼, ਪੰਨਾ ੬੦੨।

੦ਭੰਗੂ, ਪੰਨਾ ੨੧੪।

()ਸੱਤ੍ਰੇ ਸੈ ਪਚਾਨਵੇਂ ਖ਼ਾਨ ਬਹਾਦਰ ਨਵਾਬ।
ਉਨ ਬਹੁ ਦੁਖ ਸਿੰਘਨ ਦਯੋ ਪਾਪੀ ਬਡੋ ਖਰਾਬ। (ਬਾਕੀ ਅਗਲੇ ਪੰਨੇ 'ਤੇ)

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਪਹਿਲਾਂ ਬਸੰਤ ਪੰਚਮੀ ਵਾਲੇ

### ਹਕੀਕਤ ਰਾਏ

ਦਿਨ ਹਕੀਕਤ ਰਾਏ[] ਨੂੰ ਲਾਹੌਰ ਵਿਚ ਸ਼ਹੀਦ ਕੀਤਾ ਗਿਆ ਸੀ। ਸਿੱਖ ਇਤਿਹਾਸ ਉੱਤੇ ਇਸ ਦਾ ਚੰਗਾ ਅਸਰ ਪਿਆ। ਦਲੇਰ ਸੁਭਾਂ ਵਾਲੇ ਹਿੰਦੂ ਗਭਰੂਆਂ ਅੰਦਰ ਬਦਲੇ ਦੀ ਅੱਗ ਭੜਕ ਉਠੀ। ਉਹ ਘਰਾਂ ਤੋਂ ਨਿਕਲੇ, ਸਿੱਖਾਂ ਦੇ ਜਥਿਆਂ ਵਿਚ ਜਾ ਰਲੇ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਗਏ।

---

[]ਹਕੀਕਤ ਰਾਏ ਸਿਆਲਕੋਟ ਦੇ ਰਹਿਣ ਵਾਲੇ ਭਾਈ ਭਾਗ ਮੱਲ ਪੁਰੀ ਤੇ ਗੌਰਾਂ ਦਾ ਇਕੋ ਇਕ ਪੁੱਤਰ ਸੀ। ਉਹ ਛੋਟੀ ਉਮਰੇ ਹੀ ਵਡਾਲੇ ਵਿਚ ਸ. ਕਿਸ਼ਨ ਸਿੰਘ ਦੀ ਲੜਕੀ ਦੁਰਗੀ ਨਾਲ ਵਿਆਹਿਆ ਗਿਆ ਸੀ। ਕਿਸ਼ਨ ਸਿੰਘ, ਮਲ ਸਿੰਘ ਤੇ ਦਲ ਸਿੰਘ ਤਿੰਨ ਭਰਾ ਸਨ। ਹਕੀਕਤ ਰਾਏ ਦੇ ਨਾਨਕੇ ਵੀ ਸਿੱਖ ਸਨ। ਇਸ ਵਾਸਤੇ ਉਹਦੇ ਦਿਲ ਉੱਤੇ ਸਿੱਖ ਗੁਰੂਆਂ ਦੀਆਂ ਸ਼ਹੀਦੀਆਂ ਦਾ ਚੰਗਾ ਅਸਰ ਸੀ। ਉਹ ਮਸੀਤ ਵਿਚ ਪੜ੍ਹਦਾ ਸੀ। ਮੁਸਲਮਾਨ ਮੁੰਡਿਆਂ ਨੇ ਦੇਵੀ ਨੂੰ ਗਾਲ੍ਹ ਦਿੱਤੀ, ਤਾਂ ਹਕੀਕਤ ਨੇ ਅੱਗੋਂ ਬੀਬੀ ਫ਼ਾਤਮਾ ਨੂੰ ਓਵੇਂ ਕਿਹਾ। ਏਸੇ ਗੁਨਾਹ ਵਿਚ ਉਹ ਫੜਿਆ ਹੋਇਆ ਲਾਹੌਰ ਖ਼ਾਨ ਬਹਾਦਰ ਦੀ ਕਚਹਿਰੀ ਵਿਚ ਪੇਸ਼ ਹੋਇਆ। ਏਥੇ ਮੌਤ ਜਾਂ ਇਸਲਾਮ ਦਾ ਫ਼ਤਵਾ ਦਿੱਤਾ ਗਿਆ। ਅੰਤ ਉਸ ਧਰਮੀ ਬੱਚੇ ਨੇ ਧਰਮ ਤਿਆਗਣ ਦੀ ਥਾਂ ਮੌਤ ਪਰਵਾਨ ਕੀਤੀ ਤੇ ਬਸੰਤ ਪੰਚਮੀ (੧੭੯੧ ਬਿ. = ੧੭੩੫ ਈ: ਭੰਗੂ, ਪੰਨਾ ੨੭੭) ਵਾਲੇ ਦਿਨ ਸ਼ਹੀਦ ਕੀਤਾ ਗਿਆ। ਪਿਛੋਂ ਸਿੰਘਾਂ ਨੇ ਏਸ ਜ਼ੁਲਮ ਦਾ ਪੂਰਾ ਬਦਲਾ ਲਿਆ। ਸਿਆਲਕੋਟ ਉੱਤੇ ਹਮਲਾ ਕਰਕੇ ਲੁੱਟ ਲਿਆ। ਜ਼ਾਲਮ ਖ਼ਾਂ ਕਾਜ਼ੀ, ਫ਼ਤਵਾ ਦੇਣ ਵਾਲਾ ਮੌਲਵੀ, ਸ਼ਹਿਰ ਦਾ ਹਾਕਮ ਅਮੀਰ ਬੇਗ ਤੇ ਹੋਰ ਚੁਣਵੇਂ ਮੁਸਲਮਾਨ ਮਾਰੇ। ਸ. ਕ੍ਰਿਸ਼ਨ ਸਿੰਘ, ਦਲ ਸਿੰਘ ਨੇ ਹਕੀਕਤ ਰਾਏ ਦੇ ਕਾਤਲਾਂ ਦੇ ਸਿਰ ਉਸ ਦੀ ਮਾਤਾ ਗੌਰਾਂ ਦੇ ਸਾਮ੍ਹਣੇ ਜਾ ਰਖੇ। ਪੰਥ ਪ੍ਰਕਾਸ਼, ਪੰਨਾ ੬੪੨।

(ਪਿਛਲੇ ਸਫ਼ੇ ਦਾ ਬਾਕੀ ਫੁਟਨੋਟ)

ਕਈ ਚਰਖ਼, ਕਈ ਫਾਂਸੀ ਮਾਰੇ। ਕਈ ਤੋਪਨ, ਕਈ ਛੁਰੀ ਕਟਾਰੇ।
ਕਈਅਨ ਕੇ ਸਿਰ ਮੁੰਗਲੀ ਕੁਟੇ। ਕਈ ਡੋਬੇ, ਕਈ ਘਸੀਟ ਸੁ ਸੁਟੇ।
ਦੱਬੇ ਟੰਗੇ ਬੰਦੂਕਨ ਦਏ ਮਾਰ। ਕੌਨ ਗਨੇ ਜੋ ਮਾਰੇ ਹਜ਼ਾਰ।
ਪਾਂਤ ਪਾਂਤ ਕਈ ਪਕੜ ਬਹਾਏ। ਸਾਥ ਤੇਗ਼ਨ ਕੇ ਸੀਸ ਉਡਾਏ।
ਕਿਸੇ ਹੱਥ, ਕਿਸੇ ਟੰਗ ਕਟਵਾਏ। ਅੱਖ ਕਢ, ਕਿਸੇ ਖੱਲ ਕਢਵਾਏ।
ਕੇਸਨ ਵਾਲੇ ਜੋ ਨਰ ਹੋਈ। ਬਾਲ ਬਿਰਧ ਲਭ ਛਡੈ ਨਾ ਕੋਈ।

ਭੰਗੂ, ਪੰਨਾ ੨੧੪।

ਸਿੰਘ ਭੜਕ ਉੱਠੇ

ਅਸੀਂ ਉਪਰ ਲਿਖ ਆਏ ਹਾਂ, ਕਿ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਨੇ ਸਿੰਘਾਂ ਨੂੰ ਭੜਕਾ ਦਿੱਤਾ ਸੀ। ਉਹਨਾਂ ਇਲਾਕੇ ਵਿਚ ਥਾਂ-ਥਾਂ ਲੁੱਟ ਮਾਰ ਮਚਾ ਦਿੱਤੀ। ਕੇਈਆਂ ਪਿੰਡਾਂ ਦੇ ਚੌਧਰੀ ਮਾਰ ਦਿੱਤੇ ਤੇ ਕੇਈਆਂ ਦੇ ਪਿੰਡ ਲੁਟ ਲਏ। ਭਾਈ ਸਾਹਿਬ ਜੀ ਦੇ ਕਾਤਲ ਕਾਜ਼ੀ ਤੇ ਮੁਫ਼ਤੀ ਨੂੰ ਮਾਰ ਕੇ ਸਿੱਖਾਂ ਦਾ ਸਾਰਾ ਗ਼ੁੱਸਾ ਠੰਢਾ ਨਹੀਂ ਸੀ ਹੋ ਗਿਆ। ਉਹ ਨਵਾਬ ਖ਼ਾਨ ਬਹਾਦਰ ਨੂੰ ਕਤਲ ਕਰਨ ਦੀਆਂ ਸੋਚਾਂ ਵਿਚ ਸਨ, ਪਰ ਔਖੀ ਗੱਲ ਇਹ ਸੀ, ਕਿ ਖ਼ਾਨ ਬਹਾਦਰ ਕਿਲ੍ਹਿਉਂ ਬਾਹਰ ਹੀ ਨਹੀਂ ਸੀ ਨਿਕਲਦਾ। ਇਕ ਦਿਨ ਦੋ ਹਜ਼ਾਰ ਸਿੰਘ ਤੁਰਕੀ ਭੇਸ ਕਰਕੇ ਹਰਿਆ ਝੰਡਾ ਲੈ ਕੇ ਟਕਸਾਲੀ ਦਰਵਾਜ਼ਿਉਂ ਸ਼ਹਿਰ ਦੇ ਅੰਦਰ ਆ ਵੜੇ। ਉਹਨਾਂ ਦੀ ਚਾਲ ਇਹ ਸੀ, ਕਿ ਜਦ ਖ਼ਾਨ ਬਹਾਦਰ ਜੁਮੇ ਦੀ ਨਮਾਜ਼ ਪੜ੍ਹਨ ਸ਼ਾਹੀ ਮਸੀਤ ਵਿਚ ਆਵੇ, ਤਾਂ ਹੱਲਾ ਕਰਕੇ ਕਤਲ ਕਰ ਦਿਓ। ਪਰ ਉਸ ਦਿਨ ਸੂਬੇਦਾਰ ਨਮਾਜ਼ ਪੜ੍ਹਨ ਕਿਲ੍ਹਿਉਂ ਬਾਹਰ ਨਾ ਆਇਆ। ਸੋ ਸਿੰਘਾਂ ਦੇ ਦਿਲ ਦੀ ਇਛਿਆ ਪੂਰੀ ਨਾ ਹੋਈ। ਅੰਤ ਸਿੰਘ ਸ਼ਹਿਰ ਦਾ ਟਕਸਾਲੀ ਤੇ ਮੋਚੀ ਦਰਵਾਜ਼ੇ ਦਾ ਅੰਦਰਲਾ ਹਿੱਸਾ ਲੁੱਟ ਕੇ ਬਾਹਰ ਨਿਕਲ ਗਏ।

ਖ਼ਾਨ ਬਹਾਦਰ ਨੂੰ ਕਤਲ ਕਰਨ ਦੀ ਗੋਂਦ

ਲਾਹੌਰ ਲੁੱਟਿਆ

ਗਸ਼ਤੀ ਫ਼ੌਜ ਤੇ ਚੌਧਰੀਆਂ ਨੂੰ ਤਾੜਨਾ

ਏਸ ਘਟਨਾ ਨੇ ਖ਼ਾਨ ਬਹਾਦਰ ਨੂੰ ਸੁਚੇਤ ਕਰ ਦਿੱਤਾ। ਉਹਨੂੰ ਗੁੱਸੇ ਵਿਚ ਅੱਗ ਲੱਗ ਉੱਠੀ। ਉਹਨੇ ਗਸ਼ਤੀ ਫ਼ੌਜ ਦੇ ਅਫ਼ਸਰਾਂ ਤੇ ਇਲਾਕੇ ਦੇ ਚੌਧਰੀਆਂ ਨੂੰ ਸੱਦ ਕੇ ਬੜਾ ਧਮਕਾਇਆ, ਕਿ ਜਿਸ ਦੇ ਇਲਾਕੇ ਵਿਚ ਹੁਣ ਕੋਈ ਸਿੰਘ ਨਜ਼ਰ ਆ ਗਿਆ, ਉਹਨੂੰ ਓਹੋ ਸਜ਼ਾ ਦਿੱਤੀ ਜਾਵੇਗੀ, ਜੋ ਸਿੰਘਾਂ ਨੂੰ ਦਿੱਤੀ ਜਾਂਦੀ ਹੈ। ਏਸ ਸਖ਼ਤ ਹੁਕਮ ਨੇ ਪੱਤਾ ਪੱਤਾ ਸਿੰਘਾਂ ਦਾ ਵੈਰੀ ਬਣਾ ਦਿੱਤਾ। ਏਥੋਂ ਤਕ, ਕਿ ਲਾਹੌਰ ਸਰਕਾਰ ਦੇ ਇਲਾਕੇ ਵਿਚ ਸਿੰਘਾਂ ਦਾ ਰਹਿਣਾ ਔਖਾ ਹੋ ਗਿਆ। ਉਹ ਨੱਸ ਕੇ ਮਾਲਵੇ ਵਿਚ ਜਾ ਵੜੇ ਤੇ ਕੁਛ ਤਾਂ ਜੈਪੁਰ, ਜੋਧਪੁਰ, ਬੀਕਾਨੇਰ ਆਦਿ ਰਿਆਸਤਾਂ ਵਿਚ ਜਾ ਪੁੱਜੇ।

ਆਲਾ ਸਿੰਘ ਦੇ ਪੁੱਤਰਾਂ ਨੇ ਅੰਮ੍ਰਿਤ ਛਕਿਆ

ਏਸ ਸਮੇਂ ਸ. ਆਲਾ ਸਿੰਘ ਪਟਿਆਲਾ ਦੇ ਪੁੱਤਰਾਂ ਨੇ ਸ. ਅਘੜ ਸਿੰਘ ਪਾਸੋਂ ਅੰਮ੍ਰਿਤ ਛਕਿਆ।

ਇਸ ਵੇਲੇ ਮਾਝੇ ਵਿਚ ਵੇਖਣ ਨੂੰ ਵੀ ਸਿੱਖ ਨਜ਼ਰ ਨਹੀਂ ਸੀ ਆਉਂਦਾ। ਜੇ ਕੋਈ ਟਾਵਾਂ ਟਾਵਾਂ ਕਿਤੇ ਰਹਿ ਵੀ ਗਿਆ ਸੀ, ਤਾਂ ਉਹ ਲੁਕ ਛਿਪ ਕੇ ਦਿਨ ਟਪਾਉਂਦਾ ਸੀ। ਕਿਤੇ ਕਿਸੇ ਦਾ ਸ਼ਾਹੀ ਬੰਦਿਆਂ ਨਾਲ ਟਾਕਰਾ ਹੋ ਪੈਂਦਾ, ਤਾਂ ਉਹ ਮੈਦਾਨ ਵਿਚ ਮਰਦਾਂ ਵਾਂਗ ਲੜ ਮਰਦਾ।

**ਕੁਤਬ ਦੀਨ ਨੇ ਥੰਮ੍ਹ ਸਾਹਿਬ ਸਾੜਿਆ**

ਜਲੰਧਰ ਦੇ ਨਾਜ਼ਮ ਕੁਤਬ ਦੀਨ ਨੇ ਕਰਤਾਰਪੁਰ ਉੱਤੇ ਹਮਲਾ ਕੀਤਾ। ਓਥੋਂ ਦਾ ਪੁਜਾਰੀ ਸੋਢੀ ਵਡਭਾਗ ਸਿੰਘ ਪਹਾੜਾਂ ਨੂੰ ਨੱਸ ਗਿਆ। ਕੁਤਬਦੀਨ ਨੇ ਗੁਰਦੁਆਰਾ ਥੰਮ੍ਹ ਸਾਹਿਬ ਸਾੜ ਦਿੱਤਾ ਤੇ ਗੁਰਦੁਆਰੇ ਦੇ ਵਿਹੜੇ ਵਿਚ ਗਾਂ ਹਲਾਲ ਕੀਤੀ। ਉਹਨੇ ਸਾਰਾ ਪਿੰਡ ਲੁੱਟ ਲਿਆ। ਓਥੋਂ ਦੀਆਂ ਕਈ ਹਿੰਦੂ ਦੇਵੀਆਂ ਫੜ ਕੇ ਨਾਜ਼ਮ ਜਲੰਧਰ ਲੈ ਗਿਆ। ਸਮਾਂ ਪਾ ਕੇ ਇਸ ਦਾ ਬਦਲਾ ਸ. ਬਾਘ ਸਿੰਘ ਨੇ ਲਿਆ। ਪਿੰਡ

**ਬਾਘ ਸਿੰਘ ਨੇ ਬਦਲਾ ਲਿਆ**

ਢਿੱਲਵਾਂ ਕੋਲ ਕੁਤਬਦੀਨ ਸ਼ਿਕਾਰ ਖੇਡਦਾ ਕਾਬੂ ਆ ਗਿਆ। ਸਿੰਘਾਂ ਨੇ ਹੱਲਾ ਕਰਕੇ ਨਾਜ਼ਮ ਨੂੰ ਫੜ ਲਿਆ ਤੇ ਜਿਉਂਦਾ ਅੱਗ ਵਿਚ ਸਾੜ ਦਿੱਤਾ*। ਲਗਦੇ ਹੱਥ ਸਿੰਘਾਂ ਨੇ ਜਲੰਧਰ ਉੱਤੇ ਧਾਵਾ ਬੋਲ ਕੇ ਸ਼ਹਿਰ ਦਾ ਬਹੁਤ ਸਾਰਾ ਹਿੱਸਾ ਲੁੱਟ ਲਿਆ। ਮੁਸਲਮਾਨਾਂ ਦੀ ਕੈਦ ਵਿੱਚੋਂ ਹਿੰਦੂ ਦੇਵੀਆਂ ਛੁਡਾ ਕੇ ਘਰੋ ਘਰੀ ਪੁਚਾਈਆਂ।

**ਸ਼ਹੀਦੀ ਸ. ਬੋਤਾ ਸਿੰਘ**

ਪਿੰਡ ਭੜਾਣੇ ਦਾ ਇਕ ਜੱਟ ਸ. ਬੋਤਾ ਸਿੰਘ ਤੇ ਇਕ ਉਹਦਾ ਸਾਥੀ ਮਜ਼੍ਹਬੀ ਸ. ਗਰਜਾ ਸਿੰਘ ਦੋਵੇਂ ਲੁਕ ਛਿਪ ਕੇ ਰਹਿੰਦੇ ਸਨ। ਉਹ ਰਾਤ ਬਰਾਤੇ ਅੰਮ੍ਰਿਤਸਰ ਤੇ ਤਰਨ ਤਾਰਨ ਇਸ਼ਨਾਨ ਕਰ ਜਾਇਆ ਕਰਦੇ। ਇਕ ਦਿਨ ਉਹ ਤਰਨ ਤਾਰਨ ਇਸ਼ਨਾਨ ਕਰਕੇ ਦਿਨੇ ਨੇੜੇ ਦੇ ਜੰਗਲ ਵਿਚ ਲੁਕੇ ਬੈਠੇ ਸਨ, ਜਾਂ ਉਹਨਾਂ ਦੇ ਕੰਨਾਂ ਵਿਚ ਲੰਘੇ ਜਾਂਦੇ ਰਾਹੀਆਂ ਦੀਆਂ ਗੱਲਾਂ ਪਈਆਂ। ਇਕ ਨੇ ਵੇਖ ਕੇ ਆਖਿਆ, ਕਿ ਦੋ ਸਿੰਘ ਲੁਕੇ ਬੈਠੇ ਹਨ। ਦੂਜੇ ਨੇ ਉੱਤਰ ਦਿੱਤਾ, "ਸਿੰਘ ਵੀ ਕਦੇ ਲੁਕੇ ਹਨ ? ਇਹ ਕੋਈ ਗਿੱਦੜ ਹੋਣੇ ਨੇ।" ਇਹ ਬੋਲੀ ਸਿੰਘਾਂ ਨੂੰ ਖਾ ਗਈ। ਉਹਨਾਂ ਦੋਹਾਂ ਗੁਰਮਤਾ ਕੀਤਾ, ਕਿ ਕੋਈ ਸਿੰਘਾਂ ਵਾਲਾ ਕਾਰਨਾਮਾ

---

*ਪੰਥ ਪ੍ਰਕਾਸ਼, ਪੰਨੇ ੬੧੦-੧੧।

ਕਰਕੇ ਸ਼ਹੀਦ ਹੋਈਏ। ਉਹ ਨੂਰਦੀਨ ਦੀ ਸਰਾਂ ਕੋਲ ਲਾਹੌਰ ਵਾਲੀ ਸੜਕ ਉੱਤੇ ਖਲੋ ਗਏ ਤੇ ਲੰਘਣ ਵਾਲਿਆਂ ਤੋਂ ਆਨਾ ਗੱਡਾ ਤੇ ਪੈਸਾ ਖੋਤਾ ਜਗਾਤ (ਮਸੂਲ) ਉਗਰਾਹੁਣ ਲੱਗੇ। ਲੰਘਣ ਵਾਲੇ ਜਗਾਤ ਦੇਂਦੇ ਤੇ ਰਾਹੇ ਪੈ ਜਾਂਦੇ, ਪਰ ਅੱਗੋਂ ਉਭਾਸਰਦਾਂ ਕੋਈ ਨਾ। ਦੋ ਤਿੰਨ ਦਿਨ ਲੰਘ ਗਏ, ਤਾਂ ਬੋਤਾ ਸਿੰਘ ਨੇ ਲਾਹੌਰ ਦੇ ਸੂਬੇਦਾਰ ਖ਼ਾਨ ਬਹਾਦਰ ਨੂੰ ਚਿੱਠੀ ਲਿਖੀ : 'ਮੈਂ ਹਾਂ ਸਿੰਘ ਬੋਤਾ, ਹੱਥ ਵਿਚ ਸੋਟਾ ਮੋਟਾ, ਲਵਾਂ ਜਗਾਤ ਖਲੋਤਾ, ਆਨਾ ਗੱਡਾ ਪੈਸਾ ਖੋਤਾ, ਤੂੰ ਹੈਂ ਨਾਲਾਇਕ ਖੋਤਾ, ਤੈਥੋਂ ਰਾਜ ਨਹੀਂ ਹੋਤਾ, ਤੂੰ ਜਾਏਂਗਾ ਦਰਗਾਹ ਰੋਤਾ, ਤੂੰ ਆਖੀਂ ਭਾਬੀ ਖ਼ਾਨੋ ਨੂੰ ਤੇਰਾ ਦੇਵਰ ਹੈਗਾ ਸਿੰਘ ਬੋਤਾ...।'* ਲਾਹੌਰ ਜਾਂਦੇ ਸੌਦਾਗਰਾਂ ਦੇ ਹੱਥ ਇਹ ਚਿੱਠੀ ਲਾਹੌਰ ਨਵਾਬ ਕੋਲ ਪੁਚਾ ਦਿੱਤੀ ਗਈ। ਚਿੱਠੀ ਪੜ੍ਹੀ, ਤਾਂ ਖ਼ਾਨ ਬਹਾਦਰ ਨੂੰ ਅੱਗ ਲੱਗ ਉਠੀ। ਉਹਨੇ ਫ਼ੌਜਦਾਰ ਜਲਾਲਦੀਨ ਨੂੰ ਸੌ ਸਵਾਰ ਦੇ ਕੇ ਬੋਤਾ ਸਿੰਘ ਨੂੰ ਫੜਨ ਵਾਸਤੇ ਭੇਜਿਆ। ਨਾਲ ਹੀ ਫ਼ੌਜਦਾਰ ਨੂੰ ਹਦਾਇਤ ਕੀਤੀ, ਕਿ ਬੋਤਾ ਸਿੰਘ ਨੂੰ ਜਿਉਂਦੇ ਨੂੰ ਫੜ ਕੇ ਲਿਆਵੇ।

**ਬੋਤਾ ਸਿੰਘ ਦੀ ਚਿੱਠੀ**

**ਜਲਾਲਦੀਨ ਦੀ ਚੜ੍ਹਾਈ**

ਜਲਾਲਦੀਨ ਨੇ ਜਾ ਕੇ ਸਿੰਘਾਂ ਨੂੰ ਘੇਰਾ ਪਾ ਲਿਆ। ਅੱਗੋਂ ਸਿੰਘ ਵੀ ਟਾਕਰੇ ਲਈ ਤਿਆਰ ਹੋ ਖਲੋ। ਫ਼ੌਜਦਾਰ ਨੇ ਕਿਹਾ, "ਬੋਤਾ ਸਿੰਘਾ ! ਟਾਕਰੇ ਦਾ ਕੋਈ ਲਾਭ ਨਹੀਂ ਹੋਵੇਗਾ। ਸੌ ਨਾਲ ਤੁਸੀਂ ਕਦੋਂ ਤਕ ਨਿਭ ਸਕੋਗੇ। ਮੇਰੇ ਆਖੇ ਲੱਗੋ, ਤਾਂ ਹਥਿਆਰ ਸੁੱਟ ਕੇ ਈਨ ਮੰਨ ਲਓ। ਮੈਂ ਨਵਾਬ ਲਾਹੌਰ ਪਾਸੋਂ ਤੁਹਾਨੂੰ ਮਾਫ਼ੀ ਲੈ ਦਿਆਂਗਾ।"

ਸ. ਬੋਤਾ ਸਿੰਘ ਨੇ ਅੱਗੋਂ ਦਲੇਰਾਨਾ ਉੱਤਰ ਦਿਤਾ, "ਅਸੀਂ ਮਰਦਾਂ ਵਾਂਗ ਲੜ ਕੇ ਮਰਨ ਵਾਸਤੇ ਪਰਗਟ ਹੋਏ ਹਾਂ, ਮਾਫ਼ੀ ਮੰਗ ਕੇ ਗੀਦੀਆਂ ਵਾਂਗ ਜਿਉਣ ਵਾਸਤੇ ਨਹੀਂ। ਜੇ ਤੂੰ ਸਿੰਘਾਂ ਦੀ ਬਹਾਦਰੀ ਵੇਖਣੀ ਚਾਹੁੰਦਾ ਹੈਂ, ਤਾਂ ਸਾਡੇ ਦੋਹਾਂ ਦੇ ਟਾਕਰੇ ਉੱਤੇ ਆਪਣੇ ਚਾਰ ਸਿਪਾਹੀ ਮੈਦਾਨ ਵਿਚ ਕੱਢ।"

---

*ਸ਼ਮਸ਼ੇਰ ਖਾਲਸਾ, (ਗੁਰਮੁਖੀ) ਪੰਨਾ ੭੬। ਖ਼ਾਨੋ ਨਵਾਬ ਖ਼ਾਨ ਬਹਾਦਰ ਦੀ ਭੈਣ ਦਾ ਨਾਮ ਸੀ। ਭੰਗੂ, ਪੰਨਾ ੨੩੦।

### ਬੋਤਾ ਸਿੰਘ ਦੀ ਸ਼ਹੀਦੀ

ਇਹ ਸੁਣ ਕੇ ਫ਼ੌਜਦਾਰ ਨੇ ਆਪਣੇ ਚਾਰ ਚੋਣਵੇਂ ਸਿਪਾਹੀ ਮੈਦਾਨ ਵਿਚ ਕੱਢੇ। ਦੋਹੀਂ ਪਾਸੀਂ ਤਲਵਾਰਾਂ ਤੇ ਢਾਲਾਂ ਲੈ ਕੇ ਸੂਰਮੇ ਮੈਦਾਨ ਵਿਚ ਆ ਗਏ। ਪਰ ਤਨਖ਼ਾਹ ਦੇ ਬੰਦਿਆਂ ਨੇ ਸਿਰਲੱਥ ਸੂਰਮਿਆਂ ਦਾ ਟਾਕਰਾ ਕੀ ਕਰਨਾ ਸੀ ? ਸਿੰਘਾਂ ਨੇ ਵਿਹੰਦਿਆਂ-ਵਿਹੰਦਿਆਂ ਚਾਰੇ ਮੁਸਲਮਾਨ ਸਿਪਾਹੀ ਢੇਰੀ ਕਰ ਦਿੱਤੇ। ਫੇਰ ਹੋਰ ਪੰਜ ਆਏ। ਉਹਨਾਂ ਦਾ ਵੀ ਪਹਿਲਿਆਂ ਵਾਲਾ ਹੀ ਹਾਲ ਹੋਇਆ। ਅੰਤ ਫ਼ੌਜਦਾਰ ਨੇ ਸਾਰੀ ਫ਼ੌਜ ਨੂੰ ਕੱਠਾ ਹਮਲਾ ਕਰਨ ਦਾ ਹੁਕਮ ਦਿੱਤਾ। ਫਿਰ ਵੀ ਸਿੰਘ ਘਬਰਾਏ ਨਹੀਂ। ਉਹ ਦੋਵੇਂ ਸੂਰਮੇ ਅੰਤਮ ਸਵਾਸ ਤਕ ਟਾਕਰਾ ਕਰਦੇ ਹੋਏ ਸ਼ਹੀਦ ਹੋਏ। ਦੂੱਜੇ ਪਾਸੇ ਜਲਾਲਦੀਨ ਦੇ ਤੀਹ-ਕੁ-ਸਿਪਾਹੀ* ਫੱਟੜ ਜਾਂ ਕਤਲ ਹੋ ਗਏ। ਏਸ ਘਟਨਾ ਨੇ ਸਾਰੇ ਇਲਾਕੇ ਵਿਚ ਤਰਥੱਲੀ ਮਚਾ ਦਿੱਤੀ।

ਗੁਰੂ ਮਹਾਰਾਜ ਦੇ ਪੰਥ ਨੂੰ ਉਜਾਗਰ ਰਖਣ ਵਾਸਤੇ ਸਿੰਘਾਂ ਨੇ ਅਜੇਹੇ ਅਨੇਕਾਂ ਕਾਰਨਾਮੇ ਕੀਤੇ। ਅਸਲ ਗੱਲ ਇਹ ਹੈ, ਕਿ ਉਹ ਜਿਉਂਦੇ ਹੀ ਕੇਵਲ ਮਰਦਾਂ ਵਾਂਗ ਮਰਨ ਵਾਸਤੇ ਸਨ। ਮੌਤ ਦਾ ਭੈ ਉਹਨਾਂ ਦੇ ਨੇੜੇ ਕਦੇ ਨਹੀਂ ਸੀ ਲੰਘਿਆ। ਅੰਮ੍ਰਿਤ ਛਕ ਕੇ ਸਿੰਘ ਸਜਦਾ ਹੀ ਓਹਾ ਸੀ, ਜਿਹੜਾ ਧਰਮ ਦੀ ਖ਼ਾਤਰ ਮਰਨਾ ਪਰਵਾਨ ਕਰ ਲੈਂਦਾ ਸੀ। ਸਿੰਘ ਸਜਣ ਵਾਲਾ ਹੀ ਨਹੀਂ, ਉਹਦੇ ਘਰਦੇ ਅਤੇ ਸੰਬੰਧੀ ਵੀ ਇਹੋ ਸਮਝ ਲੈਂਦੇ ਸਨ, ਕਿ ਇਹ ਪੰਥ ਦੀ ਖ਼ਾਤਰ ਮਰਨੇ ਵਾਸਤੇ ਹੀ ਸਿੰਘ ਸਜਿਆ ਹੈ। ਜੇ ਇਕ ਇਸਤਰੀ ਦੂੱਜੀ ਨੂੰ ਪੁੱਛਦੀ, ਕਿ ਤੇਰੇ ਕਿੰਨੇ ਪੁੱਤਰ ਹਨ, ਤਾਂ ਉਹ ਅੱਗੋਂ ਕਹਿੰਦੀ, ਕਿ ਹੈਗੇ ਤਾਂ ਚਾਰ ਸਨ, ਪਰ ਇਕ ਸਿੱਖ ਬਣ ਗਿਆ ਹੈ०। ਭਾਵ ਸਿੱਖ ਬਣਨਾ, ਦੁਨੀਆਂ ਵੱਲੋਂ ਮੌਤ ਦੀ ਝੋਲੀ ਪੈਣ ਦੇ ਬਰਾਬਰ ਸੀ।

---

*ਪੰਥ ਪ੍ਰਕਾਸ਼, ਪੰਨਾ ੬੦੧।

०ਨਾਰੰਗ, ਪੰਨਾ ੧੯।

# ਤਿੱਜਾ ਕਾਂਡ

ਸਿੱਖ ਇਤਿਹਾਸ ਸਮਝਣ ਵਾਸਤੇ ਜ਼ਰੂਰੀ ਹੈ, ਕਿ ਪਾਠਕ ਦਿੱਲੀ ਦੇ ਮੁਗ਼ਲ ਬਾਦਸ਼ਾਹਾਂ ਤੇ ਕਾਬਲ ਦੇ ਹਾਕਮਾਂ ਦੀ ਤਾਰੀਖ਼ ਤੋਂ ਜਾਣੂ ਹੋਵੇ। ਇਹਨਾਂ ਦੋਹਾਂ ਤਾਕਤਾਂ ਵਿਚਕਾਰ ਸਿੱਖ ਕੌਮ ਪਲ ਕੇ ਜੁਆਨ ਹੋਈ ਹੈ। ਇਹਨਾਂ ਦੋਹਾਂ ਦੇ ਉਤਾਰ ਚੜ੍ਹਾਂ ਦਾ ਅਸਰ ਸਦਾ ਸਿੱਖਾਂ ਦੇ ਇਤਿਹਾਸ ਉੱਤੇ ਪੈਂਦਾ ਰਿਹਾ ਹੈ। ਜਿਉਂ-ਜਿਉਂ ਉਹ ਤਾਕਤਾਂ ਨਿਰਬਲ ਹੁੰਦੀਆਂ ਗਈਆਂ, ਸਿੱਖ ਬਲਵਾਨ ਹੁੰਦੇ ਗਏ। ਜਾਂ ਇਉਂ ਕਹੋ, ਕਿ ਉਹਨਾਂ ਦੋਹਾਂ ਤਾਕਤਾਂ ਨਾਲ ਕਈ ਸਾਲ ਘੋਲ ਕਰਕੇ ਅੰਤ ਉਹਨਾਂ ਨੂੰ ਲਤਾੜ ਕੇ ਸਿੱਖ ਕੌਮ ਆਪਣੇ ਸਿਖਰ 'ਤੇ ਪਹੁੰਚੀ।

### ਮੁਗ਼ਲ ਬਾਦਸ਼ਾਹ ਬਾਬਰ

ਹਿੰਦੁਸਤਾਨ ਵਿਚ ਮੁਗ਼ਲ ਰਾਜ ਦਾ ਬਾਨੀ ਬਾਬਰ ਹੋਇਆ ਹੈ। ਉਸਦਾ ਅਸਲੀ ਨਾਮ ਜ਼ਹੀਰੁੱਦੀਨ ਸੀ। ਉਸਦੀ ਬਹਾਦਰੀ ਦੇ ਕਾਰਨਾਮਿਆਂ ਕਰਕੇ ਲੋਕ ਉਸਨੂੰ 'ਬਾਬਰ' ਕਹਿਣ ਲੱਗ ਪਏ, ਜਿਸਦਾ ਅਰਥ ਹੈ 'ਸ਼ੇਰ'। ਉਹ ਪਿਤਾ ਵੱਲੋਂ ਤੈਮੂਰ ਘਰਾਣੇ ਨਾਲ ਤੇ ਮਾਂ ਵੱਲੋਂ ਚੰਗੇਜ਼ ਖ਼ਾਂ ਘਰਾਣੇ ਨਾਲ ਸੰਬੰਧ ਰੱਖਦਾ ਸੀ। ਉਸਦਾ ਪਿਤਾ— ਉਮਰ ਸ਼ੇਖ਼ ਮਿਰਜ਼ਾ- ਤੁਰਕਸਤਾਨ ਦੀ ਰਿਆਸਤ 'ਫ਼ਰਗਾਨਾ' ਦਾ ਹਾਕਮ ਸੀ। ਬਾਬਰ ਬਾਰਾਂ ਸਾਲ ਦਾ ਸੀ, ਜਦ ਉਸ ਦਾ ਪਿਤਾ ਮਰ ਗਿਆ। ਉਹਦੇ ਨਜ਼ਦੀਕੀਆਂ ਨੇ ਧੱਕੇ ਨਾਲ ਉਹਦੀ ਰਿਆਸਤ ਖੋਹ ਲਈ। ਦਸ ਸਾਲ ਉਹ ਥਾਂ-ਥਾਂ ਭਟਕਦਾ ਫਿਰਿਆ। ਅੰਤ ਉਹ ਆਪਣੀ ਕਦੇ ਨਾ ਹਾਰਨ ਵਾਲੀ ਹਿੰਮਤ ਤੇ ਮਰਦਾਂ ਵਾਲੀ ਬਹਾਦਰੀ ਦਾ ਸਦਕਾ ੧੫੦੪ ਈ. ਵਿਚ ਕਾਬਲ ਉੱਤੇ ਕਬਜ਼ਾ ਕਰ ਬੈਠਾ। ਉਸ ਵੇਲੇ ਉਹ ਬਾਈ ਸਾਲ ਦਾ ਸੀ। ਮਰਦਾਂ ਦੇ ਦਿਲ ਵਿਚ ਸਦਾ ਖੁੱਲ੍ਹੀ ਦੁਨੀਆਂ ਵਿਚ ਵੱਸਣ ਦਾ ਚਾਅ ਹੁੰਦਾ ਹੈ। ਉਹ ਆਪਣੇ ਰਾਜ ਦੀਆਂ ਹੱਦਾਂ ਨੂੰ ਕਦੇ ਇਕ ਥਾਂ ਟਿਕਣ ਨਹੀਂ ਦੇਂਦੇ। ਬਾਬਰ ਦੇ ਦਿਲ ਵਿਚ ਵੀ ਏਹਾ ਰੀਝ ਸੀ। ਉਹ ਹਿੰਦੁਸਤਾਨ ਵਰਗੇ ਖੁੱਲ੍ਹੇ ਦੇਸ ਦਾ ਬਾਦਸ਼ਾਹ ਬਣਨਾ ਚਾਹੁੰਦਾ ਸੀ। ਸੋ, ਪਾਨੀਪਤ ਦੀ ਪਹਿਲੀ ਲੜਾਈ (੧੫੨੬ ਈ. ਵਿਚ

ਬਾਬਰ ਨੇ ਬਾਰਾਂ ਹਜ਼ਾਰ ਅਸਵਾਰ ਨਾਲ ਦਿੱਲੀ-ਪਤੀ ਇਬਰਾਹੀਮ ਲੋਧੀ ਦੀ ਇਕ ਲੱਖ ਫ਼ੌਜ ਨੂੰ ਜਿੱਤ ਲਿਆ, ਤੇ ਆਪ ਦਿੱਲੀ ਦਾ ਬਾਦਸ਼ਾਹ ਬਣਿਆ। ਏਥੋਂ ਹਿੰਦ ਵਿਚ ਮੁਗ਼ਲ ਰਾਜ ਦਾ ਆਰੰਭ ਹੋਇਆ।

**ਹੁਮਾਯੂੰ**

੧੫੩੦ ਈ. ਵਿਚ ਬਾਬਰ ਮਰਿਆ, ਤਾਂ ਉਹਦਾ ਪੁੱਤਰ ਨਸੀਰੁੱਦੀਨ 'ਹਮਾਯੂੰ' ਤਖਤ 'ਤੇ ਬੈਠਾ। ਦਸ ਸਾਲ ਪਿਛੋਂ ੧੫੪੦ ਈ. ਵਿਚ ਸ਼ੇਰ ਸ਼ਾਹ ਸੂਰੀ ਨੇ ਉਸ ਤੋਂ ਬਾਦਸ਼ਾਹੀ ਖੋਹ ਲਈ ਤੇ ਉਹਨੂੰ ਦੇਸ ਵਿਚੋਂ ਕੱਢ ਦਿੱਤਾ। ਪੰਦਰਾਂ ਸਾਲ ਪਿਛੋਂ ਹਮਾਯੂੰ ਨੇ ੧੫੫੫ ਈ. ਵਿਚ ਦੂੱਜੀ ਵਾਰ ਹਿੰਦੁਸਤਾਨ ਨੂੰ ਫ਼ਤਿਹ ਕੀਤਾ। ਇਸ ਵਾਰ ਉਸਨੂੰ ਮਸਾਂ ਛੇ ਮਹੀਨੇ ਦਾ ਰਾਜ ਭੋਗਣਾ ਮਿਲਿਆ।

**ਅਕਬਰ**

੧੫੫੬ ਈ. ਵਿੱਚ ਹੁਮਾਯੂੰ ਮਰ ਗਿਆ, ਤਾਂ ਉਸਦਾ ਪੁੱਤਰ ਜਲਾਲੁੱਦੀਨ 'ਅਕਬਰ' ਤਖਤ 'ਤੇ ਬੈਠਾ। ਭਾਵੇਂ ਸ਼ਬਦ 'ਅਕਬਰ' ਦਾ ਅਰਥ ਹੀ 'ਵੱਡਾ' ਹੈ, ਪਰ ਉਹ ਤਾਂ ਹਿੰਦ ਦੇ ਬਾਦਸ਼ਾਹਾਂ ਵਿਚੋਂ ਅਕਬਰ ਆਜ਼ਮ (ਵੱਡਾ ਅਕਬਰ) ਅਖਵਾਇਆ।

**ਜਹਾਂਗੀਰ**

ਉਹ ਉਣੰਜਾ ਸਾਲ ਰਾਜ ਕਰਕੇ ੧੬੦੫ ਈ. ਵਿਚ ਮਰਿਆ। ਫਿਰ ਉਸਦਾ ਪੁੱਤਰ ਨੂਰੁੱਦੀਨ 'ਜਹਾਂਗੀਰ' ਬਾਦਸ਼ਾਹ ਬਣਿਆ। ਉਸਦੇ ਹੁਕਮ ਨਾਲ ਹੀ ਗੁਰੂ ਅਰਜਨ ਦੇਵ ਜੀ ਮਹਾਰਾਜ ਲਾਹੌਰ ਵਿਚ ਸ਼ਹੀਦ ਕੀਤੇ ਗਏ ਸਨ।

**ਸ਼ਾਹਜਹਾਨ**

ਉਸਦੀ ਮੌਤ ੧੬੨੭ ਈ. ਵਿਚ ਹੋਈ। ਫਿਰ ਉਸਦਾ ਪੁੱਤਰ ਸ਼ਹਿਜ਼ਾਦਾ ਖ਼ੁਰਮ 'ਸ਼ਾਹਜਹਾਨ' ਲਕਬ ਧਾਰਨ ਕਰਕੇ ਤਖ਼ਤ 'ਤੇ ਬੈਠਾ। ਉਸਦੇ ਅਹਿਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਸ਼ਾਹੀ ਫ਼ੌਜ ਨਾਲ ਲੜਾਈਆਂ ਹੋਈਆਂ। ਹਿੰਦ ਦੇ ਇਤਿਹਾਸ ਵਿਚ ਉਹ ਆਪਣੀਆਂ ਬਣਾਈਆਂ ਇਮਾਰਤਾਂ (ਖ਼ਾਸ ਕਰਕੇ ਆਗਰੇ ਦਾ ਤਾਜ ਮਹਿਲ) ਕਰਕੇ ਪਰਸਿਧ ਹੈ। ਉਹਨੇ ੩੧ ਸਾਲ ਰਾਜ ਕੀਤਾ।

**ਔਰੰਗਜ਼ੇਬ**

੧੬੫੮ ਵਿਚ ਨੇਕ ਪੁੱਤਰ ਮੁੱਹੀਯੁੱਦੀਨ ਔਰੰਗਜ਼ੇਬ ਨੇ ਪਿਉ ਨੂੰ ਕੈਦ ਕਰ ਲਿਆ ਤੇ ਬਾਕੀ ਦੇ ਸਕੇ ਭਰਾਵਾਂ ਨੂੰ ਕਤਲ ਕਰਕੇ 'ਆਲਮਗੀਰ' ਲਕਬ ਨਾਲ ਬਾਦਸ਼ਾਹੀ ਸੰਭਾਲੀ। ਉਸਦੇ

ਹੁਕਮ ਨਾਲ ਸਰਮਦ ਵਰਗੇ ਫ਼ਕੀਰ ਤੇ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਕੀਤੇ ਗਏ। ਉਸਨੇ ਮੁਗ਼ਲ ਰਾਜ ਦੀਆਂ ਹੱਦਾਂ ਨੂੰ ਦੂਰ ਦੱਖਣ ਤਕ ਵਧਾਇਆ, ਪਰ ਰਾਜ ਦੇ ਨਸ਼ਟ ਹੋ ਜਾਣ ਦੇ ਕਾਰਨ ਵੀ ਉਸਦੇ ਪੈਰੋਕਾਰ ਪੈਦਾ ਹੋਏ।

**ਬਹਾਦਰ ਸ਼ਾਹ ਪਹਿਲਾ**

ਉਹ ੧੭੦੭ ਈ. ਵਿਚ ਮਰਿਆ, ਤਾਂ ਉਹਦਾ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ, ਬਾਕੀ ਭਰਾਵਾਂ ਨੂੰ ਕਤਲ ਕਰਕੇ 'ਬਹਾਦਰ ਸ਼ਾਹ ਪਹਿਲਾ' ਬਣਕੇ ਤਖ਼ਤ 'ਤੇ ਬੈਠਾ। ਉਹ ੧੭੧੨ ਵਿਚ ਮਰ ਗਿਆ। ਉਹਦੇ ਪੁੱਤਰਾਂ ਵਿਚ ਵੀ ਓਸੇ ਤਰ੍ਹਾਂ ਤਲਵਾਰ ਚੱਲੀ। ਅੰਤ,

**ਜਹਾਂਦਾਰ ਸ਼ਾਹ**

ਬਾਕੀ ਭਰਾਵਾਂ ਦੇ ਖ਼ੂਨ ਵਿਚ ਹੱਥ ਰੰਗ ਕੇ ਜਹਾਂਦਾਰ ਸ਼ਾਹ ਬਾਦਸ਼ਾਹ ਬਣਿਆ। ਉਸ ਨੇ ਕੇਵਲ ਯਾਰਾਂ ਮਹੀਨੇ ਰਾਜ ਕੀਤਾ, ਜਾਂ ਸੱਯਦ ਭਰਾਵਾ (ਅਬਦੁੱਲਾ ਤੇ ਹੁਸੈਨ ਅਲੀ) ਦੀ ਮਦਦ ਨਾਲ ਜਹਾਂਦਾਰ ਸ਼ਾਹ ਨੂੰ

**ਫਰਖ਼ਸੀਅਰ**

ਕਤਲ ਕਰ ਕੇ ਫ਼ਰਖ਼ਸੀਅਰ ਬਾਦਸ਼ਾਹ ਬਣਿਆ, ਜੋ ੧੭੧੯ ਈ. ਤਕ ਗੱਦੀ 'ਤੇ ਰਿਹਾ। ਬਾਬਾ ਬੰਦਾ ਸਿੰਘ ਬਹਾਦਰ ਏਸੇ ਦੇ ਅਹਿਦ ਵਿਚ ਸ਼ਹੀਦ ਕੀਤਾ ਗਿਆ ਸੀ। ਫ਼ਰਖ਼ਸੀਅਰ ਦੀ ਸੱਯਦ ਭਰਾਵਾਂ ਨਾਲ ਅਜੋੜ ਹੋ ਗਈ। ਸੱਯਦਾਂ ਨੇ ਫ਼ਰਖ਼ਸੀਅਰ ਨੂੰ (੧੭੧੯

**ਰਫੀਉੱਦਾਰਜਾਤ**

ਵਿਚ) ਕਤਲ ਕਰਕੇ ਤਖ਼ਤ ਉੱਤੇ ਸ਼ਹਿਜ਼ਾਦਾ ਰਫ਼ੀਉੱਦਾਰਜਾਤ ਨੂੰ ਬਿਠਾਇਆ। ਤਿੰਨ ਮਹੀਨੇ ਪਿਛੋਂ ਉਸਨੂੰ ਮਾਰ ਕੇ ਉਹਦੇ

**ਰਫ਼ੀਉੱਦੌਲਾ**

**ਸ਼ਾਹ ਆਲਮ ਪਹਿਲਾ**

ਭਰਾ ਰਫ਼ੀਉੱਦੌਲਾ ਨੂੰ ਸ਼ਾਹ ਆਲਮ ਪਹਿਲਾ ਦਾ ਖ਼ਿਤਾਬ ਦੇਕੇ ਤਖ਼ਤ 'ਤੇ ਬਿਠਾਇਆ। ਤਿੰਨ ਮਹੀਨੇ ਪਿਛੋਂ ਹੀ ਉਹ ਵੀ ਭਰਾ ਦੇ ਮਗਰੇ ਤੋਰ ਦਿੱਤਾ ਗਿਆ। ਉਹਨਾਂ ਦੋਹਾਂ ਨੂੰ ਸੱਯਦ ਭਰਾਵਾਂ ਨੇ ਜ਼ਹਿਰ ਦੇ ਕੇ ਮਾਰਿਆ ਸੀ। ਅੰਤ ੧੭੧੯

**ਮੁਹੰਮਦ ਸ਼ਾਹ ਰੰਗੀਲਾ**

ਈ. ਦੇ ਅਖ਼ੀਰ ਵਿਚ ਸ਼ਹਿਜ਼ਾਦਾ ਰੌਸ਼ਨ ਅਖ਼ਤਰ ਤਖ਼ਤ 'ਤੇ ਬੈਠਾ, ਜਿਸਨੂੰ ਮੁਹੰਮਦ ਸ਼ਾਹ ਰੰਗੀਲਾ ਆਖਦੇ ਹਨ। ਉਸਨੇ ੧੭੪੮ ਈ. ਤੱਕ ਰਾਜ ਕੀਤਾ। ਉਸਦੇ ਅਹਿਦ ਵਿਚ ਸੱਯਦ-ਭਰਾ ਤਾਂ ਮਾਰੇ ਗਏ, ਪਰ ਪਿੱਛੋਂ ਨਵੇਂ ਬਣੇ ਵਜ਼ੀਰਾਂ

ਦੇ ਹੱਥ ਵਿਚ ਤਾਕਤ ਚਲੀ ਗਈ। ਉਸਦੇ ਮਰਨ ਪਿੱਛੋਂ ਉਸਦਾ ਇਕੋ ਇਕ ਪੁੱਤਰ ਅਹਿਮਦਸ਼ਾਹ ਬਾਦਸ਼ਾਹ ਬਣਿਆ। ਵਜ਼ੀਰ ਗ਼ਾਜ਼ੀਉੱਦੀਨ ਨੇ ੧੭੫੪ ਈ. ਵਿਚ ਅਹਿਮਦਸ਼ਾਹ ਨੂੰ ਅੰਨ੍ਹਾ ਕਰਕੇ ਜੇਹਲ ਵਿਚ ਸੁੱਟ ਦਿੱਤਾ, ਤੇ ਜਹਾਂਦਾਰ ਸ਼ਾਹ ਦੇ ਪਚਵੰਜਾ ਸਾਲਾ ਪੁੱਤਰ ਸੁਲਤਾਨ ਅਜ਼ੀਜ਼ੁੱਦੀਨ ਨੂੰ ਤਖ਼ਤ 'ਤੇ ਬਿਠਾਇਆ, ਜਿਸ ਨੇ ਅਬੁੱਲ ਅਦਲ ਅਜ਼ੀਜ਼ੁੱਦੀਨ ਮੁਹੰਮਦ ਆਲਮਗੀਰ ਦੂਜਾ ਦਾ ਲਕਬ ਧਾਰਨ ਕੀਤਾ। ੩੦ ਨਵੰਬਰ, ੧੭੫੯ ਈ. ਨੂੰ ਉਸ ਨੂੰ ਕਤਲ ਕਰਕੇ ਵਜ਼ੀਰ ਨੇ ਮੁਹੀਯੁੱਲ ਮਿੱਲਤ ਨੂੰ ਬਾਦਸ਼ਾਹ ਬਣਾਇਆ, ਜੋ ਸ਼ਾਹ ਜਹਾਨ ਦੂਜਾ ਅਖਵਾਇਆ।

ਅਹਿਮਦ ਸ਼ਾਹ

ਆਲਮਗੀਰ ਦੂਜਾ

ਸ਼ਾਹਜਹਾਨ ਦੂਜਾ

ਦਿੱਲੀ ਵਿਚ ਦੂਸਰਾ ਤਾਕਤਵਰ ਆਦਮੀ ਸੀ ਪਰਧਾਨ ਸੈਨਾਪਤੀ ਨਜੀਬੁੱਦੌਲਾ। ਉਹਨੇ ਆਪਣੀ ਮਦਦ ਵਾਸਤੇ ਅਹਿਮਦ ਸ਼ਾਹ ਅਬਦਾਲੀ ਨੂੰ ਬੁਲਾ ਲਿਆ। ਵਜ਼ੀਰ ਨੇ ਆਪਣੀ ਮਦਦ ਵਾਸਤੇ ਮਰਹੱਟੇ ਸੱਦ ਲਏ। ਦਿੱਲੀ 'ਤੇ ਕਬਜ਼ਾ ਕਰਕੇ ਮਰਹੱਟਾ ਜਰਨੈਲ ਸਦਾ ਸ਼ਿਵ ਰਾਓ ਭਾਊ ਨੇ ਸ਼ਾਹ ਜਹਾਨ ਦੂਜੇ ਨੂੰ ਤਖ਼ਤੋਂ ਉਤਾਰ ਕੇ ਮਿਰਜ਼ਾ ਜਵਾਨ ਬਖ਼ਤ ਨੂੰ ਤਖ਼ਤ ਦਿੱਤਾ, ਜੋ ਸ਼ਾਹ ਜਹਾਨ ਤੀਜਾ ਬਣਿਆ।

ਸ਼ਾਹ ਜਹਾਨ ਤੀਜਾ

ਅਵਧ ਦੇ ਨਵਾਬ ਸ਼ੁਜਾਉੱਦੌਲਾ ਨੇ ਅਲੀ ਗੌਹਰ ਨੂੰ 'ਸ਼ਾਹ ਆਲਮ ਦੂਜਾ' ਦਾ ਖ਼ਿਤਾਬ ਦੇ ਕੇ ਦਿੱਲੀ ਦਾ ਬਾਦਸ਼ਾਹ ਥਾਪ ਦਿੱਤਾ ਤੇ ਆਪ ਵਜ਼ੀਰ ਬਣ ਬੈਠਾ। ਏਸੇ ਦੇ ਅਹਿਦ ਵਿਚ ਪਾਨੀਪਤ ਦੀ ਤੀਸਰੀ ਲੜਾਈ ਹੋਈ, ਜਿਸ ਵਿਚ ਅਹਿਮਦ ਸ਼ਾਹ ਅਬਦਾਲੀ ਜਿੱਤ ਗਿਆ।

ਸ਼ਾਹ ਆਲਮ ਦੂਜਾ

ਦਿੱਲੀ 'ਤੇ ਕਬਜ਼ਾ ਕਰਕੇ ਅਬਦਾਲੀ ਨੇ 'ਸ਼ਾਹ ਆਲਮ ਦੂਜੇ' ਨੂੰ ਬਾਦਸ਼ਾਹ ਪਰਵਾਨ ਕੀਤਾ। ਉਸਦੇ ਮਰਨ ਪਿਛੋਂ ੧੮੦੬ ਈ. ਵਿਚ 'ਅਕਬਰ ਦੂਜਾ' ਬਾਦਸ਼ਾਹ ਬਣਿਆ।

ਅਕਬਰ ਦੂਜਾ

ਉਸਦੇ ਪਿਛੋਂ ਮੁਗ਼ਲਾਂ ਦਾ ਆਖ਼ਰੀ ਬਾਦਸ਼ਾਹ ਬਹਾਦਰ ਸ਼ਾਹ ਦੂੱਜਾ ੧੮੩੭ ਈ. ਵਿਚ ਤਖ਼ਤ 'ਤੇ ਬੈਠਾ। ਉਹ ਉਰਦੂ ਦਾ ਪਰਸਿੱਧ ਸ਼ਾਇਰ ਸੀ ਜੋ 'ਜ਼ਫ਼ਰ' ਤਖ਼ੱਲਸ ਰੱਖਦਾ ਸੀ। ੧੮੫੭ ਈ. ਦੇ ਗ਼ਦਰ ਵਿਚ ਉਸਨੂੰ

ਤਖ਼ਤੋਂ ਉਤਾਰ ਕੇ ਅੰਗਰੇਜ਼ਾਂ ਨੇ ਰੰਗੂਨ (ਬਰਮਾ) ਵਿਚ ਕੈਦ ਕਰ ਦਿੱਤਾ, ਜਿੱਥੇ ਉਹ ੧੮੬੨ ਈ. ਵਿਚ ਮਰ ਗਿਆ।

**ਨਾਦਰ ਦੇ ਪਹਿਲੇ ਹਾਲ**

ਨਾਦਰ ਦਾ ਹਮਲਾ ਮੁਗ਼ਲ ਰਾਜ ਨੂੰ ਕਮਜ਼ੋਰ ਕਰਨ ਤੇ ਸਿੰਘਾਂ ਨੂੰ ਬਲਵਾਨ ਬਨਾਉਣ ਦਾ ਵਸੀਲਾ ਬਣਿਆ। ਨਾਦਰ ੧੬੮੮ ਈ. ਵਿਚ ਖ਼ੁਰਾਸਾਨ ਅੰਦਰ ਇਕ ਗ਼ਰੀਬ ਘਰ ਵਿਚ ਜੰਮਿਆ। ਓਦੋਂ ਕੌਣ ਜਾਣਦਾ ਸੀ, ਕਿ ਇਹ ਆਜੜੀ ਦਾ ਮੁੰਡਾ ਇਕ ਦਿਨ ਦੁਨੀਆਂ ਦੇ ਇਤਿਹਾਸ ਵਿਚ ਚਮਕੇਗਾ। ਉਸਨੇ ਬਚਪਨ ਅਤਿ ਗਰੀਬੀ ਵਿਚ ਗੁਜ਼ਾਰਿਆ। ਉਹ ਗਭਰੂ ਹੋਇਆ, ਤਾਂ ਲੁਟੇਰਿਆਂ ਨਾਲ ਮਿਲ ਗਿਆ। ਨਿਡਰ ਸੁਭਾਂ ਦੇ ਕਾਰਨ ਉਹ ਆਪਣੇ ਜੱਥੇ ਦਾ ਆਗੂ ਬਣ ਗਿਆ। ਈਰਾਨ ਦਾ ਬਾਦਸ਼ਾਹ ਬੜਾ ਕਮਜ਼ੋਰ ਸੀ। ਸੋ ਅਫ਼ਗਾਨਾਂ ਨੇ ਬਲ ਕਰਕੇ ੧੭੧੭ ਈ. ਵਿਚ ਖ਼ੁਰਾਸਾਨ ਤੇ ੧੭੨੧ ਈ. ਵਿਚ ਈਰਾਨ ਮੱਲ ਲਿਆ। ਨਾਦਰ ਵਿਚ ਕੌਮੀ ਅਣਖ ਜਾਗੀ। ਉਹ ਲੁਟੇਰਿਆਂ ਦਾ ਲੀਡਰ, ਕੌਮੀ ਲੀਡਰ ਬਣ ਕੇ ਬਦੇਸੀ ਅਫ਼ਗ਼ਾਨਾਂ ਦੇ ਟਾਕਰੇ 'ਤੇ ਆਇਆ। ਉਸਨੇ ਅਫ਼ਗ਼ਾਨਾਂ ਕੋਲੋਂ ਖ਼ੁਰਾਸਾਨ ਤੇ ਕੰਧਾਰ ਖੋਹ ਲਿਆ। ਇਸ ਨੇਕ ਕੰਮ ਨੇ ਹਜ਼ਾਰਾਂ ਦੇਸ ਭਗਤਾਂ ਨੂੰ ਉਹਦੇ ਝੰਡੇ ਥੱਲੇ ਕੱਠੇ ਕਰ ਦਿੱਤਾ। ਨਾਦਰ ਵਧੇਰੇ ਦਲੇਰੀ ਨਾਲ ਮੈਦਾਨ ਵਿਚ ਆਇਆ ਤੇ ਉਹਨੇ ਈਰਾਨ ਦਾ ਚੱਪਾ-ਚੱਪਾ ਥਾਂ ਅਫ਼ਗ਼ਾਨਾਂ ਤੋਂ ਖ਼ਾਲੀ ਕਰਾ ਲਿਆ। ਫਿਰ ਉਸਨੇ

**ਸ਼ਾਹ ਤਹਿਮਾਸਪ**

ਈਰਾਨ ਦੇ ਪੁਰਾਣੇ ਸ਼ਾਹੀ ਘਰਾਣੇ ਵਿਚੋਂ ਸ਼ਾਹ ਤਹਿਮਾਸਪ ਨੂੰ ਤਖ਼ਤ 'ਤੇ ਬਿਠਾਇਆ। ਇਸ ਮਿਹਰਬਾਨੀ ਬਦਲੇ ਸ਼ਾਹ ਤਹਿਮਾਸਪ ਨੇ ਨਾਦਰ ਨੂੰ ਅੱਧਾ ਰਾਜ ਦੇ ਦਿੱਤਾ। ਨਾਦਰ ਆਪਣੇ ਇਲਾਕੇ ਵਿਚ ਪਰਬੰਧ ਕਰ ਰਿਹਾ ਸੀ, ਜਾਂ ਅਫ਼ਗ਼ਾਨਾਂ ਨੇ ਫਿਰ ਸ਼ਾਹ ਤਹਿਮਾਸਪ ਕੋਲੋਂ ਮੁਲਕ ਖੋਹ ਲਿਆ। ਨਾਦਰ ਨੇ ਦੂਜੀ ਵਾਰ ਅਫ਼ਗ਼ਾਨਾਂ ਨੂੰ ਈਰਾਨ ਵਿਚੋਂ ਮਾਰ ਭਜਾਇਆ। ਈਰਾਨ ਦੇ ਲੋਕਾਂ ਨੇ ਨਾਦਰ ਨੂੰ ਤਖ਼ਤ ਸੰਭਾਲਣ ਵਾਸਤੇ

**ਅਬਾਸ**

ਕਿਹਾ, ਪਰ ਉਹਨੇ ਸ਼ਾਹ ਤਹਿਮਾਸਪ ਦੀ ਥਾਂ ਉਸਦੇ ਪੁੱਤਰ 'ਅਬਾਸ' ਨੂੰ (੧੭੩੨ ਈ. ਵਿਚ) ਤਖ਼ਤ 'ਤੇ ਬਿਠਾਇਆ। ਅਬਾਸ ਉਸ ਵੇਲੇ ਕੇਵਲ ਅੱਠ ਮਹੀਨੇ ਦਾ ਸੀ, ਸੋ ਨਾਦਰ ਉਸਦਾ ਮੁਖ਼ਤਿਆਰ ਬਣਿਆ। ਰਾਜ ਪਰਬੰਧ ਸਾਰਾ ਨਾਦਰ ਦੇ ਹੱਥ ਆ ਗਿਆ। ਚਾਰ ਸਾਲ ਪਿਛੋਂ—

ਨਾਦਰ ਬਾਦਸ਼ਾਹ

ਅਬਾਸ—ਮਰ ਗਿਆ, ਤਾਂ ਨਾਦਰ 'ਸ਼ਹਿਨਸ਼ਾਹ ਨਾਦਰ ਸ਼ਾਹ' ਲਕਬ ਧਾਰਨ ਕਰਕੇ ਈਰਾਨ ਦਾ ਬਾਦਸ਼ਾਹ ਬਣਿਆ।*

ਅਫ਼ਗਾਨਿਸਤਾਨ

ਈਰਾਨ ਵਿਚੋਂ ਕਢੇ ਹੋਏ ਅਫ਼ਗਾਨ ਵਾਪਸ ਅਫ਼ਗਾਨਿਸਤਾਨ ਆ ਵੜੇ। ਅਫ਼ਗਾਨਿਸਤਾਨ (ਕਾਬਲ ਦਾ ਸੂਬਾ) ਉਸ ਵੇਲੇ ਦਿੱਲੀ ਰਾਜ ਦਾ ਸੂਬਾ ਸੀ, ਜੋ ਅਕਬਰ ਦੇ ਸਮੇਂ ਤੋਂ ਚਲਿਆ ਆਉਂਦਾ ਸੀ। ੧੭੨੦ ਈ. ਤੋਂ ਓਥੋਂ ਦਾ ਸੂਬੇਦਾਰ ਨਾਸਿਰ ਖ਼ਾਂ ਸੀ। ਉਸਨੂੰ ਨਮਾਜ਼ ਪੜ੍ਹਨ ਤੋਂ ਜਿਨਾ ਸਮਾਂ ਬਚਦਾ, ਉਹ ਸਾਰਾ ਸ਼ਿਕਾਰ ਖੇਡਣ ਵਿਚ ਗੁਜ਼ਾਰ ਦੇਂਦਾ। ਰਾਜ ਪਰਬੰਧ ਕਰਨ ਵਾਸਤੇ ਉਹਦੇ ਕੋਲ ਇਕ ਮਿੰਟ ਵੀ ਨਹੀਂ ਸੀ। ਸੂਬੇ ਦਾ ਸਾਰਾ ਪਰਬੰਧ ਵਿਗੜ ਗਿਆ ਤੇ ਆਮਦਨ ਘਟ ਗਈ। ਦਿੱਲੀ ਸਰਕਾਰ ਉਹਦੇ ਖ਼ਰਚਾਂ ਵਾਸਤੇ ਹੱਥੋਂ ਕੁਛ ਦੇਣ ਲੱਗ ਪਈ। ਨਾਦਰ ਵੇਲੇ ਦਿੱਲੀ ਦਾ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲਾ ਤੇ ਵਜ਼ੀਰ ਕਮਰੁੱਦੀਨ ਖ਼ਾਂ ਸੀ। ਉਹ ਦੋਵੇਂ ਭੁੱਲ ਹੀ ਗਏ, ਕਿ ਸਾਡੇ ਰਾਜ ਦਾ ਅਫ਼ਗਾਨਿਸਤਾਨ ਵੀ ਕੋਈ ਸੂਬਾ ਹੈ। ਸੋ ਕੇਈ ਸਾਲ ਤੋਂ ਉਹਨਾਂ ਅਫ਼ਗਾਨਿਸਤਾਨ ਨੂੰ ਮਦਦ ਦੇਣੀ ਛੱਡ ਦਿੱਤੀ, ਤੇ ਓਥੋਂ ਦੇ ਪਰਬੰਧ ਵੱਲੋਂ ਉੱਕਾ ਧਿਆਨ ਹਟਾ ਲਿਆ। ੧੭੩੩ ਤੋਂ ੧੭੩੮ ਈ. ਤਕ—ਪੰਜ ਸਾਲ—ਨਾਸਰ ਖ਼ਾਂ ਦੀਆਂ ਫ਼ੌਜਾਂ ਨੂੰ ਤਨਖ਼ਾਹ ਨਾ ਮਿਲੀ। ਫ਼ੌਜ ਦੀ ਖ਼ੁਰਾਕ ਤੇ ਹਥਿਆਰਾਂ ਵਿਚ ਕਮੀ ਆ ਗਈ।

ਨਾਦਰ ਦਾ ਕਾਬਲ 'ਤੇ ਕਬਜ਼ਾ

ਏਥੋਂ ਦੇ ਅਫ਼ਗਾਨਾਂ ਨੇ ਕਈ ਵਾਰ ਈਰਾਨ ਉੱਤੇ ਹਮਲਾ ਕੀਤਾ ਸੀ। ਉਸਦਾ ਬਦਲਾ ਲੈਣ ਵਾਸਤੇ ਮਈ, ੧੭੩੮ ਈ. ਵਿਚ ਨਾਦਰ ਸ਼ਾਹ ਅਫ਼ਗਾਨਿਸਤਾਨ 'ਤੇ ਚੜ੍ਹ ਆਇਆ। ਉਸਨੇ ਬਿਨਾਂ ਟਾਕਰੇ ਦੇ ਸ਼ਹਿਰ ਗ਼ਜ਼ਨੀ ਮੱਲ ਲਿਆ। ਨਾਸਰ ਖ਼ਾਂ ਉਸ ਵੇਲੇ ਪਿਸ਼ਾਵਰ ਵਿਚ ਸੀ, ਸੋ ਨਾਦਰ ਨੇ ਮਾਮੂਲੀ ਟਾਕਰੇ ਪਿਛੋਂ ਕਾਬਲ 'ਤੇ ਵੀ

---

* ਪੰਜਾਬ ਮੁਗ਼ਲ, ਗੁਪਤਾ, ੩੦; ਤਜ਼ਕਰਾ-ਇ-ਆਨੰਦ ਰਾਮ ਮੁਖ਼ਲਿਸ, ਕਰਤਾ ਆਨੰਦ ਰਾਮ ਲਾਹੌਰੀ, (ਇਹ ਦਿੱਲੀ ਵਜ਼ੀਰ ਕਮਰੁੱਦੀਨ ਖ਼ਾਂ ਦਾ ਸਕੱਤਰ ਸੀ) ੩੪; ਜਹਾਂਕਸ਼ਾ-ਇ-ਨਾਦਰੀ, ਮੁਹੰਮਦ ਮਹਿਦੀ ਅਲੀ ਖ਼ਾਂ (ਨਾਦਰ ਕਾ ਸਕੱਤਰ), ਜਿਲਦ ਪਹਿਲੀ, ੨੨੨; ਬਿਆਨਿ ਵਾਕਈ, ਖ਼ਵਾਜਾ ਅਬਦੁੱਲ ਕਰੀਮ ਕਸ਼ਮੀਰੀ, ੨੧; ਇਰਵਨ, ਜਿਲਦ ਦੂੱਜੀ, ੩੨੦।

ਕਬਜ਼ਾ ਕਰ ਲਿਆ। ਏਥੋਂ ਉਹਨੇ ਪਿਸ਼ਾਵਰ (ਨਾਸਰ ਖ਼ਾਂ ਨੂੰ) ਤੇ ਦਿੱਲੀ (ਬਾਦਸ਼ਾਹ ਨੂੰ) ਮਿੱਤਰਤਾ ਦੇ ਖ਼ਤ ਭੇਜੇ, ਪਰ ਦੋਹਾਂ ਥਾਂਵਾਂ ਤੋਂ ਹੀ ਚੰਗਾ ਉੱਤਰ ਨਾ ਆਇਆ। ਨਾਸਰ ਖ਼ਾਂ ਨੇ ਵੀਹ ਹਜ਼ਾਰ ਫ਼ੌਜ ਨਾਲ ਖ਼ੈਬਰ ਰੋਕ ਲਿਆ।

**ਨਾਦਰ ਦਾ ਪਿਸ਼ਾਵਰ 'ਤੇ ਕਬਜ਼ਾ**

ਇਹ ਖ਼ਬਰ ਸੁਣ ਕੇ ਨਾਦਰ ਨੂੰ ਅੱਗ ਲੱਗ ਉੱਠੀ। ਉਹ ਫ਼ੌਜ ਲੈ ਕੇ ਜੋਸ਼ ਵਿਚ ਵਧਿਆ। ਨਾਸਰ ਖ਼ਾਂ ਦੀ ਫ਼ੌਜ ਨੇ ਉਹਦਾ ਟਾਕਰਾ ਕੀ ਕਰਨਾ ਸੀ ? ਉਹ ਕੰਡ ਵਿਖਾ ਕੇ ਭੱਜ ਗਈ, ਤੇ ਨਾਦਰ ਨੇ ੨੦ ਨਵੰਬਰ, ੧੭੩੮ ਈ. ਨੂੰ ਪਿਸ਼ਾਵਰ ਮੱਲ ਲਿਆ।

**ਨਾਦਰ ਦਾ ਹਿੰਦ 'ਤੇ ਹਮਲਾ**

ਜੇਤੂ ਜਰਨੈਲ ਦੇ ਦਿਲ ਵਿਚ ਸੰਤੋਖ ਨਹੀਂ ਹੁੰਦਾ। ਨਾ ਹੀ ਮੁਲਕ ਦੀਆਂ ਹੱਦਾਂ ਉਹਦੇ ਰਾਹ ਵਿਚ ਰੁਕਾਵਟ ਬਣਦੀਆਂ ਹਨ। ਸੋ ਪਿਸ਼ਾਵਰ ਕਬਜ਼ੇ ਵਿਚ ਕਰਕੇ ਨਾਦਰ ਸ਼ਾਹ ੧੨ ਦਸੰਬਰ ਨੂੰ ਅਟਕ ਤੋਂ ਉਰਾਰ ਟੱਪ ਪਿਆ। ਲਾਹੌਰੋਂ ਉਰੇ ਉਹਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਸੀ। ਨਾ ਹੀ ਜ਼ਕਰੀਆ ਖ਼ਾਂ ਖ਼ਾਨ ਬਹਾਦਰ ਸੂਬੇਦਾਰ ਲਾਹੌਰ ਨੇ ਆਪਣੇ ਸੂਬੇ ਦੀ ਹੱਦ ਉੱਤੇ ਨਾਦਰ ਨੂੰ ਰੋਕਣ ਦੀ ਲੋੜ ਸਮਝੀ। ਉਹ ਦਿੱਲੀ ਨੂੰ ਲਿਖਦਾ ਰਿਹਾ, ਕਿ ਨਾਦਰ ਦਾ ਟਾਕਰਾ ਕਰਨ ਵਾਸਤੇ ਫ਼ੌਜ ਭੇਜੋ, ਪਰ ਓਥੇ 'ਰੰਗੀਲਾ ਬਾਦਸ਼ਾਹ' ਰਾਜ ਕਰਦਾ ਸੀ। ਤੇ ਕਿਸੇ ਰੰਗੀਲੇ ਨੂੰ ਲੜਾਈ ਝਗੜੇ ਨਾਲ ਕੀ ?

**ਨਾਦਰ ਦਾ ਲਾਹੌਰ 'ਤੇ ਕਬਜ਼ਾ**

ਅੰਤ ਖ਼ਾਨ ਬਹਾਦਰ ਇਕੱਲਾ ਹੀ ਰਾਵੀ ਕੰਢੇ ਨਾਦਰ ਨਾਲ ਲੜਨ ਵਾਸਤੇ ਆਇਆ। ੧੧ ਜਨਵਰੀ, ੧੭੩੯ ਈ. ਨੂੰ ਪਹਿਲੀ ਮੁਠ-ਭੇੜ ਵਿੱਚ ਖ਼ਾਨ ਬਹਾਦਰ ਹਾਰ ਗਿਆ। ਉਹਨੇ ਨਾਦਰ ਦੀ ਈਨ ਮੰਨ ਲਈ, ਤੇ ਉਹਦੇ ਵੱਲੋਂ ਲਾਹੌਰ ਦਾ ਸੂਬੇਦਾਰ ਥਾਪਿਆ ਗਿਆ। ਏਸ ਸਮੇਂ ਖ਼ਾਨ ਬਹਾਦਰ ਨੇ ਨਾਦਰ ਨੂੰ ਵੀਹ ਲੱਖ ਰੁਪੈ* ਨਜ਼ਰਾਨਾ ਦਿੱਤਾ।

ਨਾਦਰ ਨੇ ਖ਼ਾਨ ਬਹਾਦਰ ਨੂੰ ਆਪਣੇ ਅਧੀਨ ਸੂਬੇਦਾਰ ਤਾਂ ਬਣਾ ਦਿੱਤਾ, ਪਰ ਉਹਦੇ ਦਿਲ ਵਿੱਚ ਇਹ ਡਰ ਜ਼ਰੂਰ ਰਿਹਾ, ਕਿ ਦਿੱਲੀ-ਪਤੀ

---

*ਪੰਜਾਬ ਮੁਗ਼ਲ, ਗੁਪਤਾ, ਪੰਨਾ ੩੧; ਭੰਗੂ, ਤਿੰਨ ਕਰੋੜ ਰੁਪੈ ਲਿਖਦਾ ਹੈ, ਪੰਨਾ ੨੧੫।

ਦੀ ਲੜਾਈ ਸਮੇਂ ਪਿੱਛੋਂ ਉਹ ਬਗ਼ਾਵਤ ਨਾ ਕਰ ਦੇਵੇ। ਸੋ ਨਾਦਰ ਨੇ ਖ਼ਾਨ ਬਹਾਦਰ ਦਾ ਪੁੱਤਰ ਹਯਾਤੁੱਲਾ ਖ਼ਾਂ (ਸ਼ਾਹ ਨਿਵਾਜ਼ ਖ਼ਾਂ ਖ਼ਿਤਾਬ ਦੇ ਕੇ) ਤੇ ਦੀਵਾਨ ਲਖਪਤ ਰਾਏ ਦਾ ਪੁੱਤਰ ਦਲਪਤ ਰਾਏ ਨੇਕ ਚਲਨੀ ਦੀ ਜ਼ਮਾਨਤ ਵਜੋਂ ਨਾਲ ਲੈ ਲਏ। ਹੁਣ ਉਹ ਛੇਤੀ ਤੋਂ ਛੇਤੀ ਦਿੱਲੀ ਪਹੁੰਚਣਾ ਚਾਹੁੰਦਾ ਸੀ। ਉਹ ੨੯ ਜਨਵਰੀ ਨੂੰ ਲਾਹੌਰੋਂ ਤੁਰਿਆ। ਉਹ ਪੰਜ ਫ਼ਰਵਰੀ ਨੂੰ ਸਰਹਿੰਦ ਜਾ ਪਹੁੰਚਿਆ, ਛੇ ਨੂੰ ਰਾਜਪੁਰਾ, ਸੱਤ ਨੂੰ ਅੰਬਾਲਾ ਤੇ ਅੱਠ ਨੂੰ ਸ਼ਾਹਬਾਦ।

**ਦਿੱਲੀ ਫ਼ੌਜ ਦੀ ਚੜ੍ਹਾਈ**

ਹੁਣ ਦਿੱਲੀ ਸਰਕਾਰ ਦੀ ਤਿਆਰੀ ਬਾਰੇ ਸੁਣੋ। ਜਦ ਨਾਦਰ ਨੇ ਕਾਬਲ 'ਤੇ ਕਬਜ਼ਾ ਕਰ ਲਿਆ, ਬਾਦਸ਼ਾਹ ਮੁਹੰਮਦ ਸ਼ਾਹ ਨੇ ਆਪਣੇ ਜਰਨੈਲਾਂ ਨੂੰ ਨਾਦਰ ਦਾ ਟਾਕਰਾ ਕਰਨ ਦਾ ਹੁਕਮ ਦਿੱਤਾ। ਅੱਗੇ ਜਰਨੈਲ ਐਡੇ ਬਹਾਦਰ ਤੇ ਕਾਹਲੇ ਸਨ, ਕਿ ਉਹ ਇਕ ਪੂਰੇ ਮਹੀਨੇ ਵਿਚ ਮਸਾਂ ਸ਼ਹਿਰੋਂ ਬਾਹਰ ਹੀ ਨਿਕਲੇ, ਤੇ ਏਥੋਂ ਤੁਰ ਕੇ ਦੋ ਮਹੀਨੇ ਵਿਚ ਕਰਨਾਲ (ਦਿੱਲੀ ਤੋਂ ੭੫ ਮੀਲ) ਤਕ ਅਪੜੇ। ਏਥੋਂ ਅੱਗੇ ਵਧਣਾ ਉਹਨਾਂ ਚੰਗਾ ਨਾ ਸਮਝਿਆ। ਸੋ ਏਥੇ ਹੀ ਮੋਰਚੇ ਬਣਾ ਲਏ। ਉਹਨਾਂ ਕੋਲ ਨਾਦਰ ਨਾਲੋਂ ਫ਼ੌਜ ਵਧੇਰੇ ਸੀ, ਤੋਪਖ਼ਾਨਾ ਤੇ ਹੋਰ ਵਸੀਲੇ ਵਧੇਰੇ ਸਨ, ਪਰ ਨਾਦਰ ਦੇ ਸਿਪਾਹੀ ਉਹਨਾਂ ਦੇ ਦਿਲਾਂ ਵਾਸਤੇ ਹਊਆ ਬਣ ਚੁੱਕੇ ਸਨ, ਜਿਸ ਦਾ ਉਹਨਾਂ ਕੋਲ ਕੋਈ ਉਪਾਅ ਨਹੀਂ ਸੀ।

**ਕਰਨਾਲ ਦੀ ਲੜਾਈ**

੧੩ ਫ਼ਰਵਰੀ, ਮੰਗਲਵਾਰ ਨੂੰ ਕਰਨਾਲ ਦੀ ਮਾਰੂ ਲੜਾਈ ਹੋਈ। ਤਿੰਨ ਘੰਟੇ ਦੇ ਥੋੜ੍ਹੇ ਜੇਹੇ ਸਮੇਂ ਵਿਚ ਦਿੱਲੀ ਦੀ ਫ਼ੌਜ ਦੇ ਵੀਹ ਹਜ਼ਾਰ ਸਿਪਾਹੀ* ਮਾਰੇ ਗਏ। ਬਾਕੀ ਜਿਉਂਦੇ ਹੀ ਹੌਸਲਾ ਹਾਰ ਕੇ ਮੈਦਾਨ ਛੱਡ ਗਏ।

**ਦਿੱਲੀ 'ਤੇ ਕਬਜ਼ਾ**

ਜਰਨੈਲਾਂ ਨੇ ਹਥਿਆਰ ਸੁੱਟ ਦਿੱਤੇ ਤੇ ਜੇਤੂ ਨਾਦਰ ੯ ਮਾਰਚ ਨੂੰ ਦਿੱਲੀ ਵਿਚ ਦਾਖ਼ਲ ਹੋ ਗਿਆ। (ਏਥੇ ਉਹ ਸ਼ਾਹੀ ਮਹਿਲਾਂ ਵਿਚ ਅਠਵੰਜਾ ਦਿਨ° ਰਿਹਾ।) ਅਗਲੇਰੇ ਦਿਨ (੧੧ ਮਾਰਚ ਨੂੰ) ਇਹ ਖ਼ਬਰ

---

*ਪੰਜਾਬ ਮੁਗ਼ਲ, ਗੁਪਤਾ, ਪੰਨਾ ੩੨। (ਜਾਦੂ ਨਾਥ ਸਰਕਾਰ, ਪੰਨਾ ੪, ੧੦-੧੨ ਹਜ਼ਾਰ ਕਤਲ ਹੋਏ।)

°ਪੰਥ ਪ੍ਰਕਾਸ਼, ਪੰਨਾ ੬੨੨।

ਸ਼ਹਿਰ ਵਿਚ ਖਿੱਲਰ ਗਈ, ਕਿ ਨਾਦਰ ਨੂੰ ਮੁਹੰਮਦ ਸ਼ਾਹ ਨੇ ਕਤਲ ਕਰ ਦਿੱਤਾ ਹੈ। ਫੇਰ ਕੀ ਸੀ? ਲੋਕ ਨਾਦਰ ਦੀ ਫ਼ੌਜ ਨੂੰ ਨਖ਼ਸਮੀ ਸਮਝ ਕੇ ਉਸ ਉਤੇ ਟੁੱਟ ਪਏ, ਤੇ ਸੈਂਕੜੇ ਈਰਾਨੀ ਮੌਤ ਦੇ ਘਾਟ ਉਤਾਰ ਦਿੱਤੇ ਗਏ। ਇਹ ਖ਼ਬਰ ਸੁਣ ਕੇ ਨਾਦਰ ਨੂੰ ਅੱਗ ਲੱਗ ਉਠੀ।

ਦਿੱਲੀ ਵਿਚ ਕਤਲਾਮ

ਉਹਨੇ ਕਤਲਾਮ ਦਾ ਹੁਕਮ ਦੇ ਦਿੱਤਾ। ਨੌ ਘੰਟੇ ਦੇ ਸਮੇਂ ਵਿਚ ਹਜ਼ਾਰਾਂ ਬੰਦੇ ਕਤਲ() ਕਰ ਦਿੱਤੇ ਗਏ। ਹਰ ਅਮੀਰ ਗ਼ਰੀਬ ਕੋਲੋਂ—ਜੋ ਹੱਥ ਲੱਗਾ—ਲੁੱਟਿਆ ਗਿਆ। ਈਰਾਨੀ ਸਿਪਾਹੀਆਂ ਨੇ ਹਜ਼ਾਰਾਂ ਹਿੰਦੀ ਦੇਵੀਆਂ ਦੀ ਪਤ ਲਾਹੀ। ਮੁਜ਼ੱਫ਼ਰ ਖ਼ਾਂ (ਜੋ ਕਰਨਾਲ ਦੀ ਲੜਾਈ ਵਿਚ ਕਤਲ ਹੋਇਆ ਸੀ) ਦੀਆਂ ਖ਼ੂਬਸੂਰਤ ਬੇਗਮਾਂ ਤੇ ਲੜਕੀਆਂ ਦੀ ਪਤ ਨਾਦਰ ਹੱਥੋਂ ਲੁੱਟੀ ਗਈ**। ਨਾਦਰ ਨੇ ਆਪਣੇ ਪੁੱਤਰ ਨਸਰੁੱਲਾ ਮਿਰਜ਼ਾ ਦਾ ਵਿਆਹ (੨੬ ਮਾਰਚ ਨੂੰ) ਬਾਦਸ਼ਾਹ ਮੁਹੰਮਦ ਸ਼ਾਹ ਦੀ ਲੜਕੀ ਨਾਲ ਕੀਤਾ०। ਅਸਲ ਵਿਚ ਇਹ ਵਿਆਹ ਨਹੀਂ, ਲੁੱਟ ਦਾ ਮਾਲ ਹੀ ਸਮਝਣਾ

ਛੱਕਾਂ

ਚਾਹੀਦਾ ਹੈ। ਵਾਪਸੀ ਸਮੇਂ ਨਾਦਰ ਦਿੱਲੀ ਤੇ ਉਸ ਦੇ ਉਦਾਲੇ ਦੇ ਇਲਾਕੇ ਵਿਚੋਂ ਪੰਜਾਹ ਹਜ਼ਾਰ** ਲੜਕੇ ਲੜਕੀਆਂ ਗ਼ੁਲਾਮ ਬਨਾਉਣ ਵਾਸਤੇ ਕੈਦੀ ਬਣਾ ਕੇ ਨਾਲ ਲੈ ਤੁਰਿਆ।

ਮੁਗ਼ਲ ਰਾਜ ਦੇ ਕੁਛ ਸੂਬੇ ਨਾਦਰ ਦੇ ਅਧੀਨ ਚਲੇ ਗਏ

ਅਸੀਂ ਉਪਰ ਲਿਖ ਆਏ ਹਾਂ, ਕਿ ਅਫ਼ਗ਼ਾਨਿਸਤਾਨ ਹਿੰਦ ਦਾ ਸੂਬਾ ਸੀ। ਦਿੱਲੀ ਦੇ ਬਾਦਸ਼ਾਹ ਨੇ ਅਫ਼ਗ਼ਾਨਿਸਤਾਨ, ਪਿਸ਼ਾਵਰ ਤੇ ਦਰਿਆ ਅਟਕ ਤੋਂ ਲਹਿੰਦੇ ਪਾਸੇ ਦਾ ਬਾਕੀ ਸਾਰਾ ਮੁਲਕ ਨਾਦਰ ਦੇ ਹਵਾਲੇ ਕਰ ਦਿੱਤਾ। ਏਥੇ ਹੀ ਬੱਸ ਨਹੀਂ,

---

()ਪੰਜਾਬ ਮੁਗ਼ਲ, ਗੁਪਤਾ ਪੰਨਾ ੩੨, ਵੀਹ ਹਜ਼ਾਰ; ਜਾਦੂ ਨਾਥ ਸਰਕਾਰ ਪੰਨਾ ੪, ਵੀਹ ਹਜ਼ਾਰ, Religion & Short History of the Sikhs, by George Betly Scott. C.I.E. Printed in 1920, ਸਕਾਟ, ਪੰਨਾ ੩੯, ਇਕ ਲੱਖ; ਪੰਥ ਪ੍ਰਕਾਸ਼, ਪੰਨਾ ੬੨੨, ਇਕ ਲੱਖ ਤੇਤੀ ਹਜ਼ਾਰ; ਭੰਗੂ, ਪੰਨਾ ੨੧੭, ਸੱਤਰ ਹਜ਼ਾਰ। ਇਹ ਗਿਣਤੀ ਠੀਕ ਜਾਪਦੀ ਹੈ।

**ਜਾਦੂ ਨਾਥ, ਸਰਕਾਰ, ਪੰਨਾ ਪੰਜ।

०ਜਾਦੂ ਨਾਥ ਸਰਕਾਰ, ਪੰਨਾ ੫।

**ਪੰਥ ਪ੍ਰਕਾਸ਼, ਪੰਨਾ ੬੨੨।

ਅਟਕ ਤੋਂ ਚੜ੍ਹਦੇ ਪਾਸੇ ਦਾ ਬਹੁਤ ਸਾਰਾ ਇਲਾਕਾ (ਖ਼ਾਸ ਪ੍ਰਸਿੱਧ ਚਾਰ ਮੁਹਾਲ=ਗੁਜਰਾਤ, ਸਿਆਲਕੋਟ, ਔਰੰਗਾਬਾਦ ਤੇ ਪਸਰੂਰ) ਵੀ ਨਾਦਰ ਦੇ ਕਬਜ਼ੇ ਵਿਚ ਦਿੱਤੇ ਗਏ।

**ਦਿੱਲੀ ਦੀ ਲੁੱਟ**

ਦਿੱਲੀ ਵਿਚੋਂ ਨਾਦਰ ਮਾਲ ਕਿੰਨਾ ਕੁ ਲੁੱਟ ਕੇ ਲੈ ਗਿਆ ? ਇਸ ਦਾ ਅੰਦਾਜ਼ਾ ਵੱਖ ਵੱਖਰਾ ਹੈ। ਤਖ਼ਤਿ ਤਾਊਸ[] ਤੇ ਕੋਹਿਨੂਰ ਹੀਰਾ० ਤਾਂ ਪ੍ਰਸਿੱਧ ਹੈ, ਪਰ ਇਸ ਤੋਂ ਵੱਖਰਾ ਕਰੋੜਾਂ ਰੁਪੈ ਦਾ ਮਾਲ ਤੇ ਨਕਦੀ ਸੀ*। ਏਸ ਹਮਲੇ ਨੇ ਮੁਗ਼ਲ ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। ਦੱਖਣ, ਬੰਗਾਲ ਤੇ ਅਵਧ ਉੱਤੇ ਤਾਂ ਉਹਦਾ ਪਹਿਲਾਂ ਹੀ ਕੋਈ ਅਸਰ ਨਹੀਂ ਸੀ, ਹੁਣ ਸੂਬਾ ਲਾਹੌਰ ਉਤੋਂ ਵੀ ਜਾਂਦਾ ਰਿਹਾ।

ਨਾਦਰ ਪੰਜ ਮਈ, ੧੭੩੯ ਈ. ਨੂੰ ਦਿੱਲੀ ਤੋਂ ਵਿਦਿਆ ਹੋਇਆ ਤੇ ਲਾਹੌਰ ਆ ਡੇਰਾ ਲਾਇਆ। ਉਹਦਾ ਆਉਣਾ ਸੁਣਕੇ ਸਾਰਾ ਪੰਜਾਬ ਹੀ ਖ਼ਾਲੀ ਹੋ ਗਿਆ ਸੀ। ਲੋਕ ਜੋ ਕੁਛ ਚੁੱਕ ਸਕੇ, ਚੁੱਕ ਕੇ ਪਹਾੜਾਂ ਨੂੰ ਚੜ੍ਹ ਗਏ। ਅੱਗੇ ਓਥੇ ਸਿੱਖ ਪਹਿਲਾਂ ਹੀ ਡੇਰੇ ਲਾਈ ਬੈਠੇ ਸਨ। ਉਨ੍ਹਾਂ, ਪੰਥ ਵਿਰੋਧੀਆਂ ਨੂੰ ਚੁਣ ਚੁਣ ਕੇ ਲੁੱਟਿਆ। ਮੁਕਦੀ ਗੱਲ ਜਾਣ ਵਾਲਿਆਂ ਵਿਚੋਂ ਕੁਛ ਤਾਂ ਸਿੱਖਾਂ ਹੱਥੋਂ ਲੁੱਟੇ ਗਏ** ਤੇ ਕੁਛ ਆਪ ਸਿੰਘ ਸਜ ਕੇ ਪੰਥ ਵਿਚ ਰਲ ਗਏ()। ਜਦ ਨਾਦਰ ਦਿੱਲੀ ਬੈਠਾ ਸੀ, ਸਿੰਘਾਂ ਨੇ

**ਸਿੰਘਾਂ ਪੰਜਾਬ ਲੁਟਿਆ**

---

[]ਸ਼ਾਹ ਜਹਾਨ ਨੇ ਬਣਵਾਇਆ ਸੀ, ਜਿਸ ਉਤੇ ਨੌਂ ਕਰੋੜ ਰੁਪਇਆ ਖ਼ਰਚ ਆਇਆ ਸੀ।

०ਇਹ ਪਾਂਡਵਾਂ ਵਾਲਾ ਪਰਸਿੱਧ ਹੀਰਾ ਹੈ, ਜੋ ਦਿੱਲੀ ਵਿਚੋਂ ਨਾਦਰ ਲੈ ਗਿਆ ਸੀ। ਉਸਦੇ ਵਾਰਸਾਂ ਤੋਂ ਸ਼ੇਰਿ ਪੰਜਾਬ ਨੇ ਲਿਆ, ਤੇ ੧੮੪੯ ਈ. ਵਿਚ ਮ. ਦਲੀਪ ਸਿੰਘ ਤੋਂ ਅੰਗਰੇਜ਼ਾਂ ਨੇ ਲੈ ਲਿਆ। ਅੱਜ ਕਲ੍ਹ ਉਹ ਅੰਗਰੇਜ਼ਾਂ ਦੇ ਬਾਦਸ਼ਾਹ ਦੇ ਕਬਜ਼ੇ ਵਿਚ ਹੈ।

*ਜਾਦੂ ਨਾਥ ਸਰਕਾਰ, ਪੰਨਾ ੪, ੧੫ ਕਰੋੜ ਨਕਦ ਤੇ ਪੰਜਾਹ ਕਰੋੜ ਦਾ ਸਾਮਾਨ; ਪੰਥ ਪ੍ਰਕਾਸ਼; ਪੰਨਾ ੬੨੨, ਨੌਂ ਕਰੋੜ ਦਾ ਤਖ਼ਤਿ-ਤਾਊਸ, ਕੋਹਿਨੂਰ, ੩੨ ਮਾਸੇ ਦਾ ਗੁਲਾਬੀ ਹੀਰਾ, ੬੪ ਰੱਤੀ ਦਾ ਮੋਤੀ ਤੇ ੬੦ ਕਰੋੜ ਦਾ ਹੋਰ ਸਾਮਾਨ ਤੇ ਨਕਦ। ਬਿਆਨਿ ਵਾਕਈ. ੮੦ ਕਰੋੜ।

**ਸਿਨਹਾ, ਪੰਨਾ ੧੧; ਮੈਲਕਮ, ਪੰਨਾ ੮੬।

()ਸਿਨਹਾ, ਪੰਨਾ ੧੧।

ਪੰਜਾਬ ਦੇ ਮੈਦਾਨਾਂ ਵਿਚ ਆ ਦਰਸ਼ਨ ਦਿੱਤੇ। ਝਨਾਂ ਤੋਂ ਲੈ ਕੇ ਕਰਨਾਲ ਤੱਕ ਦਾ ਸਾਰਾ ਇਲਾਕਾ ਉਹਨਾਂ ਲੁੱਟ ਲਿਆ। ਸਿੱਖ ਸਰਦਾਰਾਂ ਦੀ ਮਾਇਕ ਤੰਗੀ ਏਸ ਲੁੱਟ ਨੇ ਦੂਰ ਕਰ ਦਿੱਤੀ। ਨਾਦਰ ਵਾਪਸ ਮੁੜਿਆ, ਤਾਂ ਸਿੰਘਾਂ ਨੇ ਗੁਰਮਤਾ ਕੀਤਾ, ਕਿ ਦਿੱਲੀ ਦੀ ਲੁੱਟ ਵਿਚੋਂ ਆਪਣਾ ਹਿੱਸਾ ਵੰਡਾਏ ਬਿਨਾਂ

**ਸਿੰਘਾਂ ਨੇ ਨਾਦਰ ਦੀ ਫ਼ੌਜ ਲੁੱਟੀ**

ਨਾਦਰ ਨੂੰ ਨਹੀਂ ਜਾਣ ਦੇਣਾ ਚਾਹੀਦਾ। ਜਿਸ ਨਾਦਰ ਦੇ ਨਾਂ ਤੋਂ ਲਾਹੌਰ ਤੇ ਦਿੱਲੀ ਦੀ ਸਰਕਾਰ ਥਰ-ਥਰ ਕੰਬਦੀ ਸੀ, ਉਸ ਨਾਦਰ ਦੀ ਫ਼ੌਜ ਸਿੰਘਾਂ ਨੇ ਦਿਲ ਖੋਲ੍ਹ ਕੇ ਲੁੱਟੀ**। ਮੁਕਦੀ ਗੱਲ, ਏਸ ਹਮਲੇ ਨੇ ਪੰਥ ਨੂੰ ਵਧਣ ਫੁੱਲਣ ਵਿਚ ਬੜੀ ਮਦਦ ਦਿੱਤੀ। ਉਹਦੀ ਗਿਣਤੀ ਤੇ ਮਾਇਕ ਹਾਲਤ ਵਿਚ ਬਹੁਤ ਵਾਧਾ ਹੋ ਗਿਆ।੦

**ਨਾਦਰ ਦਾ ਸਿੱਖਾਂ 'ਤੇ ਕ੍ਰੋਧ**

ਜਦ ਇਹ ਖ਼ਬਰ ਨਾਦਰ ਨੂੰ ਲਾਹੌਰ ਪਹੁੰਚੀ, ਉਹ ਕ੍ਰੋਧ ਵਿਚ ਲੋਹਾ ਲਾਖਾ ਹੋ ਕੇ ਖ਼ਾਨ ਬਹਾਦਰ ਨੂੰ ਕਹਿਣ ਲੱਗਾ : "ਉਹ ਸਿੱਖ ਕੌਣ ਹਨ, ਜਿਨ੍ਹਾਂ ਸ਼ਹਿਨਸ਼ਾਹ ਨਾਦਰ ਸ਼ਾਹ ਦੀ ਫ਼ੌਜ ਲੁੱਟ ਲਈ ਹੈ ? ਕਿੱਥੇ ਹਨ ਉਹਨਾਂ ਦੇ ਘਰ ? ਮੈਂ ਸਾੜ ਕੇ ਸੁਆਹ ਕਰ ਦਿਆਂਗਾ। ਕਿਹੜੀ ਹੈ ਉਹਨਾਂ ਦੀ ਬਾਦਸ਼ਾਹੀ ? ਮੈਂ ਮਲੀਆ-ਮੇਟ ਕਰ ਦਿਆਂਗਾ।"

**ਖ਼ਾਨ ਬਹਾਦਰ ਨੇ ਸਿੰਘਾਂ ਦਾ ਹਾਲ ਦੱਸਿਆ**

ਖ਼ਾਨ ਬਹਾਦਰ ਨੇ ਉੱਤਰ ਦਿੱਤਾ, "ਜੇਤੂ ਬਾਦਸ਼ਾਹ ! ਮੈਂ ਸਿੱਖਾਂ ਦੇ ਘਰ ਤੇ ਬਾਦਸ਼ਾਹੀ ਕਿੱਥੇ ਦੱਸਾਂ ? ਉਹਨਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਉੱਤੇ ਹਨ(), ਤੇ ਉਹਨਾਂ ਦੀ ਬਾਦਸ਼ਾਹੀ ਸਾਰੀ ਦੁਨੀਆਂ ਉੱਤੇ—ਉਹਨਾਂ ਦੇ ਕਥਨ ਅਨੁਸਾਰ—ਹੈ। ਉਹ ਭੁੱਖੇ ਨੰਗੇ, ਜੰਗਲਾਂ ਦੇ ਕੰਡੇ ਲਤਾੜਦੇ ਤੇ ਸਰਕਾਰ ਦੀਆਂ ਗੋਲੀਆਂ ਦਾ ਸ਼ਿਕਾਰ ਹੁੰਦੇ, ਜਾਂ ਚਰਖੀ ਉੱਤੇ ਚੜ੍ਹਦੇ ਤੇ ਬੰਦ-ਬੰਦ ਕਟਾਉਂਦੇ ਵੀ ਕਹਿੰਦੇ ਹਨ :

ਰਾਜ ਕਰੇਗਾ ਖ਼ਾਲਸਾ
ਆਕੀ ਰਹੇ ਨਾ ਕੋਇ।

---

**ਮੈਲਕਮ, ਪੰਨਾ ੮੬; ਸਿਨਹਾ ਪੰਨਾ ੧੨; ਪੰਥ ਪ੍ਰਕਾਸ਼, ਪੰਨਾ ੬੨੩; ਫਾਰਸਟਰ, ਜਿਲਦ ਪਹਿਲੀ, ਪੰਨਾ ੩੧੩।

੦ਭੰਗੂ, ਪੰਨਾ ੨੧੫।

()The Sikhs, by Sir J.J. H. Gordon, printed in 1904, ਗਾਰਡਨ, ਪੰਨਾ ੫੮।

ਉਹਨਾਂ ਦੇ ਘਰ ਘਾਟ ਕੋਈ ਨਹੀਂ, ਸੱਜਣ ਸਨੇਹੀ ਕੋਈ ਨਹੀਂ, ਸਰਕਾਰ ਵੱਲੋਂ ਉਹਨਾਂ ਦੇ ਮਾਰਨ ਵਾਲੇ ਨੂੰ ਇਨਾਮ ਦਿੱਤਾ ਜਾਂਦਾ ਹੈ, ਖਾਣ ਨੂੰ ਰੱਜਵਾਂ ਮਿਲਦਾ ਨਹੀਂ, ਪੂਰਾ ਕੱਪੜਾ ਤਨ ਢੱਕਣ ਨੂੰ ਨਸੀਬ ਨਹੀਂ ਹੁੰਦਾ, ਪਰ ਉਹਨਾਂ ਦਾ ਦਾਹਵਾ ਹੈ ਸਾਰੀ ਦੁਨੀਆਂ ਉੱਤੇ ਬਾਦਸਾਹੀ ਕਰਨ ਦਾ। ਲੜਾਕੇ ਏਡੇ ਹਨ, ਕਿ ਸਵਾ ਲੱਖ ਨਾਲ ਇਕੱਲਾ ਟਾਕਰਾ ਕਰਨ ਨੂੰ ਤਿਆਰ ਹੋ ਪੈਂਦਾ ਹੈ, ਤੇ ਅਭਿਮਾਨੀ ਏਡੇ, ਕਿ ਬਾਕੀ ਸਭ ਦੁਨੀਆਂ ਨੂੰ ਚੁਰਾਸੀ ਤੇ ਆਪਣੇ ਆਪ ਨੂੰ ਅਕਾਲ ਪੁਰਖ ਦਾ ਖ਼ਾਲਸਾ ਮੰਨਦੇ ਹਨ। ਸਾਡੇ ਘੋੜਿਆਂ ਨਾਲੋਂ ਉਹ ਵਧੇਰੇ ਭੱਜ ਸਕਦੇ ਹਨ। ਥਕੇਵਾਂ, ਨੀਂਦ ਜਾਂ ਭੁੱਖ ਦੀ ਪਰਵਾਹ ਨਹੀਂ ਕਰਦੇ। ਢਹਿੰਦੀ ਕਲਾ ਉਹਨਾਂ ਦੇ ਕਦੇ ਨੇੜੇ ਨਹੀਂ ਢੁੱਕੀ*। ਏਸ ਤਰ੍ਹਾਂ ਦੇ ਹਨ ਉਹ ਸਿੱਖ, ਜਿਨ੍ਹਾਂ ਆਪ ਜੀ ਦੀ ਫ਼ੌਜ ਲੁੱਟੀ ਹੈ।"

ਨਾਦਰ ਨੇ ਠੰਢਾ ਸਾਹ ਭਰ ਕੇ ਕਿਹਾ, "ਇਹ ਗੱਲ ਹੈ, ਤਾਂ ਉਹ ਜ਼ਰੂਰ ਏਸ ਦੇਸ ਦੇ ਬਾਦਸ਼ਾਹ ਬਣ ਜਾਣਗੇ। ਤੁਸੀਂ ਕੀ, ਕੋਈ ਸ਼ਕਤੀ ਵੀ ਉਹਨਾਂ ਨੂੰ ਆਪਣੇ ਨਸ਼ਾਨੇ 'ਤੇ ਪਹੁੰਚਣ ਤੋਂ ਰੋਕ ਨਹੀਂ ਸਕੇਗੀ।"

**ਨਾਦਰ ਵਾਪਸ**

ਅੰਤ ਚਾਰ ਮੁਹਾਲ ਤੇ ਨਾਲ ਲਗਦੇ ਹੋਰ ਇਲਾਕੇ ਖ਼ਾਨ ਬਹਾਦਰ ਨੂੰ ੨੦ ਲੱਖ ਸਾਲਾਨਾ ਖ਼ਿਰਾਜ ਬਦਲੇ ਦੇ ਕੇ ਨਾਦਰ ਵਾਪਸ ਕੰਧਾਰ ਚਲਾ ਗਿਆ।

**ਖ਼ਾਨ ਬਹਾਦਰ ਨੂੰ ਖ਼ਿਤਾਬ ਤੇ ਮੁਲਤਾਨ ਦੀ ਸੂਬੇਦਾਰੀ**

ਖ਼ਾਨ ਬਹਾਦਰ ਦਰਿਆ ਝਨਾਂ ਤਕ ਨਾਦਰ ਨੂੰ ਤੋਰਨ ਗਿਆ। ਇਸ ਆਗਿਆਕਾਰੀ ਬਦਲੇ ਨਾਦਰ ਨੇ ਖ਼ਾਨ ਬਹਾਦਰ ਦੀ ਪਦਵੀ ਵਧਾਉਣ ਵਾਸਤੇ ਬਾਦਸ਼ਾਹ ਦਿੱਲੀ ਨੂੰ

---

*"ਤਬ ਖਾਨੂੰ ਨੇ ਐਸ ਬਖਾਨੀ। ਮੁਲਕ ਉਸੈ ਕੋ ਨਾਂਹਿ ਨਸ਼ਾਨੀ।
ਖੜੇ ਸੋਵੈਂ ਔ ਚਲਤੇ ਖਾਹਿੰ। ਨਹਿੰ ਬੈਠੋਂ ਵੈ ਕਿਤੇ ਗਿਰਾਇੰ।
ਨੂਨ ਘਿਰਤ ਕੋ ਸਵਾਦ ਨਾ ਜਾਨੈ। ਹਮ ਦੁਖ ਦੇਵੈਂ, ਵੈ ਸੁਖ ਮਾਨੈ।
ਹਾੜ੍ਹ ਨਾ ਦਿਨ ਭਰ ਪੀਵੇਂ ਪਾਨੀ। ਸਯਾਲੇ ਰਖੇਂ ਨਾ ਅਗਨ ਨਿਸ਼ਾਨੀ।
ਨਹਿੰ ਖਾਵੇਂ ਵੈ ਪੀਸਿਓ ਨਾਜ। ਲੜੈਂ ਬਹੁਤ ਵੈ ਕਰਕੇ ਭਾਜ।
ਏਕ ਹੋਇ ਤਾਂ ਸੌ ਸੈਂ ਲਰੇਂ। ਮਰਨੇ ਤੇ ਵੈ ਮੂਲ ਨ ਡਰੇਂ।
ਰਹੈ ਚਾਉ ਉਨ ਮਰਨ ਕੋ, ਦੀਨ ਮਜ਼ਬ ਕੇ ਭਾਇ।
ਹਮ ਮਾਰਤ ਉਨ ਥਕ ਗਏ, ਉਇ ਘਟਤ ਨਾ ਕਿਤਹੂੰ ਦਾਇ।"
ਭੰਗੂ, ਪੰਨਾ ੨੧੭

ਚਿੱਠੀ ਲਿਖੀ। ਉਸ ਦੀ ਪਾਲਣਾ ਕਰਦਿਆਂ ਹੋਇਆਂ ਬਾਦਸ਼ਾਹ ਨੇ ਖ਼ਾਨ ਬਹਾਦਰ ਜ਼ਕਰੀਆ ਖ਼ਾਂ ਨੂੰ 'ਅੱਠ ਹਜ਼ਾਰੀ' ਦੀ ਪਦਵੀ ਤੇ 'ਸੈਫੁੱਦੌਲਾ' (ਦੂੱਜਾ) ਦਾ ਖ਼ਿਤਾਬ ਦਿੱਤਾ। ਨਾਲ ਹੀ ਮੁਲਤਾਨ ਦੀ ਸੂਬੇਦਾਰੀ ਵੀ* ਖ਼ਾਨ ਬਹਾਦਰ ਨੂੰ ਹੀ ਦੇ ਦਿੱਤੀ, ਕਿਉਂਕਿ ਓਥੋਂ ਦਾ ਸੂਬੇਦਾਰ ਅਬਦੁੱਸਮੱਦ ਖ਼ਾਂ (ਖ਼ਾਨ ਬਹਾਦਰ ਦਾ ਪਿਤਾ) ਮਰ ਚੁੱਕਾ ਸੀ। ਖ਼ਾਨ ਬਹਾਦਰ ਨੇ ਆਪਣੇ ਮਾਤਹਿਤ ਆਪਣੇ ਪੁੱਤਰ ਸ਼ਾਹ ਨਿਵਾਜ਼ (ਹਯਾਤੁੱਲਾ ਖ਼ਾਂ) ਨੂੰ ਮੁਲਤਾਨ ਦਾ ਨਾਇਬ ਸੂਬੇਦਾਰ ਬਣਾ ਦਿਤਾ੦।

**ਸਿੱਖਾਂ ਵਿਚ ਵਾਧਾ**

ਨਾਦਰ ਪੰਜ ਮਹੀਨੇ ਹਿੰਦ ਵਿਚ ਰਿਹਾ ਸੀ। ਸਿੱਖਾਂ ਵਾਸਤੇ ਇਹ ਸੁਨਹਿਰੀ ਸਮਾਂ ਸੀ। ਉਹਨਾਂ ਲੁੱਟ ਮਾਰ ਕਰਕੇ ਆਪਣੀ ਤਾਕਤ ਚੰਗੀ ਵਧਾ ਲਈ। ਉਸ ਵੇਲੇ ਸਿੱਖ ਪੂਰੀ ਤਰ੍ਹਾਂ ਜਥੇਬੰਦ ਸਨ। ਉਹਨਾਂ ਕੋਲ ਨਵਾਬ ਕਪੂਰ ਸਿੰਘ ਤੇ ਸ. ਬਾਘ ਸਿੰਘ() (ਹੱਲੋਵਾਲੀਆ) ਵਰਗੇ ਧੜੱਲੇਦਾਰ ਲੀਡਰ ਸਨ। ਨਾਦਰ ਦਿੱਲੀ ਨੂੰ ਜਾਂਦਾ ਹੋਇਆ ਸੂਬਾ ਲਾਹੌਰ ਦੀਆਂ ਬਹੁਤ ਸਾਰੀਆਂ ਫ਼ੌਜਾਂ ਨਾਲ ਲੈ ਗਿਆ ਸੀ। ਪਿਛੋਂ ਪੰਜਾਬ ਅਸਲੋਂ ਸੁੰਞਾ ਰਹਿ ਗਿਆ। ਸਿੰਘ ਲੁਕੀਆਂ ਹੋਈਆਂ ਥਾਂਵਾਂ 'ਚੋਂ ਨਿਕਲੇ ਤੇ ਪੰਜਾਬ ਦੇ ਮੈਦਾਨਾਂ ਵਿਚ ਲੁੱਟ ਮਚਾ ਦਿੱਤੀ। ਮੁਸਲਮਾਨਾਂ ਤੇ ਇਲਾਕਿਆਂ ਦਿਆਂ ਚੌਧਰੀਆਂ ਦੇ ਘਰ ਲੁੱਟੇ ਗਏ। ਅਨੇਕਾਂ ਉਹ ਲੋਕ, ਜਿਨ੍ਹਾਂ ਨੇ ਮੁਸਲਮਾਨ ਹਾਕਮਾਂ ਹੱਥੋਂ ਕਦੇ ਦੁਖ ਉਠਾਏ ਸਨ, ਉਹ ਘਰ ਘਾਟ ਛਡ ਕੇ ਸਿੱਖਾਂ ਵਿਚ ਰਲ ਗਏ[ ]। ਜਿਹੜਾ ਇਕ ਵਾਰ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦਾ ਸੀ, ਉਹ ਕਦੇ ਵੀ ਫੇਰ ਪਿਛਾਂਹ ਨਹੀਂ ਸੀ ਪਰਤ ਸਕਦਾ। ਏਸ ਤਰ੍ਹਾਂ ਮਾਲੀ ਤਾਕਤ ਦੇ ਨਾਲ-ਨਾਲ ਸਿੰਘਾਂ ਦੀ ਗਿਣਤੀ ਵੀ ਵਧ ਗਈ।

**ਕਿਲਾ ਡੱਲੇਵਾਲ**

ਇਸ ਸਮੇਂ ਸਿੰਘਾਂ ਅੰਦਰ ਇਕ ਨਵੀਂ ਲਗਨ ਜਾਗ ਪਈ, ਕਿ ਵੈਰੀ ਦੇ ਟਾਕਰੇ ਵਾਸਤੇ ਕੋਈ ਕਿਲ੍ਹਾ ਬਣਾਇਆ ਜਾਵੇ। ਸੋ ਸਿੰਘਾਂ ਨੇ ਪਹਿਲੀ ਵਾਰੀ ਰਾਵੀ ਦੇ ਕੰਢੇ ਕੱਚਾ ਕਿਲ੍ਹਾ ਡੱਲੇਵਾਲ* ਬਣਾਇਆ।

---

*ਆਨੰਦ ਰਾਮ, ਪੰਨਾ ੮੫।

੦ਆਨੰਦ ਰਾਮ, ਪੰਨਾ ੯੩।

()ਏਸ ਸ. ਬਾਘ ਸਿੰਘ ਦਾ ਭਣੇਵਾਂ ਸ. ਜੱਸਾ ਸਿੰਘ ਆਹਲੂਵਾਲੀਆ ਪ੍ਰਸਿਧ ਹੋਇਆ ਹੈ।

[ ]ਖ਼ਾਲਸਾ ਨਾਮਾ, ਦੀਵਾਨ ਬਖ਼ਤ ਮੱਲ, ਪੰਨਾ ੫੭।

*ਮੈਲਕਮ, ਪੰਨਾ ੮੬।

ਇਸਦੀ ਰਚਨਾ ਦੋ ਗੱਲਾਂ ਮੁੱਖ ਰੱਖ ਕੇ ਕੀਤੀ ਗਈ ਸੀ, ਲੁੱਟ ਦਾ ਮਾਲ ਸਾਂਭਣ ਵਾਸਤੇ ਤੇ ਔਖੇ ਸਮੇਂ ਦੁਸ਼ਮਣ ਦਾ ਟਾਕਰਾ ਕਰਨ ਵਾਸਤੇ।

ਸਿੱਖ ਇਸ ਵੇਲੇ ਏਨੇ ਦਲੇਰ ਹੋ ਗਏ ਸਨ, ਕਿ ਉਹਨਾਂ ਸਾਰੇ ਡਰ ਲਾਹ ਕੇ ਨਾਦਰ ਦੀ ਫ਼ੌਜ ਲੁੱਟ ਲਈ ਤੇ ਹਜ਼ਾਰਾਂ ਦੀ ਗਿਣਤੀ ਵਿਚ ਬੱਧੇ ਜਾਂਦੇ ਹਿੰਦ ਦੇ ਲੜਕੇ ਲੜਕੀਆਂ ਛੁਡਾ ਲਏ। ਏਸ ਉਪਕਾਰ ਨੇ ਹਿੰਦੂ ਗਭਰੂਆਂ ਦੇ ਦਿਲ ਵਿਚ ਸਿੱਖ ਬਣਨ ਦਾ ਚਾਅ ਪੈਦਾ ਕਰ ਦਿੱਤਾ।

**ਖ਼ਾਨ ਬਹਾਦਰ ਦਾ ਗੁੱਸਾ ਸਿੱਖਾਂ ਉੱਤੇ**

ਨਾਦਰ ਵੱਲੋਂ ਵਿਹਲੇ ਹੋ ਕੇ ਖ਼ਾਨ ਬਹਾਦਰ ਨੇ ਆਪਣੇ ਇਲਾਕੇ ਵੱਲੇ ਧਿਆਨ ਮਾਰਿਆ, ਤਾਂ ਸਾਰਾ ਉਜੜਿਆ ਨਜ਼ਰ ਆਇਆ। ਉਹ ਬਹੁਤਾ ਤਾਂ ਨਾਦਰ ਦੀਆਂ ਫ਼ੌਜਾਂ ਨੇ ਉਜਾੜ ਦਿੱਤਾ ਸੀ, ਤੇ ਰਹਿੰਦਾ ਸਿੱਖਾਂ ਨੇ। ਨਾਦਰ ਨਾਲ ਤਾਂ ਖ਼ਾਨ ਬਹਾਦਰ ਦੀ ਪੇਸ਼ ਕੋਈ ਨਾ ਗਈ, ਪਰ ਉਹਨੇ ਸਾਰਾ ਗੁੱਸਾ ਸਿੱਖਾਂ ਉੱਤੇ ਕੱਢਣ ਦਾ ਫ਼ੈਸਲਾ ਕੀਤਾ। ਇਲਾਕੇ ਦੇ ਸਾਰੇ ਚੌਧਰੀਆਂ, ਫ਼ੌਜਦਾਰਾਂ ਤੇ ਗਸ਼ਤੀ ਫ਼ੌਜ ਦੇ ਅਫ਼ਸਰਾਂ ਨੂੰ ਸਖ਼ਤ ਹੁਕਮ ਦਿੱਤਾ, ਕਿ ਸਿੱਖ ਸਮੂਲਚੋਂ ਖ਼ਤਮ ਕਰ ਦਿੱਤੇ ਜਾਣ। ਜਦ ਗਸ਼ਤੀ ਫ਼ੌਜ ਚੜ੍ਹੀ, ਸਿੰਘ ਕਿਲ੍ਹਾ ਡੱਲੇਵਾਲ ਤੇ ਉਸਦੇ ਉਦਾਲੇ ਜੰਗਲ ਵੱਲ ਵਧੇ।

**ਕਿਲ੍ਹਾ ਡੱਲੇਵਾਲ ਢਾਹਿਆ ਗਿਆ**

ਸ਼ਾਹੀ ਫ਼ੌਜਾਂ ਨੇ ਕਿਲ੍ਹਾ ਡੱਲੇਵਾਲ ਦੇ ਉਦਾਲੇ ਘੇਰਾ ਪਾ ਲਿਆ। ਸਿੰਘਾਂ ਅੱਗੋਂ ਡਟ ਕੇ ਟਾਕਰਾ ਕੀਤਾ, ਪਰ ਦੁਸ਼ਮਣ ਦੀ ਗਿਣਤੀ ਕਈ ਹਿੱਸੇ ਵੱਧ ਸੀ, ਇਸ ਵਾਸਤੇ ਪੇਸ਼ ਕੋਈ ਨਾ ਗਈ। ਅੰਤ ਰਾਤ ਦੇ ਹਨੇਰੇ ਵਿਚ ਸਿੰਘ ਵੈਰੀ ਦਾ ਘੇਰਾ ਇਕ ਪਾਸਿਓਂ ਚੀਰ ਕੇ ਨਿਕਲ ਗਏ। ਏਸ ਘਮਸਾਨ ਵਿਚ ਸੈਂਕੜੇ ਸਿੰਘ ਸ਼ਹੀਦ ਹੋ ਗਏ। ਤੇ ਕਈ ਵੈਰੀ ਦੇ ਕਾਬੂ ਵੀ ਆ ਗਏ, ਜੋ ਲਾਹੌਰ ਲਿਆ ਕੇ ਨਖ਼ਾਸ ਚੌਕ० ਵਿਚ ਅਨੇਕਾਂ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ। ਵੈਰੀ ਨੇ ਕਿਲ੍ਹਾ ਡੱਲੇਵਾਲ ਢਾਹ ਕੇ ਧਰਤੀ ਨਾਲ ਮਿਲਾ ਦਿੱਤਾ।

**ਸਿੱਖਾਂ ਵਿਰੁੱਧ ਸ਼ਾਹੀ ਇਸ਼ਤਿਹਾਰ**

ਖ਼ਾਨ ਬਹਾਦਰ ਨੇ ਇਕ ਸਰਕਾਰੀ ਇਸ਼ਤਿਹਾਰ ਜਾਰੀ ਕੀਤਾ : "ਸਰਕਾਰ ਦਾ ਫ਼ੁਰਮਾਨ ਹੈ, ਕਿ ਕੋਈ ਸਿੱਖ ਸਾਡੇ ਇਲਾਕੇ

---

०ਨਖ਼ਾਸ ਚੌਕ ਨੂੰ ਅੱਜ ਕੱਲ੍ਹ ਸ਼ਹੀਦ ਗੰਜ ਕਹਿੰਦੇ ਹਨ। ਰਸਾਲਾ-ਇ-ਸਾਹਿਬ ਨੁਮਾ, ਕਰਤਾ ਗਨੇਸ਼ ਦਾਸ, ਪੰਨਾ ੧੯੮।

ਵਿਚ ਨਾ ਰਹੇ। ਸਿੱਖ ਸਰਕਾਰ ਵੱਲੋਂ ਬਾਗ਼ੀ ਕਰਾਰ ਦਿੱਤੇ ਗਏ ਹਨ। ਜਿੱਥੇ ਸਿੱਖ ਹੱਥ ਆਵੇ, ਉਸਨੂੰ ਕਤਲ ਕਰ ਦੇਣ ਵਾਲੇ ਨੂੰ ਖ਼ੂਨ ਮਾਫ਼ ਤੇ ਸਿੱਖ ਦਾ ਘਰ ਲੁੱਟ ਲੈਣ ਵਾਲੇ ਨੂੰ ਲੁਟ ਮਾਫ਼*। ਜਿਹੜਾ ਸਿੱਖ ਦੀ ਦੱਸ ਪਾਵੇ, ਉਸਨੂੰ ਦਸ ਰੁਪੈ ਤੇ ਜਿਹੜਾ ਸਿੱਖ ਨੂੰ ਫੜ ਕੇ ਲਿਆਵੇ, ਜਾਂ ਸਿੱਖ ਦਾ ਸਿਰ ਪੇਸ਼ ਕਰੇ, ਉਹਨੂੰ ਪੰਜਾਹ ਰੁਪੈ ਇਨਾਮ० ਮਿਲੇਗਾ। ਤੇ ਜਿਹੜਾ ਪਤਾ ਹੁੰਦਿਆਂ ਸਿੰਘਾਂ ਦੀ ਦੱਸ ਨਾ ਪਾਵੇ, ਜਾਂ ਸਿੰਘਾਂ ਨੂੰ ਪਰਸ਼ਾਦਾ ਖੁਆਵੇ, ਅੰਨ ਦਾਣਾ ਦੇਵੇ, ਆਪਣੇ ਘਰ ਆਸਰਾ ਦੇਵੇ, ਜਾਂ ਸਿੰਘਾਂ ਨਾਲ ਸਾਕ ਸੰਬੰਧ ਕਰੇ, ਉਸਨੂੰ ਮੁਸਲਮਾਨ ਕੀਤਾ ਜਾਵੇਗਾ, ਜਾਂ ਇਸਲਾਮ ਤੋਂ ਨਾਂਹ ਕਰਨ ਉੱਤੇ ਕਤਲ ਕੀਤਾ ਜਾਵੇਗਾ()।

### ਸਿੰਘ ਮਾਝਾ ਛੱਡ ਗਏ

ਏਸ ਇਸ਼ਤਿਹਾਰ ਨੇ ਪਿੰਡਾਂ ਦੇ ਲਾਲਚੀ ਚੌਧਰੀਆਂ ਨੂੰ ਸ਼ਿਕਾਰੀ ਕੁੱਤੇ ਵਾਂਗ ਸਿੰਘਾਂ ਦੇ ਮਗਰ ਪਾ ਦਿੱਤਾ। ਬਾਰੀ ਦੁਆਬ ਵਿਚ ਸਿੰਘਾਂ ਦਾ ਰਹਿਣਾ ਔਖਾ ਹੋ ਗਿਆ। ਸੋ, ਕੁਝ ਸਿੰਘ ਤਾਂ ਜੰਮੂੰ ਤੇ ਕਾਂਗੜੇ ਦਿਆਂ ਪਹਾੜਾਂ ਨੂੰ ਚੜ੍ਹ ਗਏ ਤੇ ਬਹੁਤ ਸਾਰੇ ਦਰਿਆ ਬਿਆਸ ਟੱਪ ਕੇ ਦੁਆਬਾ ਜਲੰਧਰ ਵਿਚ ਜਾ ਵੜੇ।

ਮਾਝੇ ਤੇ ਰਿਆੜਕੀ ਵਿਚੋਂ ਕੱਢੇ ਹੋਏ ਸਿੰਘ ਦੁਆਬਾ ਜਲੰਧਰ ਵਿਚ ਜਾ ਵੜੇ ਸਨ। ਖ਼ਾਨ ਬਹਾਦਰ ਨੇ ਓਥੋਂ ਸਿੱਖਾਂ ਨੂੰ ਕੱਢਣ ਵਾਸਤੇ ਅਦੀਨਾ

---

*ਸਿੰਘਨ ਖ਼ੂੰਨ ਮਾਫ਼ ਹਮ ਕੀਨੇ। ਜਿਤ ਲਭੇ ਤਿਤ ਮਾਰਹੁ ਚੀਨੇ।
ਲੂਟ ਕੂਟ ਉਸ ਮਾਫ਼ ਹਮ ਕਰੀ। ਹਮਰੀ ਲਿਖਤ ਏ ਜਾਨੋ ਖਰੀ।
ਭੰਗੂ, ਪੰਨਾ ੨੧੯

०ਦੱਸਣ ਵਾਲੇ ਦੱਸ ਰੁਪੈ, ਔ ਮਾਰਨ ਵਾਲੇ ਪਚਾਸ।
ਯਹ ਲਾਲਚ ਤੁਰਕਨ ਦਯੋ, ਤਬ ਬਹੁਤ ਸਿੰਘਨ ਭਯੋ ਨਾਸ।
ਭੰਗੂ, ੨੧੯

()ਜੋ ਸਿੰਘਨ ਕੋ ਕੋਊ ਲੁਕਾਵੇ। ਸੋ ਵਹਿ ਆਪਣੀ ਜਾਨ ਗੁਆਵੈ।
ਆਏ ਸਿੰਘ ਬਤਾਵੇ ਨਾਹੀਂ। ਵੈ ਭੀ ਆਪਣੀ ਜਿੰਦ ਗਵਾਹੀ।
ਜੋ ਸਿੰਘਨ ਕੋ ਸਾਕ ਕਰੇਵੈ। ਮੁਸਲਮਾਨ ਸੋ ਹੋਵਨ ਲੇਵੈ।
ਜੋ ਸਿੰਘਨ ਕੋ ਦੇਵੈ ਨਾਜ। ਮੁਸਲਮਾਨ ਕਰੋ ਤਿਸ ਕਾਜ।
ਭੰਗੂ, ੨੨੧

ਅਦੀਨਾ ਬੇਗ ਦੁਆਬੇ ਦਾ ਨਾਜ਼ਮ

ਬੇਗ ਨੂੰ ਦੁਆਬੇ ਦਾ ਨਾਜ਼ਮ ਬਣਾ ਕੇ ਭੇਜਿਆ ਤੇ ਸਿੱਖਾਂ ਦੀ ਤਬਾਹੀ ਦਾ ਸਖ਼ਤ ਹੁਕਮ ਦਿੱਤਾ। ਅਦੀਨਾ ਬੇਗ* ਬੜਾ ਚਲਾਕ ਤੇ ਨੀਤੀਵਾਨ ਹਾਕਮ ਸੀ। ਉਹਦੇ ਦਿਲ ਵਿਚ ਚਰੋਕਣੀ ਖ਼ਾਹਸ਼ ਸੀ, ਕਿ ਜਲੰਧਰ ਦਾ ਨਾਜ਼ਮ ਬਣੇ। ਉਹ ਨਾਜ਼ਮ ਬਣ ਗਿਆ, ਤਾਂ ਉਹਦੇ ਦਿਲ ਵਿਚ ਇਹ ਲਾਲਚ ਆ ਗਿਆ, ਕਿ ਕਿਸੇ ਹਾਲਤ ਵਿਚ ਇਹ ਨਜ਼ਾਮਤ ਹੱਥੋਂ ਨਾ ਜਾਏ। ਉਹ ਸਦਾ ਏਸ ਚਾਲ 'ਤੇ ਰਿਹਾ, ਕਿ ਸਿੱਖਾਂ ਨੂੰ ਆਪਣੇ ਇਲਾਕੇ ਵਿਚੋਂ ਬਿਲਕੁਲ ਨਾ ਖ਼ਤਮ ਕੀਤਾ ਜਾਏ। ਸੋ ਉਹਨੇ ਆਉਂਦੇ ਨੇ ਸਿੱਖਾਂ ਨਾਲ ਸੁਲ੍ਹਾ ਕਰ ਲਈ, ਕੁਛ ਸਰਦਾਰਾਂ ਨੂੰ ਜਾਗੀਰਾਂ ਵੀ ਦੇ ਦਿੱਤੀਆਂ()। ਖ਼ਾਨ ਬਹਾਦਰ ਨੇ ਪਿਛੋਂ ਸਖ਼ਤ ਹੁਕਮ ਭੇਜਿਆ, ਤਾਂ ਅਦੀਨਾ ਬੇਗ ਨੇ ਸਿੱਖਾਂ ਦੀਆਂ ਜਾਗੀਰਾਂ ਜ਼ਬਤ ਕਰ ਲਈਆਂ ਤੇ ਉਹਨਾਂ ਨੂੰ ਇਲਾਕੇ ਵਿਚੋਂ ਕੱਢਣ ਵਾਸਤੇ ਫ਼ੌਜ ਚੜ੍ਹਾ ਦਿੱਤੀ। ਤੰਗ ਆ ਕੇ ਸਿੱਖ ਦੁਆਬਾ ਛੱਡ ਕੇ ਸਰਹਿੰਦ ਸਰਕਾਰ ਦੇ ਇਲਾਕੇ ਵਿਚ ਜਾ ਲੁੱਟ ਮਾਰ ਕਰਨ ਲੱਗੇ।

ਸਿੱਖ ਸਰਹਿੰਦ ਸਰਕਾਰ ਵਿਚ

ਸਰਹਿੰਦ ਦੇ ਮੁਕਾਮੀ ਅਫ਼ਸਰਾਂ ਵਿਚ ਹਿੰਮਤ ਨਹੀਂ ਸੀ, ਕਿ ਉਹ ਸਿੱਖਾਂ ਦਾ ਟਾਕਰਾ ਕਰ ਸਕਦੇ। ਬਾਦਸ਼ਾਹ ਦਿੱਲੀ ਨੇ ਜਰਨੈਲ ਅਜ਼ੀਮੁੱਲਾ ਖ਼ਾਂ ਨੂੰ ਸਿੱਖਾਂ ਦੇ ਟਾਕਰੇ ਉਤੇ ਭੇਜਿਆ। ਸਿੱਖਾਂ ਦੀਆਂ ਉਸ ਨਾਲ ਕਈ ਥਾਂਈਂ ਝੜਪਾਂ ਹੋਈਆਂ ਤੇ ਅੰਤ ਸਖ਼ਤੀ ਦੇ ਦਿਨ ਜਾਣ ਕੇ ਸਿੰਘ ਬੀਕਾਨੇਰ ਨੂੰ ਨਿਕਲ ਗਏ। ਇਲਾਕਾ ਸਿੰਘਾਂ ਤੋਂ ਖ਼ਾਲੀ ਹੋ ਗਿਆ, ਤਾਂ ਅਜ਼ੀਮੁੱਲਾ ਖ਼ਾਂ ਵਾਪਸ ਦਿੱਲੀ ਨੂੰ ਮੁੜ ਗਿਆ।

ਅਜ਼ੀਮੁੱਲਾ ਖ਼ਾਂ ਦੀ ਚੜ੍ਹਾਈ

---

*ਅਦੀਨਾ ਬੇਗ ਦਾ ਪਿਤਾ ਚੰਨੂੰ ਅਰਾਈਂ ਸ਼ਕਰਪੁਰ ਦੇ ਰਹਿਣ ਵਾਲਾ ਸੀ। ਅਦੀਨਾ ਬੇਗ ਛੋਟਾ ਹੁੰਦਾ ਹੀ ਘਰੋਂ ਨਿਕਲਿਆ ਤੇ ਮੁਗ਼ਲ ਅਫ਼ਸਰਾਂ ਦੇ ਘਰੀਂ ਨੌਕਰ ਰਹਿੰਦਾ ਰਿਹਾ। ਕੁਛ ਚਿਰ ਇਹ ਇਲਾਕਾ ਸੁਲਤਾਨਪੁਰ ਦੀ ਕਾਨੂੰਗੋਈ 'ਕੰਗ' ਵਿਚ ਮਾਮਲਾ ਕੱਠਾ ਕਰਨ 'ਤੇ ਲੱਗਾ ਰਿਹਾ ਸੀ। ਫੇਰ ਕੁਛ ਚਿਰ ਸੁਲਤਾਨਪੁਰ ਦਾ ਹਾਕਮ ਵੀ ਰਿਹਾ।

()ਸਿੱਖ ਇਤਿਹਾਸ, ਗੁਪਤਾ, ਪਹਿਲੀ ਜਿਲਦ (History of the Sikhs, 1739-1768, by Hari Ram Gupta, M.S. Ph.D.) ਪੰਨਾ ੮। ਬਖ਼ਤ ਮੱਲ, ਪੰਨਾ ੫੮।

**ਸਿੱਖ ਪੰਜਾਬ ਛੱਡ ਗਏ**

ਇਸ ਵੇਲੇ ਸਾਰੇ ਪੰਜਾਬ ਵਿੱਚ ਸਿੱਖ ਕੋਈ ਨਹੀਂ ਸੀ ਰਹਿ ਗਿਆ, ਕੁਛ ਪਹਾੜਾਂ ਨੂੰ ਤੇ ਕੁਛ ਦੂਰ ਹਿੰਦੂ ਰਿਆਸਤਾਂ (ਬੀਕਾਨੇਰ, ਜੈਪੁਰ, ਜੋਧਪੁਰ ਆਦਿ) ਵਿਚ ਚਲੇ ਗਏ ਸਨ। ਕੋਈ ਲੁਕਿਆ ਛਿਪਿਆ ਸਿੱਖ ਪੰਜਾਬ ਵਿਚ ਕਾਬੂ ਆ ਜਾਂਦਾ, ਤਾਂ ਵੈਰੀ ਉਸ ਨਾਲ ਕਸਾਈਆਂ ਵਰਗਾ ਸਲੂਕ ਕਰਦੇ। ਸਿੱਖਾਂ ਨੂੰ ਕਿੰਨ੍ਹਾਂ ਕਿੰਨ੍ਹਾਂ ਔਕੜਾਂ ਦਾ ਟਾਕਰਾ ਕਰਨਾ ਪਿਆ, ਇਸ ਸਾਖੀ ਤੋਂ ਪਤਾ ਲੱਗ ਜਾਏਗਾ। ਮੀਰਾਂ ਕੋਟ ਦੇ

**ਸਿੰਘ ਖੱਡ ਵਿਚ ਆਕੀ**

ਜੰਗਲ ਵਿਚ ਬਘਿਆੜਾਂ ਦੀ ਪੁੱਟੀ ਹੋਈ ਖੱਡ ਸੀ। ਉਸ ਵਿਚ ਤਿੰਨ ਸਿੰਘ (ਸ. ਲੱਧਾ ਸਿੰਘ ਭੰਗੂ ਮੀਰਾਂਕੋਟ ਦਾ, ਸ. ਰਾਮ ਸਿੰਘ ਪਿੰਡ ਲੰਮੇ ਹੇਹਰ ਦਾ, ਸ. ਸੁਲੱਖਣ ਸਿੰਘ ਗਿੱਲ) ਰਿਹਾ ਕਰਦੇ ਸਨ।* ਉਹ ਰਾਤ ਬਾਹਰ ਆਉਂਦੇ, ਆਪਣਿਆਂ ਸੰਬੰਧੀਆਂ ਨੂੰ ਮਿਲਦੇ ਤੇ ਦਿਨੇ ਉਸ ਖੱਡ ਵਿਚ ਲੁਕੇ ਰਹਿੰਦੇ ਸਨ। ਇਕ ਦਿਨ ਗਸ਼ਤੀ ਫ਼ੌਜ ਆਉਂਦੀ ਵੇਖ ਕੇ ਉਹ ਸਿੰਘ ਖੱਡ ਵਿਚ ਵੜ ਗਏ। ਫ਼ੌਜਦਾਰ ਨੇ ਖੱਡ ਨੂੰ ਘੇਰਾ ਪਾ ਲਿਆ, ਤੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਖੱਡ ਵਿਚ ਵੜ ਕੇ ਸਿੰਘਾਂ ਨੂੰ ਫੜ ਲਿਆਓ। ਪਰ ਫੜ ਕੇ ਲਿਆਵੇ ਕੌਣ ? ਖੱਡ ਦੇ ਬੂਹੇ ਕੋਲ ਜਾਂਦਿਆਂ ਹੀ ਉਹਨਾਂ ਦੇ ਪ੍ਰਾਣ ਖ਼ੁਸ਼ਕ ਹੋ ਜਾਂਦੇ ਸਨ। ਉਹਨਾਂ ਨੇ ਉਤੋਂ ਬੂਹੇ ਅੱਗੇ ਖਲੋ ਕੇ ਹੀ ਖੱਡ ਵਿਚ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਅੰਦਰੋਂ ਸਿੰਘਾਂ ਨੇ ਵੀ ਇਕ ਦੋ ਫ਼ਾਇਰ ਕੀਤੇ। ਨਾ ਬਾਹਰਲੀ ਗੋਲੀ ਅੰਦਰ, ਤੇ ਨਾ ਅੰਦਰਲੀ ਗੋਲੀ ਬਾਹਰ ਕਿਸੇ ਦਾ ਕੁਛ ਵਿਗਾੜ ਸਕਦੀ ਸੀ, ਪਰ ਇਸ ਖੜਾਕ ਨਾਲ ਸਾਰਿਆਂ ਦੇ ਦਿਲ ਧੜਕਣ ਲੱਗ ਪਏ। ਫੇਰ ਤਾਂ ਕੋਈ ਸਿਪਾਹੀ ਖੱਡ ਵੱਲੋਂ ਮੂੰਹ ਨਾ ਕਰੇ। ਅੰਤ ਉਤੋਂ ਖੱਡ ਪੁੱਟਣ ਉਤੇ ਵੰਗਾਰੇ ਲਾ ਦਿੱਤੇ। ਉਹ ਡਰਦੇ ਡਰਦੇ ਕਹੀ ਦਾ ਟੱਪਾ ਮਾਰਨ ਤੇ ਆਪਣੇ ਪੈਰਾਂ ਦੇ ਖੜਾਕ ਤੋਂ ਡਰਦੇ ਹੀ ਕਹੀ ਸੁੱਟ ਕੇ 'ਆਣ ਪਏ' ਕਹਿੰਦੇ ਹੋਏ ਭੱਜ ਉਠਣ। ਇਹ ਢੰਗ ਸਫ਼ਲ ਨਾ ਹੋਇਆ, ਤਾਂ ਖੱਡ ਵਿਚ ਪਾਣੀ ਪਾਉਣਾ ਸ਼ੁਰੂ ਕਰ ਦਿੱਤਾ। ਖੱਡ ਪਾਣੀ ਹਾਂਡੇ ਪੁੱਜੀ ਹੋਈ ਸੀ, ਸੋ ਉਤੋਂ ਪਾਏ ਪਾਣੀ ਨਾਲ ਭਰਨ ਵਿਚ ਨਾ ਆਵੇ। ਏਨੇ ਨੂੰ ਦਿਨ ਛਿਪ ਗਿਆ। ਹਨੇਰਾ ਹੁੰਦਾ ਵੇਖ ਕੇ ਮੁਸਲਮਾਨਾਂ ਦੇ ਦਿਲ ਵੀ ਘਾਬਰਨ ਲੱਗੇ। ਉਹਨਾਂ ਖੱਡ ਦੇ ਮੂੰਹ ਵਿਚ ਬਾਲਣ ਸੁਟਾ ਕੇ ਅੱਗ ਲਾ ਦਿੱਤੀ। ਪਿੰਡ ਦੇ

---

*ਭੰਗੂ, ਪੰਨਾ ੨੪੭।

ਲੋਕਾਂ ਨੂੰ ਕੋਲ ਰਾਖੇ ਬਹਾ ਕੇ ਫ਼ੌਜੀ ਆਪ ਪਿੰਡ ਵਿਚ ਜਾ ਸੁੱਤੇ। ਪਿੰਡ ਵਾਲਿਆਂ ਦੀ ਸਿੰਘਾਂ ਨਾਲ ਦਿਲੋਂ ਹਮਦਰਦੀ ਸੀ। ਉਹਨਾਂ ਅੱਗ ਬੁਝਾ ਕੇ ਖੱਡ ਵਿਚੋਂ ਸਿੰਘ ਬਚਾ ਕੇ ਕੱਢ ਲਏ, ਜੋ ਰਾਤ ਦੇ ਹਨੇਰੇ ਵਿਚ ਲੋਪ ਹੋ ਗਏ*।

**ਖ਼ਾਨ ਬਹਾਦਰ ਨੇ ਚੁਗ਼ਲਾਂ ਨੂੰ ਇਨਾਮ ਦਿੱਤੇ**

ਖ਼ਾਨ ਬਹਾਦਰ ਨੇ ਇਲਾਕੇ ਦੇ ਪਰਸਿੱਧ ਚੁਗਲਾਂ() ਨੂੰ ਸੱਦ ਕੇ ਇਨਾਮ ਦਿੱਤੇ ਤੇ ਚਿਤਾਵਨੀ ਕਰਾਈ, ਕਿ ਕਿਸੇ ਦੇ ਇਲਾਕੇ ਵਿਚ ਸਿੱਖ ਆਉਣਾ ਨਾ ਪਾਵੇ, ਨਹੀਂ ਤਾਂ ਸਖ਼ਤ ਸਜ਼ਾਵਾਂ ਦਿੱਤੀਆਂ ਜਾਣਗੀਆਂ। ਚੌਧਰੀਆਂ ਨੇ ਸੂਬੇਦਾਰ ਨੂੰ ਯਕੀਨ ਦੁਆਇਆ, ਕਿ ਨਾ ਕੋਈ ਸਿੰਘ ਇਲਾਕੇ ਵਿਚ ਰਿਹਾ ਹੈ ਤੇ ਨਾ ਅੱਗੋਂ ਲਈ ਆਉਣ ਹੀ ਦਿੱਤਾ ਜਾਵੇਗਾ। ਇਨਾਮ ਪਾ ਕੇ ਚੌਧਰੀ ਸਿੰਘਾਂ ਦੇ ਵਧੇਰੇ ਵੈਰੀ ਬਣ ਗਏ। ਉਹ ਲੱਗੇ ਸਿੰਘਾਂ ਦੇ ਬਾਲ ਬੱਚੇ ਫੜਾਉਣ, ਤੇ ਗੁਰਧਾਮਾਂ ਦੀ ਬੇਅਦਬੀ ਕਰਨ।

**ਮੱਸਾ ਰੰਘੜ ਅੰਮ੍ਰਿਤਸਰ ਵਿਚ**

ਮੱਸਾ ਰੰਘੜ ਮੰਡਿਆਲੇ ਦਾ ਚੌਧਰੀ ਸੀ। ਅੰਮ੍ਰਿਤਸਰ ਉਸੇ ਦੇ ਇਲਾਕੇ ਵਿਚ ਸੀ। ਖ਼ਾਨ ਬਹਾਦਰ ਨੇ ਉਸਨੂੰ ਫ਼ੌਜ ਦੇ ਕੇ ਅੰਮ੍ਰਿਤਸਰ ਦੀ ਰਾਖੀ ਉੱਤੇ ਲਾ ਦਿੱਤਾ। ਉਹ ਜਾਣਦਾ ਸੀ, ਕਿ ਜਦ ਕਦੇ ਸਿੰਘ ਪੰਜਾਬ ਵਿਚ ਆਉਣਗੇ, ਅੰਮ੍ਰਿਤਸਰ ਜ਼ਰੂਰ ਆਉਣਗੇ। ਮੱਸਾ, ਸਰਕਾਰੀ ਫ਼ੌਜ ਤੇ ਆਪਣੇ ਚਾਟੜੇ ਲੈ ਕੇ ਅੰਮ੍ਰਿਤਸਰ ਆ ਬੈਠਾ। ਸਰਕਾਰੀ ਚੌਕੀ ਦੇ ਨਾਂ ਉੱਤੇ ਉਹਨੇ ਸਹਿਜਧਾਰੀ ਸਿੱਖਾਂ ਤੇ ਹਿੰਦੂਆਂ ਦੇ ਘਰ ਲੁੱਟ ਖਾਧੇ। ਏਥੇ ਹੀ ਬੱਸ

**ਹਰਿਮੰਦਰ ਸਾਹਿਬ ਦੀ ਬੇਅਦਬੀ**

ਨਹੀਂ, ਉਹ ਹਰਿਮੰਦਰ ਸਾਹਿਬ ਵਿਚ ਪਲੰਘ ਡਾਹ ਕੇ ਹੁੱਕਾ ਪੀਂਦਾ ਤੇ ਸ਼ਰਾਬ ਦਾ ਦੌਰ ਚਲਾਉਂਦਾ। ਜਿੱਥੇ ਕਦੇ ਪੰਜਵੇਂ ਪਾਤਸ਼ਾਹ ਹਰੀ ਕੀਰਤਨ ਕਰਿਆ ਕਰਦੇ ਸਨ, ਓਥੇ ਵੇਸਵਾ ਨਾਚ ਕਰਨ ਲੱਗੀ।

ਸਿੰਘਾਂ ਦੇ ਸਾਰੇ ਜੱਥੇ ਬੀਕਾਨੇਰ ਆਦਿ ਥਾਂਵਾਂ 'ਤੇ ਚਲੇ ਗਏ ਸਨ। ਕਿਤੇ ਕੋਈ ਟਾਵਾਂ ਟਾਵਾਂ ਸਿੱਖ ਹੀ ਲੁਕ ਛਿੱਪ ਕੇ ਰਹਿੰਦਾ ਸੀ। ਏਸੇ ਤਰ੍ਹਾਂ ਪਿੰਡ

---

*ਪੰਥ ਪ੍ਰਕਾਸ਼, ਪੰਨਾ ੬੩੩।

()ਉਸ ਸਮੇਂ ਦੇ ਸਿੱਖਾਂ ਦੇ ਵੈਰੀ ਪਰਸਿੱਧ ਚੁਗਲ ਹਰਭਗਤ ਨਿਰੰਜਨੀਆਂ ਜੰਡਿਆਲੇ ਦਾ, ਕਰਮਾ ਪਿੰਡ ਛੀਨਾ, ਰਾਮਾ ਰੰਧਾਵਾ ਪਿੰਡ ਘਣੀਆਂ, ਧਰਮਦਾਸ ਪਿੰਡ ਜੋਧਨਗਰ, ਮੱਸਾ ਰੰਘੜ ਪਿੰਡ ਮੰਡਿਆਲਾ, ਸਾਹਿਬ ਰਾਏ ਸੰਧੂ ਪਿੰਡ ਨੁਸ਼ਹਿਰਾ, ਮਾਨ੍ਹਾ ਪਿੰਡ ਨੁਸ਼ਹਿਰਾ, ਦਿਲਬਾਗ ਰਾਏ ਪਿੰਡ ਸਰਾਂ, ਹੈਬਤ ਮੱਲ ਪਿੰਡ ਧਨੇਸ਼ਟਾ ਆਦਿ।

**ਬੁਲਾਕਾ ਸਿੰਘ ਨੇ ਬੀਕਾਨੇਰ ਸਿੰਘਾਂ ਨੂੰ ਖ਼ਬਰ ਪੁਚਾਈ**

ਕੰਗ* ਦਾ ਸ. ਬੁਲਾਕਾ ਸਿੰਘ ਵੀ ਲੁਕ ਛਿਪ ਕੇ ਝੱਟ ਟਪਾਉਂਦਾ ਸੀ। ਉਹਨੇ ਮੱਸੇ ਦੀ ਕਰਤੂਤ ਸੁਣੀ, ਤਾਂ ਲਹੂ ਦੇ ਘੁੱਟ ਪੀ ਕੇ ਰਹਿ ਗਿਆ। ਉਹ ਪੰਧ ਦਾ ਦੁੱਖ ਸਹਾਰਦਾ ਹੋਇਆ ਬੀਕਾਨੇਰ ਜਾ ਪੁੱਜਾ। ਅੱਗੇ ਸ. ਸ਼ਾਮ ਸਿੰਘ ਨਾਰਲੀ ਤੇ ਸ. ਬੁੱਢਾ ਸਿੰਘ ਦਾ ਜੱਥਾ ਟਿਕਿਆ ਹੋਇਆ ਸੀ। ਜਿਸ ਵੇਲੇ ਉਹਨਾਂ ਸ. ਬੁਲਾਕਾ ਸਿੰਘ ਕੋਲੋਂ ਹਰਿਮੰਦਰ ਦੀ ਬੇਅਦਬੀ ਹੁੰਦੀ ਸੁਣੀ, ਸਾਰਿਆਂ ਅੰਦਰ ਅੱਗ ਲੱਗ ਉਠੀ।

**ਮਤਾਬ ਸਿੰਘ ਤੇ ਸੁੱਖਾ ਸਿੰਘ ਅੰਮ੍ਰਿਤਸਰ ਨੂੰ**

ਸ. ਮਤਾਬ ਸਿੰਘ ਭੰਗੂ ਪਿੰਡ ਮੀਰਾਂ ਕੋਟ ਦਾ ਤੇ ਸ. ਸੁੱਖਾ ਸਿੰਘ ਤਖਾਣ ਮਾੜੀ ਕੰਬੋਕੀ ਦਾ, ਦੋਵੇਂ ਤਲਵਾਰਾਂ ਧੂਹ ਕੇ ਸੰਗਤ ਵਿਚ ਖਲੋ ਗਏ, ਤੇ ਜੱਥੇਦਾਰ ਬੁੱਢਾ ਸਿੰਘ ਕੋਲੋਂ ਮੱਸੇ ਨੂੰ ਕਤਲ ਕਰਨ ਦੀ ਆਗਿਆ ਮੰਗੀ। ਸੰਗਤ ਨੇ ਸਫਲਤਾ ਵਾਸਤੇ ਗੁਰੂ ਮਹਾਰਾਜ ਅੱਗੇ ਅਰਦਾਸ ਕੀਤੀ। ਦੋਵੇਂ ਸਿੰਘ ਘੋੜਿਆਂ 'ਤੇ ਅਸਵਾਰ ਹੋ ਕੇ, ਭੇਸ ਬਦਲ ਕੇ ਅੰਮ੍ਰਿਤਸਰ ਨੂੰ ਰਵਾਨਾ ਹੋ ਤੁਰੇ।

ਅੰਮ੍ਰਿਤਸਰ ਦੇ ਨੇੜੇ ਪਹੁੰਚੇ, ਤਾਂ ਦੋਹਾਂ ਸਿੰਘਾਂ ਨੇ ਮੱਸੇ ਤਕ ਅਪੜਨ ਦੀ ਵਿਉਂਤ ਇਉਂ ਬਣਾਈ। ਉਹਨਾਂ ਥੇਹ ਉਤੋਂ ਠੀਕਰੀਆਂ ਚੁਣ ਕੇ ਥੈਲੀ ਭਰ ਲਈ ਤੇ ਕੇਸ ਪਿਛਾਂਹ ਸੁੱਟ ਲਏ। ਵੇਖਣ ਵਾਲੇ ਨੂੰ ਇਉਂ ਭਾਸੇ, ਜਿਵੇਂ ਕਿਸੇ ਪਿੰਡ ਦੇ ਨੰਬਰਦਾਰ ਮਾਮਲਾ ਤਾਰਨ ਆਏ ਹੁੰਦੇ ਹਨ। ਭਾਦਰੋਂ° ਦੀ ਸਿਖਰ ਦੁਪਹਿਰ ਵੇਲੇ ਦੋਵੇਂ ਦਰਸ਼ਣੀ ਡਿਉਢੀ ਅੱਗੇ ਜਾ ਪਹੁੰਚੇ। ਡਿਉਢੀ ਦੇ ਬੂਹਿਓਂ ਬਾਹਰ ਖੱਬੇ ਹੱਥ ਖਲੀ ਲਾਚੀ ਬੇਰ ਨਾਲ ਘੋੜੇ ਬੰਨ੍ਹ ਦਿੱਤੇ। ਪਹਿਰੇਦਾਰਾਂ ਸੋਚਿਆ, ਕਿ ਕਿਸੇ ਪਿੰਡ ਦੇ ਨੰਬਰਦਾਰ ਮਾਮਲਾ ਤਾਰਨ ਆਏ ਹਨ। ਸੋ ਕਿਸੇ ਨੇ ਸਿੰਘਾਂ ਨੂੰ ਰੋਕਿਆ ਨਾ। ਦੋਪਹਿਰ ਦਾ ਸਮਾਂ ਹੋਣ ਕਰਕੇ ਬਹੁਤੀ ਫ਼ੌਜ ਥਾਂਉਂ ਥਾਂਈਂ ਆਰਾਮ ਕਰ ਰਹੀ ਸੀ, ਤੇ ਕੋਈ-ਕੋਈ ਪਹਿਰੇਦਾਰ ਹੀ ਜਾਗਦਾ ਸੀ। ਸਿੰਘ ਹਰਿਮੰਦਰ ਸਾਹਿਬ ਪਹੁੰਚੇ, ਤਾਂ ਅੱਗੇ ਮੱਸਾ ਪਲੰਘ ਉੱਤੇ ਬੈਠਾ ਹੁੱਕਾ ਪੀ ਰਿਹਾ ਸੀ, ਤੇ ਸਾਮ੍ਹਣੇ ਵੇਸਵਾ ਨਾਚ ਕਰ ਰਹੀ ਸੀ। ਮੱਸੇ ਦੇ ਕੁਛ ਗੂੜ੍ਹੇ ਮਿੱਤਰ ਉਦਾਲੇ ਸ਼ਰਾਬ ਦੇ ਨਸ਼ੇ ਵਿਚ ਝੂਮ ਰਹੇ ਸਨ। ਵੇਖ

---

*ਸ਼ਮਸ਼ੇਰ ਖ਼ਾਲਸਾ (ਗੁਰਮੁਖੀ), ਪੰਨਾ ੭੮।

°ਭੰਗੂ, ਪੰਨਾ ੨੨੩।

**ਮੱਸਾ ਕਤਲ**

ਕੇ ਸਿੰਘਾਂ ਦੇ ਅੰਦਰ ਭਾਂਬੜ ਬਲ ਉਠੇ। ਸੁੱਖਾ ਸਿੰਘ ਨੇ ਥੈਲੀ ਮੱਸੇ ਦੇ ਪਲੰਘ ਥੱਲੇ ਜਾ ਸੁੱਟੀ। ਮੱਸਾ ਥੈਲੀ ਵੱਲੇ ਉਲਰਿਆ ਹੀ ਸੀ, ਜਾਂ ਸ. ਮਤਾਬ ਸਿੰਘ ਨੇ ਤਲਵਾਰ ਨਾਲ ਉਹਦਾ ਸਿਰ ਲਾਹ ਲਿਆ। ਏਨੇ ਨੂੰ ਸੁੱਖਾ ਸਿੰਘ ਨੇ ਵੀ ਤਲਵਾਰ ਧੂਹ ਲਈ। ਦੋਹਾਂ ਨੇ ਲਗਦੇ ਹੱਥ ਪੰਜ ਦਸ ਹੋਰ ਝਟਕਾ ਦਿੱਤੇ। ਸੁੱਖਾ ਸਿੰਘ ਨੇ ਮੱਸੇ ਦੇ ਗਹਿਣੇ* ਲਾਹ ਲਏ। ਦੋਵੇਂ ਸਿੰਘ ਬਾਹਰ ਨਿਕਲੇ ਤੇ ਫ਼ੌਜ ਦੇ ਉਠਣ ਤੋਂ ਪਹਿਲਾਂ ਹੀ ਘੋੜਿਆਂ ਉੱਤੇ ਚੜ੍ਹ ਕੇ ਬੀਕਾਨੇਰ ਨੂੰ ਚਾਲੇ ਪਾ ਗਏ। ਸਿੰਘਾਂ ਨੇ ਮੱਸੇ ਦਾ ਸਿਰ ਜੱਥੇਦਾਰ ਬੁੱਢਾ ਸਿੰਘ

**ਮੱਸੇ ਦਾ ਸਿਰ ਸਾੜਿਆ**

ਅੱਗੇ ਜਾ ਧਰਿਆ। ਸਿੰਘਾਂ ਦੀ ਖ਼ੁਸ਼ੀ ਦੀ ਹੱਦ ਨਾ ਰਹੀ। ਅੰਤ ਗੁਰਮਤਾ ਕਰਕੇ ਮੱਸੇ ਦਾ ਸਿਰ ਸਾੜ ਦਿੱਤਾ ਗਿਆ੦। ਜਿਉਂਦੀਆਂ ਕੌਮਾਂ ਕਦੋਂ ਸਹਿ ਸਕਦੀਆਂ ਹਨ, ਕਿ ਉਹਨਾਂ ਦੇ ਧਰਮ ਅਸਥਾਨਾਂ ਦੀ ਕੋਈ ਬੇਅਦਬੀ ਕਰੇ ?

ਏਸ ਘਟਨਾ ਨੇ ਸਾਰੇ ਪੰਜਾਬ ਵਿਚ ਚੁਗਲਾਂ ਤੇ ਜ਼ਾਲਮਾਂ ਦੇ ਦਿਲ ਹਿਲਾ ਦਿੱਤੇ। ਉਹ ਸਮਝਣ ਲੱਗ ਪਏ, ਕਿ ਮੱਸੇ ਵਾਂਗ ਇਕ ਦਿਨ ਸਾਨੂੰ ਵੀ ਕੀਤੇ ਪਾਪਾਂ ਦਾ ਫਲ ਭੁਗਤਣਾ ਪਵੇਗਾ। ਏਥੋਂ ਤੱਕ, ਕਿ ਸੂਬੇਦਾਰ ਖ਼ਾਨ ਬਹਾਦਰ ਦਾ ਦਿਲ ਵੀ ਕੰਬ ਗਿਆ।

**ਮੱਸੇ ਦਾ ਪਰਵਾਰ ਲਾਹੌਰ ਵਿਚ ਫ਼ਰਿਆਦੀ**

ਮੱਸੇ ਦੀ ਸਿਰੋਂ ਸੱਖਣੀ ਲੋਥ ਚੁੱਕ ਕੇ ਉਸ ਦਾ ਪਰਵਾਰ ਖ਼ਾਨ ਬਹਾਦਰ ਸਾਮ੍ਹਣੇ ਜਾ ਪਿੱਟਿਆ। ਖ਼ਾਨ ਬਹਾਦਰ ਨੂੰ ਸਭ ਤੋਂ ਵਧੇਰੇ ਗ਼ੁੱਸਾ ਇਲਾਕੇ ਦੇ ਚੌਧਰੀਆਂ ਉੱਤੇ ਆ ਰਿਹਾ ਸੀ, ਜਿਹੜੇ ਕਹਿੰਦੇ ਸਨ, ਕਿ ਅਸਾਂ ਇਲਾਕੇ ਵਿਚੋਂ ਸਿੰਘ ਮੁਕਾ ਛੱਡੇ ਹਨ। ਉਹਨੇ ਇਲਾਕੇ ਦੇ ਚੌਧਰੀਆਂ ਨੂੰ ਲਾਹੌਰ ਬੁਲਾ ਕੇ ਚੰਗੀ ਤਰ੍ਹਾਂ ਮਾਰ ਕੁਟਾਈ ਕੀਤੀ() ਤੇ ਕਿਹਾ, "ਤੁਸੀਂ ਕਹਿੰਦੇ ਸੀ, ਸਿੰਘ

---

*"ਮੱਸੇ ਕੋ ਇਮ ਸੀਸ ਉਤਾਰਿਓ। ਜਨ ਕਰ ਬੇਲੋਂ ਕਦੂਆ ਟਾਰਿਓ। ਹੁਤੇ ਜੋ ਜੇਵਰ ਤਾਂਕੇ ਦੂਵਾਰੇ। ਦੂਜੇ ਸਿੰਘ ਸੋ ਲਯੋ ਉਤਾਰੇ।" ਭੰਗੂ, ਪੰਨਾ ੨੨੪।

ਓਦੋਂ ਇਲਾਕਿਆਂ ਦੇ ਚੌਧਰੀ ਜਾਂ ਹੋਰ ਵੱਡੇ ਬੰਦੇ ਇਸਤਰੀਆਂ ਵਾਂਗ ਗਹਿਣੇ ਪਾਇਆ ਕਰਦੇ ਸਨ।

੦ਸ਼ਮਸ਼ੇਰ ਖ਼ਾਲਸਾ, (ਗੁਰਮੁਖੀ) ਪੰਨਾ ੯੦।

()ਸ਼ਮਸ਼ੇਰ ਖ਼ਾਲਸਾ, (ਗੁਰਮੁਖੀ) ਪੰਨਾ ੯੦।

ਰਹਿਣ ਕੋਈ ਨਹੀਂ ਦਿੱਤਾ, ਤਾਂ ਦੱਸੋ, ਇਹ ਕਿੱਥੋਂ ਆ ਗਏ ਹਨ ? ਜਾਂ ਤਾਂ ਮੱਸੇ ਦੇ ਕਾਤਲ ਫੜਾ ਦਿਹੋ, ਨਹੀਂ ਤਾਂ ਉਸ ਦਾ ਬਦਲਾ ਤੁਹਾਥੋਂ ਲਿਆ ਜਾਵੇਗਾ।"

ਜੰਡਿਆਲੀਏ ਚੁਗ਼ਲੀ ਲਾਈ

ਹਰਿ ਭਗਤ ਨਿਰੰਜਨੀਏਂ ਨੇ ਦੱਸਿਆ, ਕਿ ਮੱਸੇ ਦੇ ਕਾਤਲ ਮਤਾਬ ਸਿੰਘ ਭੰਗੂ ਮੀਰਾਂਕੋਟੀਆ ਤੇ ਸੁੱਖਾ ਸਿੰਘ ਤਖਾਣ ਮਾੜੀ ਕੰਬੋਕੀ ਵਾਲਾ ਹਨ।

ਮੀਰਾਂ ਕੋਟ ਨੂੰ ਘੇਰਾ

ਖ਼ਾਨ ਬਹਾਦਰ ਨੇ ਫ਼ੌਜਦਾਰ ਨੂਰਦੀਨ ਨੂੰ ਘੱਲਿਆ, ਕਿ ਮਤਾਬ ਸਿੰਘ ਦਾ ਬਾਲ ਬੱਚਾ ਬੰਨ੍ਹ ਕੇ ਪੇਸ਼ ਕਰੇ। ਨੂਰਦੀਨ ਨੇ ਆਪਣੀ ਫ਼ੌਜ ਤੇ ਚੌਧਰੀਆਂ ਦੀ ਧਾੜ ਲੈ ਕੇ ਮੀਰਾਂਕੋਟ ਨੂੰ ਜਾ ਘੇਰਿਆ। ਨਾਲ ਹੀ ਮੱਸੇ ਦੇ ਭਰਾ ਭਤੀਜੇ ਵੀ ਮਾਰੋ ਮਾਰ ਕਰਦੇ ਗਏ ਸਨ। ਮੀਰਾਂ ਕੋਟ ਦੇ ਨੰਬਰਦਾਰ ਨੱਥੇ

ਮਤਾਬ ਸਿੰਘ ਦਾ ਪੁੱਤਰ ਨੱਥੇ ਦੀ ਸੌਂਪਣਾ ਵਿਚ

ਖਹਿਰੇ ਨੂੰ ਬੁਲਾ ਕੇ ਕਿਹਾ, ਕਿ ਮਤਾਬ ਸਿੰਘ ਦਾ ਪੁੱਤਰ ਪੇਸ਼ ਕਰੋ। ਸ. ਮਤਾਬ ਸਿੰਘ ਬੀਕਾਨੇਰ ਨੂੰ ਜਾਂਦਾ ਹੋਇਆ ਆਪਣੇ ਸੱਤ ਸਾਲਾ ਪੁੱਤਰ ਰਾਏ ਸਿੰਘ ਦੀ ਬਾਂਹ ਚੌਧਰੀ ਨੱਥੇ ਦੇ ਹੱਥ ਫੜਾ ਗਿਆ ਸੀ। ਨੱਥੇ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ, ਕਿ ਜੇ ਇਹ ਭਰੋਸਾ ਦੁਆਇਆ ਜਾਵੇ, ਕਿ ਉਸ ਨਿਰਦੋਸ਼ ਬੱਚੇ ਨੂੰ ਸਜ਼ਾ ਨਹੀਂ ਦਿੱਤੀ ਜਾਵੇਗੀ, ਤਾਂ ਮੈਂ ਪੇਸ਼ ਕਰਨ ਨੂੰ ਤਿਆਰ ਹਾਂ।

ਨੂਰਦੀਨ ਨੇ ਕੜਕ ਕੇ ਕਿਹਾ, "ਕਿਸੇ ਸਿੱਖ ਦੇ ਬੱਚੇ ਉਤੇ ਰਹਿਮ ? ਖ਼ਬਰਦਾਰ, ਜੇ ਮੁੜਕੇ ਇਹ ਗੱਲ ਕਹੀ ਤਾਂ ! ਛੇਤੀ ਲਿਆ ਉਸਨੂੰ, ਨਹੀਂ ਤਾਂ ਤੇਰੀ ਵੀ ਖ਼ੈਰ ਨਹੀਂ।"

ਨੱਥਾ ਨੀਵੀਂ ਪਾਈ ਘਰ ਪੁੱਜਾ ਤੇ ਆਪਣੇ ਪੁੱਤਰ ਨੂੰ ਸਾਰੀ ਗੱਲ ਕਹਿ ਸੁਣਾਈ। ਨਾਲ ਹੀ ਕਿਹਾ "ਬੱਚੂ! ਬਾਂਹ ਫੜੀ ਦੀ ਲਾਜ ਨਿਭਾਉਣ ਵਾਸਤੇ ਗੁਰੂ ਤੇਗ਼ ਬਹਾਦਰ ਜੀ ਸ਼ਹੀਦੀ ਪਾ ਗਏ ਸਨ। ਸੱਚ, ਹੁਣ ਸਾਨੂੰ ਬਾਂਹ ਫੜੀ ਦੀ ਲੱਜ ਪਾਲਣੀ ਚਾਹੀਦੀ ਹੈ, ਜਾਂ ਨਹੀਂ।"

ਉਸਦੇ ਪੁੱਤਰ ਨੇ ਦ੍ਰਿੜ੍ਹ ਭਰੋਸੇ ਨਾਲ ਕਿਹਾ, "ਪਿਤਾ ਜੀ, ਅਸੀਂ ਰਾਏ ਸਿੰਘ ਦੀ ਜਾਨ ਬਚਾਉਣ ਬਦਲੇ ਆਪਣੀਆਂ ਜਾਨਾਂ ਕੁਰਬਾਨ ਕਰ ਦਿਆਂਗੇ।"

ਨੱਥਾ ਰਾਏ ਸਿੰਘ ਨੂੰ ਲੈ ਨੱਸਿਆ

ਨੱਥਾ, ਉਸਦਾ ਪੁੱਤਰ, ਉਸਦਾ ਭਣੇਵਾਂ, ਇਕ ਮਜ਼੍ਹਬੀ ਸਿੱਖ ਤੇ ਇਕ ਬਰਵਾਲਾ—ਇਹ ਪੰਜ—ਰਾਏ ਸਿੰਘ ਨੂੰ ਚੁੱਕ ਕੇ ਕੰਬੋਵਾਂ ਦੇ ਰਾਹੇ

ਲੈ ਕੇ ਨੱਸੇ। ਓਧਰ ਹਰ ਭਗਤ ਨਿਰੰਜਨੀਏ ਨੇ ਇਹ ਸਾਰੀ ਗੱਲ ਨੂਰਦੀਨ ਨੂੰ ਜਾ ਦੱਸੀ। ਉਹ ਫ਼ੌਜ ਲੈ ਕੇ ਮਗਰ ਭੱਜਿਆ ਤੇ ਨੱਥੇ ਨੂੰ ਕੰਬੋਵਾਂ ਦੇ ਰਾਹ ਵਿਚ ਪਿੰਡੋਂ ਬਾਹਰ ਹੀ ਜਾ ਘੇਰਿਆ। ਨੱਥੇ ਨੇ ਫ਼ੌਜ ਆਉਂਦੀ ਵੇਖ ਕੇ ਆਪਣੇ ਪੁੱਤਰ ਨੂੰ ਆਖਿਆ ਕਿ ਤੂੰ ਰਾਏ ਸਿੰਘ ਨੂੰ ਲੈ ਕੇ ਨੱਸ ਜਾ, ਪਰ ਉਹ ਪਿਤਾ ਨੂੰ ਛੱਡ ਕੇ ਜਾਣਾ ਨਾ ਮੰਨਿਆਂ। ਏਨੇ ਨੂੰ ਨੂਰਦੀਨ ਦੀ ਫ਼ੌਜ ਆ ਪਹੁੰਚੀ। ਨੱਥਾ ਪ੍ਰਸਿਧ ਤੀਰ ਅੰਦਾਜ਼ ਸੀ। ਜਿੰਨਾ ਚਿਰ ਉਹਦੇ ਭੱਥੇ ਵਿਚ ਤੀਰ ਰਹੇ, ਉਹਨੇ ਕਿਸੇ ਨੂੰ ਨੇੜੇ ਨਾ ਢੁਕਣ ਦਿੱਤਾ। ਅੰਤ ਉਦਾਲਿਓਂ ਸਾਰੀ ਫ਼ੌਜ ਨੇ ਹੱਲਾ ਬੋਲਿਆ, ਤੇ ਨੱਥਾ ਸੂਰਮਾ ਕਈਆਂ ਨੂੰ ਮਾਰ ਕੇ ਸ਼ਹੀਦ ਹੋ ਗਿਆ। ਉਸਦਾ ਭਣੇਵਾਂ ਤਾਂ ਕਿਵੇਂ ਨਾ ਕਿਵੇਂ ਜੰਗਲ ਵਿਚ ਲੁਕ ਕੇ ਜਾਨ ਬਚਾ ਗਿਆ ਤੇ ਬਾਕੀ ਤਿੰਨੇ: ਨੱਥੇ ਦਾ ਪੁੱਤਰ, ਬਰਵਾਲਾ ਤੇ ਮਜ਼ਬੀ ਸਿੱਖ, ਮਰਦਾਂ ਵਾਂਗ ਲੜ ਕੇ ਸ਼ਹੀਦ ਹੋ ਗਏ। ਪਿਛੋਂ ਵਾਰੀ ਆਈ ਰਾਏ ਸਿੰਘ ਦੀ। ਉਹ ਡਿੱਗੇ ਪਏ ਨੱਥੇ ਦੀਆਂ ਲੱਤਾਂ ਨੂੰ ਚੰਬੜਿਆ ਪਿਆ ਸੀ। ਜ਼ਾਲਮਾਂ ਨੇ ਉਸ ਨਿਰਦੋਸ਼ ਬੱਚੇ ਉੱਤੇ ਤਿੰਨ ਵਾਰ ਤਲਵਾਰ ਦੇ ਕੀਤੇ। ਲੜਕਾ ਮੂਧੇ ਮੂੰਹ ਪਿਆ ਸੀ। ਸੋ ਤਲਵਾਰ ਨਾਲ ਪਿਛਲੇ ਪਾਸਿਓਂ ਧੌਣ ਵੱਢੀ ਗਈ, ਪਰ ਸ਼ਾਹ-ਰਗ ਬਚ ਗਈ। ਇਕ ਨਾਲ ਗਲ ਵਾਲੀ ਹੱਡੀ (ਹੰਸਲੀ) ਕੱਟੀ ਗਈ ਤੇ ਤਿੱਜਾ ਵਾਰ ਮੋਂਢਾ ਚੀਰ ਕੇ ਨਿਕਲ ਗਿਆ। ਵੈਰੀ, ਬੱਚੇ ਨੂੰ ਮਰ ਗਿਆ ਜਾਣ ਕੇ, ਛੱਡ ਗਏ। ਪਰ ਜਿਸਨੂੰ ਵਾਹਿਗੁਰੂ ਰੱਖੇ, ਉਸਨੂੰ ਮਾਰੇ ਕੌਣ ?

**ਨੱਥੇ ਦੀ ਸ਼ਹੀਦੀ**

**ਰਾਏ ਸਿੰਘ ਫੱਟੜ**

ਪਿੰਡ ਕੰਬੋਆ ਦੇ ਰਹਿਣ ਵਾਲੀ ਮਾਈ ਮਾਲਣ° ਪਿਛਲੇ ਪਹਿਰ

---

°"ਮਾਲਣ ਬਾਲਕ ਜੀਵਤ ਜਾਨਯੋਂ।
ਮੱਧ ਟੋਕਰੀ ਧਰ ਘਰ ਆਨਯੋਂ।" ਭੰਗੂ, ਪੰਨਾ ੨੨੯।

[ਮਾਰਚ, ੧੯੮੦ ਵਿਚ ਅਸੀਂ ਚਾਰ ਦਿਨ 'ਨਵੀਂ ਵਸਤੀ ਮੀਰਾਂ ਕੋਟ' (ਮਾਨਾਂ ਵਾਲਾ ਸਟੇਸ਼ਨ ਦੇ ਕੋਲ) ਸ. ਸੰਤੋਖ ਸਿੰਘ ਜੀ ਦੇ ਘਰ ਰਹੇ। ਉਹ ਸ਼ਹੀਦ ਮਤਾਬ ਸਿੰਘ ਜੀ ਦੀ ਬੰਸ ਵਿਚੋਂ ਹਨ।

ਵੇਰਵਾ : ਸੰਤੋਖ ਸਿੰਘ ਵਿਸਾਖਾ ਸਿੰਘ ਦਾ, ਉਹ ਹਰੀ ਸਿੰਘ ਦਾ, ਉਹ ਜਵਾਹਰ ਸਿੰਘ ਦਾ, ਉਹ ਪਰਧਾਨ ਸਿੰਘ ਦਾ, ਉਹ ਕੌਰ ਸਿੰਘ ਦਾ, ਉਹ ਰਾਏ ਸਿੰਘ ਦਾ, ਤੇ ਰਾਏ ਸਿੰਘ, ਮਤਾਬ ਸਿੰਘ ਦਾ। ਸ. ਸੰਤੋਖ ਸਿੰਘ ਦੇ ਕਥਨ ਅਨੁਸਾਰ ਮਾਈ ਮਾਲਣ, ਪਿੰਡ ਕੰਬੋਆਂ ਦੇ ਰਹਿਣ ਵਾਲੀ ਮੁਸਲਮਾਨੀ 'ਅਰਾਇਣ' ਸੀ। ਪਾਕਿਸਤਾਨ ਬਣਨ ਤੋਂ ਪਹਿਲਾਂ ਪਿੰਡ ਕੰਬੋਆਂ ਵਿਚ ਮੁਸਲਮਾਨ ਅਰਾਈਂ ਵਸਦੇ ਸਨ (ਕਰਤਾ)]

ਅੰਮ੍ਰਿਤਸਰੋਂ ਪਰਤ ਰਹੀ ਸੀ। ਰਾਹ ਵਿਚ ਉਸਨੇ ਨੱਥੇ ਦੀ ਸ਼ਹੀਦੀ ਦੀ ਵਾਰਤਾ ਸੁਣੀ, ਤਾਂ ਉਹਦੇ ਆਖ਼ਰੀ ਦਰਸ਼ਨਾਂ ਵਾਸਤੇ ਓਸੇ ਪਾਸੇ ਹੋ ਤੁਰੀ। ਸਰਕਾਰੀ ਫ਼ੌਜ ਪਰਤ ਗਈ ਸੀ। ਚੌਧਰੀ ਨੱਥੇ ਤੇ ਉਸਦੇ ਸਾਥੀਆਂ ਦੀਆਂ ਲੋਥਾਂ ਮੈਦਾਨ ਵਿਚ ਪਈਆਂ ਸਨ। ਬਾਲਕ ਰਾਏ ਸਿੰਘ, ਨੱਥੇ ਦੀਆਂ ਲੱਤਾਂ ਨਾਲ ਚੰਬੜਿਆ ਹੋਇਆ ਸਹਿਕਦਾ ਪਿਆ ਸੀ। ਮਾਈ ਮਾਲਣ, ਬਾਲਕ ਨੂੰ ਉਠਾ ਕੇ ਆਪਣੇ ਘਰ ਲੈ ਗਈ, ਤੇ ਓਥੋਂ ਪਿੰਡ ਰੁਟਾਲੇ ਉਸਦੀ ਤਾਈ ਦੇ ਹਵਾਲੇ ਕਰ ਦਿੱਤਾ।

**ਰਤਨ ਸਿੰਘ ਭੰਗੂ ਮਤਾਬ ਸਿੰਘ ਦਾ ਪੋਤਰਾ**

ਸੇਵਾ ਕਰਨ ਉਤੇ ਰਾਏ ਸਿੰਘ ਬਚ ਗਿਆ। ਉਸਦਾ ਪੁੱਤਰ ਅੱਗੇ ਭਾਈ ਰਤਨ ਸਿੰਘ ਭੰਗੂ ਹੋਇਆ, ਜਿਸਨੇ ਸਿੱਖ ਇਤਿਹਾਸ ਦਾ ਪਰਸਿਧ ਗ੍ਰੰਥ "ਪ੍ਰਾਚੀਨ ਪੰਥ ਪ੍ਰਕਾਸ਼" ਲਿਖਿਆ*।

ਨਾਦਰ ਦੇ ਹਮਲੇ ਨੇ ਲਾਹੌਰ ਸਰਕਾਰ ਦਾ ਪਰਬੰਧ ਵਿਗਾੜ ਦਿੱਤਾ ਸੀ। ਸਾਰਾ ਦੇਸ ਉਜੜ ਗਿਆ ਸੀ। ਨਾ ਕਿਤੋਂ ਮਾਮਲਾ ਤਰਿਆ ਤੇ ਨਾ ਹੀ ਫ਼ੌਜ ਨੂੰ ਤਨਖ਼ਾਹ ਮਿਲੀ। ਫ਼ੌਜ ਨੇ ਤਨਖ਼ਾਹ ਮੰਗੀ, ਤਾਂ ਖ਼ਾਨ ਬਹਾਦਰ ਨੇ ਦੀਵਾਨ ਲਖਪਤ ਨੂੰ ਤਨਖ਼ਾਹ ਤਾਰਨ ਵਾਸਤੇ ਕਿਹਾ। ਖ਼ਜ਼ਾਨਾ ਖ਼ਾਲੀ ਸੀ,

**ਲਖਪਤ ਕੈਦ ਤੋ ਰਿਹਾਈ**

ਸੋ ਦੀਵਾਨ ਤਨਖ਼ਾਹ ਨਾ ਦੇ ਸਕਿਆ। ਖ਼ਾਨ ਬਹਾਦਰ ਨੇ ਲਖਪਤ ਨੂੰ ਕੈਦ ਕਰ ਦਿੱਤਾ। ਉਸਦੇ ਭਰਾ ਜਸਪਤ ਰਾਏ ਨੇ ਆਪਣੇ ਕੋਲੋਂ ਤਨਖ਼ਾਹ ਤਾਰ ਦਿੱਤੀ ਤੇ ਲਖਪਤ ਨੂੰ ਛੁਡਾ ਲਿਆ। ਫਿਰ ਦੋਹਾਂ ਭਰਾਵਾਂ ਨੇ ਖ਼ਾਨ ਬਹਾਦਰ ਦੇ ਹੁਕਮ ਨਾਲ ਜ਼ਿਮੀਂਦਾਰਾਂ ਤੇ ਚੌਧਰੀਆਂ ਕੋਲੋਂ ਸਖ਼ਤੀ ਨਾਲ ਮਾਮਲਾ ਉਗਰਾਹਿਆ।

**ਅਦੀਨਾ ਬੇਗ ਕੈਦ ਤੇ ਫਿਰ ਹਾਕਮ**

ਜਲੰਧਰ ਦੁਆਬੇ ਦੇ ਨਾਜ਼ਮ ਅਦੀਨਾ ਬੇਗ ਨੇ ਵੀ ਮਾਮਲਾ ਨਹੀਂ ਸੀ ਤਾਰਿਆ। ਸੋ ਉਸਨੂੰ ਤੇ ਦੀਵਾਨ ਭਵਾਨੀ ਦਾਸ ਨੂੰ ਵੀ ਕੈਦ ਕਰ ਦਿੱਤਾ ਗਿਆ। ਸਮਾਂ ਪਾ ਕੇ ਅਦੀਨਾ ਬੇਗ ਤਾਂ ਕੈਦ ਵਿਚੋਂ ਨੱਸ ਗਿਆ ਤੇ ਭਵਾਨੀ ਦਾਸ ਨੂੰ ਦੇਗ ਵਿਚ ਉਬਾਲਿਆ ਗਿਆ। ਲਖਪਤ ਰਾਏ ਦੇ ਕਹਿਣ ਉੱਤੇ ਭਵਾਨੀ ਦਾਸ ਨੂੰ ਰਿਹਾ ਕੀਤਾ ਗਿਆ, ਤੇ ਅਦੀਨਾ ਬੇਗ ਨੂੰ ਫੇਰ ਜਲੰਧਰ ਦੀ ਹਕੂਮਤ ਦੇ ਦਿੱਤੀ ਗਈ।

---

*ਭੰਗੂ, ਪੰਨਾ ੨੨੫ ਤੋਂ ੨੨੯।

**ਅੰਮ੍ਰਿਤਸਰ 'ਤੇ ਸਖ਼ਤ ਪਹਿਰਾ**

ਮੱਸੇ ਦੇ ਕਤਲ ਹੋਣ ਪਿੱਛੋਂ ਅੰਮ੍ਰਿਤਸਰ ਵਿਚ ਸਿੱਖਾਂ ਦਾ ਆਉਣਾ ਅਸਲੋਂ ਬੰਦ ਹੋ ਗਿਆ। ਸ਼ਾਹੀ ਫ਼ੌਜ ਦੇ ਪਹਿਰੇ ਪਹਿਲਾਂ ਨਾਲੋਂ ਸਖ਼ਤ ਕਰ ਦਿੱਤੇ ਗਏ। ਫੇਰ ਵੀ ਕੋਈ ਸਿਦਕੀ ਸਿੱਖ ਰਾਤ ਬਰਾਤੇ ਆਉਂਦੇ ਤੇ ਇਸ਼ਨਾਨ ਕਰਕੇ ਜੰਗਲ ਨੂੰ ਭੱਜ ਜਾਂਦੇ। ਉਸ ਵੇਲੇ ਅੰਮ੍ਰਿਤਸਰ ਇਸ਼ਨਾਨ ਕਰਨਾ ਆਪਣੀ ਜਾਨ 'ਤੇ ਖੇਡਣ ਬਰਾਬਰ ਸੀ।

ਅਜੇਹੀਆਂ ਖ਼ਬਰਾਂ ਸੁਣ ਕੇ ਚੌਧਰੀਆਂ ਅਤੇ ਚੁਗ਼ਲਾਂ ਉੱਤੇ ਸਰਕਾਰ ਵੱਲੋਂ ਵਧੇਰੇ ਸਖ਼ਤੀ ਹੋਣ ਲੱਗੀ, ਕਿ ਤੁਸੀਂ ਜਾਣ ਕੇ ਸਿੰਘ ਨਹੀਂ ਫੜਾਉਂਦੇ। ਤਾਂ ਚੁਗ਼ਲਾਂ ਨੇ ਸਿੰਘਾਂ ਦੇ ਬਾਲ ਬੱਚੇ ਤੇ ਘਰਾਂ ਵਿਚ ਅਮਨ ਨਾਲ ਵਸਦੇ ਸਿੰਘ ਫੜਾਉਣੇ ਆਰੰਭ ਕਰ ਦਿੱਤੇ। ਏਸੇ ਤਰ੍ਹਾਂ ਅਨੇਕਾਂ ਧਰਮੀ ਬਿਨਾਂ ਗੁਨਾਹੋਂ ਹੀ ਸ਼ਹੀਦ ਕਰ ਦਿੱਤੇ ਗਏ।

**ਭਾਈ ਤਾਰੂ ਸਿੰਘ ਗ੍ਰਿਫ਼ਤਾਰ**

ਪਿਛਲੇ ਸ਼ਾਹੀ ਇਸ਼ਤਿਹਾਰ ਵਿਚ ਇਹ ਵੀ ਦੱਸਿਆ ਗਿਆ ਸੀ, ਕਿ ਜੋ ਕੋਈ ਸਿੰਘਾਂ ਦੀ ਅੰਨ ਪਾਣੀ ਨਾਲ ਸੇਵਾ ਕਰੇਗਾ, ਸਜ਼ਾ ਦਾ ਭਾਗੀ ਬਣੇਗਾ। ਏਸੇ ਕਾਰਨ ਹਰ ਭਗਤ ਨਿਰੰਜਨੀਏਂ ਨੇ ਭਾਈ ਤਾਰੂ ਸਿੰਘ ਜੀ ਦੇ ਵਿਰੁੱਧ ਜਾ ਚੁਗ਼ਲੀ ਲਾਈ। ਭਾਈ ਸਾਹਿਬ, ਪਿੰਡ ਪੂਲ੍ਹਾ (ਜ਼ਿਲ੍ਹਾ ਲਾਹੌਰ ਤੇ ਪਾਕਿਸਤਾਨ ਬਣਨ ਪਿਛੋਂ ਜ਼ਿਲ੍ਹਾ ਅੰਮ੍ਰਿਤਸਰ) ਦਾ ਵਸਨੀਕ ਸੀ। ਉਹ ਬੜਾ ਭਜਨੀਕ ਤੇ ਸਾਧੂ ਸੁਭੱਾ ਦਾ ਸਿੱਖ ਸੀ। ਇਕ ਉਸਦੀ ਮਾਤਾ ਤੇ ਇਕ ਭੈਣ, ਘਰ ਦੇ ਤਿੰਨ ਜੀਅ ਸਨ। ਉਹ ਆਪਣੀ ਜ਼ਮੀਨ ਵਿਚ ਹੱਥੀਂ ਵਾਹੀ ਕਰਦਾ ਤੇ ਨੇਕ ਕਮਾਈ ਵਿਚੋਂ ਆਏ ਗਏ ਦੀ ਲੰਗਰ ਦੀ ਸੇਵਾ ਕਰਦਾ। ਪਤਾ ਲੱਗੇ 'ਤੇ ਉਹ ਜੰਗਲ ਵਿਚ ਜਾ ਕੇ ਫ਼ੌਜੀ ਸਿੰਘਾਂ ਨੂੰ ਵੀ ਪਰਸ਼ਾਦੇ ਛਕਾਉਂਦਾ। ਹਰਿ ਭਗਤ ਨਿਰੰਜਨੀਏਂ ਨੇ ਭਾਈ ਤਾਰੂ ਸਿੰਘ ਦੇ ਵਿਰੁੱਧ ਖ਼ਾਨ ਬਹਾਦਰ ਨੂੰ ਭੜਕਾਇਆ ਤੇ ਉਸਦੀ ਗ੍ਰਿਫ਼ਤਾਰੀ ਦਾ ਹੁਕਮ ਲੈ ਲਿਆ।

**ਤਾਰੂ ਸਿੰਘ ਭੜਾਣੇ ਰਹੇ**

ਲਾਹੌਰੋਂ ਅਹਿਦੀਏ ਆਏ ਤੇ ਤਾਰੂ ਸਿੰਘ ਨੂੰ ਫੜ ਕੇ ਲਾਹੌਰ ਨੂੰ ਲੈ ਤੁਰੇ। ਰਾਤ ਉਹ ਭੜਾਣੇ ਰਹੇ। ਭੜਾਣੇ ਦੇ ਸਿੱਖਾਂ ਨੇ ਅਹਿਦੀਆਂ ਨੂੰ ਵੱਢੀ ਦੇ ਕੇ ਭਾਈ ਤਾਰੂ ਸਿੰਘ ਨੂੰ ਮਿਲਣ ਦਾ ਪਰਬੰਧ ਕਰ ਲਿਆ। ਉਹਨਾਂ ਅਹਿਦੀਆਂ ਕੋਲੋਂ ਬਲ ਨਾਲ ਭਾਈ ਸਾਹਿਬ ਨੂੰ ਛੁਡਾ ਲੈਣ ਦਾ ਇਰਾਦਾ ਪਰਗਟ ਕੀਤਾ, ਪਰ ਭਾਈ ਸਾਹਿਬ ਨਾ ਮੰਨੇ। ਕਿਉਂਕਿ ਏਸ ਤਰ੍ਹਾਂ ਭੜਾਣੀਏਂ ਸਿੱਖਾਂ ਦੇ ਸਿਰ ਸਰਕਾਰ ਦਾ ਕਹਿਰ ਟੁੱਟਣ ਦਾ

ਡਰ ਸੀ। ਅੰਤ, ਭਾਈ ਤਾਰੂ ਸਿੰਘ ਜੀ ਲਾਹੌਰ ਖ਼ਾਨ ਬਹਾਦਰ ਦੇ ਪੇਸ਼ ਕੀਤੇ ਗਏ। ਉਹਨੇ ਬਾਗ਼ੀ ਸਿੱਖਾਂ ਦੀ ਮਦਦ ਕਰਨ ਦੇ* ਜੁਰਮ ਵਿਚ ਭਾਈ ਤਾਰੂ ਸਿੰਘ ਨੂੰ 'ਮੌਤ ਜਾਂ ਇਸਲਾਮ' ਦੀ ਸਜ਼ਾ ਸੁਣਾ ਦਿੱਤੀ। ਤਾਰੂ ਸਿੰਘ ਜੀ ਨੇ ਇਸਲਾਮ ਪਰਵਾਨ ਕਰਨ ਤੋਂ ਨਾਂਹ ਕਰ ਦਿੱਤੀ, ਤਾਂ ਚਰਖ਼ੀ 'ਤੇ ਚੜ੍ਹਾ ਕੇ ਲਹੂ ਲੁਹਾਨ ਕੀਤਾ ਗਿਆ। ਸਿਦਕੀ ਫੇਰ ਵੀ ਧਰਮੋਂ ਨਾ ਹਾਰਿਆ। ਉਸਨੂੰ ਜੇਲ੍ਹ ਅੰਦਰ ਬੰਦ ਕਰ ਕੇ ਸਜ਼ਾਵਾਂ ਦੇਣੀਆਂ ਆਰੰਭ ਕਰ ਦਿੱਤੀਆਂ।

**ਮਤਾਬ ਸਿੰਘ ਸ਼ਹੀਦ**

ਮੱਸੇ ਦਾ ਕਾਤਲ ਸ. ਮਤਾਬ ਸਿੰਘ ਪਿੰਡ ਆਇਆ, ਤਾਂ ਖ਼ਬਰ ਪਾ ਕੇ ਨਿਰੰਜਨੀਏ ਨੇ ਫੌਜ ਲੈ ਜਾ ਕੇ ਫੜਾ ਦਿੱਤਾ। ਉਹ ਲਾਹੌਰ ਖ਼ਾਨ ਬਹਾਦਰ ਦੇ ਪੇਸ਼ ਹੋਇਆ, ਤਾਂ 'ਮੌਤ ਜਾਂ ਇਸਲਾਮ' ਦੀ ਸਜ਼ਾ ਸੁਣਾ ਦਿੱਤੀ ਗਈ। ਜਿਹੜੇ ਸ਼ਹੀਦ ਹੋਣ ਵਾਸਤੇ ਪੈਦਾ ਹੋਏ ਹੋਣ, ਉਹ ਧਰਮ ਕਦੋਂ ਤਿਆਗਦੇ ਹਨ। ਇਸਲਾਮ ਤੋਂ ਇਨਕਾਰ ਕਰਨ ਉਤੇ ਸ. ਮਤਾਬ ਸਿੰਘ ਨੂੰ ਚਰਖ਼ੀ 'ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ०।

**ਸ. ਦਿਆਲ ਸਿੰਘ ਤੇ ਗਰਜਾ ਸਿੰਘ ਸ਼ਹੀਦ**

ਏਸੇ ਸਮੇਂ ਹੀ ਸ. ਦਿਆਲ ਸਿੰਘ ਸਹਿੰਸਰੇ ਵਾਲਾ ਚਰਖ਼ੀ 'ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ()। ਸ. ਗਰਜਾ ਸਿੰਘ ਨੂੰ ਸੂਲੀ 'ਤੇ ਚੜ੍ਹਾਇਆ ਗਿਆ[ ]। ਇਹ ਸਭ ਕੁਛ ਭਾਈ ਤਾਰੂ ਸਿੰਘ ਦੇ ਸਾਮ੍ਹਣੇ ਹੋਇਆ।

ਕੁਛ ਦਿਨਾਂ ਪਿੱਛੋਂ ਭਾਈ ਤਾਰੂ ਸਿੰਘ ਜੀ ਦੀ ਫੇਰ ਪੇਸ਼ੀ ਹੋਈ। ਸੂਬੇ ਨੇ ਬਥੇਰੇ ਲਾਲਚ ਦਿੱਤੇ, ਪਰ ਸਿੰਘ ਸਾਹਿਬ ਧਰਮੋਂ ਨਾ ਡੋਲੇ। ਖ਼ਾਨ ਬਹਾਦਰ ਨੇ ਗਰਮ ਹੋ ਕੇ ਕਿਹਾ, "ਤਾਰੂ ਸਿੰਘਾ! ਤੂੰ ਜਿਸ ਸਿੱਖੀ ਤੇ ਕੇਸਾਂ 'ਤੇ ਮਾਣ ਕਰਦਾ ਏਂ, ਇਹ ਕੇਸ ਜੁੱਤੀਆਂ ਨਾਲ ਉਡਾ ਦਿਆਂਗਾ।" ਅੱਗੋਂ ਸਿੱਖ ਨੇ ਜੋਸ਼ ਵਿਚ ਉੱਤਰ ਦਿੱਤਾ, "ਖ਼ਾਨ ਬਹਾਦਰ ! ਮੇਰੀ ਸਿੱਖੀ ਕੇਸਾਂ ਸਵਾਸਾਂ ਨਾਲ ਨਿਭ

---

*ਇਹ ਵੀ ਇਕ ਪਰਸਿਧ ਕਥਾ ਹੈ, ਕਿ ਪੱਟੀ ਦੇ ਫ਼ੌਜਦਾਰ (ਮੁਸਲਮਾਨ) ਨੇ ਓਥੋਂ ਦੇ ਮਾਛੀ ਰਹੀਮ ਬਖ਼ਸ਼ ਦੀ ਕੁਆਰੀ ਲੜਕੀ ਧੱਕੇ ਨਾਲ ਘਰ ਪਾ ਲਈ। ਉਸ ਮਾਛੀ ਦੀ ਫ਼ਰਯਾਦ ਮੰਨ ਕੇ ਭਾਈ ਤਾਰੂ ਸਿੰਘ ਨੇ ਜੰਗਲ ਵਿਚੋਂ ਸਿੰਘਾਂ ਦਾ ਜੱਥਾ ਲੈ ਕੇ ਉਹ ਫ਼ੌਜਦਾਰ ਕਤਲ ਕਰਾ ਦਿੱਤਾ ਤੇ ਉਸ ਮਾਛੀ ਦੀ ਲੜਕੀ ਉਸ ਨੂੰ ਦੁਆ ਦਿੱਤੀ।

०ਪੰਥ ਪ੍ਰਕਾਸ਼, ਪੰਨਾ ੬੪੭; ਭੰਗੂ, ਪੰਨਾ ੨੭੫।

()ਭੰਗੂ, ਪੰਨਾ ੨੭੪।

[ ]ਪੰਥ ਪ੍ਰਕਾਸ਼, ਪੰਨਾ ੬੪੭।

**ਤਾਰੂ ਸਿੰਘ ਦੀ ਖੋਪਰੀ ਲੱਥੀ**

ਜਾਏਗੀ, ਪਰ ਤੈਨੂੰ ਖ਼ਾਲਸੇ ਦੀ ਜੁੱਤੀ ਅੱਗੇ ਲੱਗ ਕੇ ਚਲਣਾ ਪਵੇਗਾ।" ਸੁਣ ਕੇ ਸੂਬੇਦਾਰ ਨੂੰ ਅੱਗ ਲੱਗ ਉਠੀ। ਉਹਨੇ ਹੁਕਮ ਦੇ ਕੇ ਮੋਚੀ ਕੋਲੋਂ ਸਣੇ ਕੇਸਾਂ ਸਿੰਘ ਦੀ ਖੋਪਰੀ ਲੁਹਾ ਦਿੱਤੀ*। ਇਹ ਸਾਕਾ ਨਖ਼ਾਸ ਚੌਕ ਲਾਹੌਰ ਅੰਦਰ ਸੰਮਤ ਬਿ: ੧੮੦੨() (੧੭੪੫ ਈ.) ਨੂੰ ਹੋਇਆ।

ਇਹ ਅਨੋਖਾ ਜ਼ੁਲਮ ਵੇਖ ਕੇ ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਿਆ। ਲਾਹੌਰ ਦੇ ਸਿੱਖਾਂ ਨੇ ਬੇਨਤੀ ਕੀਤੀ, ਤਾਂ ਤਾਰੂ ਸਿੰਘ ਜੀ ਨੂੰ ਉਹਨਾਂ ਦੇ ਹਵਾਲੇ ਕਰ ਦਿੱਤਾ੦। ਏਸ ਹਾਲਤ ਵਿਚ ਭਾਈ ਸਾਹਿਬ ਜੀ ਬਾਈ ਦਿਨ ਰਹੇ। ਉਹ ਹਰ ਵੇਲੇ ਗੁਰਬਾਣੀ ਦਾ ਪਾਠ ਕਰਦੇ ਰਹਿੰਦੇ ਤੇ ਇਉਂ ਅਨੁਭਵ ਕਰਦੇ, ਜਿਵੇਂ ਹੋਇਆ ਹੀ ਕੁਛ ਨਹੀਂ।

**ਖ਼ਾਨ ਬਹਾਦਰ ਨੂੰ ਪੇਸ਼ਾਬ ਦਾ ਬੰਨ੍ਹ**

ਉਧਰ ਖ਼ਾਨ ਬਹਾਦਰ ਨੂੰ ਪੇਸ਼ਾਬ ਦਾ ਬੰਨ੍ਹ ਪੈ ਗਿਆ। ਉਸਨੇ ਬੜਾ ਇਲਾਜ ਕੀਤਾ, ਪਰ ਆਰਾਮ ਨਾ ਆਇਆ। ਉਸਦੇ ਦਿਲ 'ਤੇ ਪੱਕੀ ਬਹਿ ਗਈ, ਕਿ ਇਹ ਭਾਈ ਤਾਰੂ ਸਿੰਘ ਦਾ ਸਰਾਪ ਹੀ ਹੈ। ਉਸਨੇ ਸ. ਸਬੇਗ ਸਿੰਘ ਜੰਬਰ ਨੂੰ ਭਾਈ ਤਾਰੂ ਸਿੰਘ ਕੋਲ ਮਾਫ਼ੀ ਮੰਗਣ ਵਾਸਤੇ ਭੇਜਿਆ। ਤਾਰੂ ਸਿੰਘ ਜੀ ਨੇ ਕਿਹਾ, ਕਿ ਮੇਰੇ ਹੱਥੋਂ ਤੀਰ ਨਿਕਲ ਚੁੱਕਾ ਹੈ, ਹੁਣ ਤਾਂ ਅੰਮ੍ਰਿਤਸਰ ਜਾਉ ਤੇ ਪੰਥ ਪਾਸ ਬੇਨਤੀ ਕਰੋ। ਸ. ਸਬੇਗ ਸਿੰਘ ਜੀ, ਖ਼ਾਨ ਬਹਾਦਰ ਵੱਲੋਂ ਨਜ਼ਰਾਨਾ ਲੈ ਕੇ ਅੰਮ੍ਰਿਤਸਰ ਪੁੱਜੇ। ਅੱਗੇ ਅਕਾਲ ਬੁੰਗੇ ਬੁੱਢੇ ਦਲ ਦਾ ਉਤਾਰਾ ਸੀ। ਸ. ਸਬੇਗ ਸਿੰਘ ਨੇ ਨਵਾਬ ਕਪੂਰ ਸਿੰਘ ਕੋਲ ਬੇਨਤੀ ਕੀਤੀ। ਅੰਤ ਸਾਰੇ ਪੰਥ ਨੇ ਗੁਰੂ ਅੱਗੇ ਅਰਦਾਸ ਕਰਕੇ ਸਬੇਗ ਸਿੰਘ ਨੂੰ ਹੁਕਮ ਦਿੱਤਾ, ਕਿ ਸੰਤ ਸਰੂਪ ਭਾਈ ਤਾਰੂ ਸਿੰਘ ਜੀ ਦਾ ਸਰਾਪ ਅਸਲੋਂ ਤਾਂ ਟਲੇਗਾ ਨਹੀਂ, ਪਰ ਭਾਈ ਸਾਹਿਬ ਜੀ ਦੀ ਜੁੱਤੀ ਖ਼ਾਨ ਬਹਾਦਰ ਦੇ ਸਿਰ ਵਿਚ ਮਾਰਨ ਨਾਲ ਪੇਸ਼ਾਬ ਖੁੱਲ੍ਹ ਕੇ ਆ ਜਾਵੇਗਾ।

---

*ਪੰਥ ਪ੍ਰਕਾਸ਼, ਪੰਨਾ ੬੫੦; ਭੰਗੂ, ਪੰਨਾ ੨੭੬ ਸਿੱਖ ਇਤਿਹਾਸ, ਗੁਪਤਾ, ਜਿਲਦ ਪਹਿਲੀ, ਪੰਨਾ ੧੧।

()ਭੰਗੂ, ਪੰਨਾ ੨੭੭।

੦ਇਉਂ ਵੀ ਕਹਿੰਦੇ ਹਨ, ਕਿ ਤਾਰੂ ਸਿੰਘ ਜੀ ਨੂੰ ਕਚਹਿਰੀ ਦੇ ਉਦਾਲੇ ਵਾਲੀ ਖਾਈ ਵਿਚ ਸੁਟਾ ਦਿੱਤਾ ਗਿਆ।

ਸ. ਸਬੇਗ ਸਿੰਘ ਨੇ ਸਾਰੀ ਗੱਲ ਖ਼ਾਨ ਬਹਾਦਰ ਨੂੰ ਜਾ ਦੱਸੀ। ਉਹਨੇ ਏਨਾ ਹੀ ਗ਼ਨੀਮਤ ਸਮਝਿਆ। ਜਿਉਂ-ਜਿਉਂ ਸਿੰਘ ਸਾਹਿਬ ਦੀ ਜੁੱਤੀ ਖ਼ਾਨ ਬਹਾਦਰ ਦੇ ਸਿਰ ਵਿਚ ਵੱਜਦੀ, ਤਿਉਂ-ਤਿਉਂ ਉਸਨੂੰ ਆਰਾਮ ਪ੍ਰਤੀਤ ਹੁੰਦਾ ਤੇ ਪੇਸ਼ਾਬ ਖੁੱਲ੍ਹ ਕੇ ਆ ਜਾਂਦਾ। ਇਸ ਉਪਕਾਰ ਬਦਲੇ ਸ. ਸਬੇਗ ਸਿੰਘ ਨੂੰ ਲਾਹੌਰ ਦਾ ਕੋਤਵਾਲ ਬਣਾ ਦਿੱਤਾ ਗਿਆ, ਜਿਸ ਨੇ ਚਰਖੀ ਸੂਲੀ ਆਦਿ ਸਜ਼ਾਵਾਂ ਬੰਦ ਕਰਾ ਦਿੱਤੀਆਂ। ਸ਼ਹਿਰ ਦੇ ਦਰਵਾਜ਼ਿਆਂ ਉੱਤੇ ਚਿਣੇ ਹੋਏ ਤੇ ਖੂਹਾਂ ਵਿਚ ਸੁੱਟੇ ਹੋਏ ਸਿੰਘਾਂ ਦੇ ਸਿਰ ਕੱਢਕੇ ਉਸ ਨੇ ਸਸਕਾਰੇ ਤੇ ਥਾਂ-ਥਾਂ ਸ਼ਹੀਦਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ। ਅੰਤ, ਕਈ ਦਿਨ ਕੀਤੇ ਕਰਮਾਂ ਦਾ ਫਲ ਭੋਗ ਕੇ ਸੂਬੇਦਾਰ ਖ਼ਾਨ ਬਹਾਦਰ ਜ਼ਕਰੀਆ ਖ਼ਾਨ ਪਹਿਲੀ ਜੁਲਾਈ, ੧੭੪੫ ਈ., ਨੂੰ ਮਰਿਆ*।

**ਤਾਰੂ ਸਿੰਘ ਦੀ ਜੁੱਤੀ ਨਾਲ ਖ਼ਾਨ ਬਹਾਦਰ ਮਰਿਆ**

ਇਹ ਖ਼ਬਰ ਭਾਈ ਤਾਰੂ ਸਿੰਘ ਜੀ ਨੂੰ ਪਹੁੰਚੀ, ਤਾਂ ਉਹ ਵੀ 'ਜਪੁਜੀ ਸਾਹਿਬ' ਦਾ ਪਾਠ ਕਰਕੇ ਸਰੀਰ ਤਿਆਗ ਗਿਆ। ਓਥੇ ਅਜੇ ਤਕ ਭਾਈ ਸਾਹਿਬ ਜੀ ਦਾ ਸ਼ਹੀਦ ਗੰਜ ਹੈ।

---

*ਜਾਦੂ ਨਾਥ ਸਰਕਾਰ, ਪੰਨਾ ੧੯੧।

# ਚੌਥਾ ਕਾਂਡ

ਖ਼ਾਨ ਬਹਾਦਰ ਜ਼ਕਰੀਆ ਖ਼ਾਂ ਪਹਿਲੀ ਜੁਲਾਈ, ੧੭੪੫ ਈ. ਨੂੰ ਮਰਿਆ। ਉਸ ਦੇ ਤਿੰਨ ਪੁੱਤਰ ਸਨ : ਯਾਹੀਯਾ ਖ਼ਾਂ (ਖ਼ਿਤਾਬ ਆਜ਼ੁੱਦੌਲਾ ਦੂਜਾ) ਹੱਯਾਤੁੱਲਾ ਖ਼ਾਂ (ਖ਼ਿਤਾਬ ਸ਼ਾਹ ਨਿਵਾਜ਼ ਖ਼ਾਂ ਹਿਜ਼ਬਰਜੰਗ) ਤੇ ਮੀਰ ਬਾਕੀ। ਇਹ ਤਿੰਨੇ ਕਮਰੁੱਦੀਨ ਖ਼ਾਂ ਵਜ਼ੀਰ ਦਿੱਲੀ ਦੇ ਭਣੇਵੇਂ ਲੱਗਦੇ ਸਨ, ਤੇ ਯਾਹੀਯਾ ਖ਼ਾਂ ਕਮਰੁੱਦੀਨ ਖ਼ਾਂ ਦਾ ਜਵਾਈ ਵੀ ਲੱਗਦਾ ਸੀ। ਏਸ ਵਾਸਤੇ ਵਜ਼ੀਰ ਉਸਦੀ ਮਦਦ ਵਧੇਰੇ ਕਰਦਾ ਸੀ। ਵਜ਼ੀਰ ਨੇ ਬਾਦਸ਼ਾਹ ਨੂੰ ਕਿਹਾ, ਕਿ ਸ਼ਾਹ ਨਿਵਾਜ਼ ਖ਼ਾਂ ਨੂੰ ਮੁਲਤਾਨ ਤੇ ਯਾਹੀਯਾ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ ਜਾਵੇ। ਬਾਦਸ਼ਾਹ ਨੇ ਇਹ ਸਲਾਹ ਨਾ ਮੰਨੀ। ਮੁਲਤਾਨ ਉੱਤੇ ਪਹਿਲਾਂ ਹੀ ਸ਼ਾਹ ਨਿਵਾਜ਼ ਖ਼ਾਂ ਦਾ ਕਬਜ਼ਾ ਸੀ। ਵਜ਼ੀਰ ਦੇ ਕਹਿਣ ਉੱਤੇ ਯਾਹੀਯਾ ਖ਼ਾਂ ਨੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਖ਼ਾਨ ਬਹਾਦਰ ਦੇ ਮਰਨ ਪਿਛੋਂ ਉਸ ਦਾ ਨਾਇਬ ਮੋਮਨ ਖ਼ਾਂ ਹੀ ਲਾਹੌਰ ਦਾ ਕਾਇਮ ਮੁਕਾਮ ਸੂਬੇਦਾਰ ਸੀ।

**ਖ਼ਾਨ ਬਹਾਦਰ ਦੇ ਪੁੱਤਰਾਂ ਵਿਚ ਝਗੜਾ**

ਯਾਹੀਯਾ ਖ਼ਾਂ ਨੇ ਬਾਦਸ਼ਾਹ ਦੀ ਪਰਵਾਨਗੀ ਦੇ ਬਿਨਾਂ ਹੀ ਲਾਹੌਰ ਉੱਤੇ ਕਬਜ਼ਾ ਕਰ ਲਿਆ ਸੀ, ਤੇ ਪਿਤਾ ਦੀ ਸਾਰੀ ਜਾਇਦਾਦ ਦਾ ਮਾਲਕ ਬਣ ਬੈਠਾ ਸੀ। ਏਸ ਗੱਲੋਂ ਸ਼ਾਹ ਨਿਵਾਜ਼ ਨੂੰ ਬੜਾ ਗ਼ੁੱਸਾ ਆਇਆ। ਉਹ ਫ਼ੌਜਾਂ ਲੈ ਕੇ ਲਾਹੌਰ ਉੱਤੇ ਚੜ੍ਹ ਆਇਆ। ਲੜਾਈ ਹੋਣ ਹੀ ਵਾਲੀ ਸੀ, ਜਾਂ ਕੁਛ ਪਤਵੰਤਿਆਂ ਨੇ ਵਿਚ ਪੈ ਕੇ ਦੋਹਾਂ ਭਰਾਵਾਂ ਦੀ ਸੁਲ੍ਹਾ ਕਰਾ ਦਿੱਤੀ। ਯਾਹੀਯਾ ਖ਼ਾਂ ਨੇ ਸ਼ਾਹ ਨਿਵਾਜ਼ ਖ਼ਾਂ ਨੂੰ ਪਿਤਾ ਦੀ ਜਾਇਦਾਦ ਵਿਚੋਂ ਹਿੱਸੇ ਆਉਂਦੇ ਜਵਾਹਰਾਤ ਤੇ ਨਕਦ ਰੁਪੈ ਦੇ ਦਿੱਤੇ ਤੇ ਮਗਰਲੇ ਨੇ ਦੁਆਬਾ ਜਲੰਧਰ ਦੀ ਫ਼ੌਜਦਾਰੀ ਦੇ ਹੱਕ ਤਿਆਗ ਦਿੱਤੇ, ਜੋ ਖ਼ਾਨ ਬਹਾਦਰ ਨੇ ਉਸ ਨੂੰ ਦਿੱਤੇ ਹੋਏ ਸਨ। ਸ਼ਾਹ ਨਿਵਾਜ਼ ਵਾਪਸ ਮੁਲਤਾਨ ਪਰਤ ਗਿਆ।

ਵਜ਼ੀਰ ਕਮਰੁੱਦੀਨ ਨੇ ਬਾਦਸ਼ਾਹ ਕੋਲੋਂ ਲਾਹੌਰ ਦੀ ਸੂਬੇਦਾਰੀ ਆਪਣੇ

**ਯਾਹੀਯਾ ਖ਼ਾਂ ਲਾਹੌਰ ਦਾ ਸੂਬੇਦਾਰ ਬਣਿਆਂ**

ਲਈ ਮੰਗ ਲਈ, ਜਿਸ ਨੂੰ ਬਾਦਸ਼ਾਹ ਨੇ ਪਰਵਾਨ ਕਰ ਲਿਆ। ਵਜ਼ੀਰ ਨੇ ਯਾਹੀਯਾ ਖ਼ਾਂ ਨੂੰ ਆਪਣਾ ਨਾਇਬ ਬਣਾ ਕੇ ਲਾਹੌਰ ਉਸ ਦੇ ਹਵਾਲੇ ਕਰ ਦਿੱਤਾ। ਇਹ ਫ਼ੈਸਲਾ ਤਿੰਨ ਜਨਵਰੀ ੧੭੪੬ ਨੂੰ ਹੋਇਆ*। ਏਸ ਤਰ੍ਹਾਂ ਛੇ ਮਹੀਨੇ ਲਾਹੌਰ ਬਿਨਾਂ ਸੂਬੇਦਾਰ ਦੇ ਹੀ ਰਿਹਾ।

ਪੰਜਾਬ ਦੇ ਹਾਕਮਾਂ ਨੂੰ ਆਪਣੀ ਪਈ ਹੋਈ ਸੀ। ਸੋ ਇਹ ਛੇ ਮਹੀਨੇ ਸਿੰਘਾਂ ਨੂੰ ਚੰਗੇ ਮਿਲ ਗਏ। ਸਿੰਘਾਂ ਦੇ ਕਈ ਜੱਥੇ ਖ਼ਾਨ ਬਹਾਦਰ ਦੇ

**ਸਿੰਘ ਫੇਰ ਮਾਝੇ ਵਿਚ**

ਜਿਊਂਦਿਆਂ ਹੀ ਅੰਮ੍ਰਿਤਸਰ ਆ ਚੁੱਕੇ ਸਨ। ਉਸਦੇ ਮਰਨ ਪਿਛੋਂ ਹਜ਼ਾਰਾਂ ਸਿੰਘ ਮਾਝੇ ਆ ਇਕੱਠੇ ਹੋਏ। ਲਾਡਲੀਆਂ ਫ਼ੌਜਾਂ ਸੌ-ਸੌ ਦੇ ਜੱਥੇ ਬਣਾ ਕੇ ਇਲਾਕੇ ਵਿਚ ਖਿੱਲਰ ਗਈਆਂ ਤੇ ਲੱਗੀਆਂ ਮਾਰਾਂ ਮਾਰਨ। ਵਿਰੋਧੀਆਂ ਦੇ ਘਰ ਪਈ ਦਾ ਲਾਭ ਉਠਾ ਕੇ ਸਿੰਘ ਲੁੱਟ ਮਾਰ ਕਰਕੇ ਚੰਗੇ ਮਾਲਾ ਮਾਲ ਹੋ ਗਏ। ਏਸ ਗੜ-ਬੜ ਵਿਚ ਸਾਰਾ ਦੇਸ ਤਬਾਹ ਹੋ ਗਿਆ। ਕੁਛ ਲੁੱਟਿਆ ਗਿਆ ਤੇ ਰਹਿੰਦਾ ਸਰਕਾਰ ਦੇ ਭਾਰੇ ਲਗਾਨ ਤੇ ਮਾਮਲੇ ਨੇ ਸਾਹ ਸਤ ਖਿੱਚ ਲਿਆ। ਮਾਝੇ ਦੇ ਜੱਟਾਂ ਵਾਸਤੇ ਦੋ ਹੀ ਰਾਹ ਰਹਿ ਗਏ ਸਨ,

**ਨਵੇਂ ਸਿੰਘ ਸਜੇ**

ਕਿ ਜਾਂ ਤਾਂ ਉਹ ਸਰਕਾਰੀ ਮਾਮਲਾ ਪੂਰਾ ਕਰਨ ਵਾਸਤੇ ਭੁੱਖੇ ਮਰਨ ਤੇ ਜਾਂ ਸਿੱਖਾਂ ਨਾਲ ਰਲ ਕੇ ਆਪ ਲੁੱਟ ਮਾਰ ਕਰਕੇ ਛਕਣ ਛਕਾਉਣ। ਸੋ ਉਹਨਾਂ ਵਿਚੋਂ ਬਹੁਤਿਆਂ ਨੇ ਮਗਰਲਾ ਰਾਹ ਹੀ ਚੁਣਿਆ। ਰਾਤ ਨੂੰ ਜਦ ਧੂੰਏਂ ਉੱਤੇ ਬਹਿ ਕੇ ਲੋਕ ਸਿੰਘਾਂ ਦੇ ਧਾੜਿਆਂ ਦੀਆਂ ਗੱਲਾਂ ਕਰਦੇ, ਤਾਂ ਗੱਭਰੂਆਂ ਨੂੰ ਉਹ ਬੜੀਆਂ ਚੰਗੀਆਂ ਲੱਗਦੀਆਂ। ਜੁਆਨੀ ਵਿਚ ਲੜਨ ਖਹਿਣ ਦਾ ਚੱਾ ਹੁੰਦਾ ਹੈ, ਇਸ ਵਾਸਤੇ ਉਹਨਾਂ ਨੂੰ ਸੂਰਮਿਆਂ ਦੀਆਂ ਸਾਖੀਆਂ ਹੀ ਪਸੰਦ ਆਉਂਦੀਆਂ ਹਨ। ਸਿੰਘਾਂ ਨਾਲ ਰਲਨ ਵਾਸਤੇ ਚੰਗਾ ਘੋੜਾ ਤੇ ਚੰਗਾ ਹਥਿਆਰ ਕੋਲ ਹੋਣਾ ਜ਼ਰੂਰੀ ਸੀ। ਜੋਸ਼ੀਲੇ ਗੱਭਰੂ ਘਰ ਦੀ ਘੋੜੀ, ਤਲਵਾਰ ਜਾਂ ਬੰਦੂਕ ਖ਼ਰੀਦ ਕੇ ਸਿੱਖਾਂ ਦੇ ਜੱਥੇ ਵਿਚ ਜਾ ਰਲਦੇ† ਤੇ ਅੰਮ੍ਰਿਤ ਛੱਕ ਕੇ ਸਿੰਘ ਸਜ ਜਾਂਦੇ।

---

*ਜਾਦੂ ਨਾਥ ਸਰਕਾਰ, ਪੰਨਾ ੧੬੩; ਆਨੰਦ ਰਾਮ, ਪੰਨਾ ੨੯੫; ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੧੮।

†ਸਿੱਖ ਇਤਿਹਾਸ, ਗੁਪਤਾ; ਹਿੱਸਾ ਪਹਿਲਾ, ਪੰਨਾ ੨੨; ਬੂਟੇ ਸ਼ਾਹ, ਤਾਰੀਖ ਪੰਜਾਬ, ਪੰਨਾ ੩੦੮।

ਸਿੱਖ ਸਰਦਾਰਾਂ ਦੇ ਸਿਪਾਹੀਆਂ ਦੀ ਤਨਖ਼ਾਹ ਨਹੀਂ ਸੀ ਹੁੰਦੀ। ਉਹਨਾਂ ਨੂੰ ਲੁੱਟ ਦੇ ਮਾਲ ਵਿੱਚੋਂ ਹਿੱਸਾ ਮਿਲਦਾ ਸੀ। ਜੇ ਕਿਤੇ ਬਹੁਤੇ ਜੱਥੇ ਰਲ ਕੇ ਲੁੱਟ ਮਾਰ ਕਰਦੇ, ਤਾਂ ਹਰ ਇਕ ਸਰਦਾਰ ਨੂੰ ਉਸ ਦੇ ਸਿਪਾਹੀਆਂ ਦੀ ਗਿਣਤੀ ਅਨੁਸਾਰ ਹਿੱਸਾ ਮਿਲਦਾ, ਜੋ ਉਹ ਅਗ੍ਹਾਂ ਆਪਣੀ ਫ਼ੌਜ ਵਿਚ ਵੰਡ ਦੇਂਦਾ। ਜਥੇਬੰਦੀ ਨੂੰ ਪੱਕਿਆਂ ਰੱਖਣ ਵਾਸਤੇ ਹਰ ਇਕ ਸਿੰਘ ਆਪਣੇ ਜੱਥੇਦਾਰ ਦੇ ਹੁਕਮ ਵਿਚ ਚਲਦਾ ਸੀ, ਪਰ ਸਮਾਜਕ ਅਤੇ ਧਾਰਮਕ ਤੌਰ ਉੱਤੇ ਹਰ ਸਿੱਖ ਦਾ ਇਕੋ ਜੇਹਾ ਦਰਜਾ ਹੁੰਦਾ ਸੀ।

**ਪੰਥ ਵਿਚ ਛੋਟੇ ਛੋਟੇ ਜੱਥੇ ਬਣੇ**

ਸਿੰਘਾਂ ਦੀ ਗਿਣਤੀ ਚੰਗੀ ਵਧ ਗਈ ਸੀ। ਉਹਨਾਂ ਦੇ ਸਿਆਣੇ ਜਰਨੈਲਾਂ ਨੇ ਇਹ ਲੋੜ ਅਨੁਭਵ ਕੀਤੀ, ਕਿ ਇਕ ਪੱਕੀ ਜੱਥੇਬੰਦੀ ਵਿਚ ਖ਼ਾਲਸੇ ਦੇ ਛੋਟੇ-ਛੋਟੇ ਜੱਥੇ ਬਣਾਏ ਜਾਣ, ਜੋ ਲੁੱਟ ਮਾਰ ਕਰਨ ਵੇਲੇ ਤਾਂ ਆਪਣੇ ਸਰਦਾਰ ਦੀ ਆਗਿਆ ਵਿਚ ਸੁਤੰਤਰ ਹੋਣ, ਪਰ ਸਾਂਝੀ ਭੀੜ ਬਣੀ ਵਿਚ ਸਾਰੇ ਪੰਥ ਦੀ ਇਕ ਜੱਥੇਦਾਰੀ ਵਿਚ ਕੰਮ ਕਰਨ।

**ਜੱਥਿਆਂ ਦੇ ਸਰਦਾਰ**

੧੪ ਅਕਤੂਬਰ, ੧੭੪੫ ਈ. ਨੂੰ ਦੀਵਾਲੀ ਵਾਲੇ ਦਿਨ ਇਸ ਮਤਲਬ ਦੇ ਜੱਥੇ ਬਣਾਏ ਗਏ, ਜਿਨ੍ਹਾਂ ਦੀ ਕੱਠੀ ਤੇ ਸਾਂਝੀ ਫ਼ੌਜ ਦਾ ਨਾਮ 'ਦਲ ਖ਼ਾਲਸਾ' ਰੱਖਿਆ ਗਿਆ। ਉਹਨਾਂ ਜੱਥਿਆਂ ਦੇ ਸਰਦਾਰ ਹੇਠ ਲਿਖੇ ਸਨ :

੧. ਨਵਾਬ ਕਪੂਰ ਸਿੰਘ, ਫ਼ੈਜ਼ਲਾ ਪੁਰੀਆ (ਸਿੰਘ ਪੁਰੀਆ)।
੨. ਸ਼ਾਮ ਸਿੰਘ ਪਿੰਡ ਨਾਰੋਕੇ, ਜ਼ਿਲ੍ਹਾ ਸਿਆਲਕੋਟ।
੩. ਗੁਰਬਖ਼ਸ਼ ਸਿੰਘ ਕਲਸੀਆਂ। ੪. ਕਰੋੜਾ ਸਿੰਘ, ਪੈਜ ਗੜ੍ਹ।
੫. ਕਰਮ ਸਿੰਘ, ਪੈਜ ਗੜ੍ਹ। ੬. ਗੁਰਦਿਆਲ ਸਿੰਘ ਡੱਲੇਵਾਲ।
੭. ਦਿਆਲ ਸਿੰਘ, ਡੱਲੇਵਾਲ। ੮. ਨੌਧ ਸਿੰਘ, ਸ਼ੁਕਰਚੱਕੀਆ।
੯. ਚੰਦਾ ਸਿੰਘ ਸ਼ੁਕਰਚੱਕੀਆ। ੧੦. ਕਾਲਾ ਸਿੰਘ, ਪਿੰਡ ਕੰਗ।
੧੧. ਖਿਆਲਾ ਸਿੰਘ, ਪਿੰਡ ਕੰਗ।੧੨. ਬਾਘ ਸਿੰਘ, ਪਿੰਡ ਹੱਲੋਵਾਲ।
੧੩. ਜੱਸਾ ਸਿੰਘ, ਪਿੰਡ ਆਹਲੂ। ੧੪. ਹਰੀ ਸਿੰਘ, ਪਿੰਡ ਪੰਜਵੜ।
੧੫. ਛੱਜਾ ਸਿੰਘ, ਪੰਜਵੜ। ੧੬. ਦੀਪ ਸਿੰਘ 'ਸ਼ਹੀਦ'।
੧੭. ਸੁਧਾ ਸਿੰਘ, ਸ਼ਹੀਦ। ੧੮. ਸੁੱਖਾ ਸਿੰਘ ਤਖਾਣ, ਮਾੜੀ ਕੰਬੋਕੀ।
੧੯. ਜੱਸਾ ਸਿੰਘ (ਰਾਮਗੜ੍ਹੀਆ)। ੨੦. ਭੋਮਾ ਸਿੰਘ ਕਨ੍ਹਈਆ।
੨੧. ਜੈ ਸਿੰਘ ਕਨ੍ਹਈਆ। ੨੨. ਹਕੀਕਤ ਸਿੰਘ ਕਨ੍ਹਈਆ।

੨੩. ਹੀਰਾ ਸਿੰਘ ਨਕਈ। ੨੪. ਸੱਦਾ ਸਿੰਘ ਕਨ੍ਹਈਆ।
੨੫. ਕਰਮ ਸਿੰਘ ਅੰਮ੍ਰਿਤਸਰ। ੨੬. ਧਰਮ ਸਿੰਘ, ਅੰਮ੍ਰਿਤਸਰ।
੨੭. ਜਿਊਣ ਸਿੰਘ ਮਜ਼੍ਹਬੀ। ੨੮. ਬਦਨ ਸਿੰਘ ਮਜ਼੍ਹਬੀ।
੨੯. ਬੀਰ ਸਿੰਘ ਮਜ਼੍ਹਬੀ। ੩੦. ਅਘੜ ਸਿੰਘ ਮਜ਼੍ਹਬੀ।*

ਇਹਨਾਂ ਜੱਥਿਆਂ ਨੇ ਸਾਰੇ ਇਲਾਕੇ ਵਿਚ ਲੁੱਟਮਾਰ ਸ਼ੁਰੂ ਕਰ ਦਿੱਤੀ। ਸਾਰੇ ਪੰਜਾਬ ਵਿਚ ਆਵਾ-ਜਾਈ ਰੁਕ ਗਈ, ਤੇ ਹਰ ਤਰ੍ਹਾਂ ਦਾ ਵਪਾਰ ਵਿਹਾਰ ਬੰਦ ਹੋ ਗਿਆ। ਸਿੰਘ ਏਨੇ ਦਲੇਰ ਹੋ ਗਏ, ਕਿ ਇਕ ਦਿਨ

**ਸਿੰਘਾਂ ਲਾਹੌਰ ਲੁਟਿਆ**

(ਜਨਵਰੀ, ੧੭੪੬ ਈ.) ਸ਼ਾਮ ਨੂੰ ਸਿੰਘਾਂ ਦੇ ਇਕ ਜੱਥੇ੦ ਨੇ ਭੇਸ ਬਦਲ ਕੇ ਮੋਚੀ ਦਰਵਾਜ਼ਿਓਂ ਅੰਦਰ ਲੰਘ ਕੇ ਲਾਹੌਰ ਵਿਚ ਜਾ ਲੁੱਟ ਮਚਾਈ। ਦੁਕਾਨਦਾਰ ਦੁਕਾਨਾਂ ਬੰਦ ਕਰ ਰਹੇ ਸਨ, ਜਾਂ ਸਿੰਘਾਂ ਛਾਪਾ ਮਾਰਿਆ। ਲੱਖਾਂ ਰੁਪੈ ਦਾ ਮਾਲ ਲੁੱਟਕੇ ਤੇ ਕੁਛ ਪੰਥ ਦੇ ਵੈਰੀ ਮੁੱਲਾਂ ਕਾਜ਼ੀ ਕਤਲ ਕਰਕੇ, ਸ਼ਾਹੀ ਫ਼ੌਜ ਦੇ ਉਠਣ ਤੋਂ ਪਹਿਲਾਂ ਹੀ ਖ਼ਾਲਸਾ ਹਰਨ ਹੋ ਗਿਆ। ਸ਼ਾਹੀ ਫ਼ੌਜ ਮਗਰ ਪਈ, ਪਰ ਏਨੇ ਨੂੰ ਸਿੰਘ ਰਾਵੀ ਕੰਢੇ ਜੰਗਲ ਵਿਚ ਜਾ ਲੁਕੇ। ਯਾਹੀਯਾ ਖ਼ਾਂ ਨਵਾਂ-ਨਵਾਂ ਸੂਬੇਦਾਰ ਬਣਿਆ ਸੀ। ਉਹਨੇ ਆਪਣੇ ਦੀਵਾਨ ਲਖਪਤ ਨੂੰ ਫ਼ੌਜ ਦੇ ਕੇ ਹੁਕਮ ਦਿੱਤਾ, ਕਿ ਸਿੰਘਾਂ ਨੂੰ ਇਲਾਕੇ ਵਿਚੋਂ ਕੱਢ ਕੇ ਮੁੜੇ। ਲਖਪਤ ਰਾਏ ਫ਼ੌਜ ਲੈ ਕੇ ਚੜ੍ਹਿਆ, ਤਾਂ ਸਿੰਘ ਰਾਵੀ ਦੇ ਕੰਢੇ ਛੱਡ ਕੇ ਏਮਨਾਬਾਦ ਨੂੰ ਚਲੇ ਗਏ। ਲਖਪਤ ਵਾਪਸ ਲਾਹੌਰ ਆ ਗਿਆ। ਏਮਨਾਬਾਦ ਦਾ ਫ਼ੌਜਦਾਰ ਜਸਪਤ

**ਜਸਪਤ ਕਤਲ**

ਰਾਏ (ਲਖਪਤ ਦਾ ਭਾਈ) ਸੀ। ਜਦ ਜ਼ਕਰੀਆ ਖ਼ਾਂ ਲਾਹੌਰ ਦਾ ਸੂਬੇਦਾਰ ਬਣਿਆ ਸੀ, ਉਹਨੇ ਜਸਪਤ ਰਾਏ ਨੂੰ ਜਲੰਧਰ ਦੀ ਫ਼ੌਜਦਾਰੀ ਤੋਂ ਹਟਾ ਕੇ ਏਮਨਾਬਾਦ ਦਾ ਫ਼ੌਜਦਾਰ ਬਣਾ ਦਿੱਤਾ ਸੀ, ਤੇ ਅਦੀਨਾ ਬੇਗ ਨੂੰ ਜਲੰਧਰ ਦਾ ਫ਼ੌਜਦਾਰ†। ਜਸਪਤ ਨੂੰ ਪਤਾ ਲੱਗਾ, ਕਿ ਦੋ

---

*ਸ਼ਮਸ਼ੇਰ ਖ਼ਾਲਸਾ (ਗੁਰਮੁਖੀ) ਪੰਨਾ ੧੦੧; ਪੰਥ ਪ੍ਰਕਾਸ਼; ਪੰਨੇ ੬੬੪-੫

੦ਪੰਥ ਪ੍ਰਕਾਸ਼; ਪੰਨਾ ੬੬੧; ਸਿੰਘਾਂ ਦੀ ਗਿਣਤੀ ੫ ਹਜ਼ਾਰ।

†ਨਾਰੰਗ, ਪੰਨਾ ੨੧੨।

ਹਜ਼ਾਰ ਸਿੰਘ ਰੋੜੀ ਸਾਹਿਬ (ਏਮਨਾਬਾਦ) ਬੈਠੇ ਹਨ, ਤਾਂ ਉਹਨੇ ਸਖ਼ਤ ਹੁਕਮ ਭੇਜਿਆ, ਕਿ ਏਸੇ ਵੇਲੇ ਮੇਰੇ ਇਲਾਕੇ ਵਿਚੋਂ ਚਲੇ ਜਾਓ। ਅੱਗੋਂ ਸਿੰਘਾਂ ਨੇ ਉੱਤਰ ਦਿੱਤਾ, ਕਿ ਫ਼ੌਜਾਂ ਨੇ ਤਿੰਨ ਦਿਨ ਤੋਂ ਲੰਗਰ ਨਹੀਂ ਛਕਿਆ, ਲੰਗਰ ਛਕ ਕੇ ਤੇ ਰਾਤ ਕੱਟ ਕੇ ਦਿਨੇ ਚਾਲੇ ਪਾ ਦਿੱਤੇ ਜਾਣਗੇ। ਜਸਪਤ ਏਨਾ ਲਿਹਾਜ਼ ਕਰਨ ਵਾਸਤੇ ਤਿਆਰ ਨਾ ਹੋਇਆ। ਉਹਨੇ ਫ਼ੌਜ ਕੱਠੀ ਕਰਕੇ ਸਿੰਘਾਂ ਉੱਤੇ ਹੱਲਾ ਕਰ ਦਿੱਤਾ। ਅੱਗੋਂ ਸਿੰਘਾਂ ਵੀ ਤਲਵਾਰਾਂ ਧੂਹ ਲਈਆਂ। ਬੜੀ ਘਮਸਾਣ ਦੀ ਲੜਾਈ ਹੋਈ। ਸਿੰਘ ਲੜਨਾ ਨਹੀਂ ਸਨ ਚਾਹੁੰਦੇ, ਪਰ ਲੜਾਈ ਬਦੋ ਬਦੀ ਉਹਨਾਂ ਦੇ ਗਲ ਪੈ ਗਈ ਸੀ। ਉਹ ਨਾਲੇ ਲੜਦੇ ਜਾਂਦੇ ਤੇ ਨਾਲੇ ਪਿੱਛੇ ਹਟਦੇ ਜਾਂਦੇ। ਅੰਤ ਦੋਵੇਂ ਧਿਰਾਂ ਬੱਦੋਕੀ ਗੁਸਾਈਆਂ ਕੋਲ ਅਪੜ ਪਏ। ਜਸਪਤ ਰਾਏ ਹਾਥੀ 'ਤੇ ਬੈਠਾ ਆਪਣੀਆਂ ਧਾੜਾਂ ਨੂੰ ਵੰਗਾਰ ਰਿਹਾ ਸੀ। ਉਹ ਸ. ਨਿਬਾਹੂ ਸਿੰਘ (ਰੰਗਰੇਟਾ) ਦੀ ਨਿਗ੍ਹਾ ਪੈ ਗਿਆ। ਸਿੰਘ ਸ਼ੇਰ ਵਾਂਗ ਛਾਲ ਮਾਰ ਕੇ ਵੈਰੀ 'ਤੇ ਜਾ ਪਿਆ। ਹਾਥੀ ਦੀ ਪੂਛਲ ਫੜ ਕੇ ਉਹ ਉੱਤੇ ਚੜ੍ਹ ਗਿਆ ਤੇ ਤਲਵਾਰ ਨਾਲ ਜਸਪਤ ਦਾ ਸਿਰ ਲਾਹ ਲਿਆ। ਫ਼ੌਜਦਾਰ ਦਾ ਡਿਗਣਾ ਸੀ, ਜਾਂ ਗਾਂਢਵੀਆਂ ਧਾੜਾਂ ਤੇ ਤਨਖ਼ਾਹਦਾਰ ਸਿਪਾਹੀਆਂ ਦਾ ਭਜਦਿਆਂ ਦਾ ਪਤਾ ਨਾ ਲੱਗਾ। ਬਾਬਾ ਕਿਰਪਾ ਰਾਮ (ਜਸਪਤ ਦਾ ਗੁਰੂ) ਨੇ ਪੰਜ ਸੌ ਰੁਪੈ ਭੇਟਾ ਕਰਕੇ ਸਿੰਘਾਂ ਕੋਲੋਂ ਜਸਪਤ ਦਾ ਸਿਰ ਲਿਆ ਤੇ ਸਸਕਾਰ ਕੀਤਾ, ਜਿੱਥੇ (ਬੱਦੋਕੀ ਗੁਸਾਈਆਂ)੦ ਅਜੇ ਤਕ ਜਸਪਤ ਦੀ ਸਮਾਧ (ਲਖਪਤ ਦੀ ਬਣਵਾਈ ਹੋਈ) ਖੜੀ ਹੈ। ਇਹ ਘਟਨਾ ਫ਼ਰਵਰੀ-ਮਾਰਚ ੧੭੪੬ ਈ. (ਫੱਗਣ ੧੮੦੨ ਬਿ:)* ਦੀ ਹੈ। ਜਸਪਤ ਨੂੰ ਮਾਰਕੇ ਸਿੰਘ ਏਮਨਾਬਾਦ 'ਤੇ ਜਾ ਪਏ ਤੇ ਸ਼ਹਿਰ ਲੁੱਟ ਕੇ ਫੇਰ ਰਾਵੀ ਦੇ ਝੱਲਾਂ ਵਿਚ ਜਾ ਵੜੇ।

### ਲਖਪਤ ਦੀਵਾਨ ਨੇ ਕਸਮ ਖਾਧੀ

ਜਸਪਤ ਰਾਏ ਲਖਪਤ ਰਾਏ—ਦੋਵੇਂ ਸਕੇ ਭਰਾ—ਕਲਾਨੌਰ ਦੇ ਖਤਰੀ ਸਨ()। ਲਖਪਤ ਰਾਏ ੧੭੨੬ ਈ. ਤੋਂ ੨੧ ਮਾਰਚ, ੧੭੪੭ ਈ. ਤਕ ਲਾਹੌਰ ਦਾ ਦੀਵਾਨ (ਗਵਰਨਰ ਦਾ ਵਜ਼ੀਰ) ਰਿਹਾ। ਜਦ

---

੦ਸ. ਕਰਮ ਸਿੰਘ ਹਿਸਟੋਰੀਅਨ, ਫੁਲਵਾੜੀ, ਅਕਤੂਬਰ, ੧੯੨੮, ਪੰਨਾ ੯੮੮; ਡਾ. ਗੰਡਾ ਸਿੰਘ, ਸਿੱਖ ਇਤਿਹਾਸ ਬਾਰੇ, ਪੰਨਾ ੮੦।

*ਭੰਗੂ, ਪੰਨਾ ੨੯੩।

()ਭੰਗੂ, ਪੰਨਾ ੨੮੮।

ਉਸਨੇ ਆਪਣੇ ਭਰਾ ਦੀ ਮੌਤ ਦੀ ਖ਼ਬਰ ਸੁਣੀ, ਉਸਨੂੰ ਅੱਗ ਲੱਗ ਉਠੀ। ਉਹਨੇ ਗ਼ੁੱਸੇ ਵਿਚ ਕਸਮ ਖਾਧੀ, ਕਿ ਮੈਂ ਹੁਣ ਸਿੱਖ ਪੰਥ ਮੁਕਾ ਕੇ ਹੀ ਦਮ ਲਵਾਂਗਾ। ਉਹਦਾ ਖ਼ਿਆਲ ਸੀ, ਕਿ ਮੇਰੀ ਨਰਮੀ ਕਰਕੇ ਹੀ ਸਿੱਖ ਬਚੇ ਹੋਏ ਹਨ, ਨਹੀਂ ਤਾਂ ਮੈਂ ਮਿਟਾਉਣਾ ਚਾਹਵਾਂ, ਤਾਂ ਇਹ ਬਚ ਨਹੀਂ ਸਕਦੇ। ਉਹਨੇ ਹੰਕਾਰ ਵਿਚ ਏਥੋਂ ਤੱਕ ਕਿਹਾ, ਕਿ ਇਕ ਖੱਤਰੀ ਨੇ ਹੀ ਪੰਥ ਚਲਾਇਆ ਸੀ, ਤੇ ਹੁਣ ਇਕ ਖੱਤਰੀ ਦੇ ਹੱਥੋਂ ਹੀ ਮੁਕੇਗਾ[ ]। ਸਿੱਖਾਂ ਦੀ ਕਤਲਾਮ ਵਾਸਤੇ ਉਹਨੇ ਸੂਬੇਦਾਰ ਯਾਹੀਯਾ ਖ਼ਾਂ ਕੋਲੋਂ ਹੁਕਮ ਲਿਆ। "ਜਿੱਥੇ ਵੀ ਕੋਈ ਸਿੱਖ ਮਿਲੇ, ਉਸਨੂੰ ਕਤਲ ਕਰ ਦਿੱਤਾ ਜਾਵੇ। ਜਿਹੜਾ ਵੀ ਗੁਰੂ ਗੋਬਿੰਦ ਸਿੰਘ ਦਾ ਨਾਮ ਲਵੇ, ਉਸਨੂੰ ਕਤਲ ਕੀਤਾ ਜਾਵੇ। ਸਿੱਖ ਦੇ ਸਿਰ ਵਾਸਤੇ ਇਨਾਮ ਦਿੱਤਾ ਜਾਵੇਗਾ**।" ਸਭ ਤੋਂ ਪਹਿਲਾਂ ਉਸ ਨੇ ਲਾਹੌਰ ਵਿਚ ਅਮਨ ਨਾਲ ਵਸਦੇ ਜਾਂ ਸਰਕਾਰੀ ਕੰਮਾਂ ਵਾਲੇ ਸਾਰੇ ਸਿੱਖ ਕੈਦ ਕਰ ਲਏ। ਇਹਨਾਂ ਵਿਚ ਨਾਮਵਰ ਲਾਹੌਰ ਦਾ ਕੋਤਵਾਲ ਸ. ਸਬੇਗ ਸਿੰਘ* ਤੇ ਉਸਦਾ ਜੁਆਨ ਪੁੱਤਰ ਸ਼ਾਹਬਾਜ਼ ਸਿੰਘ ਸੀ। ਇਸ ਤੋਂ ਪਹਿਲਾਂ ਦਲ ਖ਼ਾਲਸਾ ਦੇ ਜੰਗੀ ਸਿੰਘ ਹੀ ਕਤਲ ਹੁੰਦੇ ਰਹੇ ਸਨ ਤੇ ਓਹਾ ਸਰਕਾਰ ਵੱਲੋਂ ਬਾਗ਼ੀ ਸਮਝੇ ਜਾਂਦੇ ਸਨ, ਪਰ ਇਸ ਵੇਲੇ ਸਿੱਖ ਹੋਣਾ ਹੀ ਜੁਰਮ ਕਰਾਰ ਦਿੱਤਾ ਗਿਆ। ਜਾਨ ਬਚਾਉਣ ਦਾ ਢੰਗ ਇਕੋ ਸੀ, ਕਿ ਇਸਲਾਮ ਧਾਰਨ ਕੀਤਾ ਜਾਵੇ। ਜਿਹੜੇ ਲਾਹੌਰ ਵਿਚੋਂ ਸ਼ਹਿਰੀ ਜਾਂ ਸਰਕਾਰੀ ਸਿੱਖ ਫੜੇ ਗਏ, ਉਹਨਾਂ ਦੇ ਕਤਲ ਦਾ ਹੁਕਮ ਲਖਪਤ ਵੱਲੋਂ ਦਿੱਤਾ ਗਿਆ। ਇਹ ਸੁਣ ਕੇ ਸਾਰੇ ਸ਼ਹਿਰ ਵਿਚ ਹਾਹਾਕਾਰ ਮੱਚ ਗਈ। ਸ਼ਹਿਰ ਦੇ ਪਤਵੰਤੇ ਸੱਜਣ, ਜਿਨ੍ਹਾਂ ਵਿਚ ਨਾਮਵਰ : ਦੀਵਾਨ ਕੌੜਾ ਮੱਲ, ਕੁੰਜਾਹੀ ਮੱਲ, ਕਸ਼ਮੀਰੀ ਮੱਲ ਖੁਰਾਣਾ, ਦੀਵਾਨ ਲੱਛੀ ਰਾਮ, ਦੀਵਾਨ ਸੂਰਤ ਸਿੰਘ, ਦਿਲੇ ਰਾਮ, ਹਰੀ ਮਲ, ਹਰੀ ਸਿੰਘ, ਗੁਲਜ਼ਾਰ ਸਿੰਘ ਤੇ ਭਾਈ ਦੇਸ ਰਾਜ ਸਨ, ਰਲ ਕੇ, ਮੇਲਾ ਬਣ ਕੇ ਲਖਪਤ ਰਾਏ ਕੋਲ ਆਏ ਤੇ ਬੇਨਤੀ ਕੀਤੀ, ਕਿ ਇਹਨਾਂ ਅਮਨ ਪਸੰਦ ਬੇਗੁਨਾਹ ਸਿੱਖਾਂ ਨੂੰ ਕਤਲ ਨਾ ਕੀਤਾ ਜਾਵੇ।

**ਸਬੇਗ ਸਿੰਘ ਤੇ ਹੋਰ ਅਨੇਕਾਂ ਸਿੱਖ ਕਤਲ**

---

[ ]ਭੰਗੂ, ਪੰਨਾ ੨੯੩।

**ਅਲੀਉਦੀਨ ਦੇ ਇਬਰਤ ਨਾਮਾ ਦੇ ਹਵਾਲੇ ਸਹਿਤ, ਨਾਰੰਗ, ਪੰਨਾ ੨੧੮।

*ਇਹ ਦੋਵੇਂ ਇਸਲਾਮ ਨਾ ਮੰਨਣ ਕਰਕੇ ਚਰਖੀ 'ਤੇ ਚੜ੍ਹਾਏ ਗਏ ਤੇ ਫੇਰ ਕਤਲ ਕੀਤੇ ਗਏ। ਵੇਖੋ 'ਸੀਤਲ ਤਰੰਗਾਂ'।

ਉਹਨਾਂ ਲਖਪਤ ਦੇ ਗੁਰੂ ਭਾਈ ਜਗਤ ਭਗਤ ਮਾਣਕ ਵਾਲੇ ਤੋਂ ਵੀ ਇਹ ਅਖਵਾਇਆ, ਪਰ ਲਖਪਤ ਕਿਸੇ ਦੀ ਨਾ ਮੰਨਿਆ। ਅੰਤ ਉਹਨਾਂ ਕਿਹਾ, ਕਿ ਏਨੀ ਹੀ ਮੰਨ ਲੈ, ਕਿ ਇਹ ਹੱਤਿਆ ਸੋਮਵਾਰੀ ਮੱਸਿਆ ਵਾਲੇ ਦਿਨ ਨਾ ਕੀਤੀ ਜਾਵੇ, ਪਰ ਲਖਪਤ ਇਹ ਵੀ ਨਾ ਮੰਨਿਆ। ਸੋ ਉਹ ਸਾਰੇ ਸਿੱਖ ਸੋਮਵਾਰੀ ਮੱਸਿਆ (੧੦ ਮਾਰਚ, ੧੭੪੬ ਈ.=੧੩ ਚੇਤ, ੧੮੦੨ ਬਿ.) ਦੇ ਦਿਨ ਨਖ਼ਾਸ ਚੌਂਕ (ਸ਼ਹੀਦ ਗੰਜ) ਵਿਚ ਕਤਲ ਹੋਏ। ਫਿਰ ਇਲਾਕੇ ਵਿਚੋਂ ਵੀ ਸਿੱਖ ਫੜ-ਫੜ ਕੇ ਕਤਲ ਕੀਤੇ ਗਏ।

ਲਖਪਤ ਨੇ ਸਾਰੇ ਸ਼ਹਿਰ ਤੇ ਇਲਾਕੇ ਵਿਚ ਇਸ਼ਤਿਹਾਰ ਫੇਰ ਦਿੱਤਾ, ਕਿ 'ਕੋਈ ਆਦਮੀ ਗੁਰੂ ਗ੍ਰੰਥ ਸਾਹਿਬ ਨਾ ਪੜ੍ਹੇ, ਆਮ ਗ੍ਰੰਥ ਨੂੰ ਪੋਥੀ ਕਿਹਾ ਜਾਵੇ, ਕਿਉਂਕਿ ਗ੍ਰੰਥ ਕਹਿਣ ਤੋਂ ਸਿੱਖਾਂ ਦੇ ਧਾਰਮਿਕ ਗ੍ਰੰਥ (ਗੁਰੂ ਗ੍ਰੰਥ ਸਾਹਿਬ) ਦੇ ਅਰਥ ਨਿਕਲਦੇ ਹਨ। ਗੁੜ ਨੂੰ ਰੋੜੀ ਜਾਂ ਭੇਲੀ ਕਿਹਾ ਜਾਵੇ, ਕਿਉਂਕਿ ਗੁੜ ਕਹਿਣ ਨਾਲ 'ਗੁਰ' ਦਾ ਚੇਤਾ ਆਉਂਦਾ ਹੈ। 'ਵਾਹਿਗੁਰੂ' ਸ਼ਬਦ ਦਾ ਜਾਪ ਕੋਈ ਨਾ ਕਰੇ। ਹੁਕਮ ਅਦੂਲੀ ਕਰਨ ਵਾਲੇ ਨੂੰ ਕਤਲ ਕੀਤਾ ਜਾਵੇਗਾ ਜਾਂ ਮੁਸਲਮਾਨ ਕੀਤਾ ਜਾਵੇਗਾ*।' ਸਿੱਖ ਧਰਮ ਦੇ ਜਿੰਨੇ ਗ੍ਰੰਥ ਹੱਥ ਲੱਗੇ ਲਖਪਤ ਨੇ ਸਾੜ ਦਿੱਤੇ।

ਦਲ ਖ਼ਾਲਸਾ ਜਸਪਤ ਨੂੰ ਕਤਲ ਕਰਕੇ, ਏਮਨਾਬਾਦ ਲੁੱਟ ਕੇ ਰਾਵੀ ਦੇ ਜੰਗਲਾਂ ਵਿਚ ਆ ਵੜਿਆ। ਸ਼ਹਿਰੀ ਸਿੱਖਾਂ ਦੇ ਕਤਲ ਤੋਂ ਵਿਹਲਾ ਹੋ ਕੇ ਲਖਪਤ ਦਲ ਖ਼ਾਲਸੇ ਦੇ ਨਾਸ ਵਾਸਤੇ ਚੜ੍ਹਿਆ। ਲਾਹੌਰ ਦੀ ਸਾਰੀ ਫ਼ੌਜ ਸਣੇ ਤੋਪਖ਼ਾਨੇ, ਤੇ ਇਲਾਕੇ ਦੇ ਸਭ ਫ਼ੌਜਦਾਰ ਤੇ ਚੌਧਰੀ ਆਪਣੀਆਂ ਧਾੜਾਂ ਸਣੇ ਲਖਪਤ ਦੇ ਨਾਲ ਸਨ। ਰਾਵੀ ਦੇ ਝੱਲਾਂ ਵਿਚ ਉਸ ਵੇਲੇ ਸ. ਜੱਸਾ ਸਿੰਘ ਆਹਲੂਵਾਲੀਏ, ਸ. ਨੌਧ ਸਿੰਘ ਸ਼ੁਕਰਚੱਕੀਏ, ਸ. ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਤੇ ਸ. ਗੁਰਦਿਆਲ ਸਿੰਘ ਡਲੇਵਾਲੀਏ ਦੇ ਜਥੇ ਸਨ। ਲਖਪਤ ਦੀਆਂ ਫ਼ੌਜਾਂ ਨੇ ਝੱਲ ਨੂੰ ਘੇਰਾ ਪਾ ਲਿਆ, ਉਦਾਲੇ ਤੋਪਾਂ ਜੰਬੂਰੇ ਬੀੜ ਦਿੱਤੇ ਤੇ ਲੱਗੇ ਗੋਲਾਬਾਰੀ ਕਰਨ। ਜਿਸ ਪਾਸੇ ਗੋਲੇ ਪੈਂਦੇ, ਸਿੰਘ ਉਹ ਪਾਸਾ ਛੱਡ ਕੇ ਦੂਜੇ ਪਾਸੇ ਛਾਪਾ ਮਾਰ ਕੇ ਵੈਰੀ ਦੀ ਫ਼ੌਜ ਦਾ ਨੁਕਸਾਨ ਕਰਕੇ ਫੇਰ ਝੱਲ ਵਿਚ ਵੜ ਜਾਂਦੇ। ਏਸੇ ਤਰ੍ਹਾਂ ਉਹ ਲੜਦੇ ਲੜਾਉਂਦੇ ਰਾਵੀ ਦੇ ਨਾਲ-ਨਾਲ ਪਹਾੜਾਂ ਨੂੰ ਤੁਰੇ ਜਾਂਦੇ। ਅੱਗੋ-

**ਲਖਪਤ ਦੀ ਚੜ੍ਹਾਈ**
**ਛੋਟਾ ਘੱਲੂਘਾਰਾ**

---

*ਭੰਗੂ, ਪੰਨਾ ੨੯੪।

ਅੱਗੇ ਸਿੱਖ ਤੇ ਪਿੱਛੇ-ਪਿੱਛੇ ਟਿੱਡੀ ਦਲ। ਸਿੰਘਾਂ ਕੋਲੋਂ ਦਾਰੂ ਸਿੱਕਾ ਤੇ ਖਾਣਾ ਦਾਣਾ ਮੁਕ ਗਿਆ। ਬੜੀ ਔਖੀ ਬਣੀ। ਦੇਸ ਦੁਸ਼ਮਣ, ਤੇ ਹੱਥ ਪੱਲੇ ਕੁਛ ਨਾ। ਝੱਲ ਵਿਚੋਂ ਸ਼ਿਕਾਰ ਮਾਰ ਕੇ ਜਾਂ ਦਰੱਖ਼ਤਾਂ ਦੇ ਪੱਤਰ ਖਾ ਕੇ ਸਿੰਘ ਗੁਜ਼ਾਰਾ ਕਰਦੇ, ਪਰ ਆਪਣੀ ਅਣਖ 'ਤੇ ਡਟੇ ਰਹੇ।

ਇਕ ਦਿਨ ਸਿੰਘਾਂ ਨੇ ਵੈਰੀ ਦੀ ਫ਼ੌਜ ਉੱਤੇ ਲੌਂਢੇ ਵੇਲੇ ਹੱਲਾ ਬੋਲ ਦਿੱਤਾ, ਪਰ ਛੇਤੀ ਹੀ ਪਿਛਾਂਹ ਨੂੰ ਵਾਗਾਂ ਮੋੜ ਕੇ ਭੱਜ ਉਠੇ। ਵੈਰੀ ਨੇ ਸਮਝਿਆ, ਕਿ ਸਿੱਖ ਪਿੜ ਛੱਡ ਕੇ ਦੂਰ ਨਿਕਲ ਗਏ ਹਨ, ਸੋ ਉਹ ਅਵੇਸਲੇ ਹੋ ਗਏ। ਅੱਧੀ ਰਾਤ ਸਿੰਘਾਂ ਨੇ ਵੈਰੀ ਦਲ ਉੱਤੇ ਬੜਾ ਕਹਿਰੀ ਹੱਲਾ ਕੀਤਾ। ਵੈਰੀ ਦੀ ਫ਼ੌਜ ਵਿਚ ਹਲ ਚਲ ਮੱਚ ਗਈ। ਕਿਸੇ ਨੂੰ ਇਕ ਦੂਜੇ ਦੀ ਸੁੱਧ ਲੈਣ ਦਾ ਸਮਾਂ ਨਾ ਮਿਲਿਆ। ਉਹਨਾਂ ਦੇ ਤਿਆਰ ਹੁੰਦਿਆਂ ਤੱਕ ਸਿੰਘ ਸੈਂਕੜਿਆਂ ਨੂੰ ਕਤਲ ਕਰਕੇ ਤੇ ਘੋੜੇ ਖੋਹ ਕੇ ਨਿਕਲ ਗਏ।

ਇਸ ਹਮਲੇ ਨੇ ਵੈਰੀ ਦੀ ਫ਼ੌਜ ਨੂੰ ਬੜਾ ਬੇਹੌਸਲਾ ਕਰ ਦਿੱਤਾ। ਪਰ ਲਖਪਤ ਨੇ ਇਨਾਮ ਦਾ ਲਾਲਚ ਦੇ ਕੇ ਫੇਰ ਫ਼ੌਜਾਂ ਤਿਆਰ ਕਰ ਲਈਆਂ ਤੇ ਅੱਗੇ ਨਾਲੋਂ ਉਹ ਵਧੇਰੇ ਕਰੜਾਈ ਨਾਲ ਗੋਲਾ-ਬਾਰੀ ਕਰਨ ਲੱਗਾ। ਸਿੰਘ ਇਹ ਛਾਪਾ ਮਾਰ ਕੇ ਫੇਰ ਝੱਲ ਵਿਚ ਵੜ ਗਏ ਸਨ। ਉਹਨਾਂ ਦਾ ਖ਼ਿਆਲ ਸੀ, ਕਿ ਦੋ ਚਾਰ ਦਿਨ ਖਪ-ਖਪਾ ਕੇ ਲਖਪਤ ਵਾਪਸ ਮੁੜ ਜਾਇਗਾ। ਉਹਨਾਂ ਨੂੰ ਇਹ ਪਤਾ ਨਹੀਂ ਸੀ, ਕਿ ਉਹ ਵਾੜ ਦਾ ਛਾਪਾ ਬਣ ਕੇ ਚੰਬੜੇਗਾ, ਕਿ ਛੇਤੀ ਮਗਰੋਂ ਲਹੇਗਾ ਹੀ ਨਹੀਂ। ਨਹੀਂ ਤਾਂ ਏਸ ਵੇਲੇ ਉਹ ਇਸ ਝੱਲ ਵਿਚੋਂ ਨਿਕਲ ਕੇ ਦੁਆਬੇ ਮਾਲਵੇ ਨੂੰ ਨਿਕਲ ਜਾਂਦੇ।

ਅੱਗੇ-ਅੱਗੇ ਸਿੰਘ ਤੇ ਪਿੱਛੇ-ਪਿੱਛੇ ਲਖਪਤ, ਬਸੋਹਲੀ ਦੀਆਂ ਪਹਾੜੀਆਂ ਵੱਲ ਹੋ ਤੁਰੇ। ਸਿੰਘਾਂ ਦਾ ਖ਼ਿਆਲ ਸੀ, ਕਿ ਪਹਾੜੀਏ ਹਿੰਦੂ ਏਸ ਧਰਮ ਯੁੱਧ ਵਿਚ—ਜੋ ਮੁਗ਼ਲ ਰਾਜ ਦੀ ਗ਼ੁਲਾਮੀ ਗਲੋਂ ਲਾਹੁਣ ਵਾਸਤੇ ਆਰੰਭ ਕੀਤਾ ਹੋਇਆ ਹੈ—ਸਾਡੀ ਮਦਦ ਕਰਨਗੇ। ਪਰ ਉਹ ਇਹ ਨਾ ਸਮਝੇ, ਕਿ ਜੇ ਯਾਹੀਯਾ ਖ਼ਾਂ ਦਾ ਹਥਿਆਰ ਬਣ ਕੇ ਇਕ ਹਿੰਦੂ—ਲਖਪਤ—ਸਾਡੀ ਤਬਾਹੀ 'ਤੇ ਲੱਕ ਬੱਧੀ ਮਗਰ ਲੱਗਾ ਆ ਰਿਹਾ ਹੈ, ਤਾਂ ਅੱਗੋਂ ਪਹਾੜੀਏ ਕਦੋਂ ਮਿੱਤਰ ਬਣਨ ਲੱਗੇ ਹਨ ? ਲਖਪਤ ਨੇ ਉਹਨਾਂ ਪਹਾੜੀਆਂ ਨੂੰ ਪਹਿਲਾਂ ਹੀ ਆਪਣੇ ਨਾਲ ਗੰਢ ਲਿਆ ਹੋਇਆ ਸੀ ਤੇ ਸਰਕਾਰ ਦਾ ਕਰੜਾ ਹੁਕਮ ਵੀ ਭੇਜ ਛੱਡਿਆ ਸੀ, ਕਿ ਕੋਈ ਸਿੱਖ ਬਚ ਕੇ ਨਾ ਨਿਕਲੇ। 'ਸਿੱਖਾਂ ਦੀ ਮਦਦ ਕਰਨ ਵਾਲੇ ਨੂੰ ਮੌਤ ਦੀ ਸਜ਼ਾ ਤੇ ਸਿੱਖ ਮਾਰਨ ਵਾਲੇ ਨੂੰ ਇਨਾਮ' ਇਹ ਹੁਕਮ ਪਹਾੜੀਆਂ ਦੇ ਕੰਨਾਂ ਤੱਕ ਵੀ ਪੁੱਜ ਚੁਕਾ ਹੋਇਆ ਸੀ। ਸੋ ਹਜ਼ਾਰਾਂ

ਪਹਾੜੀਏ ਅੱਗੋਂ ਹਥਿਆਰ ਲੈ ਕੇ ਸਿੰਘਾਂ ਦੇ ਟਾਕਰੇ 'ਤੇ ਆ ਖਲੇ। ਸਿੰਘਾਂ ਨੇ ਸਮਝਿਆ, ਕਿ ਇਹ ਸਾਡੀ ਮਦਦ ਵਾਸਤੇ ਆਏ ਹਨ। ਜੱਥੇਦਾਰਾਂ ਦਾ ਹੁਕਮ ਸੁਣ ਕੇ, ਕਿ ਸਿੰਘ ਪਹਾੜਾਂ 'ਤੇ ਚੜ੍ਹ ਚੱਲਣ, ਕੁਛ ਸਿੰਘ ਹਿੰਮਤ ਕਰਕੇ ਬਸੋਹਲੀ ਦੇ ਪਹਾੜਾਂ 'ਤੇ ਜਾ ਚੜ੍ਹੇ, ਤੇ ਪਹਾੜੀਆਂ ਦੀਆਂ ਧਾੜਾਂ ਵਿਚ ਜਾ ਵੜੇ। ਉਹਨਾਂ ਨੂੰ ਪਤਾ ਤਦ ਲੱਗਾ, ਜਦ ਪਹਾੜੀਆਂ ਨੇ ਉਹਨਾਂ ਨੂੰ ਫੜ ਲਿਆ ਤੇ ਮਗਰ ਆ ਰਿਹਾਂ ਉਤੇ ਗੋਲੀਆਂ ਚਲਾਉਣੀਆਂ ਆਰੰਭ ਦਿੱਤੀਆਂ। ਏਹਾ ਹਾਲ ਉਹਨਾਂ ਸਿੰਘਾਂ ਦਾ ਹੋਇਆ, ਜੋ ਪੜੋਲ ਤੇ ਕਠੂਹੇ ਦੀਆਂ ਪਹਾੜੀਆਂ ਉੱਤੇ ਚੜ੍ਹੇ। ਸਿੰਘਾਂ ਨੂੰ ਹੁਣ ਪਤਾ ਲੱਗਾ, ਕਿ ਅਸੀਂ ਕੁਥਾਂ ਫਸੇ ਹਾਂ। ਸਿੰਘ ਰਾਵੀ ਦੇ ਸੱਜੇ ਕੰਢੇ ਲਹਿੰਦੇ ਪਾਸੇ ਜਾ ਰਹੇ ਸਨ। ਹੁਣ ਸਾਮ੍ਹਣੇ ਉੱਚੇ ਪਹਾੜ ਤੇ ਵੈਰੀ ਪਹਾੜੀਏ, ਪਿਛਲੇ ਪਾਸੇ ਲਖਪਤ ਦੀਆਂ ਫ਼ੌਜਾਂ, ਤੇ ਚੜ੍ਹਦੇ ਪਾਸੇ ਦਰਿਆ ਰਾਵੀ ਠਾਠਾਂ ਮਾਰ ਰਿਹਾ ਸੀ। ਸਲਾਹ ਹੋਈ, ਕਿ ਰਾਵੀ ਟੱਪ ਕੇ ਮਾਝੇ ਨੂੰ ਨਿਕਲ ਚੱਲੋ। ਦਰਿਆ ਦੀ ਹਾਥ ਲੈਣ ਵਾਸਤੇ ਸ. ਗੁਰਦਿਆਲ ਸਿੰਘ ਡੱਲੇਵਾਲੀਏ ਦੇ ਦੋ ਭਰਾਵਾਂ ਨੇ ਰਾਵੀ ਵਿਚ ਘੋੜੇ ਸੁੱਟੇ, ਪਰ ਨਾ ਘੋੜੇ ਤੇ ਨਾ ਅਸਵਾਰ ਹੀ ਮੁੜਕੇ ਨਜ਼ਰ ਪਏ। ਉਹਨਾਂ ਦੋਹਾਂ ਬਹਾਦਰਾਂ ਨੇ ਆਪਣੀਆਂ ਜਾਨਾਂ ਕੁਰਬਾਨ ਕਰਕੇ ਆਪਣੇ ਬਾਕੀ ਭਰਾਵਾਂ ਨੂੰ ਰਾਵੀ ਵਿਚ ਰੁੜ੍ਹਨ ਤੋਂ ਬਚਾ ਲਿਆ।

ਬਸੋਹਲੀ ਦੇ ਪਹਾੜੀਆਂ ਦਾ ਸਿੱਖਾਂ ਨਾਲ ਧਰੋਹ

ਸਿੱਖ ਸਰਦਾਰ ਸੋਚਾਂ ਵਿਚ ਪੈ ਗਏ, ਕਿ ਹੁਣ ਕਿਹੜੇ ਪਾਸੇ ਹੋਈਏ ? ਅੰਤ ਇਹ ਫ਼ੈਸਲਾ ਹੋਇਆ, ਕਿ ਪਹਾੜੀਆਂ ਨਾਲ ਲੜਕੇ ਰਾਹ ਸਾਫ਼ ਕਰ ਲਈਏ। ਉਹਨਾਂ ਕੱਠੇ ਹੋ ਕੇ ਪਹਾੜੀਆਂ 'ਤੇ ਹੱਲਾ ਬੋਲ ਦਿੱਤਾ ਤੇ ਉਹਨਾਂ ਤੋਂ ਇਕ ਟਿੱਬਾ ਖੋਹ ਲਿਆ। ਪੈਦਲ ਤਾਂ ਉਹਦੇ ਉੱਤੇ ਚੜ੍ਹ ਗਏ, ਪਰ ਸਵਾਰਾਂ ਵਾਸਤੇ ਬੜੀ ਔਖੀ ਬਣੀ। ਉਹਨਾਂ ਦੇ ਘੋੜੇ ਪਹਾੜਾਂ ਉਤੇ ਕਿਵੇਂ ਚੜ੍ਹਨ ? ਉਹ ਹਥਿਆਰਾਂ ਨਾਲ ਪਹਾੜ ਪੁੱਟ ਕੇ ਘੋੜੇ ਦੇ ਪੈਰ ਧਰਨ ਜੋਗੀ ਥਾਂ ਬਨਾਉਣ। ਪਰ ਕੋਈ ਘੋੜੇ ਏਸ ਤਰ੍ਹਾਂ ਥਿੜਕ ਕੇ ਖੱਡਾਂ ਵਿਜ ਜਾ ਪਏ ਤੇ ਮਰ ਗਏ। ਉੱਚੀਆਂ ਪਹਾੜੀਆਂ ਤੋਂ ਪਹਾੜੀਏ ਮੀਂਹ ਵਾਂਗ ਗੋਲੀਆਂ ਵਸਾ ਰਹੇ ਸਨ। ਅੰਤ ਸੁੱਖਾ ਸਿੰਘ ਨੇ ਹੁਕਮ ਦਿੱਤਾ, ਕਿ ਜਾਨਾਂ ਦੀ ਪਰਵਾਹ ਨਾ ਕਰੋ ਤੇ ਪੈਦਲ ਸਿੰਘ ਪਹਾੜੀਆਂ ਚੜ੍ਹ ਜਾਓ। ਘੋੜ ਸਵਾਰਾਂ ਨੂੰ ਹੁਕਮ ਹੋਇਆ, ਕਿ ਜਿੰਨਾ ਚਿਰ ਪੈਦਲ ਉਪਰ ਨਾ ਚੜ੍ਹ ਜਾਣ, ਓਨਾ ਚਿਰ ਲਖਪਤ ਦੀ ਫ਼ੌਜ ਨੂੰ ਰੋਕੀ ਰੱਖੋ ਤੇ ਫੇਰ ਵੈਰੀ ਦਲ ਨੂੰ ਚੀਰਕੇ ਲਾਹੌਰ ਵੱਲ ਨਿਕਲ ਚੱਲੋ।

ਪੈਦਲ ਸਿੱਖ ਪਹਾੜਾਂ 'ਤੇ ਚੜ੍ਹ ਗਏ

ਜਿਹੜੇ ਸਿੰਘ ਪਹਾੜੀਂ ਚੜ੍ਹ ਗਏ, ਉਹ ਵੈਰੀ ਨੂੰ ਮਾਰ ਕੁੱਟ ਕੇ ਅੱਗੇ ਨਿਕਲ ਗਏ, ਤੇ ਅਸਵਾਰਾਂ ਨੇ ਪਿਛਾਂਹ ਦਾ ਰੁੱਖ਼ ਕੀਤਾ। ਓਧਰ ਲਖਪਤ ਨੇ ਵੇਖਿਆ, ਕਿ ਝੱਲਾਂ ਵਿਚ ਸਿੰਘ ਕਾਬੂ ਨਹੀਂ ਆਉਂਦੇ ਤੇ ਸ਼ਾਹੀ ਫ਼ੌਜਾਂ ਡਰਦੀਆਂ ਝੱਲਾਂ ਵਿਚ ਪੈਰ ਨਹੀਂ ਪਾਉਂਦੀਆਂ।

**ਝੱਲ ਵਢੇ ਤੇ ਸਾੜੇ**

ਸੋ ਉਹਨੇ ਮੁਲਖਈਆ ਕੱਠਾ ਕਰਕੇ ਝੱਲ ਵਢਾ ਕੇ ਵਿਚ ਰਾਹ ਬਨਾਉਣੇ ਚਾਹੇ। ਏਸ ਵਿਚ ਵੀ ਉਹਨੂੰ ਸਫਲਤਾ ਨਾ ਹੋਈ, ਕਿਉਂਕਿ ਸਿੰਘਾਂ ਨੇ ਝੱਲ ਸਾਫ਼ ਕਰਨ ਵਾਲੇ ਬੇਲਦਾਰਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਫੇਰ ਏਸ ਕੰਮ ਵਾਸਤੇ ਕੋਈ ਅਗ੍ਹਾਂ ਨਾ ਹੋਵੇ। ਲਖਪਤ ਨੇ ਝੱਲਾਂ ਨੂੰ ਅੱਗ ਲੁਆ ਦਿੱਤੀ। ਨਾਲ ਹੀ ਇਹ ਢੰਡੋਰਾ ਪਿਟਵਾਇਆ, ਕਿ ਸਿੱਖ ਦਾ ਸਿਰ ਲਿਆਉਣ ਵਾਲੇ ਨੂੰ ਪੰਜ ਰੁਪੈ* ਇਨਾਮ ਦਿੱਤਾ ਜਾਵੇਗਾ। ਇਹ ਗੱਲ ਸੁਣ ਕੇ ਵੈਰੀ ਸਿੰਘਾਂ ਦੀ ਕਤਲਾਮ ਵਿਚ ਤੇਜ਼ ਹੋ ਗਏ।

**ਸੁੱਖਾ ਸਿੰਘ ਦਾ ਹੱਲਾ**

ਸ. ਸੁੱਖਾ ਸਿੰਘ ਮਾੜੀ ਕੰਬੋਕੀ ਵਾਲੇ ਨੇ ਕਿਹਾ, : "ਸਿੰਘੋ ! ਕਿਉਂ ਜਾਨ ਲੁਕਾਉਂਦੇ ਫਿਰਦੇ ਓ ? ਹੁਣ ਏਸ ਤਰ੍ਹਾਂ ਲੁਕ-ਲੁਕ ਕੇ ਮਰਨ ਨਾਲੋਂ ਸਿਧੇ ਹੋ ਕੇ ਵੈਰੀ ਨਾਲ ਲੜ ਕੇ ਮਰੋ। ਆਓ ਮੇਰੇ ਮਗਰ ਆਓ, ਜਿਸਨੇ ਮਰਦਾਂ ਵਾਂਗ ਲਖਪਤ ਨਾਲ ਲੜਨਾ ਹੈ।" ਇਹ ਲਲਕਾਰਾ ਸੁਣ ਕੇ 'ਸਤਿ ਸ੍ਰੀ ਅਕਾਲ' ਤੇ 'ਰਾਜ ਕਰੇਗਾ ਖ਼ਾਲਸਾ' ਦੇ ਜੈਕਾਰੇ ਛੱਡਦੇ ਹੋਏ ਸਿੰਘ ਵੈਰੀ ਉੱਤੇ ਟੁੱਟ ਪਏ। ਬੜੀ ਘਮਸਾਣ ਦੀ ਲੜਾਈ ਹੋਈ। ਲਖਪਤ ਜ਼ੰਬੂਰਿਆਂ ਦੇ ਵਿਚਕਾਰ ਲਾਲ ਅੰਬਾਰੀ ਵਾਲੇ ਹਾਥੀ ਉੱਤੇ ਬੈਠਾ ਸੀ। ਸ. ਸੁੱਖਾ ਸਿੰਘ ਨੇ ਸੂਹ ਕੱਢ ਕੇ ਲਖਪਤ ਉੱਤੇ ਹੱਲਾ ਕੀਤਾ। ਸਿੰਘ ਨੂੰ ਆਉਂਦਾ ਵੇਖ ਕੇ ਲਖਪਤ ਹਾਥੀ ਤੋਂ ਘੋੜੇ 'ਤੇ ਹੋ ਬੈਠਾ ਤੇ ਨੱਸਣ ਦੀ ਸੋਚਣ ਲੱਗਾ। ਐਨ ਉਸ ਵੇਲੇ ਜ਼ੰਬੂਰੇ ਦਾ ਇਕ ਗੋਲਾ ਸ. ਸੁੱਖਾ ਸਿੰਘ ਦੀ ਲੱਤ 'ਤੇ ਆ ਵੱਜਾ ਤੇ ਪੱਟ ਤੋਂ ਲੱਤ ਟੁੱਟ ਗਈ। ਸਿੰਘ ਨੇ ਪੱਗ ਪਾੜ ਕੇ ਲੱਤ ਹੰਨੇ ਨਾਲ ਬੰਨ੍ਹ ਲਈ ਤੇ ਫੇਰ ਲੜਨ ਲੱਗਾ, ਪਰ ਉਹ ਆਪਣੇ ਨਸ਼ਾਨੇ 'ਤੇ ਨਾ ਪਹੁੰਚ ਸਕਿਆ। ਲਖਪਤ ਦੀ ਮਦਦ ਵਾਸਤੇ ਉਸਦਾ ਪੁੱਤਰ ਹਰਭਜ ਰਾਏ ਤੇ ਯਾਹੀਯਾ ਖ਼ਾਂ ਦਾ ਪੁੱਤਰ ਨਾਹਰ ਖ਼ਾਂ ਆਦਿ ਕਈ ਜਰਨੈਲ ਆ ਗਏ। ਸ. ਸੁੱਖਾ ਸਿੰਘ ਦੀ ਮਦਦ ਵਾਸਤੇ ਸ. ਜੱਸਾ ਸਿੰਘ

---

*ਓਦੋਂ ਕਣਕ ਦਾ ਭਾੱ ਚਾਰ ਆਨੇ ਤੋਂ ਛੇ ਆਨੇ ਮਣ ਸੀ।

ਲਖਪਤ ਦਾ ਪੁੱਤਰ ਤੇ ਯਾਹੀਯਾ ਖ਼ਾਂ ਦਾ ਪੁੱਤਰ ਮਾਰੇ ਗਏ

ਤੇ ਹੋਰ ਕਈ ਸਰਦਾਰ ਆ ਗਏ। ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਇਸ ਵਿਚ ਸਿੱਖਾਂ ਨਾਲੋਂ ਲਖਪਤ ਦਾ ਕਈ ਗੁਣਾ ਵਧੇਰੇ ਨੁਕਸਾਨ ਹੋਇਆ। ਉਸਦਾ ਪੁੱਤਰ ਹਰਭਜ ਰਾਏ, ਸੂਬੇਦਾਰ ਯਾਹੀਯਾ ਖ਼ਾਂ ਦਾ ਪੁੱਤਰ ਨਾਹਰ ਖ਼ਾਂ, ਕਰਮ ਬਖ਼ਸ਼ ਫ਼ੌਜਦਾਰ ਰਸੂਲ ਨਗਰੀਆ ਤੇ ਮਖ਼ਮੂਰ ਖ਼ਾਂ ਆਦਿ ਕਈ ਸੂਰਮੇ ਸਿੰਘਾਂ ਹੱਥੋਂ ਮਾਰੇ ਗਏ*। ਸਾਰਿਆਂ ਸਿੰਘਾਂ ਨੇ ਜੋਸ਼ ਨਾਲ ਫੇਰ ਹੱਲਾ ਬੋਲਿਆ ਤੇ ਵੈਰੀ ਨੂੰ ਚੀਰ ਕੇ ਅੱਗੇ ਨਿਕਲ ਗਏ। ਇਹ ਘਟਨਾ ਦੋ ਜੇਠ ੧੮੦੩ ਬਿ. ਦੀ ਹੈ। ਸਿੰਘਾਂ ਨੂੰ ਪੰਜੇ 'ਚੋਂ ਨਿਕਲ ਗਏ ਵੇਖ ਕੇ ਵੈਰੀ ਬੇ-ਹੌਂਸਲਾ ਹੋ ਗਏ। ਥੋੜ੍ਹੀ ਦੂਰ ਜਾ ਕੇ ਸਿੰਘਾਂ ਵੀ ਜੰਗਲ ਦੇ ਆਸਰੇ ਡੇਰੇ ਲਾ ਦਿੱਤੇ। ਰਾਤ ਨੂੰ ਸੁੱਖਾ ਸਿੰਘ ਤੇ ਜੱਸਾ ਸਿੰਘ ਨੇ ਸਿੰਘਾਂ ਨੂੰ ਕਿਹਾ, "ਬਹਾਦਰੋ ! ਅਸੀਂ ਵੈਰੀ ਦੇ ਘੇਰੇ ਵਿਚੋਂ ਨਿਕਲ ਆਏ ਆਂ, ਪਰ ਭਲਕ ਨੂੰ ਉਹ ਫੇਰ ਸਾਡਾ ਪਿੱਛਾ ਕਰੇਗਾ। ਸਾਡਾ ਪੰਧ ਅਜੇ ਦੁਰੇਡਾ ਹੈ। ਉਸ ਪੰਧ ਵਾਸਤੇ ਸਾਨੂੰ ਘੋੜਿਆਂ, ਹਥਿਆਰਾਂ ਤੇ ਹੋਰ ਵਰਤੋਂ ਦੀਆਂ ਚੀਜ਼ਾਂ ਦੀ ਲੋੜ ਹੈ। ਸੋਚੋ, ਉਹ ਸਾਨੂੰ ਕਿੱਥੋਂ ਮਿਲ ਸਕਦੀਆਂ ਹਨ ? ਬੱਸ, ਉਸੇ ਪੰਥ ਦੇ ਵੈਰੀ ਲੱਖੂ ਕੋਲੋਂ। ਸਾਨੂੰ ਨੱਸ ਗਏ ਸਮਝ ਕੇ ਵੈਰੀ ਬੇਫ਼ਿਕਰੀ ਨਾਲ ਸੁੱਤਾ ਪਿਆ ਹੈ। ਇਹ ਵੇਲਾ ਹੈ ਸਾਡੀ ਸਫਲਤਾ ਦਾ। ਸੁੱਤੇ ਪਏ ਵੈਰੀ ਉੱਤੇ ਹੱਲਾ ਕਰੋ ਤੇ ਮਨ ਭਾਉਂਦਾ ਸਾਮਾਨ ਲੈ ਆਓ।"

ਸਿੰਘ ਘੇਰੇ ਵਿਚੋਂ ਨਿਕਲ ਗਏ

ਉਹਨਾਂ ਮਰਦਾਂ ਦਾ ਹੌਂਸਲਾ ਵੇਖੋ। ਅਖੇ ਤਾਂ ਵੈਰੀ ਦੇ ਘੇਰੇ ਵਿਚੋਂ ਨਿਕਲਣ ਦਾ ਰਾਹ ਕੋਈ ਨਹੀਂ ਲੱਭਦਾ, ਤੇ ਜੇ ਮਰ-ਮਰਾਕੇ ਬਾਹਰ ਨਿਕਲੇ ਹੀ ਹਨ, ਤਾਂ ਭੌਂ ਕੇ ਵੈਰੀ ਉੱਤੇ ਚੋਟ ਕਰਨ ਦੀ ਧਾਰ ਲਈ ਹੈ। ਗੁਰਮਤਾ ਪੱਕਾ ਹੋ ਗਿਆ। ਸੁੱਤੇ ਪਏ ਵੈਰੀ ਉੱਤੇ ਸਿੰਘਾਂ ਨੇ ਹੱਲਾ ਬੋਲ ਦਿੱਤਾ। ਜਿਹੜੇ ਕਾਬੂ ਆਏ ਤਲਵਾਰ ਦੀ ਧਾਰ ਲੰਘਾਏ ਤੇ ਜੋ ਕੁਛ ਹੱਥ ਲੱਗਾ, ਸਮੇਟ ਕੇ ਚਲਦੇ ਬਣੇ। ਵੈਰੀ ਦੀਆਂ ਫ਼ੌਜਾਂ ਤਿਆਰ ਹੋਣ ਤੋਂ ਪਹਿਲਾਂ ਹੀ ਖ਼ਾਲਸਾ ਫੇਰ ਝੱਲ ਵਿਚ ਛਪਨ ਹੋ ਗਿਆ।

ਸਿੰਘਾਂ ਰਾਤ ਛਾਪਾ ਮਾਰਿਆ

---

*ਡਾ. ਗੰਡਾ ਸਿੰਘ, ਸਿੱਖ ਇਤਿਹਾਸ ਬਾਰੇ, ਪੰਨਾ ੯੦।

ਇਸ ਘਟਨਾ ਨੇ ਲਖਪਤ ਦੇ ਅੰਦਰ ਨਵੇਂ ਸਿਰਿਓਂ ਅੱਗ ਲਾ ਦਿੱਤੀ। ਭਰਾ ਦਾ ਸੱਲ ਅਜੇ ਆਠਰਿਆ ਨਹੀਂ ਸੀ, ਕਿ ਨਵਾਂ ਪੁੱਤਰ ਦਾ ਸੱਲ ਸੀਨੇ ਪੈ ਗਿਆ। ਫੇਰ ਸਿੱਖਾਂ ਦੀ ਇਹ ਦਲੇਰੀ, ਕਿ ਉਹ ਹਾਰ ਕੇ ਨੱਸੇ ਹੋਏ ਭੌਂ ਕੇ ਸ਼ਾਹੀ ਫ਼ੌਜ ਉੱਤੇ ਛਾਪਾ ਮਾਰਨ। ਲਖਪਤ ਨੇ ਮੁਲਖਈਆ ਕੱਠਾ ਕਰਕੇ ਢੋਲ ਵਜਾ ਕੇ ਝੱਲ ਵਿਚੋਂ ਸ਼ਿਕਾਰ ਵਾਂਗ ਸਿੱਖਾਂ ਨੂੰ ਭਾਲਣ 'ਤੇ ਲਾ ਦਿੱਤਾ। ਸਿੰਘਾਂ ਆਪਣਾ ਵਾਰ ਕਰਕੇ ਹਰਨ ਹੋਣ ਦੀ ਕੀਤੀ।

ਸਿੰਘ ਰਾਵੀ ਲੰਘੇ

ਉਹ ਰਾਵੀ ਦੇ ਸੱਜੇ ਕੰਢੇ ਲਾਹੌਰ ਨੂੰ ਆ ਰਹੇ ਸਨ। ਲਖਪਤ ਵੀ ਪਿੱਛਾ ਦਬਾਈ ਮਗਰੇ ਆ ਰਿਹਾ ਸੀ। ਸਿੰਘਾਂ ਨੇ ਰਾਵੀਓਂ ਪਾਰ ਹੋਣ ਦੀ ਠਾਣੀ। ਉਹ ਦੋਪਹਿਰ ਵੇਲੇ ਰਾਵੀ ਦੇ ਕੰਢੇ ਆ ਅਪੜੇ। ਦੱਭ ਤੇ ਕਾਨਿਆਂ ਦੇ ਤੁਲੇ ਬਣਾ ਕੇ ਸਿੰਘ ਰਾਵੀਓਂ ਪਾਰ ਹੋਏ। ਘੋੜ ਸਵਾਰ ਤਦ ਤਕ ਦਰਿਆ ਟੱਪ ਕੇ ਖੱਬੇ ਪਾਸੇ ਖਲੇ ਰਹੇ, ਜਦ ਤਕ ਸਾਰਾ ਜੱਥਾ ਪਾਰ ਨਾ ਲੰਘ ਆਇਆ। ਅਗਲੇ ਪਾਸੇ ਤਿੰਨ ਮੀਲ ਤਕ ਬਰੇਤੀ ਸੀ। ਅੱਗ ਵਾਂਗ ਤਪੀ ਹੋਈ ਰੇਤ, ਤੇ ਪੈਦਲਾਂ ਵਿਚੋਂ ਬਹੁਤਿਆਂ ਦੇ ਪੈਰ ਨੰਗੇ। ਸਵਾਰ ਤਾਂ ਬਰੇੜਾ ਸੌਖੇ ਹੀ ਲੰਘ ਗਏ, ਪਰ ਪੈਦਲਾਂ ਦੇ ਭਾਅ ਦੀ ਬੁਰੀ ਬਣੀ। ਪੈਰੀਂ ਛਾਲੇ ਪੈ ਗਏ। ਉਹ ਤਨ ਦੇ ਕਪੜੇ ਪਾੜ ਕੇ, ਪੈਰਾਂ ਤੇ ਬੰਨ੍ਹ ਕੇ ਉਸ ਮੁਸੀਬਤ ਚੋਂ ਨਿਕਲੇ।

ਰਾਮੇ ਰੰਧਾਵੇ ਨਾਲ ਟਾਕਰਾ

ਅੱਗੇ ਰਾਮੇ ਰੰਧਾਵੇ ਦਾ ਇਲਾਕਾ ਸੀ। ਉਹ ਆਪਣੀਆਂ ਧਾੜਾਂ ਲਈ ਸਿੰਘਾਂ ਦਾ ਰਾਹ ਰੋਕੀ ਖਲਾ ਸੀ। ਜਿਹੜੇ ਲਖਪਤ ਦੀਆਂ ਸ਼ਾਹੀ ਫ਼ੌਜਾਂ ਦੇ ਘੇਰੇ ਵਿਚੋਂ ਨਿਕਲ ਆਏ ਸਨ, ਉਹ ਰਾਮੇ ਦੀਆਂ ਵਾਹਰਾਂ ਦੇ ਰੋਕੇ ਕਦ ਰਹਿ ਸਕਦੇ ਸਨ।

ਸਿੰਘ ਬਿਆਸੋਂ ਪਾਰ ਹੋਏ

ਦੋ-ਦੋ ਹੱਥ ਕਰ ਕੇ ਸਿੰਘ ਸ੍ਰੀ ਹਰਿਗੋਬਿੰਦਪੁਰ ਦੇ ਪੱਤਣ 'ਤੇ ਜਾ ਪੁੱਜੇ। ਏਥੋਂ ਬਿਆਸ ਟੱਪ ਕੇ ਉਹਨਾਂ ਦੁਆਬੇ ਵਿਚ ਜਾ ਦਿਹਾੜੀ ਕੱਟੀ। ਓਥੇ ਅੱਗੇ ਅਦੀਨਾ ਬੇਗ† ਫ਼ੌਜਾਂ ਲੈ ਕੇ ਚੜ੍ਹ ਆਇਆ।

ਸਿੰਘ ਮਾਲਵੇ ਜਾ ਪੁੱਜੇ

ਓਥੇ ਵੀ ਸਿੰਘਾਂ ਨੂੰ ਟਿਕਣਾ ਔਖਾ ਹੋ ਗਿਆ। ਉਹ ਓਥੋਂ ਵਾਹੋ ਦਾਹੀ ਚੱਲੇ ਤੇ ਅਲੀਵਾਲ ਦੇ ਪੱਤਣੋਂ ਲੰਘਕੇ ਮਾਲਵੇ ਵਿਚ ਜਾ ਪੁੱਜੇ। ਸ: ਜੱਸਾ ਸਿੰਘ ਕੋਟ ਕਪੂਰੇ, ਸ: ਹਰੀ ਸਿੰਘ ਦਿਆਲਪੁਰੇ, ਸ: ਨੌਧ ਸਿੰਘ ਪਥਰਾਲੇ ਤੇ ਬਾਬਾ ਦੀਪ ਸਿੰਘ ਨੇ ਲੱਖੀ ਜੰਗਲ ਵਿਚ ਜਾ

---

†ਗੁਪਤਾ, ਸਿੱਖ ਇਤਿਹਾਸ, ਹਿੱਸਾ ਪਹਿਲਾ, ਪੰਨਾ ੩੦।

ਡੇਰੇ ਲਾਏ। ਸ: ਸੁੱਖਾ ਸਿੰਘ ਦਾ ਜੱਥਾ ਜੈਤੋ ਜਾ ਉਤਰਿਆ। ਉਥੇ ਉਸਨੇ ਲੱਤ ਖੋਲ੍ਹੀ ਤੇ ਫੱਟਬੰਨ੍ਹ ਤੋਂ ਬਨ੍ਹਾਈ। ਪੰਜ ਛੇ ਮਹੀਨੇ ਉਹ ਏਸੇ ਤਕਲੀਫ ਨਾਲ ਮੰਜੇ 'ਤੇ ਪਿਆ ਰਿਹਾ। ਲੱਤ ਠੀਕ ਹੋ ਗਈ, ਤਾਂ ਉਹ ਸੂਰਮਾ ਫੇਰ ਪਹਿਲਾਂ ਵਾਂਗ ਹੀ ਮੁਹਿੰਮਾਂ ਮਾਰਨ ਲੱਗਾ।

ਜਿਹੜੇ ਸਿੰਘ ਪਹਾੜਾਂ 'ਤੇ ਚੜ੍ਹ ਗਏ ਸਨ, ਉਹਨਾਂ ਵੀ ਬੜੀ ਔਖਿਆਈ ਝੱਲੀ। ਪਹਾੜੀਏ ਉਹਨਾਂ ਦੇ ਵੈਰੀ ਬਣ ਗਏ। ਜੇ ਉਹ ਇਕ ਥਾਂ ਤੋਂ ਰਾਤ ਬਰਾਤੇ ਨੱਸਕੇ ਦੂਜੇ ਥਾਂ ਜਾਂਦੇ, ਤਾਂ ਉਹੋ ਜਿਹਾ ਹੀ ਸਲੂਕ ਅੱਗੇ ਹੁੰਦਾ। ਉਹਨਾਂ ਨੂੰ ਮੁੱਲ ਨੂੰ ਵੀ ਕੋਈ ਚੀਜ਼ ਨਾ ਦੇਂਦਾ। ਬੜੀਆਂ ਔਕੜਾਂ ਕੱਟਦੇ ਉਹ ਮੰਡੀ ਤੇ ਕੁੱਲੂ ਵਿਚਦੀ ਪਹਾੜੋ-ਪਹਾੜੀ ਚੱਲਦੇ ਹੋਏ ਪੰਜ ਛੇ ਮਹੀਨੇ ਪਿੱਛੋਂ ਕੀਰਤਪੁਰ ਜਾ ਪੁੱਜੇ। ਛੇ ਮਹੀਨੇ ਪਿੱਛੋਂ ਸਿੰਘ ਚਿੱਠੀਆਂ ਪਾ ਕੇ ਤੇ ਸੁਨੇਹੇ ਘੱਲ ਕੇ ਕੱਠੇ ਹੋਏ।

**ਪਹਾੜਾਂ ਵਾਲੇ ਸਿੰਘ ਕੀਰਤਪੁਰ ਜਾ ਪੁੱਜੇ**

**ਫੜੇ ਹੋਏ ਸਿੰਘ ਲਾਹੌਰ ਵਿਚ ਕਤਲ**

ਜਿਹੜੇ ਬਸੋਹਲੀ ਆਦਿ ਥਾਂਵਾਂ ਦੇ ਪਹਾੜੀਆਂ ਨੇ ਕੈਦ ਕਰ ਕੇ ਸਿੰਘ ਫੜਾਏ ਤੇ ਜਿਹੜੇ ਲਖਪਤ ਦੀ ਫ਼ੌਜ ਨੇ ਕੁਛ ਫੜੇ, ਸਾਰੇ ਲਾਹੌਰ ਲਿਆ ਕੇ ਬੁਰੇ ਤਸੀਹੇ ਦੇ ਕੇ ਕਤਲ ਕੀਤੇ ਗਏ। ਲਾਹੌਰ ਦੇ ਦਰਵਾਜ਼ਿਆਂ ਉਤੇ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਉਸਾਰੇ ਗਏ।

ਮਾਰਚ ਦੇ ਅਖੀਰ ਜਾਂ ਅਪ੍ਰੈਲ ਦੇ ਆਰੰਭ ਵਿਚ ਲਖਪਤ ਨੇ ਸਿੰਘਾਂ ਉਤੇ ਚੜ੍ਹਾਈ ਕੀਤੀ ਤੇ ਜੂਨ (੧੭੪੬*) ਦੇ ਅਖ਼ੀਰ ਵਿਚ ਵਾਪਸ ਮੁੜਿਆ। ਇਹਨਾਂ ਢਾਈ ਮਹੀਨਿਆਂ ਵਿਚ ਹਜ਼ਾਰਾਂ ਸਿੰਘ ਕਤਲ ਹੋਏ। ਸਿੱਖ ਇਤਿਹਾਸ ਵਿਚ ਇਸ ਨੂੰ ਛੋਟਾ ਘਲੂਘਾਰਾ ਕਹਿੰਦੇ ਹਨ†।

---

*ਭੰਗੂ, ਪੰਨਾ ੨੦੮, ਸੰਮਤ ਬਿ. ੧੮੦੩; =੧੭੪੬ ਈ.।

†ਡਾ. ਗੰਡਾ ਸਿੰਘ, ਸਿੱਖ ਇਤਿਹਾਸ ਬਾਰੇ, ਪੰਨਾ ੯੩, ਦਸ-ਬਾਰਾਂ ਹਜ਼ਾਰ ਸਿੰਘ ਸ਼ਹੀਦ ਹੋਏ। ਪਰ ਭਾਈ ਰਤਨ ਸਿੰਘ ਜੀ ਭੰਗੂ (ਜਿੰਨ੍ਹਾਂ ਦੇ ਪਿਤਾ ਸ: ਰਾਏ ਸਿੰਘ ਏਸ ਘਲੂਘਾਰੇ ਵਿਚ ਸ: ਸੁੱਖਾ ਸਿੰਘ ਦੇ ਜੱਥੇ ਨਾਲ ਸੀ) ਲਿਖਦੇ ਹਨ :—

"ਕੋਊ ਕਹੈ ਮੋਏ ਚਾਲੀ ਹਜ਼ਾਰ। ਕੋਊ ਕਹੈ ਸਿੰਘ ਬਹੁ ਭਏ ਮਾਰ।
ਕੋਊ ਕਹੈ ਸਿੰਘ ਚਾਲੀ (ਹਜ਼ਾਰ) ਸਾਰੇ।
ਤਿਨ ਮੈਂ ਬਚੇ ਛੇ-ਸੱਤ ਕੁ (ਹਜ਼ਾਰ) ਸਾਰੇ।
ਕੋਊ ਕਹੈ ਦਲ ਆਹੇ ਪਚਾਸ। (ਹਜ਼ਾਰ)
ਤਿਨ ਮੈਂ ਭਇਓ ਚਾਲੀ (ਹਜ਼ਾਰ) ਕੋ ਨਾਸ।

ਭਾਵ, ਤੀਹ-ਚਾਲੀ ਹਜ਼ਾਰ ਮਾਰੇ ਗਏ। ਭੰਗੂ, ਪੰਨਾ ੩੦੮

ਕੁਦਰਤ ਨੂੰ ਇਹ ਭਾਉਂਦਾ ਸੀ, ਕਿ ਸਿੱਖਾਂ ਨੂੰ ਸਿਰ ਉਠਾਉਣ ਦਾ ਸਮਾਂ ਮਿਲੇ। ਸੋ ਉਹਨੇ ਖ਼ਾਨ ਬਹਾਦਰ ਦੇ ਪੁੱਤਰਾਂ ਵਿਚ ਫੁੱਟ ਪਾ ਦਿੱਤੀ। ਸ਼ਾਹ ਨਿਵਾਜ਼ ਖ਼ਾਂ—ਸਣੇ ਫ਼ੌਜ—੨੧ ਨਵੰਬਰ, ੧੭੪੬ ਈ. ਨੂੰ ਸ਼ਾਲਾਮਾਰ ਬਾਗ਼ ਆ ਉਤਰਿਆ। ਅਦੀਨਾ ਬੇਗ, ਕੌੜਾ ਮੱਲ ਤੇ ਹਸ਼ਮਤੁੱਲਾ ਖ਼ਾਂ ਵੀ ਉਸ ਨਾਲ ਆ ਮਿਲੇ। ਉਹਨਾਂ ਦੀਵਾਨ ਸੂਰਤ ਸਿੰਘ ਨੂੰ ਯਾਹੀਯਾ ਖ਼ਾਂ ਕੋਲ ਭੇਜਿਆ, ਕਿ ਖ਼ਾਨ ਬਹਾਦਰ ਦੀ ਜਾਇਦਾਦ ਵਿਚੋਂ ਪੂਰਾ ਹਿੱਸਾ ਵੰਡ ਕੇ ਦੇਵੇ। ਯਾਹੀਯਾ ਖ਼ਾਂ ਨੂੰ ਵੀ ਆਪਣੀ ਤਾਕਤ ਉੱਤੇ ਮਾਣ ਸੀ। ਸੋ, ਉਹ ਅੱਗੋਂ ਲੜਾਈ ਵਾਸਤੇ ਤਿਆਰ ਹੋ ਪਿਆ। ਉਹ ਸਣੇ ਆਪਣੇ ਮਾਤਹਿਤਾਂ—ਮੋਮਨ ਖ਼ਾਂ, ਲਖਪਤ ਰਾਏ, ਮੀਰ ਨਿਆਮਤ ਖ਼ਾਂ ਤੇ ਮੀਰ ਅਮੀਨ ਬੇਗ—ਮੈਦਾਨ ਵਿਚ ਆ ਗਿਆ। ਦੋਹਾਂ ਭਰਾਵਾਂ ਵਿਚ ਚੰਗੀ ਤਲਵਾਰ ਖੜਕੀ। ਅਜੇ ਦੋਹਾਂ ਵਿਚੋਂ ਕਿਸੇ ਦੀ ਵੀ ਤਿਆਰੀ ਪੂਰੀ ਨਹੀਂ ਸੀ। ਸੋ ਯਾਹੀਯਾ ਖ਼ਾਂ ਨੇ ਸ਼ਾਹ ਨਿਵਾਜ਼ ਨੂੰ ਛੇ ਲੱਖ ਰੁਪੈ ਦੇ ਕੇ ਸੁਲ੍ਹਾ ਕਰ ਲਈ। ਸ਼ਾਹ ਨਿਵਾਜ਼ ਲਾਹੌਰ ਛੱਡ ਕੇ ਬਟਾਲੇ ਨੂੰ ਚਲਾ ਗਿਆ, ਤੇ ਓਥੇ ਯਾਹੀਯਾ ਖ਼ਾਂ ਦਾ ਬਹੁਤ ਸਾਰਾ ਇਲਾਕਾ ਮੱਲ ਲਿਆ।

**ਖ਼ਾਨ ਬਹਾਦਰ ਦੇ ਪੁੱਤਰਾਂ ਵਿਚ ਲੜਾਈ**

ਇਹ ਸੁਣਕੇ ਯਾਹੀਯਾ ਖ਼ਾਂ ਭੜਕ ਉਠਿਆ ਤੇ ਲੜਾਈ ਦੀ ਤਿਆਰੀ ਕਰਨ ਲੱਗਾ। ਪਰ ਇਸ ਤੋਂ ਪਹਿਲਾਂ ਹੀ, ਕਿ ਯਾਹੀਯਾ ਖ਼ਾਂ ਹਮਲਾ ਕਰੇ, ਸ਼ਾਹ ਨਿਵਾਜ ਫੇਰ ਲਾਹੌਰ ਆ ਗਿਆ। ੧੭ ਮਾਰਚ, ੧੭੪੭ ਈ. ਨੂੰ ਦੋਹਾਂ ਭਰਾਵਾਂ ਵਿਚ ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਏਸ ਜੰਗ ਵਿਚ ਯਾਹੀਯਾ ਖ਼ਾਂ ਹਾਰ ਗਿਆ। ਸ਼ਾਹ ਨਿਵਾਜ਼ ੨੧ ਮਾਰਚ ਨੂੰ ਲਾਹੌਰ ਵਿਚ ਵੜਿਆ ਤੇ ਓਥੋਂ ਦਾ ਸੂਬੇਦਾਰ ਬਣਿਆ। ਉਹਨੇ ਯਾਹੀਯਾ ਖ਼ਾਂ, ਦੀਵਾਨ ਲਖਪਤ ਰਾਏ ਤੇ ਮੋਮਨ ਖ਼ਾਂ ਨੂੰ ਕੈਦ ਕਰ ਲਿਆ। ਉਹਨੇ ਪੁਰਾਣੇ ਸਾਰੇ ਅਫਸਰ ਹਟਾ ਕੇ ਨਵੇਂ ਥਾਪ ਦਿੱਤੇ। ਲਖਪਤ ਦੀ ਥਾਂ ਉਹਨੇ ਆਪਣਾ ਦੀਵਾਨ ਕੌੜਾ ਮੱਲ ਨੂੰ ਬਣਾਇਆ ਤੇ ਅਦੀਨਾ ਬੇਗ ਖ਼ਾਂ ਨੂੰ ਦੁਆਬਾ ਜਲੰਧਰ ਦੀ ਫ਼ੌਜਦਾਰੀ ਦਿੱਤੀ।

**ਸ਼ਾਹ ਨਿਵਾਜ਼ ਲਾਹੌਰ ਦਾ ਸੂਬੇਦਾਰ ਤੇ ਯਾਹੀਯਾ ਖ਼ਾਂ ਕੈਦ**

ਸ਼ਾਹ ਨਿਵਾਜ਼ ਨੇ ਆਪਣੇ ਰਾਜਦੂਤ ਦਿੱਲੀ ਬਾਦਸ਼ਾਹ ਤੇ ਵਜ਼ੀਰ ਕੋਲ ਭੇਜੇ, ਕਿ ਉਸ ਨੂੰ ਕਾਨੂੰਨੀ ਤੌਰ ਉੱਤੇ ਲਾਹੌਰ ਦਾ ਸੂਬੇਦਾਰ ਮੰਨ ਲਿਆ ਜਾਵੇ। ਯਾਹੀਯਾ ਖ਼ਾਂ ਦਿੱਲੀ ਦੇ ਵਜ਼ੀਰ ਕਮਰੁੱਦੀਨ ਖ਼ਾਂ ਦਾ ਜਵਾਈ ਸੀ। ਵਜ਼ੀਰ ਨੇ ਸ਼ਾਹ ਨਿਵਾਜ਼ ਨੂੰ ਲਿਖਿਆ, ਕਿ ਪਹਿਲਾਂ ਯਾਹੀਯਾ ਖ਼ਾਂ ਨੂੰ ਰਿਹਾ ਕਰੋ, ਫੇਰ ਸੂਬੇਦਾਰੀ ਦੀ ਦਰਖ਼ਾਸਤ ਸੁਣੀ ਜਾਵੇਗੀ। ਅੱਗੋਂ ਸ਼ਾਹ

**ਸ਼ਾਹ ਨਿਵਾਜ਼ ਤੇ ਵਜ਼ੀਰ ਦਿੱਲੀ ਵਿਚ ਝਗੜਾ**

ਨਿਵਾਜ਼ ਨੇ ਲਿਖਿਆ, ਪਹਿਲਾਂ ਮੈਨੂੰ ਸੂਬੇਦਾਰੀ ਦੀ ਸਨਦ ਭੇਜੋ, ਫੇਰ ਯਾਹੀਯਾ ਖ਼ਾਂ ਨੂੰ ਰਿਹਾ ਕੀਤਾ ਜਾਵੇਗਾ। ਏਸੇ ਝਗੜੇ ਵਿਚ ਕੁਝ ਸਮਾਂ ਲੰਘ ਗਿਆ।

**ਯਾਹੀਯਾ ਖ਼ਾਂ ਕੈਦ ਵਿਚੋਂ ਨੱਸ ਗਿਆ**

ਯਾਹੀਯਾ ਖ਼ਾਂ ਦੀ ਭੂਆ—ਦਰਦਾਨਾ ਬੇਗਮ (ਜਾਨੀ ਖ਼ਾਂ ਦੇ ਘਰੋਂ)—ਉਸ ਵੇਲੇ ਲਾਹੌਰ ਵਿਚ ਹੀ ਸੀ। ਉਹਨੇ ਇਕ ਵੱਡੇ ਸਾਰੇ ਵਲਟੋਹੇ ਵਿਚ ਯਾਹੀਯਾ ਖ਼ਾਂ ਨੂੰ ਲੁਕਾ ਕੇ ਆਪਣੇ ਨੌਕਰਾਂ ਨੂੰ ਚੁਕਵਾ ਕੇ ਕੈਦ ਵਿਚੋਂ ਬਾਹਰ ਨਸਾ ਦਿੱਤਾ। ਏਸ ਗੱਲ ਦਾ ਪਤਾ ਸ਼ਾਹ ਨਿਵਾਜ਼ ਖ਼ਾਂ ਨੂੰ ਲੱਗਾ, ਤਾਂ ਉਹ ਆਪਣੀ ਭੂਆ ਨਾਲ ਬੜਾ ਨਾਰਾਜ਼ ਹੋਇਆ। ਦਰਦਾਨਾ ਬੇਗਮ ਨੇ ਅੱਗੋਂ ਉੱਤਰ ਦਿੱਤਾ, ਕਿ ਜੇ ਯਾਹੀਯਾ ਖ਼ਾਂ ਤੈਨੂੰ ਕੈਦ ਕਰ ਲੈਂਦਾ, ਤਾਂ ਮੈਂ ਤੈਨੂੰ ਵੀ ਭਰਾ ਦੀ ਕੈਦ ਵਿਚੋਂ ਛੁਡਾਉਣ ਵਾਸਤੇ ਏਹਾ ਕੁਛ ਕਰਦੀ। ਯਾਹੀਯਾ ਖ਼ਾਂ ਜੁਲਾਈ ਦੇ ਅਖ਼ੀਰ ਵਿਚ ਕੈਦ ਵਿਚੋਂ ਨੱਸਿਆ ਸੀ‡।

ਹੁਣ ਸ਼ਾਹ ਨਿਵਾਜ਼ ਬੜਾ ਡਰਿਆ। ਉਹਨੂੰ ਦਿੱਲੀ ਦੇ ਬਾਦਸ਼ਾਹ ਵੱਲੋਂ ਸੂਬੇਦਾਰੀ ਦੀ ਸਨਦ ਦੀ ਆਸ ਨਾ ਰਹੀ। ਅੰਤ ਉਹਨੇ ਅਫ਼ਗ਼ਾਨਸਤਾਨ ਦੇ ਬਾਦਸ਼ਾਹ ਦਾ ਆਸਰਾ ਲਿਆ।

**ਅਬਦਾਲੀ ਦੇ ਪਹਿਲੇ ਹਾਲ**

ਅਫ਼ਗ਼ਾਨਸਤਾਨ ਦਾ ਬਾਦਸ਼ਾਹ ਉਸ ਵੇਲੇ ਅਹਿਮਦ ਸ਼ਾਹ ਅਬਦਾਲੀ ਸੀ। ਅਹਿਮਦ ਸ਼ਾਹ ਸੱਦੋਜ਼ਈ ਘਰਾਣੇ 'ਚੋਂ ਸੀ। ਉਸ ਦਾ ਪਿਤਾ ਕਦੇ ਮੁਲਤਾਨ ਆ ਵੱਸਿਆ ਸੀ। ਏਥੇ ਹੀ ਉਹਦੇ ਘਰ ਅਹਿਮਦ ਜੰਮਿਆ ਸੀ। ਨਾਦਰ ਦੇ ਬਾਦਸ਼ਾਹ ਬਣਨ ਤੋਂ ਕੁਛ ਚਿਰ ਪਹਿਲਾਂ ਅਹਿਮਦ ਦਾ ਪਿਤਾ (ਜ਼ਮਾਨ ਖ਼ਾਂ) ਤੇ ਵੱਡਾ ਭਰਾ (ਜ਼ੁਲਫ਼ਕਾਰ ਖ਼ਾਂ) ਫਿਰ ਆਪਣੇ ਪੁਰਾਣੇ ਘਰ ਸੂਬਾ ਹਿਰਾਤ ਵਿਚ ਜਾ ਵੱਸੇ। ਨਾਦਰ ਬਾਦਸ਼ਾਹ ਬਣਿਆ, ਤਾਂ ਜ਼ਮਾਨ ਖ਼ਾਂ—ਸਣੇ ਦੋਹਾਂ ਪੁੱਤਰਾਂ ਦੇ—ਉਸ ਦੀ ਨੌਕਰੀ ਵਿਚ ਆ ਗਿਆ। ਆਪਣੀ ਕਾਬਲੀਅਤ ਦਾ ਸਦਕਾ ਜ਼ੁਲਫ਼ਕਾਰ ਖ਼ਾਂ ਤਾਂ ਹਿਰਾਤ ਦਾ ਸੂਬੇਦਾਰ ਬਣਿਆ ਤੇ ਅਹਿਮਦ ਸ਼ਾਹ ਨਾਦਰ ਦੀਆਂ ਫ਼ੌਜਾਂ ਦਾ ਪਰਧਾਨ ਸੈਨਾਪਤੀ।

---

‡ਯਾਹੀਯਾ ਖ਼ਾਂ ਲਾਹੌਰੋਂ ਨੱਸ ਕੇ ਦਿੱਲੀ ਪੁੱਜਾ। ਉਹਦੇ ਦਿਲ ਉੱਤੇ ਏਨੀ ਸੱਟ ਵੱਜੀ, ਕਿ ਉਹ ਦੁਨੀਆਂ ਤੋਂ ਉਪਰਾਮ ਹੋ ਗਿਆ। ਉਹ ਫ਼ਰਖ਼ਾਬਾਦ ਜਾ ਕੇ ਫ਼ਕੀਰ ਹੋ ਗਿਆ। ਲੋਕ ਉਹਨੂੰ ਯਾਹੀਯਾ ਸ਼ਾਹ ਦਰਵੇਸ਼ ਕਹਿੰਦੇ ਸਨ। ਅੰਤ ਉਹ ਓਥੇ ਹੀ ਮਰਿਆ ਤੇ ਦਫ਼ਨਾਇਆ ਗਿਆ। ਤਾਰੀਖ਼ ਫ਼ਰਖ਼ਾਬਾਦ, ਮੁਹੰਮਦ ਵਲੀ ਅੱਲਾਹ, ਪੰਨਾ ੨੫੭।

ਨਾਦਰ ਕਤਲ

੯ ਜੂਨ, ੧੭੪੭ ਈ. ਦੀ ਰਾਤ ਨੂੰ ਨਾਦਰ ਸ਼ਾਹ ਆਪਣੇ ਨੌਕਰਾਂ ਹੱਥੋਂ ਕਤਲ ਹੋ ਗਿਆ। ਅਹਿਮਦ ਸ਼ਾਹ ਨੇ ਨਾਦਰ ਦੇ ਖ਼ੂਨੀਆਂ ਨੂੰ ਸ਼ਕਸਤ ਦੇ ਕੇ ਅਫ਼ਗਾਨਸਤਾਨ ਦੀ ਬਾਦਸ਼ਾਹੀ ਆਪ ਸੰਭਾਲ ਲਈ। ਹੁਣ ਅਬਦਾਲੀ* ਅਹਿਮਦ ਸ਼ਾਹ 'ਸ਼ਾਹਿ ਦੁਰਾਨੀ' ਲਕਬ ਧਾਰਨ ਕਰਕੇ ਬਾਦਸ਼ਾਹ ਬਣਿਆ। ਸ਼ਾਹ ਵਲੀ ਖ਼ਾਂ ਉਸ ਦਾ ਵਜ਼ੀਰ ਤੇ ਜਹਾਨ ਖ਼ਾਂ ਪਰਧਾਨ ਸੈਨਾਪਤੀ ਬਣੇ। ਸਾਰੇ ਅਫ਼ਗਾਨਸਤਾਨ 'ਤੇ ਕਬਜ਼ਾ ਜਮਾ ਕੇ ਫਿਰ ਅਬਦਾਲੀ ਨੇ ਹਿੰਦ ਵੱਲ ਮੂੰਹ ਕੀਤਾ। ਉਸ ਨੇ ਪਿਸ਼ਾਵਰ ਉੱਤੇ ਕਬਜ਼ਾ ਕਰ ਲਿਆ ਤੇ ਓਥੋਂ ਦੇ ਪੁਰਾਣੇ ਸੂਬੇਦਾਰ ਨਾਸਰ ਖ਼ਾਂ ਨੂੰ ਓਥੋਂ ਮਾਰ ਭਜਾਇਆ।

ਅਹਿਮਦ ਸ਼ਾਹ ਬਾਦਸ਼ਾਹ ਬਣਿਆ

ਸ਼ਾਹ ਨਿਵਾਜ਼ ਨੇ ਅਬਦਾਲੀ ਨੂੰ ਸੱਦਿਆ

ਅਦੀਨਾ ਬੇਗ ਦੀ ਸਲਾਹ ਨਾਲ ਸ਼ਾਹ ਨਿਵਾਜ਼ ਨੇ ਅਹਿਮਦ ਸ਼ਾਹ ਅਬਦਾਲੀ ਕੋਲੋਂ ਮਦਦ ਮੰਗੀ, ਤੇ ਸੂਬਾ ਮੁਲਤਾਨ, ਲਾਹੌਰ ਤੇ ਕਸ਼ਮੀਰ ਉੱਤੇ ਕਬਜ਼ਾ ਕਰਨ ਦੀ ਉਸ ਪਾਸ ਬੇਨਤੀ ਕੀਤੀ। ਉਹਨੇ ਲਿਖਿਆ, ਕਿ ਬਾਦਸ਼ਾਹੀ ਅਹਿਮਦ ਸ਼ਾਹ ਦੀ ਹੋਵੇਗੀ ਤੇ ਵਜ਼ੀਰੀ ਸ਼ਾਹ ਨਿਵਾਜ਼ ਦੀ†।

ਅਦੀਨਾ ਬੇਗ ਨੇ ਏਧਰ ਤਾਂ ਸ਼ਾਹ ਨਿਵਾਜ਼ ਨੂੰ ਇਹ ਪੱਟੀ ਪੜ੍ਹਾਈ ਤੇ ਓਧਰ ਦਿੱਲੀ ਦੇ ਵਜ਼ੀਰ ਕਮਰੁੱਦੀਨ ਨੂੰ ਲਿਖ ਭੇਜਿਆ, ਕਿ ਸ਼ਾਹ ਨਿਵਾਜ਼ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਬੁਲਾ ਲਿਆ ਹੈ। ਵਜ਼ੀਰ, ਸ਼ਾਹ ਨਿਵਾਜ਼ ਦਾ ਮਾਮਾ ਸੀ। ਉਹਨੇ ਬੜੇ ਪ੍ਰੇਮ ਨਾਲ ਰਿਸ਼ਤੇਦਾਰੀ ਦਾ ਵਾਸਤਾ ਪਾ ਕੇ ਸ਼ਾਹ ਨਿਵਾਜ਼ ਨੂੰ ਲਿਖਿਆ, "ਜੱਦ ਨੂੰ ਲੀਕ ਨਾ ਲਾ। ਦਿੱਲੀ ਦੇ ਬਾਦਸ਼ਾਹ ਨਾਲ ਗ਼ੱਦਾਰੀ ਕਰਨ ਦੀ ਥਾਂ, ਲੁਟੇਰੇ ਅਬਦਾਲੀ ਦਾ ਟਾਕਰਾ ਕਰ। ਏਸ ਤਰ੍ਹਾਂ ਸੂਬਾ ਲਾਹੌਰ, ਮੁਲਤਾਨ, ਕਸ਼ਮੀਰ ਤੇ ਕਾਬਲ ਤੇਰੇ ਹੱਥ ਵਿਚ ਹੋਣਗੇ। ਤੇਰਾ ਮਾਮਾ ਇਸ ਨੇਕ ਕੰਮ ਵਿਚ ਜ਼ਰੂਰ ਤੇਰੀ ਮਦਦ ਕਰੇਗਾ।" ਇਹ ਚਿੱਠੀ ਪੜ੍ਹ ਕੇ ਸ਼ਾਹ ਨਿਵਾਜ਼ ਅਬਦਾਲੀ ਨਾਲੋਂ ਟੁੱਟ ਕੇ ਦਿੱਲੀ ਦੇ ਬਾਦਸ਼ਾਹ ਨਾਲ ਗੰਢਿਆ ਗਿਆ।

ਵਜ਼ੀਰ ਦੀ ਸ਼ਾਹ ਨਿਵਾਜ਼ ਨੂੰ ਚਿੱਠੀ

ਨਿਵਾਜ਼ ਅਬਦਾਲੀ ਦਾ ਵਿਰੋਧੀ ਬਣ ਗਿਆ

---

*ਅਬਦਾਲੀ ਅਹਿਮਦ ਸ਼ਾਹ ਦੇ ਘਰਾਣੇ ਦੀ ਪੁਰਾਣੀ ਅੱਲ ਸੀ। ਉਸਦੇ ਲਕਬ 'ਦੁਰਾਨੀ' ਤੋਂ ਫੇਰ ਲੋਕੀਂ ਉਸ ਘਰਾਣੇ ਨੂੰ ਦੁਰਾਨੀ ਆਖਣ ਲੱਗ ਪਏ।

†ਮਸਕੀਨ (ਤਜ਼ਕਰਾ-ਇ-ਤਹਿਮਾਸਪ ਖ਼ਾਂ ਮਸਕੀਨ), ਪੰਨਾ ੪੦; ਅਲੀਉੱਦੀਨ (ਇਬਰਤਨਾਮਾ), ਪੰਨਾ ੧੦੬।

ਅਬਦਾਲੀ ਦਿੱਲੀ ਸਰਕਾਰ ਦੀ ਕਮਜ਼ੋਰੀ ਤੋਂ ਚੰਗੀ ਤਰ੍ਹਾਂ ਜਾਣੂ ਸੀ। ਨਾਦਰ ਦੇ ਹਮਲੇ ਵੇਲੇ ਉਹ ਉਸ ਦੇ ਨਾਲ ਦਿੱਲੀ ਆਇਆ ਸੀ। ਸ਼ਾਹ ਨਿਵਾਜ਼ ਦਾ ਬੁਲਾਵਾ ਮੰਨਕੇ ਉਹ ਹਿੰਦ ਉੱਤੇ ਹਮਲਾ ਕਰਨ ਵਾਸਤੇ ਤਿਆਰ ਹੋ ਪਿਆ। ਉਹ ਅੱਧ ਦਸੰਬਰ, ੧੭੪੭ ਈ. ਨੂੰ ਪਿਸ਼ਾਵਰ ਤੋਂ ਤੁਰ ਪਿਆ, ਅਟਕ ਪਹੁੰਚਕੇ ਉਹਨੇ ਆਪਣਾ ਰਾਜਦੂਤ—ਗੁੱਰਾ ਖ਼ਾਂ—ਲਾਹੌਰ ਭੇਜਿਆ। ਸ਼ਾਹ ਨਿਵਾਜ਼ ਨੇ ਅੱਗੋਂ ਉਹਦੀ ਗੱਲ ਤੱਕ ਨਾ ਸੁਣੀ, ਕਿਉਂਕਿ ਉਹਦੇ ਉਤੇ ਦਿੱਲੀ ਦੇ ਵਜ਼ੀਰ ਦਾ ਜਾਦੂ ਚੱਲ ਗਿਆ ਹੋਇਆ ਸੀ। ਗੁੱਰਾ ਖ਼ਾਂ ਵਾਪਸ ਰੁਹਤਾਸ ਜਾ ਕੇ ਅਬਦਾਲੀ ਨੂੰ ਮਿਲਿਆ।

**ਅਬਦਾਲੀ ਦਾ ਹਿੰਦ ਉਤੇ ਪਹਿਲਾ ਹਮਲਾ**

**ਸਾਬਰ ਸ਼ਾਹ ਕਤਲ**

ਅਬਦਾਲੀ ਨੇ ਫੇਰ ਆਪਣੇ ਮੁਰਸ਼ਦ ਸੱਯਦ ਸਾਬਰ ਸ਼ਾਹ ਨੂੰ ਲਾਹੌਰ ਭੇਜਿਆ। ਸ਼ਾਹ ਨਿਵਾਜ਼ ਨੇ ਸੜਦਾ ਬਲਦਾ ਸਿੱਕਾ ਢਾਲ ਕੇ ਸਾਬਰ ਸ਼ਾਹ ਦੇ ਮੂੰਹ ਵਿਚ ਪਾ ਕੇ ਮਾਰ ਦਿੱਤਾ*। ਇਹ ਖ਼ਬਰ ਸੁਣਕੇ ਅਬਦਾਲੀ ਕ੍ਰੋਧ ਦਾ ਭਰਿਆ ਛੇਤੀ-ਛੇਤੀ ਪੰਧ ਮੁਕਾਉਂਦਾ ਹੋਇਆ ੯ ਜਨਵਰੀ, ੧੭੪੮ ਈ. ਨੂੰ ਰਾਵੀ ਕੰਢੇ ਆ ਪੁੱਜਾ ਤੇ ੧੦ ਜਨਵਰੀ ਨੂੰ ਰਾਵੀ ਕੰਢੇ ਸ਼ਾਹਦਰੇ ਆ ਬੈਠਾ। ਉਸ ਕੋਲ ਕੇਵਲ ਅਠਾਰਾਂ ਹਜ਼ਾਰ ਫ਼ੌਜ ਸੀ, ਤੇ ਤੋਪਖ਼ਾਨਾ ਕੋਈ ਨਹੀਂ ਸੀ।

**ਨਿਵਾਜ਼ ਤੇ ਅਬਦਾਲੀ ਦੀ ਲੜਾਈ**

ਦੂੱਜੇ ਪਾਸੇ ਸ਼ਾਹ ਨਿਵਾਜ਼ ਮੀਆਂ ਮੀਰ ਮੋਰਚੇ ਮੱਲੀ ਬੈਠਾ ਸੀ। ਉਸ ਕੋਲ ੭੦ ਹਜ਼ਾਰ ਫ਼ੌਜ ਤੇ ਬੜਾ ਭਾਰੀ ਤੋਪਖ਼ਾਨਾ ਸੀ। ੧੧ ਜਨਵਰੀ ਨੂੰ ਦੋਹਾਂ ਦਲਾਂ ਵਿਚ ਬੜੀ ਭਾਰੀ ਲੜਾਈ ਹੋਈ। ਸ਼ਾਹ ਨਿਵਾਜ਼ ਦਾ ਜਰਨੈਲ ਹਸ਼ਮਤੁੱਲਾ ਖ਼ਾਂ ਲੜਾਈ ਵਿਚ ਮਾਰਿਆ ਗਿਆ ਤੇ ਜੁਮਲਾ ਖ਼ਾਂ ਕਸੂਰੀ—ਸਣੇ ਫ਼ੌਜ—ਅਬਦਾਲੀ ਨਾਲ ਮਿਲ ਗਿਆ। ਏਸ ਲੜਾਈ ਵਿਚ ਸ਼ਾਹ ਨਿਵਾਜ਼ ਦੀ ਫ਼ੌਜ ਪੂਰੀ ਤਰ੍ਹਾਂ ਹਾਰ ਗਈ। ਓਸੇ ਰਾਤ ਉਹ ਦਿੱਲੀ ਨੂੰ ਨੱਸ ਗਿਆ ਤੇ ਉਸ ਦੇ ਮਗਰੇ ਉਹਦੇ ਜਰਨੈਲ ਵੀ। ੧੨ ਜਨਵਰੀ ਨੂੰ ਅਬਦਾਲੀ ਨੇ ਮੁਗ਼ਲਪੁਰਾ ਤੇ ਉਹਦੇ ਨੇੜੇ ਤੇੜੇ ਦੇ ਮਹੱਲੇ ਲੁੱਟ ਲਏ। ਸ਼ਾਹ ਨਿਵਾਜ਼ ਦੇ ਡੇਰੇ ਵਿਚੋਂ ਬੇਅੰਤ ਜੰਗੀ ਸਾਮਾਨ ਅਬਦਾਲੀ ਦੇ ਹੱਥ ਲੱਗਾ। ਹੁਣ ਹੋਰ ਟਾਕਰਾ ਕਰਨ ਵਾਲਾ

---

*ਪੰਜਾਬ ਮੁਗਲ, ਪੰਨਾ ੭੦; ਹਵਾਲਾ ਸਹਿਤ ਬਿਆਨ ਵਾਕਈ, ਪੰਨੇ ੧੬੩-੪; ਸੀਅਰੁਲ ਮੁਤਾਖ਼ਰੀਨ, ਪੰਨਾ ੧੭; ਤਾਰੀਖ਼ਿ ਮੁਜ਼ੱਫਰੀ, ਪੰਨਾ ੭੪; ਤਾਰੀਖ਼ਿ ਹੁਸੈਨ ਸ਼ਾਹੀ, ਪੰਨਾ ੨੦; ਤਾਰੀਖ਼ਿ ਅਹਿਮਦ, ਪੰਨਾ ੬।

ਅਬਦਾਲੀ ਦਾ ਲਾਹੌਰ ਤੇ ਕਬਜ਼ਾ

ਰਹਿ ਕੋਈ ਨਹੀਂ ਸੀ ਗਿਆ, ਸੋ ਸਾਰੇ ਸ਼ਹਿਰ ਉੱਤੇ ਅਬਦਾਲੀ ਦਾ ਕਬਜ਼ਾ ਹੋ ਗਿਆ। ਯਾਹੀਯਾ ਖ਼ਾਂ ਦੇ ਪੁਰਾਣੇ ਅਫ਼ਸਰ (ਮੋਮਨ ਖ਼ਾਂ ਕਸੂਰੀ, ਦੀਵਾਨ ਲਖਪਤ ਰਾਏ, ਆਦਿ) ਜੋ ਸ਼ਾਹ ਨਿਵਾਜ਼ ਦੀ ਕੈਦ ਵਿਚ ਸਨ, ਅਬਦਾਲੀ ਨੇ ਰਿਹਾ ਕਰ ਦਿੱਤੇ। ਸ਼ਹਿਰ ਦੇ ਪਤਵੰਤਿਆਂ ਦੀ ਬੇਨਤੀ ਮੰਨ ਕੇ ਅਬਦਾਲੀ ਨੇ ਲਾਹੌਰ ਵਿਚ ਲੁੱਟ ਨਾ ਪਾਈ, ਪਰ ਇਸ ਬਦਲੇ ਤੀਹ ਲੱਖ ਨਜ਼ਰਾਨਾ ਮੰਗਿਆ, ਇਸ ਵਿਚੋਂ ੨੨ ਲੱਖ ਉਸੇ ਦਿਨ ਤਾਰ ਦਿੱਤਾ ਗਿਆ*। ੧੯ ਫ਼ਰਵਰੀ ਤਕ ਅਬਦਾਲੀ ਲਾਹੌਰ ਰਿਹਾ।

ਜੁਮਲਾ ਖ਼ਾਂ ਲਾਹੌਰ ਦਾ ਸੂਬੇਦਾਰ ਬਣਿਆ

ਇਲਾਕੇ ਵਿਚ ਪੂਰਾ ਕਬਜ਼ਾ ਜਮਾ ਕੇ ਜੁਮਲਾ ਖ਼ਾਂ ਕਸੂਰੀ ਨੂੰ ਆਪਣੇ ਵੱਲੋਂ ਲਾਹੌਰ ਦਾ ਸੂਬੇਦਾਰ ਤੇ ਲਖਪਤ ਰਾਏ ਨੂੰ ਉਸ ਦਾ ਦੀਵਾਨ ਥਾਪ ਕੇ, ੧੯ ਫ਼ਰਵਰੀ ਨੂੰ ਅਬਦਾਲੀ ਦਿੱਲੀ ਨੂੰ ਤੁਰਿਆ।

ਦਿੱਲੀਓਂ ਸ਼ਾਹੀ ਫ਼ੌਜ ਦੀ ਚੜ੍ਹਾਈ

ਨੱਸਿਆ ਹੋਇਆ ਸ਼ਾਹ ਨਿਵਾਜ਼ ਦਿੱਲੀ ਪੁੱਜਾ, ਤਾਂ ਬਾਦਸ਼ਾਹ ਨੇ ਅਬਦਾਲੀ ਦੇ ਟਾਕਰੇ ਲਈ ਦੋ ਲੱਖ ਫ਼ੌਜ ਚੜ੍ਹਾਈ। ਉਸ ਫ਼ੌਜ ਦੀ ਕਮਾਨ ਅਮਲੀ ਤੌਰ 'ਤੇ ਵਜ਼ੀਰ ਕਮਰੁੱਦੀਨ ਦੇ ਹੱਥ ਵਿਚ ਸੀ, ਪਰ ਉਸ ਦਾ ਨਾਮ ਧਰੀਕ ਸੈਨਾਪਤੀ ਸ਼ਹਿਜ਼ਾਦਾ ਅਹਿਮਦ ਸੀ। ੨੫ ਫ਼ਰਵਰੀ ਨੂੰ ਸ਼ਾਹੀ ਫ਼ੌਜ ਸਰਹਿੰਦ ਪਹੁੰਚੀ, ਤਾਂ ਪਤਾ ਲੱਗਾ, ਕਿ ਓਥੋਂ ਦਾ ਫ਼ੌਜਦਾਰ ਅਲੀ ਮੁਹੰਮਦ ਖ਼ਾਂ ਰੁਹੇਲਾ ਅਬਦਾਲੀ ਦਾ ਨਾਂ ਸੁਣ ਕੇ ਨੱਸ ਗਿਆ ਹੋਇਆ ਹੈ। ਵਜ਼ੀਰ ਨੇ ਆਪਣੀਆਂ ਬੇਗਮਾਂ ਤੇ ਸਾਮਾਨ, ਇਕ ਹਜ਼ਾਰ ਫ਼ੌਜ ਦੀ ਰਾਖੀ ਵਿਚ ਸਰਹਿੰਦ ਛੱਡਿਆ ਤੇ ਆਪ ਮਾਛੀਵਾੜੇ ਦੇ ਪੱਤਣ ਉੱਤੇ ਜਾ ਬੈਠਾ।

ਅਬਦਾਲੀ ਦਾ ਸਰਹਿੰਦ ਉੱਤੇ ਕਬਜ਼ਾ

੧ ਮਾਰਚ ਨੂੰ ਅਬਦਾਲੀ ਫਲੌਰ ਪੁੱਜਾ। ਉਹ ਰਾਤੋ ਰਾਤ ਦਰਿਆ ਟੱਪ ਕੇ ਦਿਨੇ (੨ ਮਾਰਚ ਨੂੰ) ਸਰਹਿੰਦ ਉੱਤੇ ਜਾ ਪਿਆ। ਵਜ਼ੀਰ ਦੀ ਰਖਵਾਲੀ ਫ਼ੌਜ ਕਤਲ ਕਰ ਦਿੱਤੀ, ਸਾਮਾਨ ਉੱਤੇ ਕਬਜ਼ਾ ਕਰ ਲਿਆ ਤੇ ਉਸ ਦੀਆਂ ਬੇਗਮਾਂ ਕੈਦ ਕਰ ਲਈਆਂ।

---

*ਆਨੰਦ ਰਾਮ, ਪੰਨਾ ੩੨੮।

ਵਜ਼ੀਰ ਨੂੰ ਇਹ ਖ਼ਬਰ ਮਿਲੀ, ਤਾਂ ਉਹ ਮਾਛੀਵਾੜੇ ਤੋਂ ਪਿਛੇ ਮੁੜਿਆ ਤੇ ਸਰਹਿੰਦ ਤੋਂ ਛੇ ਕੋਹ ਲਹਿੰਦੇ ਪਾਸੇ ਮਾਣੂਪੁਰ ਜਾ ਬੈਠਾ। ਤਿੰਨ ਮਾਰਚ ਨੂੰ ਅਬਦਾਲੀ ਨੇ ਵੀ ਉਹਦੇ ਸਾਮ੍ਹਣੇ ਦੋ ਮੀਲ ਦੀ ਵਿੱਥ ਉੱਤੇ ਆ ਮੋਰਚੇ ਮੱਲੇ। ਏਸੇ ਦਿਨ ਤੋਂ ਛੋਟੀਆਂ-ਛੋਟੀਆਂ ਝੜਪਾਂ ਸ਼ੁਰੂ ਹੋ ਗਈਆਂ। ਅੰਤ ੧੧ ਮਾਰਚ, ੧੭੪੭ ਈ. ਨੂੰ ਵੱਡੀ ਲੜਾਈ ਹੋਈ। ਵਜ਼ੀਰ ਕਮਰੁੱਦੀਨ ਮਾਰਿਆ ਗਿਆ, ਪਰ ਉਹਦੇ ਪੁੱਤਰ ਮੁਅੱਯੁਨੁਲ ਮੁਲਕ (ਪਰਸਿਧ ਮੀਰ ਮੰਨੂੰ) ਨੇ ਕ੍ਰੋਧ ਵਿਚ ਆ ਕੇ ਅਜੇਹਾ ਹਮਲਾ ਕੀਤਾ, ਕਿ ਅਬਦਾਲੀ ਪੂਰੀ ਤਰ੍ਹਾਂ ਹਾਰ ਕੇ ਮੈਦਾਨ ਛੱਡ ਕੇ ਨੱਸ ਗਿਆ। ੧੭ ਮਾਰਚ ਨੂੰ ਉਹ ਸਤਲੁਜ ਟੱਪਿਆ ਤੇ ਲਾਹੌਰ ਦੇ ਰਾਹ ਵਾਪਸ ਅਫ਼ਗ਼ਾਨਸਤਾਨ ਮੁੜ ਗਿਆ।

**ਮਾਣੂਪੁਰ ਦੀ ਲੜਾਈ ਅਬਦਾਲੀ ਹਾਰ ਗਿਆ**

ਮੀਰ ਮੰਨੂੰ ਨੇ ਲੜਾਈ ਤਾਂ ਜਿੱਤ ਲਈ, ਪਰ ਹਾਰੇ ਹੋਏ ਬਦੇਸੀ ਅਬਦਾਲੀ ਦਾ ਪਿੱਛਾ ਕਰਨ ਦੀ ਲੋੜ ਨਾ ਸਮਝੀ। ਚਾਰ ਦਿਨ ਉਹ ਆਪਣਿਆਂ ਮੋਰਚਿਆਂ ਵਿਚ ਹੀ ਬੈਠਾ ਰਿਹਾ। ੧੬ ਮਾਰਚ ਨੂੰ ਸ਼ਾਹੀ ਫ਼ੌਜ ਮਾਣੂਪੁਰੋਂ ਚੱਲ ਕੇ ਸਤਲੁਜ ਦੇ ਪੱਤਣ 'ਤੇ ਆ ਬੈਠੀ। ੧੨ ਅਪ੍ਰੈਲ ਤੱਕ ਸਭ ਲਾਓ ਲਸ਼ਕਰ ਲੁਧਿਆਣੇ ਬੈਠਾ ਰਿਹਾ। ਬਾਦਸ਼ਾਹ ਨੇ ਮਾਣੂਪੁਰ ਦੀ ਫ਼ਤਹਿ ਦੀ ਖ਼ਬਰ ਸੁਣੀ, ਤਾਂ ੯ ਅਪ੍ਰੈਲ ਨੂੰ ਮੀਰ ਮੰਨੂੰ ਦੇ ਨਾਮ ਲਾਹੌਰ ਤੇ ਮੁਲਤਾਨ ਦੀ ਸੂਬੇਦਾਰੀ ਦੀ ਸੰਨਦ ਜਾਰੀ ਕੀਤੀ। ਇਹ ਹੁਕਮ ਮੀਰ ਮੰਨੂੰ ਨੂੰ ੧੨ ਅਪ੍ਰੈਲ ਨੂੰ ਸਤਲੁਜ ਕੰਢੇ ਮਿਲਿਆ। ਏਥੋਂ ਉਹ ਤਾਂ ਅਹੁਦਾ ਸੰਭਾਲਣ ਵਾਸਤੇ ਲਾਹੌਰ ਨੂੰ ਚਲਾ ਗਿਆ ਤੇ ਸ਼ਹਿਜ਼ਾਦਾ ਅਹਿਮਦ ਵਾਪਸ ਦਿੱਲੀ ਮੁੜ ਗਿਆ। ਸ਼ਹਿਜ਼ਾਦਾ ਅਜੇ ਪਾਨੀਪਤ ਹੀ ਪੁੱਜਾ ਸੀ, ਤਾਂ ਉਹਨੂੰ ਖ਼ਬਰ ਮਿਲੀ, ਕਿ ਬਾਦਸ਼ਾਹ ਮੁਹੰਮਦ ਸ਼ਾਹ ਮਰ ਗਿਆ ਹੈ। ਫਿਰ ਅਹਿਮਦ ਸ਼ਾਹ ਦਿੱਲੀ ਦਾ ਬਾਦਸ਼ਾਹ ਬਣਿਆ 'ਤੇ ਸਫ਼ਦਰ ਜੰਗ ਵੱਡਾ ਵਜ਼ੀਰ। ੨੦ ਜੂਨ, ੧੭੪੮ ਈ. ਨੂੰ ਬਾਦਸ਼ਾਹ ਨੇ ਕਾਨੂੰਨੀ ਤੌਰ 'ਤੇ ਸਫ਼ਦਰ ਜੰਗ ਦੇ ਵਜ਼ੀਰ ਬਣਨ ਦਾ ਐਲਾਨ ਕੀਤਾ* ।

**ਮੀਰ ਮੰਨੂੰ ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਬਣਿਆ**

**ਅਹਿਮਦ ਸ਼ਾਹ ਬਾਦਸ਼ਾਹ ਤੇ ਸਫ਼ਦਰ ਜੰਗ ਵਜ਼ੀਰ ਬਣੇ**

---

*ਜਾਦੂ ਨਾਥ ਸਰਕਾਰ, ਪੰਨਾ ੩੫੨।

ਏਨੇ ਚਿਰ ਵਿਚ ਸਿੱਖਾਂ ਨੇ ਕੀ ਕੁਛ ਕੀਤਾ ? ਛੋਟਾ ਘਲੂਘਾਰਾ ਸਿੱਖਾਂ ਉੱਤੇ ਬੜੀ ਭਾਰੀ ਸ਼ੱਟ ਸੀ। ਪਰ ਏਨੀ ਮਾਰ ਖਾ ਕੇ ਵੀ ਉਹ ਛੇਤੀ ਹੀ ਸੰਭਲ ਗਏ। ਜੂਨ, ੧੭੪੬ ਈ. ਨੂੰ ਲਖਪਤ, ਸਿੰਘਾਂ ਦਾ ਪਿੱਛਾ ਛੱਡ ਕੇ ਮੁੜਿਆ। ਨਵੰਬਰ, ੧੭੪੬ ਤੋਂ ਮਾਰਚ, ੧੭੪੭ ਤੱਕ ਯਾਹੀਯਾ ਖ਼ਾਂ ਤੇ ਸ਼ਾਹ ਨਿਵਾਜ਼ ਲੜਦੇ ਰਹੇ। ਏਸੇ ਸਮੇਂ ਸਿੱਖ ਫੇਰ ਉਠ ਖੜੋਤੇ ਤੇ ਅੰਮ੍ਰਿਤਸਰ ਦੇ ਉਦਾਲੇ ਫਿਰਨ ਲੱਗੇ।

**ਸਿੰਘ ਫੇਰ ਮਾਝੇ ਵਿਚ**

ਅੰਮ੍ਰਿਤਸਰ ਸਰੋਵਰ ਦੇ ਉਦਾਲੇ ਮੁਗ਼ਲ ਹਾਕਮਾਂ ਦਾ ਬੜਾ ਕਰੜਾ ਪਹਿਰਾ ਸੀ। ਸਰੋਵਰ ਦੀਆਂ ਚੌਹਾਂ ਨੁੱਕਰਾਂ ਉੱਤੇ ਮੁਨਾਰੇ ਬਣਾ ਕੇ ਵਿਚ ਬੰਦੂਕਾਂ ਵਾਲੇ ਪਹਿਰੇਦਾਰ ਬਿਠਾਏ ਹੋਏ ਸਨ। ਉਹਨਾਂ ਨੂੰ ਹੁਕਮ ਸੀ, ਕਿ ਕੋਈ ਸਿੱਖ ਇਸ਼ਨਾਨ ਕਰਨ ਆਵੇ, ਤਾਂ ਉਸ ਨੂੰ ਗੋਲੀ ਮਾਰ ਦਿਓ।

**ਅੰਮ੍ਰਿਤਸਰ ਸ਼ਾਹੀ ਪਹਿਰੇ**

ਸਿੰਘ ਰਾਤ ਬਰਾਤੇ ਆਉਂਦੇ ਤੇ ਇਸ਼ਨਾਨ ਕਰ ਕੇ ਹਰਨ ਹੋ ਜਾਂਦੇ। ਮੁਸਲਮਾਨ ਹਾਕਮਾਂ ਨੇ ਸਿੰਘਾਂ ਨੂੰ ਸੁਨੇਹਾ ਭੇਜਿਆ, ਕਿ ਏਸ ਤਰ੍ਹਾਂ ਚੋਰਾਂ ਵਾਂਗ ਲੁਕ ਕੇ ਨਹੀਂ, ਮਰਦਊ-ਪੁਣਾ ਤਦ ਏ, ਜੇ ਦਿਨੇ ਇਸ਼ਨਾਨ ਕਰ ਕੇ ਜਾਓ ਤਾਂ। ਸ: ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਇਕ ਦਿਨ ਦੁਪਹਿਰੇ ਤੁਰਕੀ ਭੇਸ ਕਰ ਕੇ ਇਸ਼ਨਾਨ ਕਰਨ ਆ ਗਿਆ। ਸਰੋਵਰ ਵਿਚੋਂ ਇਸ਼ਨਾਨ ਕਰਕੇ ਤੇ ਸਿਰੋਂ ਪੱਗ ਲਾਹ ਕੇ ਉਹ ਕੇਸਾਂ ਦਾ ਜੂੜਾ ਵਿਖਾਉਂਦਾ ਹੋਇਆ, ਜੈਕਾਰੇ ਛੱਡਦਾ ਭੱਜ ਗਿਆ। ਪੱਗ ਲਾਹੁਣ ਦਾ ਭਾਵ ਸੀ, ਵੈਰੀ ਸਿਰ ਉੱਤੇ ਜੂੜਾ ਵੇਖ ਕੇ ਸਮਝ ਲੈਣ, ਕਿ ਇਸ਼ਨਾਨ ਕਰਨ ਵਾਲਾ ਸਿੱਖ ਹੈ*।

**ਸੁੱਖਾ ਸਿੰਘ ਦਿਨੇ ਇਸ਼ਨਾਨ ਕਰ ਗਿਆ**

ਫੇਰ ਤਾਂ ਕਈ ਸਿੱਖ ਦਸਾਂ-ਦਸਾਂ, ਵੀਹਾਂ-ਵੀਹਾਂ ਦੇ ਜੱਥੇ ਬਣਾ ਕੇ ਇਸ਼ਨਾਨ ਕਰਨ ਆਉਣ ਲੱਗ ਪਏ। ਕਿਤੇ ਸਰਕਾਰੀ ਸਿਪਾਹੀਆਂ ਨਾਲ ਮੁਠਭੇੜ ਹੋ ਪੈਂਦੀ, ਤਾਂ ਕੋਈ ਸ਼ਹੀਦ ਵੀ ਹੋ ਜਾਂਦੇ।

ਏਥੇ ਹੀ ਬੱਸ ਨਹੀਂ, ਦਰਿਆ ਬਿਆਸ ਤੇ ਝਨਾਂ ਦਾ ਵਿਚਲਾ ਹਿੱਸਾ—ਲਾਹੌਰ ਤੋਂ ਲੈ ਕੇ ਪਹਾੜਾਂ ਤੱਕ—ਸਿੰਘਾਂ ਨੇ ਲੁੱਟ ਕੇ ਤਬਾਹ ਕਰ ਦਿੱਤਾ। ਜਿਹੜੇ ਵਿਰੋਧੀ ਕਾਬੂ ਆਏ, ਉਹਨਾਂ ਨੂੰ ਵੀ ਸੋਧਣ ਵਿਚ ਕਸਰ ਨਾ ਛੱਡੀ। ਛੋਟੇ ਘੱਲੂਘਾਰੇ ਵਾਲਾ ਘਾਟਾ ਸਿੰਘਾਂ ਨੇ ਕਿਸੇ ਹੱਦ ਤਕ ਪੂਰਾ ਕਰ ਲਿਆ।

---

*ਓਸ ਬਹਾਦਰੀ ਦੀ ਯਾਦ ਵਿਚ ਅੱਜ ਤਕ ਇਹ ਮਰਯਾਦਾ ਚਲੀ ਆਉਂਦੀ ਹੈ, ਕਿ ਅੰਮ੍ਰਿਤਸਰ ਸਰੋਵਰ ਵਿਚ ਪੱਗ ਲਾਹ ਕੇ, ਨੰਗੇ ਸਿਰ ਇਸ਼ਨਾਨ ਕਰਦੇ ਹਨ। ਪੱਗ ਸਣੇ ਇਸ਼ਨਾਨ ਕਰਨਾ ਮਨ੍ਹਾ ਹੈ।

ਸ਼ਾਹ ਨਿਵਾਜ਼ ੨੧ ਮਾਰਚ, ੧੭੪੭ ਈ. ਤੋਂ ੧੧ ਜਨਵਰੀ, ੧੭੪੮ ਈ. ਤੱਕ ਲਾਹੌਰ ਦਾ ਸੂਬੇਦਾਰ ਰਿਹਾ, ਪਰ ਉਹਨੂੰ ਆਪਣੇ ਝਗੜਿਆਂ ਵਿੱਚੋਂ ਹੀ ਵਿਹਲ ਨਾ ਮਿਲਿਆ। ਉਹ ਸਿੱਖਾਂ ਵੱਲ ਕੋਈ ਬਹੁਤਾ ਧਿਆਨ ਨਾ ਦੇ ਸਕਿਆ। ਜਿਸ ਵੇਲੇ ਅਬਦਾਲੀ ਦਰਿਆ ਅਟਕ ਤੋਂ ਇਸ ਪਾਰ ਟੱਪ ਪਿਆ, ਸਾਰੇ ਦੇਸ਼ ਵਿਚ ਹਲਚਲ ਮੱਚ ਉਠੀ, ਕਿਉਂਕਿ ਲੋਕਾਂ ਨੂੰ ਨਾਦਰ ਦੇ ਹਮਲੇ ਦੀ ਮਾਰੂ ਯਾਦ ਅਜੇ ਭੁੱਲੀ ਨਹੀਂ ਸੀ। ਲੋਕ ਘਰਾਂ ਨੂੰ ਛੱਡ ਕੇ ਪਹਾੜਾਂ ਨੂੰ ਨੱਸ ਗਏ। ਸਿੰਘਾਂ ਦੇ ਵਧਣ ਫੁੱਲਣ ਦਾ ਏਹਾ ਵੇਲਾ ਸੀ। ਉਹਨਾਂ ਵੀ ਆਪਣੇ ਪਰਵਾਰ ਪਹਾੜਾਂ ਵਿਚ, ਜਾਂ ਮਾਲਵੇ ਦੇ ਦੁਰਾਡੇ ਇਲਾਕਿਆਂ ਵਿਚ ਭੇਜ ਦਿੱਤੇ ਤੇ ਆਪ ਹਥਿਆਰ ਸੰਭਾਲ ਕੇ ਸਮੇਂ ਦੀ ਉਡੀਕ ਕਰਨ ਲਗੇ।

**ਅਬਦਾਲੀ ਤੋਂ ਡਰਦੇ ਲੋਕ ਨੱਸ ਗਏ**

੧੧ ਜਨਵਰੀ ਨੂੰ ਅਬਦਾਲੀ ਨੇ ਲਾਹੌਰ ਫ਼ਤਹਿ ਕੀਤਾ ਤੇ ੧੧ ਮਾਰਚ ਨੂੰ ਉਹ ਮਾਣੂਪੁਰ ਦੀ ਲੜਾਈ ਵਿਚ ਹਾਰ ਗਿਆ। ਇਹਨਾਂ ਦੋ ਮਹੀਨਿਆਂ ਵਿਚ ਸਿੰਘਾਂ ਨੇ ਘਲੂਘਾਰੇ ਦੀਆਂ ਸਾਰੀਆਂ ਕਸਰਾਂ ਪੂਰੀਆਂ ਕਰ ਲਈਆਂ। ਉਹਨਾਂ ਦਰਿਆ ਸਤਲੁਜ ਤੋਂ ਲੈ ਕੇ ਝਨਾਂ ਤਕ ਦਾ ਸਾਰਾ ਇਲਾਕਾ ਲੁੱਟ ਲਿਆ। ਇਸ ਵਾਰ ਉਹਨਾਂ ਇਹ ਫ਼ੈਸਲਾ ਕੀਤਾ, ਕਿ ਸਰਕਾਰ ਨਾਲ ਟੱਕਰ ਲੈਣ ਤੋਂ ਪਹਿਲਾਂ ਸਰਕਾਰ ਦੇ ਟੁਕੜ-ਬੋਚਾਂ ਨੂੰ ਸਜ਼ਾ ਦਿੱਤੀ ਜਾਵੇ। ਜਿਹੜੇ ਆਏ ਦਿਨ ਚੁਗਲੀਆਂ ਕਰਕੇ ਸਿੰਘਾਂ ਨੂੰ ਫੜਾਉਂਦੇ ਹਨ, ਉਹਨਾਂ ਚੁਗਲ ਚੌਧਰੀਆਂ ਨੂੰ ਕਿਉਂ ਨਾ ਬਿਲੇ ਲਾਇਆ ਜਾਵੇ ?

**ਸਿੰਘਾਂ ਨੇ ਚੌਧਰੀ ਮਾਰੇ**

ਬੱਸ, ਪੰਥ ਦੀ ਗੁਰਮਤਾ ਕਰਨ ਦੀ ਦੇਰ ਸੀ, ਜਾਂ ਲਾਡਲੀਆਂ ਫ਼ੌਜਾਂ ਨੇ ਕੰਮ ਆਰੰਭ ਕਰ ਦਿੱਤਾ। ਚੌਧਰੀ ਸਾਹਿਬ ਰਾਏ ਪਿੰਡ ਨੌਸ਼ਹਿਰੇ ਦਾ ਸੰਧੂ ਜੱਟ, ਰਾਮਾ ਰੰਧਾਵਾ ਪਿੰਡ ਘਣੀਆਂ, ਹਰਿਭਗਤ ਨਿਰੰਜਨੀਆਂ ਪਿੰਡ ਗੁਰੂ ਕਾ ਜੰਡਿਆਲਾ, ਧਰਮ ਦਾਸ ਜੋਧਨਗਰੀਆ, ਕਰਮਾ ਛੀਨਾ ਪਿੰਡ ਛੀਨਾ, ਸਨਮੁਖ ਰਾਏ ਪਿੰਡ ਵਡਾਲੀ, ਰਾਏ ਬਖਤਾ ਪਿੰਡ ਮਜੀਠਾ, ਰਾਏ ਹਸਨਾ ਪਿੰਡ ਮੰਡਿਆਲਾ, ਗਹਿਣਾ ਮੱਲ ਪਿੰਡ ਭੀਲੋਵਾਲ, ਕਾਜ਼ੀ ਫ਼ਜ਼ਲ ਅਹਿਮਦ ਖ਼ਾਂ, ਸ਼ਮਸ਼ੇਰ ਖ਼ਾਂ ਘੋਖਰ, ਸਠਿਆਲੇ ਤੇ ਬੁਤਾਲੇ ਦੇ ਰੰਘੜ, ਧਨੇਸ਼ਟੇ ਦੇ ਜੱਟ, ਹੈਬਤਪੁਰ ਪੱਟੀ ਦੇ ਖੱਤਰੀ, ਸ਼ੇਖੂਪੁਰ ਦੇ ਰੰਘੜ ਤੇ ਹੋਰ ਕੇਈ ਚੌਧਰੀ ਤੇ ਤਅੱਲਕੇਦਾਰ ਚੁਣ-ਚੁਣ ਕੇ ਕਤਲ ਕੀਤੇ। ਨਾਲ ਹੀ ਪਿੰਡ ਘਣੀਆਂ, ਨੌਸ਼ਹਿਰਾ ਸੰਧੂਆਂ, ਬਟਾਲਾ, ਜੰਡਿਆਲਾ,

ਮਜੀਠਾ, ਕਲਾਨੌਰ, ਜੋਧਨਗਰ, ਫਗਵਾੜਾ, ਤਲਬਣ, ਬਿਜਵਾੜਾ, ਜਲੰਧਰ, ਸਠਿਆਲਾ, ਬੁਤਾਲਾ, ਮੰਡਿਆਲਾ, ਸ਼ੇਖੂਪੁਰਾ, ਰਸੂਲ ਨਗਰ, ਢਿੱਗ, ਮੰਝਕੀ ਆਦਿ ਚੰਗੀ ਤਰ੍ਹਾਂ ਲੁੱਟੇ ਤੇ ਤਬਾਹ ਕੀਤੇ*। ਏਸ ਮਾਰ ਧਾੜ ਦਾ ਪੰਥ ਨੂੰ ਇਕ ਬੜਾ ਲਾਭ ਹੋਇਆ, ਕਿ ਫਿਰ ਥੋੜ੍ਹੀ ਕੀਤਿਆਂ ਕੋਈ ਚੌਧਰੀ ਸਿੰਘਾਂ ਦੇ ਵਿਰੁਧ ਚੁਗਲੀ ਲਾਉਣ ਵਾਸਤੇ ਤਿਆਰ ਨਾ ਹੁੰਦਾ। ਉਹ ਸਮਝਦਾ, ਕਿ ਸਿੰਘਾਂ ਦੇ ਵਿਰੁਧ ਚੁਗਲੀ ਕਰਨੀ ਆਪਣੀ ਮੌਤ ਨੂੰ ਆਪ ਬੁਲਾਉਣਾ ਹੈ। ਹੁਣ ਟੱਕਰ ਸਰਕਾਰ ਤੇ ਸਿੰਘਾਂ ਵਿਚ ਹੀ ਰਹਿ ਗਈ। ਤਿੱਜੀ ਧਿਰ, ਜਨਤਾ ਵਿਚੋਂ ਪਾਸੇ ਹੋਣ ਲੱਗ ਪਈ।

**ਸਲਾਬਤ ਖ਼ਾਂ ਕਤਲ**

ਉਸ ਵੇਲੇ ਅੰਮ੍ਰਿਤਸਰ ਦਾ ਹਾਕਮ ਪਿੰਡ ਠਰੂ ਦਾ ਰਾਜਪੂਤ ਸਲਾਬਤ ਖ਼ਾਂ ਸੀ। ਜਿਸ ਵੇਲੇ ਅਬਦਾਲੀ ਮਾਨੂਪੁਰ ਦੀ ਲੜਾਈ ਵਿਚ ਰੁੱਝਾ ਹੋਇਆ ਸੀ, ਸਿੰਘ ਅੰਮ੍ਰਿਤਸਰ ਆ ਪਏ। ਲੜਾਈ ਵਿਚ ਸਲਾਬਤ

**ਅੰਮ੍ਰਿਤਸਰ 'ਤੇ ਸਿੰਘਾਂ ਦਾ ਕਬਜ਼ਾ**

ਖ਼ਾਂ ਸ. ਜੱਸਾ ਸਿੰਘ ਆਹਲੂਵਾਲੀਏ ਦੇ ਹੱਥੋਂ ਮਾਰਿਆ ਗਿਆ† ਤੇ ਉਸ ਦੀ ਫ਼ੌਜ ਅੰਮ੍ਰਿਤਸਰ ਛਡ ਕੇ ਨੱਸ ਗਈ। ਸਿੰਘਾਂ ਨੇ ਅੰਮ੍ਰਿਤਸਰ ਉੱਤੇ ਕਬਜ਼ਾ ਕਰ ਲਿਆ। ਦੀਵਾਨ ਲਖਪਤ ਰਾਏ ਨੇ ਸਰੋਵਰ ਦਾ ਕੁਛ ਹਿੱਸਾ ਪੂਰ ਦਿੱਤਾ ਹੋਇਆ ਸੀ। ਸਿੱਖਾਂ ਨੇ ਉਸ ਦੀ ਸਫ਼ਾਈ ਕਰ ਕੇ ਵਿਚ ਜਲ ਭਰ ਦਿੱਤਾ, ਤੇ ਸੰਗਤਾਂ ਨੇ ਖੁੱਲ੍ਹੇ ਇਸ਼ਨਾਨ ਕੀਤੇ।

**ਸਿੰਘਾਂ ਨੇ ਅਬਦਾਲੀ ਦੀ ਫ਼ੌਜ ਲੁੱਟੀ**

ਏਨੇ ਚਿਰ ਨੂੰ ਮੀਰ ਮੰਨੂੰ ਤੋਂ ਹਾਰਕੇ ਅਬਦਾਲੀ ਵਾਪਸ ਮੁੜਿਆ, ਤਾਂ ਸਤਲੁਜ ਦੇ ਉਰਲੇ ਕੰਢੇ ਤੋਂ ਹੀ ਸਿੱਖ ਉਹਦੇ ਮਗਰ ਲੱਗ ਪਏ। ਉਹ ਦਿਨੇ ਤਾਂ ਅਬਦਾਲੀ ਦੀ ਫ਼ੌਜ ਤੋਂ ਜ਼ਰਾ ਦੂਰ ਹਟ ਜਾਂਦੇ ਤੇ ਰਾਤ ਨੂੰ ਛਾਪਾ

---

*ਸ਼ਮਸ਼ੇਰ ਖ਼ਾਲਸਾ (ਗੁਰਮੁਖੀ), ਪੰਨਾ ੧੦੦, ਸਿੱਖ ਇਤਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੨੪।

†ਲਤੀਫ (ਹਿਸਟਰੀ ਆਫ਼ ਦੀ ਪੰਜਾਬ) ਕਰਤਾ ਸੱਯਦ ਮੁਹੰਮਦ ਲਤੀਫ਼, (ਛਪੀ ੧੯੬੧ ਈ.), ਪੰਨਾ ੩੧੫; ਮਹਾਰਾਜਾ ਕੌੜਾ ਮੱਲ, ਕਰਤਾ ਡਾ: ਗੰਡਾ ਸਿੰਘ, ਪੰਨਾ ੪੦।

ਮਾਰ ਕੇ, ਹੱਥ ਲਗਦਾ ਸਾਮਾਨ ਲੁੱਟ ਕੇ ਜੰਗਲ ਵਿਚ ਜਾ ਵੜਦੇ। ਏਸੇ ਤਰ੍ਹਾਂ ਲੁੱਟ ਮਾਰ ਕਰਦੇ ਸਿੰਘ ਝਨਾਂ ਤਕ ਅਬਦਾਲੀ ਦੇ ਮਗਰ ਗਏ।

**੧੭੪੮ ਦੀ ਵਿਸਾਖੀ**

੨੯ ਮਾਰਚ,‡ ੧੭੪੮ ਈ. ਨੂੰ ਵਿਸਾਖੀ ਸੀ। ਅਬਦਾਲੀ ਦਾ ਪਿੱਛਾ ਛੱਡ ਕੇ, ਸਿੰਘ ਵਿਸਾਖੀ ਮਨਾਉਣ ਵਾਸਤੇ ਅੰਮ੍ਰਿਤਸਰ ਆ ਕੱਠੇ ਹੋਏ। ਕਈਆਂ ਸਾਲਾਂ ਪਿੱਛੋਂ ਇਹ ਪਹਿਲੀ ਵਿਸਾਖੀ ਸੀ, ਜੋ ਸਿੰਘਾਂ ਨੇ ਆਜ਼ਾਦੀ ਨਾਲ ਮਨਾਈ। ਇਸ ਵਿਸਾਖੀ ਦੇ ਦਿਨ ਤੋਂ ਸਿੱਖ ਇਤਿਹਾਸ ਵਿਚ ਇਕ ਨਵਾਂ ਕਾਂਡ ਸ਼ੁਰੂ ਹੋਇਆ। ਇਕ ਤਾਂ ਯਾਰਾਂ* ਮਿਸਲਾਂ ਦਾ ਮੁੱਢ ਬੱਝਾ ਤੇ ਦੂਜਾ ਕਿਲ੍ਹਾ 'ਰਾਮ ਰਉਣੀ' ਬਣਾਇਆ। ਛੋਟੇ ਘਲੂਘਾਰੇ ਤੋਂ ਸਿੰਘਾਂ ਨੇ ਇਕ ਸਿੱਖਿਆ ਹਾਸਲ ਕੀਤੀ, ਕਿ ਵੱਖ ਵੱਖ ਸਰਦਾਰਾਂ ਦੇ ਛੋਟੇ ਖ਼ੁਦ-ਮੁਖ਼ਤਿਆਰ ਜੱਥਿਆਂ ਦੀ ਥਾਂ ਪੰਥ ਦੀ ਇਕ ਪੱਕੀ ਤੇ ਬਲਵਾਨ ਜੱਥੇਬੰਦੀ ਚਾਹੀਦੀ ਹੈ, ਜੋ ਇਕ ਜੱਥੇਦਾਰ ਦੇ ਹੁਕਮ ਵਿਚ—ਲੋੜ ਪਈ 'ਤੇ—ਕੰਮ ਕਰੇ।

**ਉਸ ਸਮੇਂ ਦੇ ਸਿੱਖ ਸਰਦਾਰ**

ਉਸ ਵੇਲੇ ਪੰਥ ਵਿਚ ਕਈ ਛੋਟੇ-ਛੋਟੇ ਸਰਦਾਰਾਂ ਦੇ ਜੱਥੇ ਸਨ। ਉਘੇ ਸਰਦਾਰ ਇਹ ਸਨ :

੧. ਨਵਾਬ ਕਪੂਰ ਸਿੰਘ, ਪਿੰਡ ਫ਼ੈਜ਼ਲਾਪੁਰ (ਫੇਰ ਸਿੰਘ ਪੁਰਾ)
੨. ਜੱਸਾ ਸਿੰਘ ਕਲਾਲ, ਪਿੰਡ ਆਹਲੂ।
੩. ਹਰੀ ਸਿੰਘ ਭੰਗੀ, ਪਿੰਡ ਪੰਜਵੜ।
੪. ਝੰਡਾ ਸਿੰਘ ,, ,, ।
੫. ਗੰਡਾ ਸਿੰਘ ਪਿੰਡ ਪੰਜਵੜ।
੬. ਨੱਥਾ ਸਿੰਘ ,, ,, ।
੭. ਮਤਾਬ ਸਿੰਘ, ਪਿੰਡ ਖੱਖ, ਜ਼ਿਲ੍ਹਾ ਅੰਮ੍ਰਿਤਸਰ।
੮. ਚੜ੍ਹਤ ਸਿੰਘ, ਕਨ੍ਹਈਆ।
੯. ਦੀਵਾਨ ਸਿੰਘ।
੧੦. ਗੁੱਜਰ ਸਿੰਘ।
੧੧. ਗਰਜਾ ਸਿੰਘ।
੧੨. ਨਿਬਾਹੂ ਸਿੰਘ।

‡ਵੇਖੋ ਫੁਟ ਨੋਟ ਪੰਨਾ ੧੬।
*ਬਾਰ੍ਹਵੀਂ ਮਿਸਲ ਫੂਲਕਿਆਂ ਇਹਨਾਂ ਤੋਂ ਵੱਖਰੀ ਹੈ।

੧੩. ਲਹਿਣਾ ਸਿੰਘ।
੧੪. ਫੂਲਾ ਸਿੰਘ, ਪਿੰਡ ਰੋੜਾਂਵਾਲਾ।
੧੫. ਸਾਵਲ ਸਿੰਘ ਰੰਧਾਵਾ, ਪਿੰਡ ਵਾਘਾ।
੧੬. ਗੁਰਬਖਸ਼ ਸਿੰਘ, ਪਿੰਡ ਦੋਦਾ।
੧੭. ਧੰਨਾ ਸਿੰਘ, ਪਿੰਡ ਕਲਾਲਵਾਲਾ।
੧੮. ਤਾਰਾ ਸਿੰਘ, ਪਿੰਡ ਚੈਨ ਪੁਰ।
੧੯. ਬਾਘ ਸਿੰਘ, ਕੋਟ ਸੈਦ ਮਹਿਮੂਦ।
੨੦. ਹਕੀਕਤ ਸਿੰਘ।
੨੧. ਮਹਿਤਾਬ ਸਿੰਘ, ਪਿੰਡ ਵਡਾਲਾ ਸੰਧੂਆਂ, ਜ਼ਿਲ੍ਹਾ ਸਿਆਲਕੋਟ।
੨੨. ਜੈ ਸਿੰਘ, ਪਿੰਡ ਕਾਹਨਾ।
੨੩. ਝੰਡਾ ਸਿੰਘ, ਪਿੰਡ ਕਾਹਨਾ।
੨੪. ਤਾਰਾ ਸਿੰਘ, ਪਿੰਡ ਕਾਹਨਾ।
੨੫. ਮਨੋਹਰ ਸਿੰਘ ,, ।
੨੬. ਸੋਭਾ ਸਿੰਘ ,, ।
੨੭. ਭੀਮ ਸਿੰਘ ,, ।
੨੮. ਅਮਰ ਸਿੰਘ, ਪਿੰਡ ਵਾਘਾ।
੧੯. ਸੋਭਾ ਸਿੰਘ, ਪਿੰਡ ਭਿੱਕਾ।
੩੦. ਬਘੇਲ ਸਿੰਘ, ਪਿੰਡ ਝਬਾਲ।
੩੧. ਗੁਲਾਬ ਸਿੰਘ, ਡੱਲੇਵਾਲੀਆ।
੩੨. ਹਰੀ ਸਿੰਘ, ,, ।
੩੩. ਨੌਧ ਸਿੰਘ, ਸੁਕਰਚੱਕੀਆ।
੩੪. ਗੁਲਾਬ ਸਿੰਘ, (ਨੌਧ ਸਿੰਘ ਦਾ ਸਹੁਰਾ) ਪਿੰਡ ਮਜੀਠਾ।
੩੫. ਮਹਿਤਾਬ ਸਿੰਘ, ਪਿੰਡ ਜੁਲਕਾ (ਸ. ਬਘੇਲ ਸਿੰਘ ਦਾ ਪੁੱਤਰ)
੩੬. ਕਰੋੜਾ ਸਿੰਘ, ਪਿੰਡ ਪੇਜਗੜ੍ਹ।
੩੭. ਹਰਾ ਸਿੰਘ।
੩੮. ਲੱਜਾ ਸਿੰਘ।
੩੯. ਨੰਦ ਸਿੰਘ, ਪਿੰਡ ਸਾਂਘਣਾ।
੪੦. ਕਪੂਰ ਸਿੰਘ, ਸੂਰਿਆਂ ਵਾਲਾ।
੪੧. ਅਮਰ ਸਿੰਘ, ਪਿੰਡ ਕਿੰਗਰਾ।
੪੨. ਜੀਵਣ ਸਿੰਘ, ਪਿੰਡ ਕਿਲ੍ਹਾ ਜੀਵਨ ਸਿੰਘ।

੪੩. ਸਾਹਿਬ ਸਿੰਘ, ਸਿਆਲਕੋਟੀਆ।
੪੪. ਦੀਪ ਸਿੰਘ, ਸ਼ਹੀਦ।
੪੫. ਨੱਥਾ ਸਿੰਘ, ਸ਼ਹੀਦ।
੪੬. ਮੋਹਰ ਸਿੰਘ, ਪਿੰਡ ਰਣੀਆਂ।
੪੭. ਮਹਾਂ ਸਿੰਘ ,, ।
੪੮. ਬਾਘ ਸਿੰਘ, ਹੱਲੋਵਾਲੀਆ।
੪੯. ਝੰਡਾ ਸਿੰਘ, ਪਿੰਡ ਸੁਲਤਾਨ ਪਿੰਡ (ਅੰਮ੍ਰਿਤਸਰ ਕੋਲ)
੫੦. ਮਿਰਜ਼ਾ ਸਿੰਘ, ਕਾਹਲੋਂ।
੫੧. ਸ਼ਾਮ ਸਿੰਘ ਮਾਨ, ਪਿੰਡ ਬੁਲਾਕੀ ਚੱਕ।
੫੨. ਮਾਲਾ ਸਿੰਘ ,, ,, ।
੫੩. ਬਹਾਲ ਸਿੰਘ, ਸ਼ੇਖੂਪੁਰਾ।
੫੪. ਅਮੀਰ ਸਿੰਘ ,, ।
੫੫. ਹੀਰਾ ਸਿੰਘ।
੫੬. ਗੰਗਾ ਸਿੰਘ।
੫੭. ਲਾਲ ਸਿੰਘ।
੫੮. ਤਾਰਾ ਸਿੰਘ ਮਾਨ (ਮਾਨਾਂਵਾਲਾ, ਜ਼ਿਲ੍ਹਾ ਅੰਮ੍ਰਿਤਸਰ)।
੫੯. ਮਹਿਤਾਬ ਸਿੰਘ, ਪਿੰਡ ਲਾਲ ਪੁਰਾ (ਤਸੀਲ ਤਰਨ ਤਾਰਨ)।
੬੦. ਰੂਪ ਸਿੰਘ।
੬੧. ਅਨੂਪ ਸਿੰਘ ਨਕਈ।
੬੨. ਦਸੌਂਧਾ ਸਿੰਘ।
੬੩. ਤਾਰਾ ਸਿੰਘ ਘੇਬਾ।
੬੪. ਧਰਮ ਸਿੰਘ ਖੱਤਰੀ, ਅੰਮ੍ਰਿਤਸਰ।
੬੫. ਸੁੱਖਾ ਸਿੰਘ, ਮਾੜੀ ਕੰਬੋਕੀ।
੬੬. ਜੱਸਾ ਸਿੰਘ, ਪਿੰਡ ਈਚੋਗਿਲ (ਪਿਛੋਂ ਰਾਮਗੜ੍ਹੀਆ ਅਖਵਾਇਆ)

ਨਵਾਬ ਕਪੂਰ ਸਿੰਘ ਨੇ ਮਤਾ ਪੇਸ਼ ਕੀਤਾ, ਕਿ ਪੰਥ ਦੀ ਇਕ ਜੱਥੇਬੰਦੀ ਤੇ ਇਕ ਜੱਥੇਦਾਰ ਹੋਣਾ ਚਾਹੀਦਾ ਹੈ, ਜਿਸ ਦੀ ਚੋਣ ਸਾਰਾ ਪੰਥ ਕਰੇ। ਇਹ ਮਤਾ ਪਰਵਾਨ ਕਰ ਲਿਆ ਗਿਆ। ਵਿਸਾਖੀ ਦੇ ਦਿਨ ਦਸਮੇਸ਼ ਪਿਤਾ ਨੇ

**ਦਲ ਖ਼ਾਲਸਾ**

ਪੰਥ ਸਾਜਿਆ ਸੀ ਤੇ ਵਿਸਾਖੀ ਦੇ ਦਿਨ ਇਹ ਜੱਥੇਬੰਦੀ ਬਣਾਈ ਗਈ, ਜਿਸ ਦਾ ਨਾਂ 'ਦਲ

**ਜੱਸਾ ਸਿੰਘ ਆਹਲੂਵਾਲੀਆ ਜੱਥੇਦਾਰ ਬਣਿਆ**

ਖ਼ਾਲਸਾ'† ਰਖਿਆ ਗਿਆ। ਫਿਰ ਜੱਥੇਦਾਰ ਚੁਣਨ ਦੀ ਵਾਰੀ ਆਈ, ਤਾਂ ਸਾਰਿਆਂ ਦੀ ਨਿਗ੍ਹਾ ਸ: ਜੱਸਾ ਸਿੰਘ ਆਹਲੂਵਾਲੀਏ 'ਤੇ ਪਈ। ਉਸ ਵੇਲੇ ਓਹਾ ਸਾਰਿਆਂ ਵਿਚੋਂ ਬਲਵਾਨ ਸਰਦਾਰ ਸੀ। ਸਰਬ-ਸੰਮਤੀ ਨਾਲ ਉਸਨੂੰ (ਜੱਸਾ ਸਿੰਘ‡ ਆਹਲੂਵਾਲੀਏ ਨੂੰ) ਪੰਥ ਦਾ ਸਾਂਝਾ ਜਥੇਦਾਰ ਥਾਪਿਆ ਗਿਆ। ਉਸਦੇ ਮਾਤਹਿਤ ਦਸਾਂ ਸਰਦਾਰਾਂ ਦੀ ਇਕ ਸਲਾਹਕਾਰ ਕਮੇਟੀ ਬਣਾ ਦਿੱਤੀ ਗਈ। ਏਹਾ ਦਸੇ ਸਰਦਾਰ ਬਾਕੀ ਦੀਆਂ ਦਸਾਂ ਮਿਸਲਾਂ ਦੇ ਜਥੇਦਾਰ ਬਣੇ।

**ਯਾਰਾਂ ਮਿਸਲਾਂ**

ਉਸ ਵੇਲੇ ਅੰਮ੍ਰਿਤਸਰ ਵਿਚ ਸਥਾਪਨ ਹੋਈਆਂ ਯਾਰਾਂ ਮਿਸਲਾਂ ਇਹ ਹਨ:

੧. ਮਿਸਲ ਆਹਲੂਵਾਲੀਆ : ਜਿਸ ਦਾ ਜਥੇਦਾਰ ਸ: ਜੱਸਾ ਸਿੰਘ ਕਲਾਲ* ਸੀ, ਜੋ ਸਾਰੇ ਪੰਥ ਦਾ ਵੀ ਜੱਥੇਦਾਰ ਸੀ।

੨. ਮਿਸਲ ਫ਼ੈਜ਼ੁਲਾਪੁਰੀਆਂ ਜਾਂ ਸਿੰਘਪੁਰੀਆਂ : ਇਸ ਦਾ ਜੱਥੇਦਾਰ ਨਵਾਬ ਕਪੂਰ ਸਿੰਘ (ਪਿੰਡ ਫ਼ੈਜ਼ੁਲਾਪੁਰ ਦਾ) ਸੀ।

੩. ਮਿਸਲ ਸੁਕਰਚੱਕੀਆਂ : ਇਸ ਦਾ ਜੱਥੇਦਾਰ ਸ: ਨੌਧ ਸਿੰਘ ਸੀ (ਸ: ਰਣਜੀਤ ਸਿੰਘ ਦਾ ਪੜਦਾਦਾ)।

੪. ਮਿਸਲ ਨਸ਼ਾਨਾਂ ਵਾਲੀ : ਇਸ ਦਾ ਜੱਥੇਦਾਰ ਸ : ਦਸੌਂਧਾ ਸਿੰਘ ਸੀ, ਜੋ ਦਲ ਖ਼ਾਲਸਾ ਦਾ ਨਿਸ਼ਾਨ ਬਰਦਾਰ ਸੀ।

੫. ਮਿਸਲ ਭੰਗੀਆਂ : ਇਸ ਦਾ ਜੱਥੇਦਾਰ ਸ : ਹਰੀ ਸਿੰਘ ਭੰਗੀ, ਪਿੰਡ ਪੰਜਵੜ ਦਾ ਸੀ।

---

†੧੭੪੫ ਈ. ਦੀਵਾਲੀ ਨੂੰ ਵੀ 'ਦਲ ਖਾਲਸਾ' ਨਾਮ ਰਖ ਕੇ ਜੱਥੇਬੰਦੀ ਬਣਾਈ ਗਈ ਸੀ, ਪਰ ਉਹ ਏਨੀ ਪੱਕੀ ਨਹੀਂ ਸੀ।

‡ਸ: ਜੱਸਾ ਸਿੰਘ, ਪਿੰਡ ਆਹਲੂ (ਜ਼ਿਲਾ ਲਾਹੌਰ) ਦੇ ਸ: ਬਦਰ ਸਿੰਘ ਕਲਾਲ ਦਾ ਪੁੱਤਰ ਸੀ। ਜੱਸਾ ਸਿੰਘ ਦਾ ਜਨਮ ੧੭੧੮ ਈ. ਵਿਚ ਹੋਇਆ। ਸਤਾਰਾਂ ਸਾਲ ਦੀ ਉਮਰ ਵਿਚ ਉਹਨੇ ਨਵਾਬ ਕਪੂਰ ਸਿੰਘ ਤੋਂ ਅੰਮ੍ਰਿਤ ਛਕਿਆ। ਉਹਦਾ ਕੱਦ ਲੰਮਾ ਤੇ ਬੜਾ ਬਲਵਾਨ ਸੀ। ਅੱਧ ਸੇਰ ਪੱਕਾ ਮੱਖਣ ਤੇ ਅੱਧਾ ਬੱਕਰਾ ਉਹਦੀ ਇਕ ਵੇਲੇ ਦੀ ਖ਼ੁਰਾਕ ਸੀ।

*ਜੱਸਾ ਸਿੰਘ ਆਹਲੂਵਾਲੀਆ ਕਲਾਲ ਸੀ। ਸੋ, ਹੁਣ ਸਾਰੇ ਕਲਾਲ ਆਪਣੇ ਆਪ ਨੂੰ ਆਹਲੂਵਾਲੀਆ ਅਖਵਾਉਂਦੇ ਹਨ।

੬. ਮਿਸਲ ਕਨ੍ਹਈਆਂ : ਇਸ ਦਾ ਜੱਥੇਦਾਰ ਸ: ਜੈ ਸਿੰਘ ਕਨ੍ਹਈਆ ਪਿੰਡ ਕਾਹਨਾ, ਜ਼ਿਲਾ ਲਾਹੌਰ ਦਾ ਸੀ।

੭. ਮਿਸਲ ਨਕਈਆਂ : ਇਸ ਦਾ ਜੱਥੇਦਾਰ ਸ: ਹੀਰਾ ਸਿੰਘ ਨਕਈ ਪਿੰਡ ਬਹਿੜਵਾਲ, ਜ਼ਿਲ੍ਹਾ ਲਾਹੌਰ ਦਾ ਸੀ।

੮. ਡੱਲੇਵਾਲੀ ਮਿਸਲ : ਇਸ ਦਾ ਜੱਥੇਦਾਰ ਸ: ਗੁਲਾਬ ਸਿੰਘ ਪਿੰਡ ਡੱਲੇਵਾਲ ਦਾ ਸੀ।

੯. ਮਿਸਲ ਸ਼ਹੀਦਾਂ : ਇਸ ਦਾ ਜੱਥੇਦਾਰ ਬਾਬਾ ਦੀਪ ਸਿੰਘ ਜੀ 'ਸ਼ਹੀਦ' ਸੀ।

੧੦. ਮਿਸਲ ਕਰੋੜਾ ਸਿੰਘੀਆਂ : ਇਸ ਦਾ ਜੱਥੇਦਾਰ ਸ: ਕਰੋੜਾ ਸਿੰਘ, ਪਿੰਡ ਪੈਜਗੜ੍ਹ ਦਾ ਸੀ।

੧੧. ਮਿਸਲ ਸਾਂਘਣੀਆਂ : ਇਸ ਦਾ ਜੱਥੇਦਾਰ ਸ: ਨੰਦ ਸਿੰਘ, ਪਿੰਡ ਸਾਂਘਣੇ ਦਾ ਸੀ। ਏਹਾ ਮਿਸਲ ਪਿਛੋਂ 'ਮਿਸਲ ਰਾਮਗੜ੍ਹੀਆ' ਅਖਵਾਈ।

ਫਿਰ ਹਰ ਇਕ ਸਿੰਘ ਸਿਪਾਹੀ ਤੇ ਸਰਦਾਰ ਨੂੰ ਆਗਿਆ ਹੋਈ, ਕਿ ਉਹ ਜਿਸ ਜੱਥੇ (ਮਿਸਲ) ਵਿਚ ਚਾਹਵੇ, ਰਲ ਜਾਵੇ। ਹਰ ਅੰਮ੍ਰਿਤਧਾਰੀ ਸਿੰਘ 'ਦਲ ਖ਼ਾਲਸਾ' ਦਾ ਮੈਂਬਰ ਤੇ ਬਰਾਬਰ ਦਾ ਭਾਈ ਸਮਝਿਆ ਜਾਂਦਾ ਸੀ। ਹਰ ਸਿਪਾਹੀ ਨੂੰ ਇਹ ਵੀ ਹੱਕ ਦਿੱਤਾ ਗਿਆ ਕਿ ਉਹ ਚਾਹਵੇ, ਤਾਂ ਇਕ ਜੱਥੇ ਨੂੰ ਛੱਡ ਕੇ ਦੂਜੇ ਜਥੇ ਵਿਚ ਜਾ ਕੇ ਸ਼ਾਮਲ ਹੋ ਸਕਦਾ ਹੈ। ਹਰ ਮਿਸਲ ਅੰਦਰੂਨੀ ਮਾਮਲਿਆਂ ਵਿਚ ਖ਼ੁਦ-ਮੁਖ਼ਤਿਆਰ ਹੋਵੇਗੀ, ਪਰ ਸਾਂਝੇ ਅਮਲ ਲਈ ਉਸ ਨੂੰ 'ਦਲ ਖ਼ਾਲਸਾ' ਦੇ ਪਰਧਾਨ ਜੱਥੇਦਾਰ ਦੇ ਹੁਕਮ ਦੀ ਪਾਲਣਾ ਕਰਨੀ ਪਵੇਗੀ। ਏਸ ਤਰ੍ਹਾਂ ਪੰਥ ਵਿਚ ਮਿਸਲਾਂ ਦਾ ਮੁੱਢ ਬੱਝਾ।

ਦੂਜਾ ਵੱਡਾ ਕੰਮ ਸਾਰਿਆਂ ਜਥੇਦਾਰਾਂ ਨੇ ਸੋਚਿਆ, ਕਿ ਕਦ ਤਕ ਪੰਥ ਝਾੜਾਂ ਵਿਚ ਲੁਕਿਆ ਫਿਰੇਗਾ ? ਵੈਰੀ ਦੇ ਟਾਕਰੇ ਵਾਸਤੇ ਸਾਨੂੰ ਕੋਈ ਛੋਟਾ ਮੋਟਾ ਕਿਲ੍ਹਾ ਬਨਾਉਣਾ ਚਾਹੀਦਾ ਹੈ, ਜਿੱਥੇ ਭੀੜ ਬਣੀ 'ਤੇ ਆਸਰੇ ਨਾਲ ਵੈਰੀ ਦਾ ਟਾਕਰਾ ਕੀਤਾ ਜਾਵੇ। ਮਤਾ ਇਹ ਪਾਸ ਹੋਇਆ, ਕਿ ਅੰਮ੍ਰਿਤਸਰ ਨਾਲੋਂ ਹੋਰ ਪਵਿੱਤਰ ਧਰਤੀ ਕਿਹੜੀ ਹੈ ?

**ਕੱਚਾ ਕਿਲ੍ਹਾ ਰਾਮ ਰਉਣੀ**

ਏਥੇ ਹੀ ਕਿਲ੍ਹਾ ਬਣਾਇਆ ਜਾਵੇ। ਰਾਮ ਸਰ ਦੇ ਨੇੜੇ ਗੁਰੂ ਮਹਾਰਾਜ ਨੇ ਇਕ ਖੂਹੀ ਲੁਆਈ ਸੀ। ਓਸੇ ਦੇ ਉਦਾਲੇ ਕੱਚੀ ਗੜ੍ਹੀ ਦੀ ਨੀਂਹ ਵਿਸਾਖੀ ਵਾਲੇ ਦਿਨ (੧੭੪੮ ਈ. = ੧੮੦੫ ਬਿ:) ਰੱਖੀ ਗਈ। ਨੀਂਹ ਦੇ ਉਦਾਲੇ ਪਾਣੀ ਫੇਰ ਕੇ ਘਾਣੀ ਬਣਾ ਕੇ ਗਾਰੇ ਦੀ ਕੰਧ ਉਸਾਰਨੀ ਸ਼ੁਰੂ ਕਰ ਦਿੱਤੀ। ਰਾਜ, ਮਜ਼ਦੂਰ, ਮਿਸਤਰੀ, ਸਿੰਘ ਸਭ ਕੁਛ ਆਪੇ ਹੀ

ਸਨ। ਦਿਨਾਂ ਵਿਚ ਹੀ ਕੱਚੀ ਗੜ੍ਹੀ ਤਿਆਰ ਹੋ ਗਈ। ਉਸ ਦਾ ਨਾਂ ਗੁਰੂ ਰਾਮਦਾਸ ਜੀ ਦੇ ਨਾਮ ਉੱਤੇ 'ਰਾਮ ਰਉਣੀ' ਰਖਿਆ ਗਿਆ। ਉਸ ਦੀ ਕੰਧ ਚਾਰ ਹੱਥ ਚੌੜੀ ਤੇ ਛੇ ਸੱਤ ਹੱਥ ਉਚੀ ਸੀ। ਉਸ ਵਿਚ ਪੰਜ ਸੌ ਘੋੜ ਅਸਵਾਰਾਂ ਦੇ ਰਹਿਣ ਜੋਗੀ ਥਾਂ ਸੀ। ਸੋ, ਪੰਜ ਸੌ ਸਿੰਘਾਂ ਨੂੰ ਉਸ ਵਿਚ ਰਹਿਣ ਦੀ ਆਗਿਆ ਹੋਈ। ਏਸੇ ਸਮੇਂ ਸ: ਹਰੀ ਸਿੰਘ ਭੰਗੀ ਨੇ ਆਪਣਾ ਕਟੜਾ ਵੀ ਵਸਾਇਆ।

**ਮੀਰ ਮੰਨੂੰ ਲਾਹੌਰ ਦਾ ਸੂਬੇਦਾਰ ਤੇ ਕੌੜਾ ਮੱਲ ਦੀਵਾਨ**

ਅਪ੍ਰੈਲ, ੧੭੪੮ ਈ: ਵਿਚ ਮੀਰ ਮੰਨੂੰ (ਮੁਅਯੁਨੁਲ ਮੁਲਕ) ਲਾਹੌਰ ਤੇ ਮੁਲਤਾਨ ਦਾ ਸੂਬੇਦਾਰ ਬਣ ਕੇ ਲਾਹੌਰ ਪੁੱਜਾ। ਉਸਨੇ ਕੌੜਾ ਮੱਲ ਨੂੰ ਆਪਣਾ ਦੀਵਾਨ ਤੇ ਨਾਇਬ ਬਣਾਇਆ ਤੇ ਅਦੀਨਾ ਬੇਗ ਨੂੰ ਜਲੰਧਰ ਦਾ ਫ਼ੌਜਦਾਰ। ਅਬਦਾਲੀ ਦੇ ਥਾਪੇ ਹੋਏ ਸਾਰੇ ਹਾਕਮ ਕੱਢ ਦਿੱਤੇ ਗਏ। ਲਖਪਤ ਰਾਏ ਨੂੰ ਮੀਰ ਮੰਨੂੰ ਨੇ

**ਲਖਪਤ ਦੀ ਮੌਤ**

ਤੀਹ ਲੱਖ ਜੁਰਮਾਨਾ ਕੀਤਾ। ਉਸ ਵਿਚੋਂ ਬਾਈ ਲਖ ਵਸੂਲ ਹੋ ਗਿਆ (ਕੁਛ ਨਕਦ ਤੇ ਬਾਕੀ ਉਸਦਾ ਘਰ ਘਾਟ ਵੇਚ ਕੇ) ਤੇ ਬਾਕੀ ੮ ਲੱਖ ਬਦਲੇ ਉਸ ਨੂੰ ਕੈਦ ਕਰ ਲਿਆ ਗਿਆ। ਉਹ ੮ ਲੱਖ ਕੌੜਾ ਮੱਲ ਨੇ ਤਾਰ ਦਿੱਤਾ ਤੇ ਲਖਪਤ ਨੂੰ ਮੀਰ ਮੰਨੂੰ ਕੋਲੋਂ ਲੈ ਕੇ ਸਿੰਘਾਂ ਦੇ ਹਵਾਲੇ ਕਰ ਦਿੱਤਾ, ਜਿਥੇ ਉਹ ਛੇ ਮਹੀਨੇ ਕੈਦ ਰਹਿ ਕੇ ਮਰ ਗਿਆ‡।

**ਸਫ਼ਦਰ ਜੰਗ ਤੇ ਮੰਨੂੰ ਦਾ ਵਿਰੋਧ**

ਦਿੱਲੀ ਦੇ ਨਵੇਂ ਵਜ਼ੀਰ ਸਫ਼ਦਰ ਜੰਗ ਦਾ ਮੀਰ ਮੰਨੂੰ ਨਾਲ ਬੜਾ ਵਿਰੋਧ ਸੀ। ਦਿੱਲੀ ਦਰਬਾਰ ਵਿਚ ਦੋ ਧੜੇ ਸਨ, ਈਰਾਨੀ ਸ਼ੀਆ ਤੇ ਤੂਰਾਨੀ ਸੁੰਨੀ। ਸਫ਼ਦਰ ਜੰਗ ਈਰਾਨੀ ਸ਼ੀਆ ਸੀ। ਉਸ ਤੋਂ ਪਹਿਲੇ ਵਜ਼ੀਰ ਸੁੰਨੀ ਤੂਰਾਨੀ ਸਨ। ਮੀਰ ਮੰਨੂੰ ਪਹਿਲੇ ਵਜ਼ੀਰ ਕਮਰੁੱਦੀਨ ਦਾ ਪੁੱਤਰ ਸੀ।

---

‡ ਲਖਪਤ ਟੱਟੀ ਵਿਚ ਕੈਦ ਰਖਿਆ ਗਿਆ ਤੇ ਉਹਦੇ ਸਿਰ ਉੱਤੇ ਲੋਕ ਟੱਟੀ ਪੇਸ਼ਾਬ ਕਰਦੇ ਰਹੇ। ਉਹ ੧੮੦੫ ਬਿ. ਵਿਚ ਮਰਿਆ। ਭੰਗੂ ਪੰਨਾ ੩੧੦; ਕੌੜਾ ਮੱਲ ਨੇ ਲੱਖੂ ਨੂੰ ਸਿੰਘਾਂ ਦੇ ਹਵਾਲੇ ਕੀਤਾ। ਉਹ ਛੇ ਮਹੀਨੇ ਟੱਟੀ ਵਿਚ ਕੈਦ ਰਹਿ ਕੇ ਮਰਿਆ। ਪੰਥ ਪ੍ਰਕਾਸ਼, ਪੰਨਾ ੬੮੨; ਡਾ: ਗੰਡਾ ਸਿੰਘ, ਕੌੜਾ ਮੱਲ, ਪੰਨਾ ੪੭; ਹਵਾਲਾ ਸਹਿਤ ਖ਼ੁਸ਼ਵਕਤ ਰਾਏ, ਪੰਨਾ ੬੭; ਤਹਿਮਾਸਪ ਨਾਮਾ, ਪੰਨਾ ੭੨; ਅਲੀਉੱਦੀਨ, ਪੰਨਾ ੨੩੮।

ਉਹਨੂੰ ਦਿੱਲੀ ਦਰਬਾਰ ਵਿਚੋਂ ਕੱਢਿਆ ਵੀ ਏਸੇ ਵਾਸਤੇ ਗਿਆ ਸੀ, ਕਿ ਉਹ ਆਪਣੇ ਪਿਉ ਦੀ ਥਾਂ ਵਜ਼ਾਰਤ ਦੀ ਮੰਗ ਨਾ ਕਰੇ, ਕਿਉਂਕਿ ਸਭ ਅਹੁਦੇ ਜੱਦੀ ਸਮਝੇ ਜਾਂਦੇ ਸਨ। ਮੀਰ ਮੰਨੂੰ ਵੀ ਏਸ ਚਾਲ ਨੂੰ ਸਮਝਦਾ ਸੀ, ਪਰ ਉਹਨੇ ਦਿੱਲੀ ਨਾਲੋਂ ਲਾਹੌਰ ਵਿਚ ਆਪਣੀ ਤਾਕਤ ਬਨਾਉਣੀ ਚੰਗੀ ਸਮਝੀ। ਉਹ ਆਪ ਤੁਰਕ ਸੀ, ਸੋ ਉਹਨੇ ਨਾਦਰ ਦੇ ਕੱਢੇ ਹੋਏ ਕੇਈ ਤੁਰਕ ਸਿਪਾਹੀ ਤੇ ਅਫ਼ਸਰ ਆਪਣੀ ਨੌਕਰੀ ਵਿਚ ਲੈ ਲਏ।

ਲਾਹੌਰ ਉੱਤੇ ਕਬਜ਼ਾ ਜਮਾ ਕੇ ਮੀਰ ਮੰਨੂੰ ਨੇ ਮੁਲਤਾਨ ਉੱਤੇ ਕਬਜ਼ਾ ਕਰਨ ਵਾਸਤੇ ਕੌੜਾ ਮੱਲ ਨੂੰ ਆਪਣਾ ਨਾਇਬ ਬਣਾ ਕੇ ਭੇਜਿਆ। ੧੭੩੯

**ਮੁਲਤਾਨ ਦੇ ਹਾਕਮ**

ਈ. ਵਿਚ ਮੁਲਤਾਨ ਦਾ ਸੂਬੇਦਾਰ ਅਬਦੁੱਸਮੱਦ ਖ਼ਾਂ ਦਲੇਰੇ ਜੰਗ ਮਰਿਆ, ਤਾਂ ਉਹ ਸੂਬਾ ਵੀ ਉਸ ਦੇ ਪੁੱਤਰ ਜ਼ਕਰੀਆ ਖ਼ਾਂ ਖ਼ਾਨ ਬਹਾਦਰ (ਸੂਬੇਦਾਰ ਲਾਹੌਰ) ਨੂੰ ਹੀ ਦੇ ਦਿੱਤਾ ਗਿਆ ਸੀ। ਖ਼ਾਨ ਬਹਾਦਰ ਨੇ ਆਪਣੇ ਪੁੱਤਰ ਸ਼ਾਹ ਨਿਵਾਜ਼ ਖ਼ਾਂ ਨੂੰ ਆਪਣਾ ਨਾਇਬ ਬਣਾ ਕੇ ਮੁਲਤਾਨ ਦਾ ਹਾਕਮ ਥਾਪਿਆ ਸੀ। ਜਦ ਸ਼ਾਹ ਨਿਵਾਜ਼ ਲਾਹੌਰ ਉੱਤੇ ਕਬਜ਼ਾ ਕਰਨ ਵਾਸਤੇ ਆਇਆ, ਆਪਣੇ ਵੱਲੋਂ ਮੁਲਤਾਨ ਦਾ ਹਾਕਮ ਖ਼ਵਾਜਾ ਇਸਹਾਕ ਨੂੰ ਛੱਡ ਆਇਆ। ਪਿਛੋਂ ਵਜ਼ੀਰ ਕਮਰੁੱਦੀਨ ਨੇ ਜ਼ਾਹਿਦ ਖ਼ਾਂ ਸੱਦੋਜ਼ਈ ਨੂੰ ਸੂਬੇਦਾਰੀ ਦੀ ਸੰਨਦ ਦੇ ਦਿੱਤੀ, ਤਾਂ ਉਹਨੇ ਇਸਹਾਕ ਨੂੰ ਓਥੋਂ ਕੱਢ ਕੇ ਆਪ ਕਬਜ਼ਾ ਜਮਾ ਲਿਆ। ਇਸ ਵੇਲੇ ਮੁਲਤਾਨ ਓਸੇ ਦੇ ਕਬਜ਼ੇ ਵਿਚ ਸੀ।

**ਕੌੜਾ ਮੱਲ ਦਾ ਮੁਲਤਾਨ 'ਤੇ ਕਬਜ਼ਾ**

ਜਦ ਕੌੜਾ ਮੱਲ ਮੁਲਤਾਨ ਪੁੱਜਾ, ਅੱਗੋਂ ਜ਼ਾਹਿਦ ਖ਼ਾਂ ਲੜਾਈ ਵਾਸਤੇ ਤਿਆਰ ਹੋ ਪਿਆ, ਪਰ ਪਹਿਲੀ ਮੁਠਭੇੜ ਵਿਚ ਹੀ ਉਹ ਹਾਰ ਕੇ ਨੱਸ ਗਿਆ ਤੇ ਕੌੜਾ ਮੱਲ ਨੇ ਮੁਲਤਾਨ ਉੱਤੇ ਪੂਰੀ ਤਰਾਂ ਕਬਜ਼ਾ ਕਰ ਲਿਆ।

**ਮੰਨੂੰ ਦੀ ਗਸ਼ਤੀ ਫ਼ੌਜ**

ਲਾਹੌਰ ਤੇ ਮੁਲਤਾਨ ਵਿਚ ਤਸੱਲਤ ਜਮਾ ਕੇ ਫਿਰ ਮੰਨੂੰ ਸਿੱਖਾਂ ਵੱਲੇ ਹੋਇਆ। ਉਹਨੇ ਅਮਨ ਕਾਇਮ ਕਰਨ ਦੇ ਬਹਾਨੇ ਇਲਾਕੇ ਵਿਚ ਗਸ਼ਤੀ ਫ਼ੌਜ ਚੜ੍ਹਾਈ* ਤੇ ਸਿੰਘਾਂ ਦੇ ਕਤਲ ਦਾ ਹੁਕਮ ਦਿੱਤਾ। ਸਿੰਘ

---

*ਡਾ. ਗੰਡਾ ਸਿੰਘ, ਕੌੜਾ ਮੱਲ, ਪੰਨਾ ੫੨; ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੫੯।

ਗਸ਼ਤੀ ਫ਼ੌਜ ਦਾ ਟਾਕਰਾ ਕਰਨ ਦੀ ਥਾਂ ਬਾਰੀ ਦੁਆਬ ਛੱਡ ਕੇ ਦੁਆਬਾ ਜਲੰਧਰ ਵਿਚ ਚਲੇ ਗਏ। ਨਾ ਸਿੱਖਾਂ ਨੇ ਅਦੀਨਾ ਬੇਗ ਦੇ ਇਲਾਕੇ ਵਿਚ ਕੋਈ ਗੜਬੜ ਕੀਤੀ ਤੇ ਨਾ ਮਗਰਲੇ ਨੇ ਹੀ ਸਿੱਖਾਂ ਦੇ ਵਿਰੁੱਧ ਕੋਈ ਕਾਰਵਾਈ ਕਰਨ ਦੀ ਲੋੜ ਸਮਝੀ। ਪਰ ਪਿਛੋਂ ਮੀਰ ਮੰਨੂ ਦਾ ਸਖ਼ਤ ਹੁਕਮ ਗਿਆ, ਕਿ ਸਿੱਖਾਂ ਨੂੰ ਅਸਲੋਂ ਖ਼ਤਮ ਕਰੋ। ਸਿੱਖ ਉਸ ਵੇਲੇ ਆਨੰਦਪੁਰ ਜਾ ਕੱਠੇ ਹੋਏ ਸਨ। ਅਦੀਨਾ ਬੇਗ ਬੜੀ ਭਾਰੀ ਫ਼ੌਜ ਲੈ ਕੇ ਅਮਨ ਨਾਲ ਬੈਠੇ ਸਿੱਖਾਂ ਉੱਤੇ ਜਾ ਪਿਆ†। ਦੋਹਾਂ ਧਿਰਾਂ ਦੇ ਕੇਈ ਆਦਮੀ ਮਾਰੇ ਗਏ। ਸਿੰਘ ਏਥੋਂ ਮਾਲਵੇ ਨੂੰ ਚਲੇ ਗਏ।

**ਆਨੰਦਪੁਰ ਦੀ ਲੜਾਈ**

ਅਦੀਨਾ ਬੇਗ ਵਾਪਸ ਮੁੜ ਆਇਆ। ਇਹ ਘਟਨਾ ਜੂਨ, ੧੭੪੯ ਈ. ਦੀ ਹੈ। ਓਵੇਂ ਹੀ ਅਦੀਨਾ ਬੇਗ ਨੇ ਸਿੰਘਾਂ ਨਾਲ ਅੰਦਰਖ਼ਾਨੇ ਫੇਰ ਸੁਲ੍ਹਾ ਕਰ ਲਈ‡ ਤੇ ਕੁਝ ਸਿੱਖ ਆਪਣੀ ਨੌਕਰੀ ਵਿਚ ਲੈ ਲਏ। ਜੱਸਾ ਸਿੰਘ ਤਖਾਣ ਈਚੋ ਗਿੱਲੀਆ() (ਪਿਛੋਂ ਰਾਮਗੜ੍ਹੀਆ) ਆਪਣੇ ਤਿਨਾਂ ਭਰਾਵਾਂ (ਜੈ ਸਿੰਘ, ਖ਼ੁਸ਼ਹਾਲ ਸਿੰਘ ਤੇ ਮਾਲੀ ਸਿੰਘ) ਤੇ ਕੁਛ ਹੋਰ ਸਾਥੀਆਂ ਸਣੇ ਅਦੀਨਾ ਬੇਗ ਕੋਲ ਨੌਕਰ ਹੋ ਗਿਆ। ਉਸ ਦਾ ਪੰਜਵਾਂ ਭਰਾ—ਤਾਰਾ ਸਿੰਘ—ਨੌਕਰ ਨਾ ਹੋਇਆ। ਉਹ ਸਦਾ ਦਲ ਖ਼ਾਲਸੇ ਦੇ ਨਾਲ ਹੀ ਰਿਹਾ§।

**ਜੱਸਾ ਸਿੰਘ ਅਦੀਨਾ ਬੇਗ ਦੀ ਨੌਕਰੀ ਵਿਚ**

---

†ਮੈਲਕਮ, ਪੰਨਾ ੯੨, ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੫੯, ਛੇ ਸੌ ਸਿੰਘ ਕਤਲ ਹੋਏ।

‡ਮੈਲਕਮ, ਪੰਨਾ ੯੨।

()ਜੱਸਾ ਸਿੰਘ ਦੇ ਵੱਡੇ, ਪਿੰਡ ਸੁਰ ਸਿੰਘ ਦੇ ਸਨ। ਜੱਸਾ ਸਿੰਘ ਦਾ ਪਿਤਾ ਸ: ਭਗਵਾਨ ਸਿੰਘ ਸੁਰ ਸਿੰਘ ਛੱਡ ਕੇ ਪਿੰਡ ਈਚੋਗਿਲ ਜਾ ਵੱਸਿਆ ਸੀ। ਸੋ ਰਾਮਗੜ੍ਹ ਬਣਨ ਤੋਂ ਪਹਿਲੇ ਇਸ ਨੂੰ ਈਚੋਗਿੱਲੀਆ ਆਖਦੇ ਸਨ ਤੇ ਪਿਛੋਂ ਇਸ ਦੀ ਅੱਲ ਰਾਮਗੜ੍ਹੀਆ ਪੈ ਗਈ। ਪੰਜਾਬ ਚੀਫ਼ਸ Chiefs & Families of Note in the Punjab, by Sir Lepal H. Griffin & Col. Messy, ਦਾ ਉਰਦੂ ਤਰਜਮਾ, ਸੱਯਦ ਨਿਵਾਜ਼ਿਸ਼ ਅਲੀ (੧੯੧੧ ਈ.) ਹਿੱਸਾ ਪਹਿਲਾ, ਪੰਨਾ ੭੧੫।

§ਡਾ. ਗੰਡਾ ਸਿੰਘ, ਕੌੜਾ ਮੱਲ, ਪੰਨਾ ੫੪; ਹਵਾਲਾ ਜੱਸਾ ਸਿੰਘ ਬਿਨੋਦ।

ਦੋ ਕੁ ਮਹੀਨੇ ਮੀਂਹ ਦੇ ਜ਼ੋਰ ਕਰ ਕੇ ਸਾਰੇ ਦੇਸ ਵਿਚ ਚੁੱਪ ਵਰਤੀ ਰਹੀ। ਅਕਤੂਬਰ ਵਿਚ ਸਿੰਘ ਦੀਵਾਲੀ ਉੱਤੇ ਫੇਰ ਅੰਮ੍ਰਿਤਸਰ ਕੱਠੇ ਆ ਹੋਏ। ਹਰਿਮੰਦਰ ਸਾਹਿਬ ਪਾਠ ਕੀਰਤਨ ਹੋਏ ਤੇ ਦੀਪ ਮਾਲਾ ਕੀਤੀ ਗਈ। ਮੀਰ ਮੰਨੂੰ ਨੂੰ ਇਹ ਖ਼ਬਰਾਂ ਪਹੁੰਚੀਆਂ, ਤਾਂ ਉਹਨੇ ਅਦੀਨਾ ਬੇਗ ਨੂੰ ਲਿਖਿਆ, ਕਿ ਸਿੱਖਾਂ ਨੂੰ ਘੇਰਾ ਪਾ ਕੇ ਖ਼ਤਮ ਕਰੋ। ਹੁਕਮ ਸੁਣਦੇ ਸਾਰ ਅਦੀਨਾ ਬੇਗ ਤੇ ਉਸ ਦਾ ਨਾਇਬ ਸਦੀਕ ਬੇਗ ਖ਼ਾਂ ਜਲੰਧਰੋਂ ਚੜ੍ਹੇ ਤੇ ਬਹੁਤ ਸਾਰੀ ਫ਼ੌਜ ਸਣੇ ਮੀਰ ਮੰਨੂੰ ਦੇ ਅਫ਼ਸਰ ਲਾਹੌਰੋਂ। ਉਹਨਾਂ ਆ ਕੇ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ। ਪੰਜ ਸੌ ਸਿੰਘ ਕੱਚੇ ਕਿਲ੍ਹੇ ਰਾਮ ਰਉਣੀ ਵਿਚ ਹੋ ਬੈਠੇ (ਕਿਉਂਕਿ ਉਥੇ ਥਾਂ ਹੀ ਏਨਿਆਂ ਜੋਗੀ ਸੀ) ਤੇ ਬਾਕੀ ਨੇੜੇ ਦੇ ਜੰਗਲ ਵਿਚ ਜਾ ਵੜੇ। ਦੋਹਾਂ ਪਾਸਿਆਂ ਤੋਂ ਲੜਾਈ ਆਰੰਭ ਹੋ ਗਈ। ਰਾਮ ਰਉਣੀ ਵਿਚ ਪੰਜ ਸੌ ਸਿੰਘ ਹੀ ਸਨ, ਪਰ ਉਹਨਾਂ ਦੇ ਟਾਕਰੇ ਉੱਤੇ ਬਾਹਰ ਹਜ਼ਾਰਾਂ ਦੁਸ਼ਮਣ। ਰੋਜ਼ ਅੱਗ ਦਾ ਮੀਂਹ ਵੱਸਣ ਲੱਗਾ। ਕਦੇ ਕਦਾਈਂ ਸਿੰਘ ਗੜ੍ਹੀ ਵਿਚੋਂ ਬਾਹਰ ਨਿਕਲਦੇ ਤੇ ਦੋ ਦੋ ਹੱਥ ਕਰਕੇ, ਵੈਰੀ ਨੂੰ ਭਾਜੜ ਪਾ ਕੇ ਥੋੜ੍ਹਾ ਬਹੁਤਾ ਸਾਮਾਨ ਖੋਹ ਖਿੰਝ ਕੇ ਫੇਰ ਅੰਦਰ ਜਾ ਵੜਦੇ। ਕਦੇ ਕੋਈ ਸਿੰਘਾਂ ਦਾ ਜਥਾ ਬਾਹਰੋਂ ਜੰਗਲ ਵਿਚੋਂ ਆ ਪੈਂਦਾ ਤੇ ਲਗਦਾ ਚਾਰਾ ਲਾ ਕੇ ਫੇਰ ਹਰਨ ਹੋ ਜਾਂਦਾ। ਇਹ ਘੇਰਾ ਦੋ ਕੁ ਮਹੀਨੇ ਰਿਹਾ। ਅੰਦਰੋਂ ਦਾਣਾ ਪੱਠਾ ਮੁੱਕ ਗਿਆ। ਸਿੰਘਾਂ ਦੇ ਘੋੜੇ ਭੁੱਖੇ ਮਰਨ ਲਗੇ। ਇਹਨਾਂ ਰੋਜ਼ ਦੀਆਂ ਮੁਠ-ਭੇੜਾਂ ਵਿਚ ਅੰਦਰਲੇ ਦੋ ਸੌ ਸਿੰਘ† ਸ਼ਹੀਦੀ ਪਾ ਚੁੱਕੇ ਸਨ ਤੇ ਬਾਕੀਆਂ ਨੇ ਇਕ ਦਿਨ ਆਖ਼ਰੀ ਲੜਾਈ ਕਰ ਕੇ ਸ਼ਹੀਦੀ ਪਾਉਣ ਦਾ ਮਤਾ ਪਕਾ ਲਿਆ ਸੀ।

**ਰਾਮ ਰਉਣੀ ਨੂੰ ਘੇਰਾ**

ਮੰਨੂੰ ਦੀਆਂ ਫ਼ੌਜਾਂ ਵਿਚ ਕੌੜਾ ਮੱਲ ਵੀ ਹੈਗਾ ਸੀ, ਜੋ ਗੁਰੂ ਕਾ ਸਹਿਜਧਾਰੀ ਸਿੱਖ ਸੀ। ਅਦੀਨਾ ਬੇਗ ਦੀ ਫ਼ੌਜ ਵਿਚ ਸ: ਜੱਸਾ ਸਿੰਘ ਤਖਾਣ ਵੀ—ਆਪਣੇ ਸੌ ਸਿਪਾਹੀਆਂ ਸਣੇ—ਸੀ। ਉਸ ਦੀ ਇਸਤਰੀ ਨੇ ਲੜਕੀ ਮਾਰ ਦਿੱਤੀ‡ ਤਾਂ ਪੰਥ ਨੇ ਉਸ ਨੂੰ ਛੇਕ ਦਿੱਤਾ ਸੀ। ਉਹ ਅਦੀਨਾ ਬੇਗ ਪਾਸ ਨੌਕਰ ਜਾ ਹੋਇਆ। ਇਕ ਦਿਨ ਗੜ੍ਹੀ ਵਿਚਲੇ ਸਿੰਘਾਂ ਵਿਚੋਂ ਇਕ ਸਿੰਘ ਭੇਸ ਬਦਲ ਕੇ ਅਦੀਨਾ ਬੇਗ ਦੀ

**ਜੱਸਾ ਸਿੰਘ ਵੈਰੀ ਦੇ ਦਲ ਨਾਲ**

---

†ਖੁਸ਼ਵਕਤ ਰਾਏ, ਪੰਨੇ ੮੩-੪।

‡ਪੰਥ ਪ੍ਰਕਾਸ਼, ਪੰਨਾ ੬੯੭।

ਸੂਹ ਕੱਢਣ ਉਸ ਦੀ ਫ਼ੌਜ ਵਿਚ ਆਇਆ, ਤਾਂ ਉਸਨੇ ਜੱਸਾ ਸਿੰਘ ਤੇ ਉਸਦੇ ਸਾਥੀਆਂ ਨੂੰ ਵੀ ਓਥੇ ਵੇਖਿਆ। ਸਿੰਘ ਨੇ ਕਿਹਾ, "ਹੱਛਾ ! ਤੁਸੀਂ ਹੋ ਰਾਮ ਰਉਣੀ ਦੇ ਸਿੰਘਾਂ ਦੇ ਕਾਤਲ ?" ਇਹ ਸੁਣ ਕੇ ਜੱਸਾ ਸਿੰਘ ਤੇ ਉਹਦੇ ਸਾਥੀਆਂ ਦੇ ਨੇਤਰ ਭਰ ਆਏ। ਉਹਨਾਂ ਬੜੇ ਤਰਲੇ ਨਾਲ ਕਿਹਾ, ਕਿ ਜਿਵੇਂ ਜਾਣੇ, ਪੰਥ ਸਾਨੂੰ ਵਿਛੜਿਆਂ ਨੂੰ ਮਿਲਾ ਲਵੇ। ਅਗੋਂ ਸਿੰਘ ਨੇ ਉੱਤਰ ਦਿੱਤਾ, ਕਿ ਅਸੀਂ ਤਾਂ ਸਾਰੇ ਕਲ੍ਹ ਨੂੰ ਸ਼ਹੀਦੀ ਪਾ ਜਾਵਾਂਗੇ। ਜੇ ਤੁਸੀਂ ਵੀ ਸਾਡੇ ਨਾਲ ਸ਼ਹੀਦੀ ਵਿਚ ਹਿੱਸੇਦਾਰ ਬਣਨਾ ਚਾਹੋ, ਤਾਂ ਇਹਦਾ ਫਲ ਤੁਹਾਨੂੰ ਗੁਰੂ ਮਹਾਰਾਜ ਦੇਣਗੇ। ਇਹ ਸੁਣ ਕੇ, ਕਿ ਸਾਰੇ ਸਿੰਘ ਸ਼ਹੀਦੀ ਵਾਸਤੇ ਤਿਆਰ ਹੋਏ ਬੈਠੇ ਨੇ, ਜੱਸਾ ਸਿੰਘ ਦੇ ਦਿਲ 'ਤੇ ਬੜੀ ਸੱਟ ਵਜੀ।

**ਜੱਸਾ ਸਿੰਘ ਮਾਫੀ ਮੰਗਕੇ ਰਾਮ ਰਉਣੀ ਵਿਚ**

ਉਹਨੇ ਚਿੱਠੀ ਲਿਖ ਕੇ ਤੀਰ ਨਾਲ ਬੰਨ੍ਹ ਕੇ ਗੜ੍ਹੀ ਦੇ ਅੰਦਰ ਭੇਜੀ, ਕਿ ਪੰਥ ਮੇਰੀ ਭੁੱਲ ਬਖ਼ਸ਼ ਲਵੇ, ਤਾਂ ਮੈਂ ਵੈਰੀ ਦਾ ਸਾਥ ਛੱਡਕੇ ਅੰਦਰ ਆਉਣ ਨੂੰ ਤਿਆਰ ਹਾਂ। ਸਿੰਘਾਂ ਨੇ ਅੰਦਰੋਂ ਤੀਰ ਨਾਲ ਹੀ ਬੰਨ੍ਹ ਕੇ ਉੱਤਰ ਘੱਲਿਆ, 'ਗੁਰੂ ਬਖ਼ਸ਼ਣਹਾਰ ਹੈ। ਤੂੰ ਚਾਹੇਂ, ਤਾਂ ਇਸ ਵੇਲੇ ਪੰਥ ਦੀ ਸ਼ਰਨ ਆ ਸਕਦਾ ਏਂ†।' ਰਾਤੋ ਰਾਤ ਜੱਸਾ ਸਿੰਘ—ਸਣੇ ਸਾਥੀਆਂ—ਰਾਮ ਰਉਣੀ ਦੇ ਅੰਦਰ ਜਾ ਵੜਿਆ। ਉਹ ਆਪਣੇ ਨਾਲ ਕੁਛ ਖ਼ੁਰਾਕ ਤੇ ਜੰਗ ਦਾ ਸਾਮਾਨ ਵੀ ਲੈ ਗਿਆ। ਅੰਦਰਲੇ ਸਿੰਘਾਂ ਨੂੰ ਹੌਸਲਾ ਹੋ ਗਿਆ ਤੇ ਉਹ ਕੁਛ ਸਮਾਂ ਹੋਰ ਲੜਾਈ ਜਾਰੀ ਰੱਖਣ ਦੇ ਯੋਗ ਹੋ ਗਏ।

ਸ: ਜੱਸਾ ਸਿੰਘ ਨੇ ਕੌੜਾ ਮੱਲ ਨੂੰ ਸੁਨੇਹਾ ਭੇਜਿਆ, ਕਿ ਜੇ ਤੂੰ ਕੋਈ ਚਾਰਾ ਕਰੇਂ, ਤਾਂ ਅੰਦਰਲੇ ਤਿੰਨ ਸੌ ਸਿੰਘਾਂ ਦੀ ਜਾਨ ਬਚ ਸਕਦੀ ਹੈ। ਐਨ ਓਸ ਵੇਲੇ ਖ਼ਬਰਾਂ ਪਹੁੰਚੀਆਂ, ਕਿ ਅਬਦਾਲੀ ਚੜ੍ਹਿਆ ਆ ਰਿਹਾ ਹੈ*। ਨਾਲ ਹੀ ਦਿੱਲੀ ਵੱਲੋਂ ਖ਼ਬਰ ਮਿਲੀ, ਕਿ ਸਫ਼ਦਰ ਜੰਗ ਸ਼ਾਹ ਨਿਵਾਜ਼ ਨੂੰ ਮੁਲਤਾਨ ਦਾ ਸੂਬੇਦਾਰ ਬਣਾ ਕੇ ਭੇਜ ਰਿਹਾ ਹੈ। ਇਹਨਾਂ ਖ਼ਬਰਾਂ ਦੀ ਰੌਸ਼ਨੀ ਵਿਚ ਕੌੜਾ

**ਕੌੜਾ ਮੱਲ ਦੀ ਸਲਾਹ ਨਾਲ ਮੰਨੂ ਨੇ ਸਿੰਘਾਂ ਨਾਲ ਸੁਲ੍ਹਾ ਕਰ ਲਈ**

ਮੱਲ ਨੇ ਮੀਰ ਮੰਨੂੰ ਨੂੰ ਕਿਹਾ, ਕਿ ਰਾਮ ਰਉਣੀ ਦਾ ਘੇਰਾ ਉਠਾ ਕੇ ਸਿੰਘਾਂ ਨਾਲ ਸੁਲ੍ਹਾ ਕਰ ਲੈਣੀ ਚਾਹੀਦੀ ਹੈ, ਤਾਂ ਜੋ ਆਉਣ ਵਾਲੀਆਂ ਔਕੜਾਂ ਵਿਚ ਇਹਨਾਂ ਦੀ ਮਦਦ ਹਾਸਲ

---

†ਭੰਗੂ, ਪੰਨੇ ੩੧੪-੧੫।

*ਕਨਿੰਘਮ, ਪੰਨਾ ੬੫।

ਕੀਤੀ ਜਾ ਸਕੇ। ਮੀਰ ਮੰਨੂੰ ਨੇ ਇਹ ਸਲਾਹ ਮੰਨ ਲਈ। ਸੋ ਨਵੰਬਰ, ੧੭੪੮ ਈ. (ਮੱਘਰ, ੧੮੦੫ ਬਿ.) ਨੂੰ ਰਾਮ ਰਉਣੀ ਦਾ ਘੇਰਾ ਉਠਾ ਲਿਆ ਗਿਆ†। ਕੌੜਾ ਮੱਲ ਦੇ ਕਹਿਣ ਉੱਤੇ ਸਿੰਘਾਂ ਦੇ ਗੁਜ਼ਾਰੇ ਵਾਸਤੇ ਦਰਬਾਰ ਸਾਹਿਬ ਦੇ ਨਾਮ ਪਰਗਣਾ ਪੱਟੀ ਦੇ ਮਾਮਲੇ ਵਿਚੋਂ ਅੱਧਾ ਮਾਮਲਾ ਜਾਗੀਰ ਵਜੋਂ ਲਾ ਦਿੱਤਾ। ਦਰਬਾਰ ਸਾਹਿਬ ਦੇ ਪੁਰਾਣੇ ਬਾਰਾਂ ਪਿੰਡਾਂ ਦਾ ਜ਼ਬਤ ਹੋਇਆ ਮਾਮਲਾ ਵੀ ਬਹਾਲ ਕਰ ਦਿੱਤਾ‡। ਏਸ ਤਰ੍ਹਾਂ ਰਾਮ ਰਉਣੀ ਦੀ ਮੁਹਿੰਮ ਖ਼ਤਮ ਹੋਈ।

**ਸਿੰਘਾਂ ਨੂੰ ਜਾਗੀਰ**

ਮਾਰਚ, ੧੭੪੮ ਈ. ਵਿਚ ਅਬਦਾਲੀ, ਮੀਰ ਮੰਨੂੰ ਤੋਂ ਹਾਰ ਖਾ ਕੇ ਗਿਆ ਸੀ। ਓਦੋਂ ਮੀਰ ਮੰਨੂੰ ਹਿੰਦੁਸਤਾਨ ਦੀ ਸਾਰੀ ਤਾਕਤ ਦਾ ਮਾਲਕ ਸੀ, ਤੇ ਹੁਣ ਕੇਵਲ ਪੰਜਾਬ ਦੀ; ਜਿੱਥੇ ਆ ਕੇ ਉਹ ਨਵਾਂ-ਨਵਾਂ ਹਾਕਮ ਲੱਗਾ ਸੀ। ਅਬਦਾਲੀ ਇਹ ਵੀ ਜਾਣਦਾ ਸੀ, ਕਿ ਦਿੱਲੀ ਦਰਬਾਰ ਵਿਚ ਫੁੱਟ ਹੋਣ ਕਰਕੇ ਉੱਥੋਂ ਦੇ ਵਜ਼ੀਰ ਨੇ ਕਦੇ ਵੀ ਸੂਬੇਦਾਰ ਲਾਹੌਰ ਨੂੰ ਮਦਦ ਨਹੀਂ ਦਿੱਤੀ। ਹੁਣ ਉਹ ਇਹ ਵੇਖਣਾ ਚਾਹੁੰਦਾ ਸੀ, ਕਿ ਪੰਜਾਬ ਦਾ ਸੂਬੇਦਾਰ ਹੋਣ ਦੀ ਹੈਸੀਅਤ ਵਿਚ ਮੀਰ ਮੰਨੂੰ ਦੀ ਕਿੰਨੀ ਕੁ ਤਾਕਤ ਹੈ। ਸੋ ਦਸੰਬਰ, ੧੭੪੮ ਈ.* ਅਬਦਾਲੀ ਸਣੇ ਫ਼ੌਜ ਦਰਿਆ ਅਟਕ ਤੋਂ ਉਰਾਰ ਟੱਪ ਪਿਆ। ਉਹ ਮੁਲਕ ਨੂੰ ਉਜਾੜਦਾ ਹੋਇਆ ਝਨਾਂ ਦੇ ਉਰਲੇ ਪਾਸੇ ਸੋਹਦਰੇ (ਵਜ਼ੀਰਾਬਾਦ ਤੋਂ ੪ ਮੀਲ ਚੜ੍ਹਦੇ ਪਹਾੜ ਦੀ ਗੁੱਠ ਵਿਚ) ਆ ਬੈਠਾ। ਅਬਦਾਲੀ ਨੇ ਮੀਰ ਮੰਨੂੰ ਨੂੰ ਚਿੱਠੀ ਲਿਖੀ, ਕਿ ਨਾਦਰ ਸ਼ਾਹ ਦੇ ਵੇਲੇ ਤੋਂ ਚਾਰ ਮੁਹਾਲ (ਗੁਜਰਾਤ, ਪਸਰੂਰ, ਸਿਆਲਕੋਟ ਤੇ ਔਰੰਗਾਬਾਦ) ਸਾਡੀ ਬਾਦਸ਼ਾਹੀ ਦਾ ਹਿੱਸਾ ਬਣ ਚੁਕੇ ਹਨ, ਉਹਨਾਂ ਦਾ ਮਾਮਲਾ ਤਾਰੋ ਤੇ ਅੱਗੇ ਵਾਸਤੇ ਸਮੇਂ ਸਿਰ ਮਾਮਲਾ ਭੇਜਣ ਦਾ ਭਰੋਸਾ ਦੁਆਓ। ਮੀਰ ਮੰਨੂੰ ਨੇ ਇਕ ਪਾਸੇ ਤਾਂ ਅਬਦਾਲੀ ਨਾਲ ਸੁਲ੍ਹਾ ਦੀ ਗੱਲ ਬਾਤ ਜਾਰੀ ਰਖੀ ਤੇ ਦੂੱਜੇ ਪਾਸੇ ਅਬਦਾਲੀ ਦੀ ਉਹ ਚਿੱਠੀ ਬਾਦਸ਼ਾਹ ਦਿੱਲੀ ਨੂੰ ਭੇਜ ਦਿੱਤੀ। ਦਿੱਲੀ ਬਾਦਸ਼ਾਹ ਨੇ ਚਾਰ ਮੁਹਾਲ ਦਾ ਮਾਮਲਾ ਅਬਦਾਲੀ ਨੂੰ ਦੇਣਾ ਪਰਵਾਨ ਕਰ ਲਿਆ। ਤਾਂ ਆਪਣੀ ਫ਼ੌਜੀ ਕਮਜ਼ੋਰੀ ਵੇਖ ਕੇ ਮੀਰ ਮੰਨੂੰ ਨੇ ਵੀ ਚਾਰ ਮੁਹਾਲ

**ਅਬਦਾਲੀ ਦਾ ਦੂਜਾ ਹਮਲਾ**

---

† ਡਾ: ਗੰਡਾ ਸਿੰਘ, ਕੌੜਾ ਮੱਲ, ਪੰਨਾ ੬੧; ਭੰਗੂ, ਪੰਨੇ ੩੧੫-੧੬।

‡ ਭੰਗੂ, ਪੰਨਾ ੩੧੫।

* ਕਨਿੰਘਮ, ਪੰਨਾ ੯੫; ਡਾ: ਗੰਡਾ ਸਿੰਘ, ਕੌੜਾ ਮੱਲ, ਪੰਨਾ ੬੩।

ਖ਼ਰਾਜ ਲੈ ਕੇ ਅਬਦਾਲੀ ਝਨਾਂ ਤੋਂ ਵਾਪਸ ਮੁੜ ਗਿਆ

ਦਾ ਮਾਮਲਾ ਚੌਦਾਂ ਲੱਖ ਸਾਲਾਨਾ† ਅਬਦਾਲੀ ਨੂੰ ਦੇਣਾ ਮੰਨ ਲਿਆ ਤੇ ਇਕ ਸਾਲ ਦਾ ਦੇ ਦਿੱਤਾ। ਮਾਮਲਾ ਲੈ ਕੇ ਅਬਦਾਲੀ ਓਥੋਂ ਹੀ ਵਾਪਸ ਕੰਧਾਰ ਨੂੰ ਮੁੜ ਗਿਆ।

ਮੀਰ ਮੰਨੂੰ ਏਧਰੋਂ ਮੁੜਿਆ ਹੀ ਸੀ, ਜਾਂ ਉਸ ਨੂੰ ਮੁਲਤਾਨ ਦੀ ਬਿਪਤਾ ਪੈ ਗਈ। ਵਜ਼ੀਰ ਸਫ਼ਦਰ ਜੰਗ ਨੇ ਮੀਰ ਮੰਨੂੰ ਦੀ ਤਾਕਤ ਘਟਾਉਣ ਬਦਲੇ

ਸ਼ਾਹ ਨਿਵਾਜ਼ ਨੇ ਮੁਲਤਾਨ 'ਤੇ ਕਬਜ਼ਾ ਕਰ ਲਿਆ

ਮੁਲਤਾਨ ਦਾ ਸੂਬੇਦਾਰ ਸ਼ਾਹ ਨਿਵਾਜ਼ ਖ਼ਾਂ ਨੂੰ ਬਣਾ ਦਿੱਤਾ। ਉਸ ਨੇ ਮਈ, ੧੭੪੯ ਈ.‡ ਵਿਚ ਮੁਲਤਾਨ 'ਤੇ ਆ ਕਬਜ਼ਾ ਕੀਤਾ। ਉਸ ਨੇ ਕੁਛ ਪੁਰਾਣੇ ਫ਼ੌਜੀ—ਵਧੇਰੇ ਤਨਖਾਹ ਦੇ ਕੇ—ਆਪਣੇ ਨਾਲ ਗੰਢ ਲਏ ਤੇ ਬਹੁਤ ਸਾਰੀ ਨਵੀਂ ਫ਼ੌਜ ਭਰਤੀ ਕਰ ਲਈ। ਦਿਨਾਂ ਵਿਚ ਹੀ ਉਹਨੇ ਪੰਦਰਾਂ ਹਜ਼ਾਰ ਫ਼ੌਜ ਲਾਹੌਰ ਉੱਤੇ ਹਮਲਾ ਕਰਨ ਵਾਸਤੇ ਤਿਆਰ ਕਰ ਲਈ, ਕਿਉਂਕਿ ਸਫ਼ਦਰ ਜੰਗ ਵੱਲੋਂ ਉਸ ਨੂੰ ਭਰੋਸਾ ਦੁਆਇਆ ਗਿਆ ਸੀ, ਕਿ ਜੇ ਤੂੰ ਲਾਹੌਰ ਮੀਰ ਮੰਨੂੰ ਤੋਂ ਖੋਹ ਲਵੇਂ, ਤਾਂ ਤੈਨੂੰ ਸੂਬੇਦਾਰੀ ਦੀ ਸੰਨਦ ਦੇ ਦਿੱਤੀ ਜਾਵੇਗੀ।

ਨਾਸਰ ਖ਼ਾਂ ਦੀ ਬਗ਼ਾਵਤ

ਦੂੱਜੇ ਪਾਸੇ ਸਫ਼ਦਰ ਜੰਗ ਨੇ ਨਾਸਰ ਖ਼ਾਂ ਨੂੰ ਕਿਹਾ, ਕਿ ਜੇ ਤੂੰ ਬਲ ਨਾਲ ਮੀਰ ਮੰਨੂੰ ਤੋਂ ਲਾਹੌਰ ਖੋਹ ਲਵੇਂ, ਤਾਂ ਤੈਨੂੰ ਲਾਹੌਰ ਦਾ ਸੂਬੇਦਾਰ ਮੰਨ ਲਿਆ ਜਾਵੇਗਾ। ਇਹ ਨਾਸਰ ਖ਼ਾਂ ਓਹਾ ਕਾਬਲ ਦਾ ਪੁਰਾਣਾ ਸੂਬੇਦਾਰ ਸੀ। ਜਦ ਮੀਰ ਮੰਨੂੰ ਸੂਬੇਦਾਰ ਬਣ ਕੇ ਲਾਹੌਰ ਆਇਆ, ਓਦੋਂ ਨਾਸਰ ਖ਼ਾਂ ਬੇਕਾਰ ਸੀ। ਉਹਨੇ ਮੀਰ ਮੰਨੂੰ ਕੋਲ ਆਪਣੀ ਵਿਥਿਆ ਫੋਲੀ, ਉਹਨੇ ਨਾਸਰ ਖ਼ਾਂ ਨੂੰ ਚਾਰ ਮੁਹਾਲ ਦੀ ਫ਼ੌਜਦਾਰੀ ਦੇ ਦਿੱਤੀ। ਸਫ਼ਦਰ ਜੰਗ ਦੇ ਆਖੇ ਲਗਕੇ ਨਾਸਰ ਖ਼ਾਂ ਨੇ ਮੀਰ ਮੰਨੂੰ ਨਾਲ ਵਿਸਾਹਘਾਤ ਕੀਤਾ ਤੇ ਲਾਹੌਰ ਉੱਤੇ ਹਮਲਾ ਕਰਨ ਵਾਸਤੇ ੧੭-੧੮ ਹਜ਼ਾਰ ਫ਼ੌਜ ਤਿਆਰ ਕਰ ਲਈ। ਮੀਰ ਮੰਨੂੰ ਨੂੰ ਸੁਣ ਕੇ ਬੜਾ ਗ਼ੁੱਸਾ

---

†ਜਾਦੂ ਨਾਥ ਸਰਕਾਰ, ਪੰਨਾ ੪੧੯।

‡ਜਾਦੂ ਨਾਥ ਸਰਕਾਰ, ਪੰਨਾ ੪੧੬।

**ਮੀਰ ਮੰਨੂੰ ਦੀ ਚੜ੍ਹਾਈ ਨਾਸਰ ਹਾਰ ਕੇ ਨੱਸ ਗਿਆ**

ਆਇਆ। ਉਹ ਆਪ ਇਕ ਤਕੜੀ ਫ਼ੌਜ ਲੈ ਕੇ ਸਿਆਲਕੋਟ ਉੱਤੇ ਜਾ ਪਿਆ। ਲੜਾਈ ਵਿਚ ਨਾਸਰ ਖ਼ਾਂ ਹਾਰ ਗਿਆ ਤੇ ਜਾਨ ਬਚਾ ਕੇ ਦਿੱਲੀ ਨੱਸ ਗਿਆ। ਇਹ ਘਟਨਾ ਜੁਲਾਈ, ੧੭੪੯ ਈ. ਦੀ ਹੈ†।

**ਕੌੜਾ ਮੱਲ ਦੀ ਮੁਲਤਾਨ 'ਤੇ ਚੜ੍ਹਾਈ ਨਾਲ ਸਿੱਖ ਫ਼ੌਜ ਵੀ ਸੀ**

ਏਧਰੋਂ ਵਿਹਲਾ ਹੋ ਕੇ ਮੀਰ ਮੰਨੂੰ ਨੇ ਕੌੜਾ ਮੱਲ ਨੂੰ ਬੜੀ ਤਕੜੀ ਫ਼ੌਜ ਦੇ ਕੇ ਮੁਲਤਾਨ ਫਤਹਿ ਕਰਨ ਵਾਸਤੇ ਤੋਰਿਆ। ਮੰਨੂੰ ਦੀ ਆਗਿਆ ਨਾਲ ਕੌੜਾ ਮੱਲ ਨੇ 'ਦਲ ਖਾਲਸਾ' ਦੇ ਦਸ ਹਜ਼ਾਰ ਸਿੰਘ* ਨਾਲ ਲੈ ਲਏ। ਸਿੰਘਾਂ ਦੀ ਤਨਖ਼ਾਹ ਅੱਠ ਆਨੇ ਪੈਦਲ, ਇਕ ਰੁਪਇਆ ਸਵਾਰ ਤੇ ਪੰਜ ਰੁਪੈ ਸਰਦਾਰ ਰੋਜ਼ਾਨਾ ਪੱਕੀ ਹੋਈ। ਬਾਕੀ ਸਿਪਾਹੀਆਂ ਨਾਲੋਂ ਇਹ ਤਨਖ਼ਾਹ ਵਧੇਰੇ ਸੀ। ਨਾਲ ਹੀ ਸਿੰਘਾਂ ਦਾ ਹਾਰੇ ਹੋਏ ਵੈਰੀ ਉਤੇ ਲੁੱਟ ਦਾ ਹੱਕ ਮੰਨ ਲਿਆ ਗਿਆ। ਦੋ ਮਹੀਨੇ ਦੀ ਤਨਖ਼ਾਹ ਸਿੰਘਾਂ ਨੂੰ ਪੇਸ਼ਗੀ ਦੇ ਦਿੱਤੀ ਗਈ। ਸ: ਜੱਸਾ ਸਿੰਘ ਈਚੋਗਿੱਲੀਆ ਬਿਮਾਰ ਸੀ, ਸੋ ਉਹ ਰਾਮ ਰਉਣੀ (ਉਸ ਨੂੰ ਰਾਮਗੜ੍ਹ ਵੀ ਕਹਿਣ ਲੱਗ ਪਏ ਸਨ) ਹੀ ਰਿਹਾ। ਏਸ ਗੱਲੋਂ ਉਹਦਾ ਨਾਂ ਰਾਮਗੜ੍ਹੀਆ‡ ਪੈ ਗਿਆ।

**ਲੜਾਈ ਵਿਚ ਸ਼ਾਹ ਨਿਵਾਜ਼ ਕਤਲ**

ਮੁਲਤਾਨ ਤੋਂ ਤਿੰਨ ਕੋਹ ਬਾਹਰ ਲੜਾਈ ਹੋਈ। ਸ਼ਾਹ ਨਿਵਾਜ਼ ਕੌੜਾ ਮੱਲ ਦੀਆਂ ਫ਼ੌਜਾਂ ਨੂੰ ਦਬਾਈ ਆ ਰਿਹਾ ਸੀ। ਕੌੜਾ ਮੱਲ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਕਿਹਾ, 'ਪੰਥ ਦੇ ਹੁੰਦਿਆਂ ਵੀ ਮੇਰੀ ਹਾਰ ਹੋ ਜਾਏ, ਤਾਂ ਮੈਂ ਹੋਰ ਕੀਹਦਾ ਆਸਰਾ ਲਵਾਂ ?' ਇਹ ਸੁਣ ਕੇ ਸਿੰਘਾਂ ਨੂੰ ਜੋਸ਼ ਆ ਗਿਆ। ਸ: ਜੱਸਾ ਸਿੰਘ ਤੇ ਸੁੱਖਾ ਸਿੰਘ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਕੇ ਸ਼ਾਹ ਨਿਵਾਜ਼ 'ਤੇ ਹੱਲਾ ਬੋਲ ਦਿੱਤਾ। ਸ: ਜੱਸਾ ਸਿੰਘ

---

†ਜਾਦੂਨਾਥ ਸਰਕਾਰ, ਪੰਨਾ ੪੧੬।

*ਪੰਥ ਪ੍ਰਕਾਸ਼, ਪੰਨਾ ੬੯੦।

‡ਪੰਥ ਪ੍ਰਕਾਸ਼, ਪੰਨਾ ੬੯੦। ਜੱਸਾ ਸਿੰਘ ਦੋ ਸਰਦਾਰ ਸਨ, ਇਕ ਪਿੰਡ ਆਹਲੂ ਦਾ ਕਲਾਲ ਤੇ ਦੂਜਾ ਪਿੰਡ ਈਚੋਗਿਲ ਦਾ ਤਖਾਣ। ਦੋਹਾਂ ਨੂੰ ਵੱਖ-ਵੱਖ ਬੁਲਾਉਣ ਬਦਲੇ ਪਹਿਲੇ ਨੂੰ ਆਹਲੂਵਾਲੀਆ ਕਹਿਣ ਲੱਗ ਪਏ ਤੇ ਮਗਰਲੇ ਨੂੰ ਰਾਮਗੜ੍ਹੀਆ। ਉਹਨਾਂ ਸਰਦਾਰਾਂ ਦੇ ਨਾਮ ਉੱਤੇ ਹੀ ਹੁਣ ਸਾਰੇ ਕਲਾਲ ਆਹਲੂਵਾਲੀਏ ਤੇ ਸਾਰੇ ਤਖਾਣ ਰਾਮਗੜ੍ਹੀਏ ਅਖਵਾਉਂਦੇ ਹਨ।

ਦੀ ਗੋਲੀ ਨਾਲ ਸ਼ਾਹ ਨਿਵਾਜ਼ ਥੱਲੇ ਆ ਪਿਆ ਤੇ ਭੀਮ ਸਿੰਘ ਨੇ ਭੱਜਕੇ ਉਸਦਾ ਸਿਰ ਲਾਹ ਲਿਆ*। ਹਾਕਮ ਮਾਰਿਆ ਗਿਆ, ਤਾਂ ਨਖਸਮੀਆਂ ਫ਼ੌਜਾਂ ਨੇ ਕਦ ਖਲੋਣਾ ਸੀ ? ਸ਼ਾਹ ਨਿਵਾਜ਼ ਦੀਆਂ ਫ਼ੌਜਾਂ ਨੱਸ ਉਠੀਆਂ। ਲੁੱਟ ਮਾਰ ਕਰਨ ਵਿਚ ਸਿੰਘ ਸਾਰਿਆਂ ਨਾਲੋਂ ਤਕੜੇ ਸਨ। ਸੋ ਹੱਲਾ ਕਰ ਕੇ ਉਹਨਾਂ ਸ਼ਾਹ ਨਿਵਾਜ਼ ਦਾ ਡੇਰਾ ਤੇ ਸ਼ਹਿਰ ਮੁਲਤਾਨ ਲੁੱਟ ਲਿਆ। ਇਹ ਘਟਨਾ ਸਤੰਬਰ ਜਾਂ ਅਕਤੂਬਰ, ੧੭੪੯ ਈ. ਦੀ ਹੈ†। ਕੌੜਾ ਮੱਲ ਨੇ ਭੀਮ ਸਿੰਘ ਨੂੰ ਸੁਨਹਿਰੀ ਕੜਿਆਂ ਦੀ ਜੋੜੀ, ਫ਼ੌਲਾਦੀ ਸੰਜੋਅ, ਬਸਤਰ ਤੇ ਘੋੜਾ ਇਨਾਮ ਦਿੱਤਾ। ਸ਼ਾਹ ਨਿਵਾਜ਼ ਦਾ ਸਿਰ ਮੀਰ ਮੰਨੂੰ ਕੋਲ ਲਾਹੌਰ ਭੇਜ ਦਿੱਤਾ‡ ਤੇ ਧੜ ਸ਼ੰਮਸ ਤਬਰੇਜ਼ ਦੇ ਮਕਬਰੇ ਦੇ ਅਹਾਤੇ ਵਿਚ ਦਫ਼ਨਾ ਦਿੱਤਾ। ਸਾਰੇ ਮੁਲਤਾਨ ਉਤੇ ਕੌੜਾ ਮੱਲ ਨੇ ਕਬਜ਼ਾ ਕਰ ਲਿਆ। ਮੀਰ ਮੰਨੂੰ ਨੇ ਕੌੜਾ ਮੱਲ ਨੂੰ 'ਮਹਾਰਾਜਾ ਬਹਾਦੁਰ'§ ਦਾ ਖ਼ਿਤਾਬ ਦੇ ਕੇ ਮੁਲਤਾਨ ਦਾ ਸੂਬੇਦਾਰ ਥਾਪ ਦਿੱਤਾ।

**ਕੌੜਾ ਮੱਲ ਮੁਲਤਾਨ ਦਾ ਸੂਬੇਦਾਰ ਬਣਿਆ**

ਕੌੜਾ ਮੱਲ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ। ਏਸ ਜਿੱਤ ਦੀ ਖ਼ੁਸ਼ੀ ਵਿਚ ਉਹਨੇ ਯਾਰਾਂ ਹਜ਼ਾਰ ਰੁਪਇਆ ਅੰਮ੍ਰਿਤਸਰ ਦਰਬਾਰ ਸਾਹਿਬ ਭੇਟਾ ਕੀਤਾ ਤੇ ਤਿੰਨ ਲੱਖ ਰੁਪਇਆ ਖ਼ਰਚ ਕੇ ਨਨਕਾਣਾ ਸਾਹਿਬ ਗੁਰਦੁਆਰਾ ਬਾਲ ਲੀਲ੍ਹਾ ਤੇ ਉਸ ਦੇ ਨਾਲ ਦੋ ਸਰੋਵਰ ਬਣਵਾਏ। ਉਹ ਸਿੱਖਾਂ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਹੁੰਦਾ ਸੀ। ਸਿੰਘ ਉਸ ਨੂੰ ਪਿਆਰ ਨਾਲ 'ਮਿੱਠਾ ਮੱਲ' ਕਿਹਾ ਕਰਦੇ ਸਨ।

**ਕੌੜਾ ਮੱਲ ਨੇ ਗੁਰਦਵਾਰਾ ਬਾਲ ਲੀਲ੍ਹਾ ਬਣਵਾਇਆ**

ਕੌੜਾ ਮੱਲ ਨੇ ਮੀਰ ਮੰਨੂੰ ਨੂੰ ਸਿੱਖਾਂ ਦੇ ਹੱਕ ਵਿਚ ਏਥੋਂ ਤਕ ਲਿਖਿਆ, ਕਿ ਮੁਲਤਾਨ ਦੀ ਫ਼ਤਹਿ ਸਿੱਖਾਂ ਦੀ ਮਦਦ ਦਾ ਸਦਕਾ ਹੀ ਹੋਈ ਹੈ। ਸੋ, ਇਹਨਾਂ ਨੂੰ ਖ਼ੁਸ਼ ਰਖਣਾ ਚਾਹੀਦਾ ਹੈ। ਮੀਰ ਮੰਨੂੰ ਨੇ ਕੌੜਾ ਮੱਲ ਦੀ ਸਫ਼ਾਰਸ਼

---

*ਭੰਗੂ, ਪੰਨਾ ੩੧੭; ਪੰਥ ਪ੍ਰਕਾਸ਼, ਪੰਨਾ ੬੯੨।

†ਜਾਦੂਨਾਥ ਸਰਕਾਰ, ਪੰਨਾ ੪੧੭।

‡ਭੰਗੂ ਪੰਨਾ ੩੧੭; ਪੰਥ ਪ੍ਰਕਾਸ਼, ਪੰਨਾ ੬੯੩।

§ਕਨਿੰਘਮ, ਪੰਨਾ ੯੬।

ਉੱਤੇ ਸਿੰਘਾਂ ਦੀ ਜਾਗੀਰ ਵਿਚ ਅਗੇ ਨਾਲੋਂ ਵਾਧਾ ਕਰ ਦਿੱਤਾ, ਭਾਵ ਪਰਗਣਾ ਚੂਹਣੀਆਂ ਤੇ ਝਬਾਲ ਦੇ ਦਿੱਤੇ*। ਸਿੰਘਾਂ ਵੀ ਮੀਰ ਮੰਨੂੰ ਦੇ ਇਲਾਕੇ ਵਿਚ ਲੁੱਟ ਮਾਰ ਕਰਨੀ ਛੱਡ ਦਿੱਤੀ, ਤੇ ਦੇਸ ਵਿਚ ਅਮਨ ਨਾਲ ਰਹਿਣ ਲੱਗ ਪਏ। ਸਭ ਤੋਂ ਪਹਿਲਾਂ ਉਹਨਾਂ ਗੁਰਦੁਆਰਿਆਂ ਦੀ ਸੇਵਾ ਕੀਤੀ। ਅੰਮ੍ਰਿਤਸਰ ਸਰੋਵਰ ਪਿਛਲੇ ਹਾਕਮਾਂ ਨੇ ਪੂਰ ਛੱਡਿਆ ਸੀ। ਉਸ ਵਿਚੋਂ ਗਾਰ ਕਢ ਕੇ ਖੂਹਾਂ ਦੇ ਪਾਣੀ ਨਾਲ ਭਰ ਦਿੱਤਾ। ਕੌੜਾ ਮੱਲ ਦੇ ਦਿੱਤੇ ਹੋਏ ਰੁਪੈ ਨਾਲ ਹਰਿਮੰਦਰ ਸਾਹਿਬ ਦੀ ਸੇਵਾ ਆਰੰਭ ਦਿੱਤੀ। ਹੋਰ ਵੀ ਸਿੱਖ ਸਰਦਾਰਾਂ ਨੇ ਯਥਾ ਸ਼ਕਤ ਭੇਟਾ ਚੜ੍ਹਾਈ। ਸੋ, ਇਕ ਵਾਰ ਹਰਿਮੰਦਰ ਸਾਹਿਬ ਦੀ ਸ਼ਾਨ ਫੇਰ ਚਮਕ ਉਠੀ। ਜਿਹੜੇ ਲੋਕ ਅੱਗੇ ਹਾਕਮਾਂ ਤੋਂ ਡਰਦੇ ਨੱਸ ਗਏ ਸਨ, ਉਹ ਫੇਰ ਗੁਰੂ ਕੀ ਨਗਰੀ ਆ ਵੱਸੇ। ਕੁਛ ਸਿੱਖ ਸਰਦਾਰਾਂ ਨੇ ਵੀ ਆਪਣੇ ਵਾਸਤੇ ਮਕਾਨ ਬਣਾ ਲਏ। ਜਾਗੀਰ ਤੋਂ ਅੰਮ੍ਰਿਤਸਰ ਵਿਚ ਗੁਰੂ ਕਾ ਲੰਗਰ ਚੰਗੀ ਤਰ੍ਹਾਂ ਚਲਣ ਲੱਗਾ। ਅਕਾਲ ਬੁੰਗੇ ਤੇ ਪਰਦਖਣਾ ਦੇ ਉਦਾਲੇ ਸਿੰਘਾਂ ਦੀ ਗਹਿਮਾ ਗਹਿਮ ਦਿਸਣ ਲੱਗੀ। ਦੋ-ਕੁ ਸਾਲ ਚੰਗੇ ਸੁਖ ਦੇ ਲੰਘ ਗਏ। ਏਸੇ ਸਮੇਂ ਕੌੜਾ ਮੱਲ ਦੇ ਅਰਦਾਸ ਕੀਤੇ ਧਨ ਨਾਲ ਨਨਕਾਣਾ ਸਾਹਿਬ ਗੁ: ਬਾਲ ਲੀਲ੍ਹਾ ਤੇ ਹੋਰ ਧਰਮ ਅਸਥਾਨ ਬਣਾਏ ਗਏ। ਹੋਰ ਵੀ ਜਿਥੇ ਕਿਤੇ ਕਿਸੇ ਗੁਰਦੁਆਰੇ ਦੀ ਬੇਅਦਬੀ ਕੀਤੀ ਗਈ ਸੀ, ਉਸ ਨੂੰ ਨਵੇਂ ਸਿਰਿਓਂ ਬਣਾਇਆ ਗਿਆ।

**ਸਿੱਖਾਂ ਲਈ ਅਮਨ ਦੇ ਦਿਨ ਤੇ ਗੁਰਦੁਆਰਿਆਂ ਦੀ ਸੇਵਾ**

ਏਸ ਸੁਲ੍ਹਾ ਦਾ ਇਕ ਹੋਰ ਵੀ ਫ਼ਾਇਦਾ ਹੋਇਆ। ਲੋਕ ਸਮਝਣ ਲੱਗ ਪਏ, ਕਿ ਹੁਣ ਸਰਕਾਰ ਨੇ ਵੀ ਸਿੱਖਾਂ ਦੀ ਤਾਕਤ ਨੂੰ ਮੰਨ ਲਿਆ ਹੈ। ਜਿਹੜੇ ਸਿੰਘ ਅਜੇ ਤਕ ਸਰਕਾਰ ਦੇ ਬਾਗ਼ੀ ਸਮਝੇ ਜਾਂਦੇ ਸਨ, ਹੁਣ ਸਰਕਾਰ ਹਰ ਮੁਹਿੰਮ ਵਿਚ ਉਹਨਾਂ ਤੋਂ ਮਦਦ ਲੈਂਦੀ ਹੈ। ਸੋ, ਲੋਕ ਖੁੱਲ੍ਹ-ਮ-ਖੁੱਲ੍ਹਾ ਅੰਮ੍ਰਿਤ ਛਕ ਕੇ ਸਿੰਘ ਸਜਣ ਲੱਗ ਪਏ। ਜਿਥੇ ਅਗੇ ਮਾਪੇ ਪੁੱਤਰਾਂ ਨੂੰ ਸਿੰਘ ਸਜਣ ਤੋਂ ਰੋਕਦੇ ਸਨ, ਫਿਰ ਆਪ ਉਹਨਾਂ ਨੂੰ ਸਿੰਘ ਸਜਣ ਦੀ ਪ੍ਰੇਰਨਾ ਕਰਨ ਲਗੇ। ਕਿਉਂਕਿ ਸਿੰਘ ਸਜਣ ਨਾਲ ਗਵਾਂਢ ਵਸਣ ਵਾਲਿਆਂ ਉੱਤੇ ਬੜਾ ਰੁਹਬ ਪੈ ਜਾਂਦਾ ਸੀ। ਲੋਕਾਂ ਦੇ ਦਿਲਾਂ ਉੱਤੇ ਸਿੰਘਾਂ ਦਾ ਅਜੇਹਾ ਧਮ੍ਹਾ ਜੰਮ ਚੁੱਕਾ ਸੀ, ਕਿ ਵੈਰੀ ਹਰ ਵੇਲੇ ਉਹਨਾਂ ਤੋਂ ਡਰਦੇ ਰਹਿੰਦੇ ਸਨ ਤੇ

**ਨਵੇਂ ਸਿੰਘ ਸਜੇ**

---

* ਪੰਥ ਪ੍ਰਕਾਸ਼, ਪੰਨਾ ੬੯੪।

ਸ਼ਰਧਾਲੂ ਸਿੰਘਾਂ ਦੀ ਮਦਦ ਉੱਤੇ ਮਾਣ ਰਖਦੇ ਸਨ। ਇਸ ਵੇਲੇ ਸਿੰਘਾਂ ਦੀ ਗਿਣਤੀ ਤੇ ਰੁਹਬ—ਦੋਹਾਂ ਚੀਜ਼ਾਂ—ਵਿਚ ਢੇਰ ਵਾਧਾ ਹੋਇਆ।

ਸਿੱਖਾਂ ਤੇ ਸਰਕਾਰ ਵਿਚ ਇਹ ਸਮਝੌਤਾ ਕੌੜਾ ਮੱਲ ਦੀ ਬਦੌਲਤ ਹੀ ਸੀ, ਨਹੀਂ ਤਾਂ ਸਿੱਖੀ ਦੇ ਵਿਰੋਧੀ ਮੁੱਲਾਂ ਤੇ ਹਾਕਮ ਸਦਾ ਮੀਰ ਮੰਨੂ ਨੂੰ ਸਿੱਖਾਂ ਦੇ ਵਿਰੁਧ ਭੜਕਾਉਂਦੇ ਰਹਿੰਦੇ ਸਨ। ਮੰਨੂ ਵੀ ਲਾਹੌਰ ਦੇ ਏਨੇ ਨੇੜੇ (ਅੰਮ੍ਰਿਤਸਰ ਵਿਚ) ਸਿੱਖਾਂ ਦੀ ਏਨੀ ਭਾਰੀ ਤਾਕਤ ਪਸੰਦ ਨਹੀਂ ਸੀ ਕਰਦਾ। ਪਰ ਉਹ ਸਮੇਂ ਦੀ ਉਡੀਕ ਵਿਚ ਚੁਪ ਵੱਟੀ ਬੈਠਾ ਸੀ। ਸਿੰਘ ਵੀ ਇਸ ਗੱਲ ਨੂੰ ਜਾਣਦੇ ਸਨ ਤੇ ਆਪਣੀ ਤਾਕਤ ਵਧਾਉਣ ਦੇ ਫ਼ਿਕਰ ਵਿਚ ਸਨ। ਸਰਕਾਰ ਤੇ ਸਿੱਖਾਂ ਦਾ ਰਾਹ ਵੱਖੋ ਵੱਖਰਾ ਸੀ। ਸਰਕਾਰ ਚਾਹੁੰਦੀ ਸੀ, ਸਿੱਖ ਸਮੂਲਚੋਂ ਖ਼ਤਮ ਕਰ ਦਿੱਤੇ ਜਾਣ ਤੇ ਸਿੰਘਾਂ ਦਾ ਨਸ਼ਾਨਾ ਸੀ :

ਰਾਜ ਕਰੇਗਾ ਖ਼ਾਲਸਾ
ਆਕੀ ਰਹੇ ਨ ਕੋਇ।

ਸੋ, ਦੋਹਾਂ ਦੇ ਮਿਲਾਪ ਉੱਤੇ ਬਹੁਤਾ ਭਰੋਸਾ ਨਹੀਂ ਸੀ ਰਖਿਆ ਜਾ ਸਕਦਾ।

ਮੀਰ ਮੰਨੂ ਨੇ ਲਾਹੌਰ ਤੇ ਮੁਲਤਾਨ ਵਿਚ ਅਮਨ ਕਾਇਮ ਕਰ ਲਿਆ ਸੀ, ਪਰ ਦਿੱਲੀ ਤੇ ਕਾਬਲ ਦਾ ਡਰ ਉਹਦੇ ਦਿਲੋਂ ਨਹੀਂ ਸੀ ਗਿਆ। ਦਿੱਲੀ ਵਿਚ ਉਹਦਾ ਵੈਰੀ ਸਫ਼ਦਰ ਜੰਗ ਵਜ਼ੀਰ ਬੈਠਾ ਸੀ ਤੇ ਅਫ਼ਗਾਨਸਤਾਨ ਵਿਚ ਅਹਿਮਦ ਸ਼ਾਹ ਅਬਦਾਲੀ। ਉਹ ਜਾਣਦਾ ਸੀ, ਕਿ ਪੰਜਾਬ ਉੱਤੇ ਕਬਜ਼ਾ ਕਰਨ ਦੀ ਭੁੱਖ ਦੋਹਾਂ ਦੇ ਦਿਲਾਂ ਵਿਚ ਡਾਢੀ ਹੈ। ਦੋਹਾਂ ਤਾਕਤਾਂ ਤੋਂ ਆਪਣਾ ਆਪ ਬਚਾ ਕੇ ਰਖਣ ਵਾਸਤੇ ਉਹ ਫ਼ੌਜੀ ਤਿਆਰੀ ਕਰ ਰਿਹਾ ਸੀ। ਉਹਦੀ ਤਿਆਰੀ ਅਜੇ ਪੂਰੀ ਨਹੀਂ ਸੀ ਹੋਈ, ਜਾਂ ਅਬਦਾਲੀ ਦੇ ਹਮਲੇ ਦੀਆਂ ਅਫ਼ਵਾਹਾਂ ਉਡਣ ਲੱਗ ਪਈਆਂ।

**ਅਬਦਾਲੀ ਦਾ ਦੂਤ ਲਾਹੌਰ ਵਿਚ**

ਅਕਤੂਬਰ, ੧੭੫੧ ਈ. ਵਿਚ ਅਬਦਾਲੀ ਦਾ ਦੂਤ ਹਾਰੂਨ ਖ਼ਾਂ ਲਾਹੌਰ ਆਇਆ ਤੇ ਮੀਰ ਮੰਨੂ ਤੋਂ ਚਾਰ ਮੁਹਾਲ ਦਾ ਚਵ੍ਹੀ ਲੱਖ ਮਾਮਲਾ ਮੰਗਿਆ। ਮੰਨੂ ਨੇ ਮਜਬੂਰੀ ਪਰਗਟ ਕੀਤੀ, ਕਿ ਬਦਅਮਨੀ ਦੇ ਕਾਰਨ ਮਾਮਲਾ ਕੱਠਾ ਨਹੀਂ ਹੋ ਸਕਿਆ, ਤੇ ਜਿਹੜਾ ਕੱਠਾ ਹੋਇਆ ਵੀ ਸੀ, ਉਹ ਨਾਸਰ ਖ਼ਾਂ ਲੈ ਕੇ ਨੱਸ ਗਿਆ ਹੈ। ਸੋ ਸਹਿਜ-ਸਹਿਜ ਮਾਮਲਾ ਤਾਰ ਦਿਆਂਗਾ। ਏਨੇ ਨੂੰ ਨਵੰਬਰ ਵਿਚ ਖ਼ਬਰ ਮਿਲੀ, ਕਿ ਅਬਦਾਲੀ ਆਪ ਪਿਸ਼ਾਵਰ ਆ ਗਿਆ ਹੈ, ਤੇ ਉਹਦੇ ਜਰਨੈਲ ਜਹਾਨ ਖ਼ਾਂ

**ਅਬਦਾਲੀ ਦਾ ਤਿੱਜਾ ਹਮਲਾ**

ਤੇ ਅਬਦੁੱਸਮੱਦ ਖ਼ਾਂ ਫ਼ੌਜ ਲੈਕੇ ਰੁਹਤਾਸ ਤਕ ਅਪੜ ਪਏ ਹਨ। ਇਸ ਖ਼ਬਰ ਨੇ ਮੀਰ ਮੰਨੂੰ ਨੂੰ ਬੜਾ ਘਬਰਾ ਦਿੱਤਾ। ਉਹਨੇ ਕੌੜਾ ਮੱਲ ਨੂੰ ਮੁਲਤਾਨੋਂ ਤੇ ਅਦੀਨਾ ਬੇਗ ਨੂੰ ਜਲੰਧਰੋਂ ਸਣੇ ਫ਼ੌਜ ਮੰਗਾ ਲਿਆ। ਨਾਲ ਹੀ ਮੰਨੂੰ ਨੇ ਅਬਦਾਲੀ ਦੇ ਦੂਤ ਹਾਰੂੰਨ ਖ਼ਾਂ ਨੂੰ ਨੌਂ ਲੱਖ ਰੁਪਇਆ ਦੇ ਦਿੱਤਾ ਤੇ ਬਾਕੀ ਵਾਸਤੇ ਬੇਨਤੀ ਕੀਤੀ, ਕਿ ਜੇ ਅਬਦਾਲੀ ਓਥੋਂ ਹੀ ਪਿਛਾਂਹ ਮੁੜ ਜਾਵੇ, ਤਾਂ ਬਾਕੀ ਮਾਮਲਾ ਕੱਠਾ ਕਰਕੇ ਭੇਜ ਦਿਆਂਗਾ। ਹਾਰੂੰਨ ਖ਼ਾਂ ਨੇ ਉਹ ਰੁਪੈ ਤੇ ਮੰਨੂੰ ਦੀ ਚਿੱਠੀ ਅਬਦਾਲੀ ਨੂੰ ਭੇਜ ਦਿੱਤੀ। ਅਬਦਾਲੀ ਨੇ ਨੌਂ ਲੱਖ ਰੁਪੈ ਵੀ ਲੈ ਲਏ ਤੇ ਫੇਰ ਵੀ ਅੱਗੇ ਵਧਦਾ ਆਇਆ। ਅਸਲ ਵਿਚ ਇਸ ਵਾਰ ਉਹ ਚਾਰ ਮੁਹਾਲ ਦਾ ਮਾਮਲਾ ਲੈਣ ਵਾਸਤੇ ਨਹੀਂ, ਲਾਹੌਰ ਲੈਣ ਵਾਸਤੇ ਆਇਆ ਸੀ। ਇਸ ਵਾਰ ਉਸ ਕੋਲ ਪੰਜਾਹ ਹਜ਼ਾਰ ਤੋਂ ਵਧ ਫ਼ੌਜ ਸੀ।

**ਮੀਰ ਮੰਨੂੰ ਟਾਕਰੇ ਲਈ ਤਿਆਰ**

੧੩ ਦਸੰਬਰ ਨੂੰ ਪਤਾ ਲੱਗਾ, ਕਿ ਅਬਦਾਲੀ ਏਮਨਾਬਾਦ ਆ ਪੁੱਜਾ ਹੈ। ਹੁਣ ਲਾਹੌਰ ਦੇ ਅਮੀਰ ਆਦਮੀ ਲੱਗੇ ਸ਼ਹਿਰ ਛੱਡ ਕੇ ਪਹਾੜਾਂ ਨੂੰ ਨੱਸਣ। ਪਰਜਾ ਦੀ ਕੀ ਗੱਲ, ਮੀਰ ਮੰਨੂੰ ਨੇ ਵੀ ਆਪਣੀਆਂ ਬੇਗਮਾਂ ਤੇ ਬੱਚੇ ਜੰਮੂੰ ਭੇਜ ਦਿੱਤੇ*। ਮੀਰ ਮੰਨੂੰ ਨੇ ਕੌੜਾ ਮੱਲ ਦਾ ਡੇਰਾ ਰਾਵੀਓਂ ਪਾਰ ਸ਼ਾਹਦਰੇ ਕਰਾਇਆ ਤੇ ਆਪ—ਇਹ ਸੋਚ ਕੇ, ਕਿ ਅਬਦਾਲੀ ਚੜ੍ਹਦੇ ਪਾਸਿਓਂ ਨਾ ਰਾਵੀ ਟੱਪ ਪਏ—ਪੰਜਾਹ ਹਜ਼ਾਰ ਫ਼ੌਜ ਲੈ ਕੇ, ਸ਼ਾਹ ਦੌਲੇ ਦੇ ਪੱਤਣ (ਲਾਹੌਰ ਤੋਂ ਬਾਈ ਮੀਲ ਰਾਵੀ ਦੇ ਚੜ੍ਹਦੇ ਪਾਣੀ ਵੱਲ) 'ਤੇ ਜਾ ਬੈਠਾ। ਅਬਦਾਲੀ ਨੇ ਵੀ ਮੀਰ ਮੰਨੂੰ ਦੇ ਸਾਮ੍ਹਣੇ ਆ ਡੇਰਾ ਲਾਇਆ। ਅਬਦਾਲੀ ਨੇ ਡੇਰਾ ਓਥੇ ਹੀ ਰਹਿਣ ਦਿੱਤਾ, ਤੇ ਆਪ ਫ਼ੌਜ ਲੈ ਕੇ ਰਾਤੋ ਰਾਤ ਦੂਰੋਂ ਚੱਕਰ ਕੱਟ ਕੇ ਲਾਹੌਰੋਂ ਹੇਠਲੇ ਪਾਸਿਓਂ ਗ਼ਾਜ਼ੀ ਪੁਰ ਦੇ ਪੱਤਣ ਤੋਂ ਰਾਵੀ

**ਅਬਦਾਲੀ ਲਾਹੌਰ ਆ ਪੁੱਜਾ**

ਟੱਪ ਕੇ ਨਿਆਜ਼ ਬੇਗ ਰਾਹੀਂ ਲਾਹੌਰ ਸ਼ਾਹ ਬਿਲਾਵਲ ਕੋਲ ਆ ਮੋਰਚੇ ਮੱਲੇ। ਉਸ ਦਾ ਪ੍ਰਸਿਧ ਜਰਨੈਲ ਜਹਾਨ ਖ਼ਾਂ ਵੀ ਉਹਦੇ ਨਾਲ ਸੀ। ਮੀਰ ਮੰਨੂੰ ਨੂੰ ਪਤਾ ਲੱਗਾ, ਤਾਂ ਉਹ ਵੀ ਛੇਤੀ-ਛੇਤੀ ਲਾਹੌਰ ਨੂੰ ਭੱਜਾ। ਹੁਣ ਸ਼ਹਿਰ ਵਾਲੇ ਪਾਸੇ ਮੀਰ ਮੰਨੂੰ ਦੇ ਟਾਕਰੇ ਉੱਤੇ ਦੂਜੇ ਪਾਸੇ

---

* ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੭੩।

ਅਬਦਾਲੀ—ਦੋਵੇਂ ਧਿਰਾਂ—ਮੋਰਚਿਆਂ ਵਿਚ ਹੋ ਬੈਠੇ। ਅਬਦਾਲੀ ਕੋਲ ਤੋਪਾਂ ਨਹੀਂ ਸਨ ਤੇ ਮੀਰ ਮੰਨੂ ਦਿੱਲੀ ਵੱਲੋਂ ਇਮਦਾਦੀ ਫ਼ੌਜ ਨੂੰ ਉਡੀਕ ਰਿਹਾ ਸੀ। ਸੋ, ਦੋਹਾਂ ਵਿਚੋਂ ਕੋਈ ਵੀ ਅੱਗੇ ਵਧ ਕੇ ਹਮਲਾ ਨਹੀਂ ਸੀ ਕਰਦਾ।

ਮੀਰ ਮੰਨੂ ਨੇ ਦਿੱਲੀ ਨੂੰ ਕਈ ਚਿੱਠੀਆਂ ਮਦਦ ਵਾਸਤੇ ਲਿਖੀਆਂ, ਪਰ ਓਥੋਂ ਮਦਦ ਨਾ ਆਉਣੀ ਸੀ ਤੇ ਨਾ ਆਈ।

### ਮੀਰ ਮੰਨੂ ਨੇ ਮਦਦ ਲਈ ਸਿੰਘ ਬੁਲਾਏ

ਇਸ ਲੜਾਈ ਵਿਚ ਮੀਰ ਮੰਨੂ ਨੇ ਕੌੜਾ ਮੱਲ ਰਾਹੀਂ ਸਿੰਘਾਂ ਤੋਂ ਮਦਦ ਮੰਗੀ ਤੇ ਇਸ ਸਹਾਇਤਾ ਬਦਲੇ ਪਹਾੜ ਦਾ ਆਕੀ ਇਲਾਕਾ (ਪੜੋਲ, ਕਠੂਹਾ, ਬਸੋਹਲੀ ਆਦਿ) ਸਿੰਘਾਂ ਨੂੰ ਦੇਣਾ ਮੰਨਿਆ†। ਸਿੰਘ ਅੰਮ੍ਰਿਤਸਰੋਂ ਮਦਦ ਵਾਸਤੇ ਜਾ ਰਹੇ ਸਨ, ਜਾਂ ਰਾਹ ਵਿਚ ਇਕ ਦੁਰਘਟਨਾ ਹੋ ਗਈ। ਰਾਮਗੜ੍ਹੀਆ ਮਿਸਲ ਦੇ ਸ: ਖ਼ੁਸ਼ਹਾਲ ਸਿੰਘ ਕੱਕੜ ਨੂੰ ਸ: ਹਰੀ ਸਿੰਘ ਭੰਗੀ ਨੇ ਕਤਲ ਕਰ ਦਿੱਤਾ। ਬਾਕੀ ਦੇ ਸਰਦਾਰ ਏਸ ਗੱਲੋਂ ਨਾਰਾਜ਼ ਹੋ ਕੇ ਭੰਗੀਆਂ ਦਾ ਡੇਰਾ ਲੁੱਟਣ ਜਾ ਪਏ, ਤਾਂ ਦਸ ਹਜ਼ਾਰ ਫ਼ੌਜ ਸਣੇ ਭੰਗੀ ਸਰਦਾਰ ਪਿਛੇ ਪਰਤ ਗਏ। ਬਾਕੀ ਦੇ ਵੀਹ ਕੁ ਹਜ਼ਾਰ ਸ਼ਾਲਾਮਾਰ ਬਾਗ਼ ਜਾ ਬੈਠੇ। ਅਗਲੇ ਦਿਨ ਕੁਛ ਸਿੰਘ ਏਥੇ ਰਹੇ ਤੇ ਕੁਛ ਕੌੜਾ ਮੱਲ ਦੀ ਫ਼ੌਜ ਵਿਚ ਮਿਲਣ ਵਾਸਤੇ ਸ਼ਹਿਰ ਵੱਲ ਗਏ। ਜਦ ਉਹ ਦਰਵਾਜ਼ੇ ਕੋਲ ਅਪੜੇ, ਅੱਗੋ ਕੁਝ ਕਸਾਈ ਗਾਂ ਹਲਾਲ ਕਰਦੇ ਉਹਨਾਂ ਦੀ ਨਿਗ੍ਹਾ ਪਏ। ਸਿੰਘਾਂ ਤੋਂ ਵੇਖ ਕੇ ਨਾ ਰਿਹਾ ਗਿਆ। ਉਹਨਾਂ ਉਹ ਕਸਾਈ ਕਤਲ ਕਰ ਦਿੱਤੇ। ਏਸ ਗੱਲੋਂ ਸ਼ਹਿਰ ਦੇ ਮੁਸਲਮਾਨ ਭੜਕ ਪਏ, ਤੇ ਉਹਨਾਂ ਸਿੰਘਾਂ ਉੱਤੇ ਹਮਲਾ ਕਰ ਦਿੱਤਾ। ਇਸ ਮੁਠਭੇੜ ਵਿਚ ਦੋਹਾਂ ਪਾਸਿਆਂ ਦੇ ਕਈ ਆਦਮੀ ਮਾਰੇ ਗਏ। ਪਤਾ ਨਹੀਂ, ਇਹ ਝਗੜਾ ਕਿੱਥੋਂ ਤੱਕ ਵਧ ਜਾਂਦਾ, ਪਰ ਕੌੜਾ ਮੱਲ ਨੇ ਵਿਚ ਪੈ ਕੇ ਦੋਹਾਂ ਧਿਰਾਂ ਦੀ ਸਮਾਈ ਕਰਾ ਦਿੱਤੀ। ਇਹਨਾਂ ਸਿੰਘਾਂ ਦਾ ਡੇਰਾ ਯੱਕੀ ਦਰਵਾਜ਼ੇ ਅੱਗੇ ਕਰਾਇਆ ਗਿਆ।

ਇਕ ਦਿਨ ਸ: ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਕੁਛ ਸਿੰਘਾਂ ਸਣੇ ਰਾਵੀਓਂ ਪਾਰ ਗਿਆ। ਅੱਗੋਂ ਅਬਦਾਲੀ ਦੇ ਚਾਰ ਦਸਤੇ ਉਹਨਾਂ ਮੁਠੀ ਭਰ ਸਿੰਘਾਂ ਉੱਤੇ ਆ ਪਏ। ਸਿੰਘ ਮਸਾਂ ਆਟੇ ਵਿਚ ਲੂਣ ਸਨ, ਪਰ ਪਿਛੇ

---

† ਭੰਗੂ, ਪੰਨਾ ੩੧੯।

ਸੁੱਖਾ ਸਿੰਘ ਸ਼ਹੀਦ ਹੋ ਗਿਆ

ਭੱਜਿਆਂ ਸਿੱਖੀ ਨੂੰ ਲਾਜ ਲੱਗਦੀ ਸੀ, ਸੋ ਉਹ ਮਰਦਾਂ ਵਾਂਗ ਵੈਰੀ ਦੇ ਸਾਮ੍ਹਣੇ ਛਾਤੀਆਂ ਡਾਹ ਖਲੋਤੇ। ਸ: ਸੁੱਖਾ ਸਿੰਘ ਮਾੜੀ ਕੰਬੋਕੀ ਵਾਲਾ ਏਥੇ ਲੜ ਕੇ ਸ਼ਹੀਦ ਹੋਇਆ*। ਜਿਹੜੇ ਸਿੰਘ ਅਜੇ ਪਿਛੇ ਝੱਲ ਵਿਚ ਦੂਰ ਸਨ, ਉਹ ਬਚ ਗਏ। ਉਹ ਵਾਪਸ ਆਪਣੇ ਡੇਰੇ ਨੂੰ ਮੁੜੇ ਤਾਂ, ਲਾਹੌਰ ਦੀ

---

*ਸ: ਸੁੱਖਾ ਸਿੰਘ ਤਖਾਣ ਮਾੜੀ ਕੰਬੋਕੀ (ਜ਼ਿਲ੍ਹਾ ਲਾਹੌਰ—ਪਾਕਿਸਤਾਨ ਬਣਨ ਪਿਛੋਂ—ਜ਼ਿਲ੍ਹਾ ਅੰਮ੍ਰਿਤਸਰ) ਦਾ ਸੀ। ਬਾਰਾਂ ਸਾਲ ਦੀ ਉਮਰ ਵਿਚ ਉਹਦਾ ਵਿਆਹ ਹੋ ਗਿਆ। ਉਹ ਅੰਮ੍ਰਿਤਸਰ ਆ ਗਿਆ ਤੇ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ। ਇਹ ਖ਼ਬਰ ਸੁਣ ਕੇ ਸ਼ਾਹੀ ਫ਼ੌਜ ਉਸ ਨੂੰ ਫੜਨ ਆਈ, ਪਰ ਉਹ ਘਰ ਨਹੀਂ ਸੀ। ਉਹਦੇ ਮਾਪੇ ਡਰ ਗਏ। ਉਹਨਾਂ ਸੁੱਖਾ ਸਿੰਘ ਨੂੰ ਸੁੱਖਾ ਪਿਆ ਕੇ ਰਾਤ ਬੇਹੋਸ਼ ਪਏ ਦੇ ਕੇਸ ਕਤਲ ਕਰ ਦਿੱਤੇ। ਸੁੱਖਾ ਸਿੰਘ ਨੂੰ ਹੋਸ਼ ਆਈ, ਤਾਂ ਉਸਨੇ ਖੂਹ ਵਿਚ ਛਾਲ ਮਾਰ ਦਿੱਤੀ। ਉਸ ਦੇ ਮਾਪੇ ਉਸ ਨੂੰ ਖੂਹ ਵਿਚੋਂ ਕੱਢਣ ਲੱਗੇ, ਤਾਂ ਉਹ ਬਾਹਰ ਨਾ ਨਿਕਲੇ। ਕੋਈ ਸਿੰਘ ਖੂਹ ਉਤੇ ਆ ਗਿਆ ਤੇ ਗੱਲ ਸੁਣ ਕੇ ਸੁੱਖਾ ਸਿੰਘ ਨੂੰ ਕਹਿਣ ਲੱਗਾ, "ਆਤਮਘਾਤ ਕਿਉਂ ਕਰਦਾ ਏਂ ? ਕਿਸੇ ਵੈਰੀ ਦੇ ਗਲ ਲੱਗ ਕੇ ਮਰੀਂ।" ਇਹ ਸੁਣ ਕੇ ਸੁੱਖਾ ਸਿੰਘ ਬਾਹਰ ਨਿਕਲ ਆਇਆ। ਇਕ ਦਿਨ ਉਹ ਪਿੰਡ ਦੇ ਨੰਬਰਦਾਰ ਦੀ ਘੋੜੀ ਭਜਾ ਕੇ ਸ: ਸ਼ਾਮ ਸਿੰਘ ਦੇ ਜੱਥੇ ਨਾਲ ਜਾ ਰਲਿਆ ਤੇ ਉਸ ਤੋਂ ਅੰਮ੍ਰਿਤ ਛਕਿਆ। ਇਕ ਸ਼ਾਮ ਨੂੰ ਸੁੱਖਾ ਸਿੰਘ ਭੇਸ ਬਦਲ ਕੇ ਲਾਹੌਰ ਜਾ ਵੜਿਆ ਤੇ ਇਕ ਸਰਾਫ਼ ਨੂੰ ਲੁੱਟ ਲਿਆਇਆ। ਉਸ ਵਿਚੋਂ ਤਿੰਨ ਸੌ ਤਾਂ ਘੋੜੀ ਦੇ ਮੁੱਲ ਵਜੋਂ ਪਿੰਡ ਨੰਬਰਦਾਰ ਨੂੰ ਭੇਜ ਦਿੱਤੇ ਤੇ ਬਾਕੀ ਲੰਗਰ ਵਿਚ ਪਾ ਦਿੱਤੇ। ਉਸ ਦੇ ਮਾਪੇ ਡੇਰੇ ਵਿਚੋਂ ਉਸ ਨੂੰ ਕੁਛ ਦਿਨ ਵਾਸਤੇ ਲਿਆਏ ਤੇ ਉਸ ਦਾ ਮੁਕਲਾਵਾ ਲਿਆਂਦਾ। ਸਮਾਂ ਪਾ ਕੇ ਉਹਦੇ ਘਰ ਲੜਕੀ ਹੋਈ। ਉਹ ਲੜਕੀ ਮਰ ਗਈ, ਜਾਂ ਉਸਦੀ ਸਿੰਘਣੀ ਨੇ ਮਾਰ ਦਿੱਤੀ, ਪਰ ਪਰਸਿੱਧ ਹੋ ਗਿਆ ਕਿ ਆਪ ਮਾਰੀ ਹੈ। ਸੋ, ਪੰਥ ਨੇ ਉਸ ਨੂੰ ਛੇਕ ਦਿੱਤਾ। ਉਹ ਜਥੇ ਦੇ ਨਾਲ ਹੀ ਰਹਿੰਦਾ, ਪਰ ਜੱਥੇ ਦੇ ਸਿੰਘ ਉਸ ਦਾ ਭਾਂਡਾ ਵਖਰਾ ਰਖਦੇ। ਅਬਦਾਲੀ ਪਹਿਲੇ ਹਮਲੇ ਵਿਚ ਸਰਹਿੰਦ ਨੂੰ ਜਾਂਦਾ ਹੋਇਆ ਪਿਛੇ ਕੁਛ ਫ਼ੌਜ ਅਮਨ ਕਾਇਮ ਰਖਣ ਵਾਸਤੇ ਛੱਡ ਗਿਆ ਸੀ। ਫ਼ੌਜ ਨੇ ਸਿੰਘਾਂ ਨੂੰ ਇਕੱਲੇ-ਇਕੱਲੇ ਯੁੱਧ ਵਾਸਤੇ ਵੰਗਾਰਿਆ। ਸੁੱਖਾ ਸਿੰਘ ਪਿੜ ਵਿਚ ਨਿਕਲਿਆ। ਉਹਨੇ ਇਕ ਬੁਰਜ ਜਿੱਡੇ ਦੁਰਾਨੀ ਨੂੰ ਮਾਰ ਲਿਆ। ਪੰਥ ਨੇ ਖ਼ੁਸ਼ ਹੋ ਕੇ ਉਸ ਨੂੰ ਨਾਲ ਮਿਲਾ ਲਿਆ ਤੇ ਪਿਛਲੀ ਭੁੱਲ ਮਾਫ਼ ਕਰ ਦਿੱਤੀ। ਸਾਰੇ ਸਰਦਾਰਾਂ ਨੇ ਸੁੱਖਾ ਸਿੰਘ ਨੂੰ ਇਨਾਮ ਵਜੋਂ ਘੋੜੇ ਦਿੱਤੇ। ਉਹਨੇ ਸ: ਸ਼ਾਮ ਸਿੰਘ ਦਾ ਘੋੜਾ ਰਖ ਲਿਆ ਤੇ ਬਾਕੀ ਮੋੜ ਦਿੱਤੇ। ਭੰਗੂ, ੨੩੨ ਤੋਂ ੨੪੦।

ਸਿੰਘ ਚਲੇ ਗਏ

ਮੁਸਲਮਾਨ ਫ਼ੌਜ ਨੇ ਉਹਨਾਂ ਉੱਤੇ ਤੋਪਾਂ ਦੇ ਗੋਲੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਕਈ ਸਿੰਘ ਏਥੇ ਮਾਰੇ ਗਏ। ਖ਼ਾਲਸਾ ਫ਼ੌਜਾਂ ਦਾ ਦਿਲ ਇਹਨਾਂ ਘਟਨਾਵਾਂ ਤੋਂ ਖੱਟਾ ਹੋ ਗਿਆ ਤੇ ਉਹ ਮੀਰ ਮੰਨੂੰ ਦਾ ਸਾਥ ਛੱਡ ਕੇ ਚਲੇ ਗਏ।‡

ਕੌੜਾ ਮੱਲ ਤੇ ਸਿੱਖਾਂ ਦੇ ਵਿਰੋਧੀ

ਅਸਲ ਵਿਚ ਏਸ ਲੜਾਈ ਸਮੇਂ ਮੀਰ ਮੰਨੂੰ ਦਾ ਘਰ ਪਾਟਾ ਹੋਇਆ ਸੀ। ਅਦੀਨਾ ਬੇਗ ਤੇ ਉਹਦੇ ਖ਼ਿਆਲਾਂ ਦੇ ਹੋਰ ਕਈ ਮੁਸਲਮਾਨ ਅਫਸਰ ਕੌੜਾ ਮੱਲ ਦੀ ਏਨੀ ਇੱਜ਼ਤ ਵੇਖ ਕੇ ਸੜਦੇ ਸਨ। ਤੇ ਉਹ ਇਹ ਵੀ ਜਾਣਦੇ ਸਨ, ਕਿ ਕੌੜਾ ਮੱਲ ਦੀ ਤਾਕਤ ਸਿੱਖਾਂ ਦੇ ਮਾਣ 'ਤੇ ਹੈ। ਉਹ ਸਹਿ ਨਹੀਂ ਸਨ ਸਕਦੇ, ਕਿ ਮੁਸਲਮਾਨਾਂ ਦੇ ਰਾਜ ਵਿਚ ਇਕ ਹਿੰਦੂ (ਜਾਂ ਸਿੱਖ) ਦੀ ਏਨੀ ਇੱਜ਼ਤ ਹੋਵੇ। ਸੋ, ਪਹਿਲਾਂ ਤਾਂ ਉਹਨਾਂ ਕਈ ਵਧੀਕੀਆਂ ਕਰ ਕੇ ਸਿੱਖ ਰੁਸਾ ਕੇ ਘਲ ਦਿੱਤੇ, ਜਿਸ ਨਾਲ ਕੌੜਾ ਮੱਲ ਦੀ ਤਾਕਤ ਕਮਜ਼ੋਰ ਹੋ ਗਈ ਤੇ ਫੇਰ ਉਹ ਕੌੜਾ ਮੱਲ ਨੂੰ ਬਿਲੇ ਲਾਉਣ ਦੀ ਸੋਚਣ ਲੱਗੇ।

ਲੜਾਈ ਲੰਮੀ ਹੋ ਗਈ। ਦੋਹੀਂ ਪਾਸੀਂ ਮਾਮੂਲੀ ਝੜਪਾਂ ਹੁੰਦੀਆਂ, ਪਰ ਨਿਬੇੜਾ ਕਰਨ ਵਾਲੀ ਲੜਾਈ ਨਾ ਹੁੰਦੀ। ਕੋਈ ਵੀ ਆਪਣੇ ਮੋਰਚਿਆਂ 'ਚੋਂ ਬਾਹਰ ਨਿਕਲਣ ਵਾਸਤੇ ਤਿਆਰ ਨਹੀਂ ਸੀ।

ਦੇਸ ਉਜੜ ਗਿਆ

ਅਬਦਾਲੀ ਦੀਆਂ ਫ਼ੌਜਾਂ ਨੇ ਇਲਾਕਾ ਉਜਾੜਨਾ ਸ਼ੁਰੂ ਕਰ ਦਿੱਤਾ, ਤੇ ਪੰਜਾਹ-ਪੰਜਾਹ ਮੀਲ ਉਦਾਲੇ ਬਿਲਕੁਲ ਤਬਾਹ ਕਰ ਦਿੱਤਾ। ਪਿੰਡ ਥੇਹ ਹੋ ਗਏ ਤੇ ਫਸਲਾਂ ਉਜੜ ਗਈਆਂ। ਏਥੋਂ ਤਕ, ਕਿ ਪੰਜਾਹ ਮੀਲ ਤਕ ਰਾਤ ਨੂੰ ਦੀਵਾ ਬਲਦਾ ਨਜ਼ਰ ਨਾ ਆਉਂਦਾ।

ਆਖ਼ਰੀ ਲੜਾਈ

ਅਖ਼ੀਰ ਛੇ ਮਾਰਚ, ੧੭੫੨ ਈ. ਨੂੰ ਮੀਰ ਮੰਨੂੰ ਆਪਣੇ ਮੋਰਚਿਆਂ 'ਚੋਂ ਬਾਹਰ ਨਿਕਲਿਆ। ਉਹਨੇ ਵੈਰੀ ਉੱਤੇ ਬੜਾ ਕਹਿਰੀ ਹਲਾ ਕੀਤਾ। ਉਹਦੇ ਵੱਡੇ ਜਰਨੈਲਾਂ ਵਿਚੋਂ ਕੌੜਾ ਮੱਲ ਹੀ ਸੀ, ਜੋ ਦਿਲ ਡਾਹ ਕੇ ਲੜਿਆ। ਪਰ ਐਨ ਰਣ ਤੱਤੇ ਵਿਚ ਅਦੀਨਾ ਬੇਗ ਨੇ ਗ਼ੱਦਾਰੀ ਕੀਤੀ ਤੇ ਇਕ ਕਸੂਰੀ ਪਠਾਣ ਕੋਲੋਂ ਕੌੜਾ ਮੱਲ ਨੂੰ ਗੋਲੀ ਮਰਵਾ ਦਿੱਤੀ। ਕੌੜਾ ਮੱਲ ਦਾ ਹਾਥੀ ਕਬਰ ਵਿਚ

ਅਦੀਨਾ ਬੇਗ਼ ਨੇ ਕੌੜਾ ਮੱਲ ਨੂੰ ਮਰਵਾ ਦਿੱਤਾ

---

‡ਭੰਗੂ, ਪੰਨੇ ੩੧੯ ਤੋਂ ੩੨੧।

ਪੈਰ ਪੈਣ ਕਰ ਕੇ ਡਿਗ ਪਿਆ ਸੀ। ਉਹ ਹਾਥੀ ਬਦਲਣ ਲੱਗਾ ਸੀ, ਜਾਂ ਗੋਲੀ ਉਸ ਦੇ ਮੱਥੇ ਵਿਚ ਆ ਵੱਜੀ, ਜਿਸ ਨਾਲ ਉਹ ਓਸੇ ਵੇਲੇ ਪ੍ਰਾਣ ਦੇ ਗਿਆ। ਅਦੀਨਾ ਬੇਗ ਦੀ ਇਸ ਭੈੜੀ ਕਰਤੂਤ ਨਾਲ ਬਹਾਦਰ ਮਹਾਰਾਜਾ ਕੌੜਾ ਮੱਲ ਦੀ ਜਾਨ ਗਈ ਤੇ ਮੀਰ ਮੰਨੂੰ ਦੀ ਹਾਰ ਹੋਈ।

**ਮੀਰ ਮੰਨੂੰ ਹਾਰ ਗਿਆ**

ਕੌੜਾ ਮੱਲ ਦੇ ਮਰਨ ਨਾਲ ਉਹ ਮੋਰਚਾ ਟੁੱਟ ਗਿਆ ਤੇ ਫੇਰ ਸਹਿਜ-ਸਹਿਜ ਸਾਰੇ ਮੈਦਾਨ ਵਿਚੋਂ ਮੀਰ ਮੰਨੂੰ ਦੀ ਫ਼ੌਜ ਨੱਸ ਉਠੀ। ਮੁਕਦੀ ਗੱਲ, ਮੰਨੂੰ ਅਬਦਾਲੀ ਸਾਮ੍ਹਣੇ ਪੂਰੀ ਤਰ੍ਹਾਂ ਹਾਰ ਗਿਆ।

**ਮੰਨੂੰ ਅਬਦਾਲੀ ਦੇ ਸਾਮ੍ਹਣੇ**

ਅਗਲੇ ਦਿਨ ਹਾਰਿਆ ਹੋਇਆ ਮੀਰ ਮੰਨੂੰ ਅਬਦਾਲੀ ਦੇ ਪੇਸ਼ ਹੋਇਆ ਤੇ ਉਹਦੇ ਅੱਗੇ ਨਜ਼ਰਾਨੇ ਰੱਖੇ। ਅਬਦਾਲੀ ਨੇ ਪੁੱਛਿਆ, "ਤੂੰ ਪਹਿਲਾਂ ਹੀ ਮੇਰੀ ਈਨ ਕਿਉਂ ਨਾ ਮੰਨ ਲਈ ?"

ਮੰਨੂੰ ਨੇ ਨਮਰਤਾ ਨਾਲ ਉੱਤਰ ਦਿਤਾ, "ਓਦੋਂ ਮੇਰਾ ਇਕ ਹੋਰ ਮਾਲਕ ਸੀ।"

ਅਬਦਾਲੀ : "ਤੇਰਾ ਮਾਲਕ ਫਿਰ ਤੇਰੀ ਮਦਦ ਵਾਸਤੇ ਕਿਉਂ ਨਾ ਆਇਆ ?"

ਮੰਨੂੰ : ਉਹ ਸਮਝਦਾ ਸੀ, ਕਿ ਉਹਦਾ ਨੌਕਰ ਆਪਣੀ ਰੱਖਿਆ ਆਪ ਕਰ ਸਕਦਾ ਹੈ।"

ਅਬਦਾਲੀ : "ਜੇ ਤੂੰ ਮੈਨੂੰ ਫੜ ਲੈਂਦੋਂ, ਤਾਂ ਕੀ ਕਰਦੋਂ।"

ਮੰਨੂੰ : "ਮੈਂ ਤੇਰਾ ਸਿਰ ਵੱਢ ਲੈਂਦਾ ਤੇ ਆਪਣੇ ਬਾਦਸ਼ਾਹ ਕੋਲ ਦਿੱਲੀ ਭੇਜ ਦੇਂਦਾ।"

ਅਬਦਾਲੀ : "ਹੁਣ ਤੂੰ ਮੇਰੇ ਕਾਬੂ ਹੈਂ। ਦੱਸ, ਹੁਣ ਮੈਂ ਤੇਰੇ ਨਾਲ ਕੀ ਵਰਤਾਉ ਕਰਾਂ ?"

ਮੰਨੂੰ : "ਜੇ ਤੂੰ ਸੌਦਾਗਰ ਹੈਂ, ਤਾਂ ਮੈਨੂੰ ਨਜ਼ਰਾਨੇ ਬਦਲੇ ਵੇਚ ਦੇ। ਜੇ ਕਸਾਈ ਹੈਂ, ਤਾਂ ਮੈਨੂੰ ਕਤਲ ਕਰ ਦੇ। ਜੇ ਤੂੰ ਬਾਦਸ਼ਾਹ ਹੈਂ, ਤਾਂ ਮੈਨੂੰ ਮਾਫ ਕਰ ਦੇ ਤੇ ਆਪਣੇ ਆਸਰੇ ਵਿਚ ਲੈ ਲੈ।"*

---

*ਮਸਕੀਨ, ਪੰਨਾ ੭੯; ਖੁਸ਼ਵਕਤ ਰਾਏ, ਪੰਨਾ ੮੮; ਸੋਹਨ ਲਾਲ, ਪੰਨੇ ੧੩੪-੩੫; ਅਲੀਉਦੀਨ, ਪੰਨਾ ੧੧੨; ਬਰਾਊਨ, ਪੰਨਾ ੧੭।

ਇਹ ਦਲੇਰਾਨਾ ਉੱਤਰ ਸੁਣ ਕੇ ਅਬਦਾਲੀ ਬੜਾ ਖ਼ੁਸ਼ ਹੋਇਆ ਤੇ ਮੀਰ ਮੰਨੂੰ ਨੂੰ ਹੀ ਆਪਣੇ ਵੱਲੋਂ ਲਾਹੌਰ ਦਾ ਸੂਬੇਦਾਰ ਰਹਿਣ ਦਿੱਤਾ। ਮੀਰ ਮੰਨੂੰ ਨੇ ਸੂਬਾ ਮੁਲਤਾਨ ਤੇ ਲਾਹੌਰ ਬਦਲੇ ਅਬਦਾਲੀ ਨੂੰ ਪੰਜਾਹ ਲੱਖ ਸਾਲਾਨਾ* ਖ਼ਰਾਜ ਦੇਣਾ ਮੰਨਿਆ। ਸ਼ਹਿਰ ਵਿਚੋਂ ਉਗਰਾਹੀ ਕਰਕੇ ਓਸੇ ਵੇਲੇ ਪੰਜਾਹ ਲੱਖ ਨਕਦ, ੧੧ ਘੋੜੇ ਤੇ ਦੋ ਹਾਥੀ ਅਬਦਾਲੀ ਦੀ ਭੇਟਾ ਕੀਤੇ ਗਏ†।

**ਸੂਬਾ ਲਾਹੌਰ ਤੇ ਮੁਲਤਾਨ ਅਬਦਾਲੀ ਦੇ ਕਬਜ਼ੇ ਵਿਚ**

ਅਬਦਾਲੀ ਨੇ ਇਕ ਅਹਿਦਨਾਮੇ ਰਾਹੀਂ ਸੂਬਾ ਮੁਲਤਾਨ ਤੇ ਲਾਹੌਰ ਆਪਣੇ ਰਾਜ ਨਾਲ ਮਿਲਾ ਲਏ। ਕਲੰਦਰ ਬੇਗ ਦੇ ਹੱਥ ਉਹ ਅਹਿਦਨਾਮਾ ਬਾਦਸ਼ਾਹ ਦੀ ਸਹੀ ਪੁਆਉਣ ਵਾਸਤੇ ਦਿੱਲੀ ਭੇਜਿਆ। ੨੩ ਅਪ੍ਰੈਲ ਨੂੰ ਬਾਦਸ਼ਾਹ ਦਿੱਲੀ ਨੇ ਅਹਿਦਨਾਮਾ ਪਰਵਾਨ ਕਰ ਲਿਆ‡ ਤੇ ਸੂਬਾ ਮੁਲਤਾਨ ਤੇ ਲਾਹੌਰ ਉੱਤੇ ਅਹਿਮਦ ਸ਼ਾਹ ਅਬਦਾਲੀ ਦਾ ਹੱਕ ਮੰਨ ਲਿਆ। ਇਸ ਦਿਨ ਤੋਂ ਇਹ ਦੋਵੇਂ ਸੂਬੇ ਦਿੱਲੀ ਨਾਲੋਂ ਟੁੱਟ ਕੇ ਅਫ਼ਗਾਨਿਸਤਾਨ ਦੇ ਰਾਜ ਨਾਲ ਗੰਢੇ ਗਏ ਤੇ ਮੀਰ ਮੰਨੂੰ ਦੋਹਾਂ ਦਾ ਸੂਬੇਦਾਰ ਬਣਿਆ।

ਅਹਿਮਦ ਸ਼ਾਹ ਅਬਦਾਲੀ ਦਾ ਜਨਮ ਮੁਲਤਾਨ ਹੋਇਆ ਸੀ। ਇਸ ਵਾਸਤੇ ਉਹਨੂੰ ਮੁਲਤਾਨ ਨਾਲ ਖ਼ਾਸ ਲਗਾਉ ਸੀ। ਲਾਹੌਰ, ਮੁਲਤਾਨ ਆਪਣੇ ਰਾਜ ਨਾਲ ਮਿਲਾਕੇ ਉਹਨੇ ਆਪਣੀ ਨਸਲ ਦੇ ਬਹੁਤ ਸਾਰੇ ਸੱਦੋਜ਼ਈ ਪਠਾਣ ਜ਼ਮੀਨ ਦੇ ਕੇ ਮੁਲਤਾਨ ਵਿਚ ਵਸਾ ਦਿੱਤੇ()।

**ਕਸ਼ਮੀਰ ਫ਼ਤਹਿ ਕੀਤਾ**

ਏਸੇ ਸਮੇਂ ਅਬਦਾਲੀ ਨੇ ਆਪਣੇ ਜਰਨੈਲ ਅਬਦੁੱਲਾ ਖ਼ਾਂ ਨੂੰ ਭੇਜ ਕੇ ਕਸ਼ਮੀਰ ਫ਼ਤਹਿ ਕਰ ਲਿਆ ਤੇ ਆਪਣੇ ਰਾਜ ਨਾਲ ਮਿਲਾ ਕੇ ਓਥੋਂ ਦਾ ਸੂਬੇਦਾਰ ਦੀਵਾਨ ਸੁਖਜੀਵਨ ਮੱਲ ਨੂੰ ਬਣਾਇਆ। ਨਵੇਂ ਮੱਲੇ ਤਿੰਨਾਂ ਸੂਬਿਆਂ ਦਾ ਪਰਬੰਧ ਕਰ ਕੇ ਅਬਦਾਲੀ ਲਾਹੌਰੋਂ ਹੀ ਵਾਪਸ ਕੰਧਾਰ ਨੂੰ ਮੁੜ ਗਿਆ।

---

*ਭੰਗੂ, ਪੰਨਾ ੩੨੨; ਪੰਥ ਪ੍ਰਕਾਸ਼, ਪੰਨਾ ੭੦੦; ਜਾਦੂ ਨਾਥ ਸਰਕਾਰ, ਪੰਨਾ ੪੩੫।

†ਸ਼ਮਸ਼ੇਰ ਖ਼ਾਲਸਾ (ਗੁਰਮੁਖੀ), ਪੰਨਾ ੧੧੪।

‡ਜਾਦੂ ਨਾਥ ਸਰਕਾਰ, ਪੰਨਾ ੪੩੫।

()ਜਾਦੂ ਨਾਥ ਸਰਕਾਰ, ਪੰਨਾ ੪੩੫।

ਮੀਰ ਮੰਨੂ ਅਹਿਮਦ ਸ਼ਾਹ ਅਬਦਾਲੀ ਵੱਲੋਂ ਲਾਹੌਰ ਤੇ ਮੁਲਤਾਨ ਦਾ ਹਾਕਮ ਬਣ ਗਿਆ। ਸਰਕਾਰ ਦਿੱਲੀ ਤੇ ਅਫ਼ਗਾਨਿਸਤਾਨ ਦੇ ਝਮੇਲਿਆਂ ਵੱਲੋਂ ਉਹ ਬੇਫ਼ਿਕਰ ਹੋ ਗਿਆ। ਕਿਉਂਕਿ ਪਹਿਲੀ ਸਰਕਾਰ ਨਾਲੋਂ ਉਹਦਾ ਵਾਸਤਾ ਟੁੱਟ ਗਿਆ ਤੇ ਦੂਜੀ ਦੀ ਉਹਨੇ ਈਨ ਮੰਨ ਲਈ। ਹੁਣ ਉਹਨੂੰ ਫ਼ਿਕਰ ਰਹਿ ਗਿਆ ਸੀ, ਤਾਂ ਦੇਸ ਦੇ ਅੰਦਰੂਨੀ ਅਮਨ ਦਾ। ਉਹ ਆਪਣੇ ਇਰਾਦੇ ਅਨੁਸਾਰ ਏਸ ਕੰਮ 'ਤੇ ਲੱਕ ਬੰਨ੍ਹ ਕੇ ਲੱਗ ਗਿਆ।

ਮੰਨੂ ਤੇ ਸਿੱਖਾਂ ਦੇ ਮਿਲਾਪ ਦਾ ਵਸੀਲਾ ਕੇਵਲ ਕੌੜਾ ਮੱਲ ਹੀ ਸੀ। ਉਹ ਸੁਰਗਵਾਸ ਹੋ ਚੁੱਕਾ ਸੀ। ਹੁਣ ਤਾਂ ਮੰਨੂ ਦੇ ਦਰਬਾਰ ਵਿਚ ਉਹਨਾਂ ਲੋਕਾਂ ਦਾ ਬੋਲ ਬਾਲਾ ਸੀ, ਜੋ ਸਿੱਖਾਂ ਨੂੰ ਕਾਫ਼ਰ ਸਮਝ ਕੇ ਸਮੂਲਚੋਂ ਖ਼ਤਮ ਕਰਨਾ ਚਾਹੁੰਦੇ ਸਨ। ਮੰਨੂ ਆਪ ਵੀ ਤਅੱਸਬੀ ਸੁਭਾਂ ਦਾ ਸੀ। ਇਕ ਕਮਲੀ, ਦੂਜੀ ਮੜ੍ਹੀਆਂ ਦੇ ਰਾਹ ਪੈ ਗਈ, ਫੇਰ ਸੁੱਖ ਕਿਵੇਂ ਰਹੇ ? ਮੁਲਾਣਿਆਂ ਤੇ ਫ਼ੌਜਦਾਰਾਂ ਨੇ ਮੰਨੂ ਨੂੰ ਬਹੁਤ ਭੜਕਾਇਆ, ਤੇ ਅਬਦਾਲੀ ਸਾਮ੍ਹਣੇ ਹਾਰ ਜਾਣ ਦਾ ਕਾਰਨ ਵੀ ਉਹਨਾਂ ਨੇ ਸਿੱਖਾਂ ਨੂੰ ਹੀ ਠਹਿਰਾਇਆ। ਉਹ ਕਹਿੰਦੇ, ਕਿ ਜੇ ਸਿੱਖ ਦਿਲ ਡਾਹ ਕੇ ਲੜਦੇ ਤੇ ਲੜਾਈ ਦੇ ਅਧਵਾਟਿਓਂ ਹੀ ਸਾਡਾ ਸਾਥ ਛੱਡ ਕੇ ਨਾ ਚਲੇ ਜਾਂਦੇ, ਤਾਂ ਅਸੀਂ ਜ਼ਰੂਰ ਜਿੱਤ ਜਾਂਦੇ। ਮੰਨੂ ਨੇ ਇਹਨਾਂ ਗੱਲਾਂ ਨੂੰ ਦਿਲ ਵਿਚ ਵਸਾ ਲਿਆ ਤੇ ਆਪਣੇ ਰਾਜ ਵਿਚ ਅਮਨ ਦਾ ਨਿਰਭਰ ਉਹਨੇ ਸਿੱਖਾਂ ਦੀ ਤਬਾਹੀ 'ਤੇ ਹੀ ਮਿਥ ਲਿਆ। ਉਸ ਨੇ ਸਿੱਖਾਂ ਦੀ ਜਾਗੀਰ ਜ਼ਬਤ‡ ਕਰ ਲਈ ਤੇ ਹਰ ਕੇਸਾਧਾਰੀ ਦੇ ਕਤਲ ਦਾ ਹੁਕਮ ਦੇ ਦਿੱਤਾ। ਸਿੱਖਾਂ ਨੇ ਇਲਾਕੇ ਵਿਚ ਲੁੱਟ ਮਾਰ ਕਰਨੀ ਆਰੰਭ ਦਿੱਤੀ। ਸਾਰੇ ਦੇਸ ਵਿਚ ਫੇਰ ਰੌਲਾ ਪੈ ਗਿਆ।

### ਮੰਨੂ ਸਿੱਖਾਂ ਦਾ ਵੈਰੀ ਬਣ ਗਿਆ

ਪੁਰਾਣੇ ਸਾਰੇ ਸੂਬੇਦਾਰਾਂ ਨਾਲੋਂ ਮੀਰ ਮੰਨੂ ਬਲਵਾਨ ਤੇ ਸਖ਼ਤ ਸੁਭਾਂ ਦਾ ਸੀ। ਉਹਨੇ ਸਿੱਖਾਂ ਦੀ ਤਬਾਹੀ ਦੀ ਸੌਂਹ ਖਾ ਲਈ। ਸਿੱਖਾਂ (ਤੇ ਉਹਨਾਂ ਦੇ ਬੱਚਿਆਂ ਤੇ ਇਸਤਰੀਆਂ) ਦੇ ਕਤਲ ਦਾ ਹੁਕਮ ਦੇ ਕੇ ਉਹਨੇ ਸਾਰੇ ਇਲਾਕੇ ਵਿਚ ਗਸ਼ਤੀ ਫ਼ੌਜ ਚੜ੍ਹਾ ਦਿੱਤੀ, ਜਿਸਦੇ ਅਫਸਰ ਮੋਮਨ ਖ਼ਾਂ, ਸੱਯਦ ਜਮੀਲੁੱਦੀਨ, ਬਖ਼ਸ਼ੀ ਗ਼ਾਜ਼ੀ ਬੇਗ, ਖ਼ਵਾਜਾ ਮਿਰਜ਼ਾ ਆਦਿ ਥਾਪੇ ਗਏ। ਨਾਲ ਹੀ ਸਿੱਖ ਦਾ ਸਿਰ ਪੇਸ਼ ਕਰਨ ਵਾਲੇ ਨੂੰ ਦਸ ਰੁਪੈ ਇਨਾਮ ਦੇਣ ਦਾ

‡ਪੰਥ ਪ੍ਰਕਾਸ਼, ਪੰਨਾ ੭੦੧; ਭੰਗੂ, ਪੰਨਾ ੩੪੦; ਸ਼ਮਸ਼ੇਰ ਖ਼ਾਲਸਾ (ਗੁਰਮੁਖੀ) ਪੰਨਾ ੧੧੪; ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੬੫।

ਐਲਾਨ ਕੀਤਾ ਗਿਆ‡। ਉਸਨੇ ਆਪਣੇ ਇਲਾਕੇ ਦੇ ਚੌਧਰੀਆਂ ਤੇ ਪਹਾੜੀ ਰਾਜਿਆਂ ਨੂੰ ਵੀ ਬੜੇ ਸਖ਼ਤ ਹੁਕਮ ਭੇਜੇ, ਕਿ ਜਿਥੇ ਕੋਈ ਸਿੱਖ ਜਾਂ ਸਿੱਖਾਂ ਦੇ ਬੱਚੇ ਤੇ ਇਸਤਰੀਆਂ ਮਿਲਣ, ਫੜ ਕੇ ਲਾਹੌਰ ਪੁਚਾ ਦਿੱਤੇ ਜਾਣ। ਇਸ ਹੁਕਮ ਦੀ ਪਾਲਣਾ ਬੜੇ ਜ਼ੋਰ ਨਾਲ ਹੋਈ। ਸੈਂਕੜੇ ਸਿੰਘ ਫੜੇ ਹੋਏ ਰੋਜ਼ ਲਾਹੌਰ ਆਉਂਦੇ ਤੇ ਨਖ਼ਾਸ ਚੌਂਕ (ਸ਼ਹੀਦਗੰਜ) ਵਿਚ ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਕਤਲ ਕੀਤੇ ਜਾਂਦੇ*। ਇਕ ਵਾਰ ਓਥੇ ਸਿੱਖਾਂ ਦੇ ਸਿਰ ਏਨੇ ਕੱਠੇ ਹੋ ਗਏ, ਕਿ ਉਹਨਾਂ ਦੇ ਮੁਨਾਰੇ ਉਸਾਰੇ ਗਏ, ਖੂਹ ਭਰੇ ਗਏ ਤੇ ਨੀਂਹਾਂ ਥੱਲੇ ਦੱਬ ਕੇ ਉੱਤੇ ਕੰਧਾਂ ਉਸਾਰੀਆਂ ਗਈਆਂ। ਅਦੀਨਾ ਬੇਗ ਦੇ ਭੇਜੇ ਹੋਏ ਚਾਲੀ ਪੰਜਾਹ ਸਿੰਘ ਮੁੰਗਲੀਆਂ ਨਾਲ ਕੁਟ-ਕੁਟ ਕੇ ਮਾਰੇ ਗਏ। ਇਨਾਮ ਲੈਣ ਲਈ ਲਾਲਚੀ ਬੰਦੇ ਮਰੇ ਹੋਏ ਸਿੰਘਾਂ ਜਾਂ ਮੁਟਿਆਰ ਬੀਬੀਆਂ ਦੇ ਕੇਸਾਂ ਵਾਲੇ ਸਿਰ ਲਿਆ ਕੇ ਲਾਹੌਰੋਂ ਇਨਾਮ ਲੈਂਦੇ।

ਸਿਰਾਂ ਨਾਲ ਖੂਹ ਭਰੇ

ਇਹਨਾਂ ਦਿਨਾਂ ਵਿੱਚ ਸਿੰਘਾਂ ਦਾ ਬੜਾ ਨੁਕਸਾਨ ਹੋਇਆ। ਜੰਗੀ ਸਿੰਘ ਕੋਈ ਥਾਂਈਂ ਗਸ਼ਤੀ ਫ਼ੌਜ ਨਾਲ ਦੋ-ਦੋ ਹੱਥ ਕਰਦੇ ਤੇ ਜਦ ਵੈਰੀ ਦੀ ਗਿਣਤੀ ਵਧ ਜਾਂਦੀ, ਝੱਲਾਂ ਵਿਚ ਜਾ ਵੜਦੇ। ਮੋਮਨ ਖ਼ਾਂ ਜੋਸ਼ ਵਿਚ ਆਇਆ ਸਿੰਘਾਂ ਦੇ ਮਗਰ ਲੱਖੀ ਜੰਗਲ ਦੇ ਅੰਦਰ ਚਲਾ ਗਿਆ। ਸਿੰਘਾਂ ਨੇ ਸ਼ਿਕਾਰ ਹੱਥ ਆਇਆ ਵੇਖ ਕੇ ਚੁਫੇਰਿਓਂ ਹੱਲਾ ਬੋਲ ਦਿੱਤਾ। ਫ਼ੌਜ ਦਾ ਬੜਾ ਭਾਰਾ ਨੁਕਸਾਨ ਕਰਾ ਕੇ ਮੋਮਨ ਖ਼ਾਂ ਪਿਛੇ ਮੁੜਿਆ†। ਅਜੇਹੀਆਂ ਘਟਨਾਵਾਂ ਕੋਈ ਥਾਂਈਂ ਹੋਈਆਂ।

ਗਸ਼ਤੀ ਫ਼ੌਜ ਨਾਲ ਟਾਕਰੇ

ਇਹਨਾਂ ਦਿਨਾਂ ਵਿਚ ਗਸ਼ਤੀ ਫ਼ੌਜ ਨੇ ਸੈਂਕੜੇ ਬੱਚੇ ਤੇ ਸਿੰਘਣੀਆਂ ਕੈਦ ਕਰ ਕੇ ਲਾਹੌਰ ਭੇਜੀਆਂ। ਨਖ਼ਾਸ ਚੌਂਕ ਵਿਚ ਉਹਨਾਂ ਨੂੰ ਅਨੇਕਾਂ ਅਸਹਿ

---

‡ਲਤੀਫ਼, ਪੰਨੇ ੨੨੦-੨੧; ਮਸਕੀਨ, ਪੰਨੇ ੬੮-੬੯; ਸਿਨਹਾ, ਪੰਨਾ ੨੮; ਡਾ: ਗੰਡਾ ਸਿੰਘ, (ਗੁ. ਸ਼ਹੀਦਗੰਜ, ਅੰਗਰੇਜ਼ੀ) ਪੰਨਾ ੨੯।

*ਮੀਰ ਮੰਨੂ ਨੇ ਹਜ਼ਾਰਾਂ ਸਿੱਖ ਕਤਲ ਕੀਤੇ। ਲਤੀਫ਼, ਪੰਨਾ ੬੪। ਸੈਂਕੜੇ ਸਿੱਖ ਰੋਜ਼ ਫੜੇ ਹੋਏ ਆਉਂਦੇ ਤੇ ਨਖ਼ਾਸ ਚੌਂਕ ਵਿੱਚ ਕਤਲ ਕੀਤੇ ਜਾਂਦੇ। ਕਨ੍ਹਈਆ ਲਾਲ, ਤਾਰੀਖ਼ ਪੰਜਾਬ, ਪੰਨਾ ੭੩। ਮੀਰ ਮੰਨੂ ਦੇ ਹੱਥੋਂ ਹਜ਼ਾਰਾਂ ਸਿੱਖ ਕਤਲ ਹੋਏ। ...ਈਦ ਦੇ ਦਿਨ ਮੰਨੂ ਨੇ ਏਥੇ (ਸ਼ਹੀਦਗੰਜ ਵਿਚ) ਯਾਰਾਂ ਸੌ ਸਿੱਖ ਕਤਲ ਕੀਤੇ। ਤਹਿਕੀਕਾਤ ਚਿਸ਼ਤੀ, ਕਰਤਾ ਮੌਲਵੀ ਨੂਰ ਅਹਿਮਦ ਚਿਸ਼ਤੀ ਪੰਨੇ ੧੦੦ ਤੇ ੧੦੧। ਮੀਰ ਮੰਨੂ ਬੜਾ ਮੁਤਅੱਸਬੀ ਆਦਮੀ ਸੀ। ਉਹ ਸਵਾ ਸੇਰ ਜਨੇਊ ਰੋਜ਼ ਲਾਹ ਕੇ ਤੇ ਸਾੜ ਕੇ ਰੋਟੀ ਖਾਂਦਾ ਸੀ। ਤਹਿਕੀਕਾਤ ਚਿਸ਼ਤੀ, ਪੰਨਾ ੬੪੮।

†ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੭੯।

**ਭੋਰੇ ਵਿਚ ਕੈਦ ਸਿੰਘਣੀਆਂ ਨੂੰ ਤਸੀਹੇ**

ਤੇ ਅਕਹਿ ਤਸੀਹੇ ਦਿੱਤੇ ਗਏ। ਉਹਨਾਂ ਸਾਮ੍ਹਣੇ ਮੀਰ ਮੰਨੂ ਵੱਲੋਂ ਇਕੋ ਸ਼ਰਤ ਸੀ, ਕਿ ਸਿੱਖੀ ਛੱਡੋ ਤੇ ਮੁਸਲਮਾਨ ਹੋਵੋ। ਇਸ ਤੋਂ ਇਨਕਾਰ ਕਰਨ ਉੱਤੇ ਉਹਨਾਂ ਨੂੰ ਸਖ਼ਤ ਗਰਮੀ ਵਿਚ ਤੰਗ ਭੋਰੇ ਅੰਦਰ ਕੈਦ ਰਖਿਆ ਗਿਆ। ਹਰ ਇਕ ਸਿੰਘਣੀ ਨੂੰ ਵੀਹ ਸੇਰ ਪੱਕੇ ਦਾਣੇ ਪੀਹਣ ਵਾਸਤੇ ਦਿੱਤੇ ਜਾਂਦੇ। ਜੋ ਨਾ ਪੀਹ ਸਕਦੀ, ਉਹਦੀ ਛਾਤੀ ਉੱਤੇ ਦੋ ਮਣ ਪੱਕੇ ਪੱਥਰ ਦਾ ਗੋਲਾ ਰਖਿਆ ਜਾਂਦਾ। ਖਾਣ ਵਾਸਤੇ ਹਰ ਇਕ ਨੂੰ ਜਵਾਂ ਦੇ ਆਟੇ ਦੀ (ਜਿਸ ਵਿਚ ਅੱਧੋ ਸੁਧ ਲੂਣ ਪਾਇਆ ਹੁੰਦਾ) ਅੱਧੀ ਰੋਟੀ ਤੇ ਇਕ ਪਿਆਲਾ ਪਾਣੀ ਅੱਠਾਂ ਪਹਿਰਾਂ ਪਿਛੋਂ ਦਿੱਤਾ ਜਾਂਦਾ। ਭੁੱਖੇ ਬਾਲ ਗੋਦੀਆਂ ਵਿਚ ਵਿਲਕਦੇ, ਪਰ ਸਿਦਕੀ ਮਾਂਵਾਂ ਭਾਣਾ ਸਮਝ ਕੇ ਝੱਲ ਰਹੀਆਂ ਸਨ। ਮੀਰ ਮੰਨੂ ਦੇ ਹੁਕਮ ਨਾਲ ਮਾਂਵਾਂ ਦੀਆਂ ਗੋਦੀਆਂ ਵਿਚੋਂ ਦੁਧ ਚੁੰਘਦੇ ਬਾਲ ਖੋਹ ਕੇ ਉਹਨਾਂ ਦੀਆਂ ਅੱਖਾਂ ਸਾਮ੍ਹਣੇ ਮਾਰੇ ਗਏ। ਜੱਲਾਦ ਬੱਚੇ ਨੂੰ ਉਪਰ ਚਲਾ ਕੇ, ਹੇਠਾਂ ਨੇਜ਼ਾਂ ਕਰ ਦੇਂਦੇ, ਤੇ ਓਵੇਂ ਬੱਚੇ ਦੀ ਲਹੂ ਭਰੀ ਤੜਫਦੀ ਲੋਥ ਮਾਂ ਦੀ ਗੋਦ ਵਿਚ ਧਰ ਦੇਂਦੇ। ਫੇਰ ਵੀ ਉਹ ਸਿਦਕਣਾਂ ਧਰਮੋਂ ਨਾ ਹਾਰੀਆਂ, ਤਾਂ ਬੱਚਿਆਂ ਦੇ ਕਲੇਜੇ ਕਢ ਕੇ ਮਾਵਾਂ ਦੇ ਮੂੰਹ ਵਿਚ ਦਿੱਤੇ ਗਏ, ਤੇ ਲਾਡਲਿਆਂ ਦੀਆਂ ਬੋਟੀਆਂ ਦੇ ਹਾਰ ਪਰੋ ਕੇ ਮਾਵਾਂ ਦੇ ਗਲਾਂ ਵਿਚ ਪਾਏ ਗਏ। ਸਦਕੇ ਉਹਨਾਂ ਦੇਵੀਆਂ ਦੇ ਸਿਦਕ ਦੇ, ਜਿਨ੍ਹਾਂ ਏਨਾ ਕੁਝ ਝੱਲ ਕੇ ਸਿੱਖੀ ਨਿਭਾਈ।

ਦਿਨੋਂ ਦਿਨ ਇਹਨਾਂ ਕੈਦਣਾਂ ਦੀ ਗਿਣਤੀ ਵਧਦੀ ਜਾ ਰਹੀ ਸੀ। ਜੰਗੀ ਸਿੱਖ ਤਾਂ ਲੜਦੇ ਭਿੜਦੇ ਮੰਨੂ ਦੇ ਇਲਾਕੇ ਵਿਚੋਂ ਦੂਰ ਨਿਕਲ ਗਏ ਸਨ, ਤੇ ਹੁਣ ਸਾਰਾ ਜ਼ੋਰ ਉਹਨਾਂ ਦੇ ਪਰਵਾਰ ਫੜਨ ਉੱਤੇ ਹੀ ਸੀ। ਜਿਸ ਬਾਬਤ ਇਹ ਸ਼ੱਕ ਪੈ ਜਾਂਦਾ, ਕਿ ਉਹ ਸਿੱਖ ਜਾਂ ਸਿੱਖਾਂ ਦਾ ਹਮਾਇਤੀ ਹੈ, ਉਹ ਫੜ ਲਿਆ ਜਾਂਦਾ। ਇਕ ਪਿੰਡ ਉੱਤੇ ਗਸ਼ਤੀ ਫ਼ੌਜ ਪੈਂਦੀ, ਤਾਂ ਉਦਾਲੇ ਦੇ ਦਸ ਪਿੰਡ ਵਿਹਲੇ ਹੋ ਜਾਂਦੇ। ਮਾਵਾਂ ਬੱਚਿਆਂ ਨੂੰ ਲੁਕਾਉਂਦੀਆਂ ਫਿਰਦੀਆਂ। ਸਿੱਖਾਂ ਦੀ ਜਿੰਨੀ ਕਤਲਾਮ ਮੰਨੂ ਦੇ ਅਹਿਦ ਵਿਚ ਹੋਈ, ਉਸ ਨੇ ਪਿਛਲੇ ਸਾਰੇ ਜ਼ੁਲਮ ਮਾਤ ਪਾ ਦਿੱਤੇ। ਉਸ ਸਮੇਂ ਸਿੱਖਾਂ ਵਿਚ ਰਵਾਇਤ ਪਰਚਲਤ ਹੋ ਗਈ ਸੀ, ਕਿ

ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ।
ਜਿਉਂ ਜਿਉਂ ਸਾਨੂੰ ਵਢਦਾ, ਅਸੀਂ ਤਿਉਂ ਤਿਉਂ ਦੂਣੇ ਹੋਏ।

ਜਿਸ ਵੇਲੇ ਏਸ ਜ਼ੁਲਮ ਦੀਆਂ ਖ਼ਬਰਾਂ ਸਿੰਘਾਂ ਦੇ ਦੂਰ ਗਏ ਜੱਥਿਆਂ ਨੂੰ ਮਿਲੀਆਂ, ਉਹ ਮਰਨ ਮਾਰਨ ਦੀ ਧਾਰ ਕੇ—ਆਪਣੇ ਪਰਵਾਰਾਂ ਨੂੰ ਬਚਾਉਣ ਵਾਸਤੇ—ਸਰਦੀਆਂ ਵਿਚ ਫੇਰ ਪੰਜਾਬ ਨੂੰ ਪਰਤ ਆਏ। ਕੋਈ ਥਾਵਾਂ 'ਤੇ ਗਸ਼ਤੀ ਫ਼ੌਜ ਨਾਲ ਸਿੰਘਾਂ ਦੀਆਂ ਮੁਠਭੇੜਾਂ ਹੋਣ ਲੱਗੀਆਂ।

**ਮੰਨੂੰ ਆਪ ਚੜ੍ਹਾਈ ਕੀਤੀ**

ਇਹ ਖ਼ਬਰਾਂ ਸੁਣ ਕੇ ਮੀਰ ਮੰਨੂੰ ਗੁੱਸਾ ਖਾ ਕੇ ਆਪ ਚੜ੍ਹਿਆ। ਉਹਨੇ 'ਮੁੱਲਾਂ ਪੁਰ' ਕੋਲ ਜਾ ਡੇਰਾ ਲਾਇਆ, ਤੇ ਇਲਾਕੇ ਵਿਚੋਂ ਬੱਚੇ ਫੜ-ਫੜ ਕੇ ਕਤਲ ਕਰਨੇ ਸ਼ੁਰੂ ਕਰ ਦਿੱਤੇ। ਜ਼ੁਲਮ ਵਾਲੀ ਅੱਤ ਹੋ ਗਈ। ਕੁਦਰਤ ਵੀ ਏਸ ਕਹਿਰ ਨੂੰ ਵੇਖ ਕੇ ਕ੍ਰੋਧ ਵਿਚ ਆ ਗਈ। ਚਾਰ ਨਵੰਬਰ, ੧੭੫੩ ਈ. (੭ ਮੁਹੱਰਮ, ੧੧੬੭ ਹਿਜਰੀ) ਦਾ ਦਿਨ ਚੜ੍ਹਿਆ ਹੀ ਸੀ, ਜਾਂ ਸੂਹੇਂ ਨੇ ਆ ਕੇ ਖ਼ਬਰ ਦਿੱਤੀ, ਕਿ ਨਾਲ ਦੇ ਕਮਾਦ ਵਿਚ ਸਿੰਘ ਲੁਕੇ ਬੈਠੇ ਹਨ। ਮੰਨੂੰ ਨੇ ਓਸੇ ਵੇਲੇ ਘੋੜੇ 'ਤੇ ਚੜ੍ਹ ਕੇ ਆਪਣੀ ਫ਼ੌਜ ਨਾਲ ਜਾ ਕੇ ਕਮਾਦ ਨੂੰ ਘੇਰਾ ਪਾ ਲਿਆ। ਚੁਫੇਰਿਓਂ ਕਮਾਦ ਵਿਚ ਮੀਂਹ ਵਾਂਗ ਗੋਲੀ ਵਰ੍ਹਨ ਲੱਗੀ। ਅੰਦਰੋਂ ਸਿੰਘਾਂ ਨੇ ਵੀ ਇਕੋ ਵਾਰ ਵਾਲੀ ਝਾੜੀ। ਕਮਾਦ ਬੜਾ ਸੰਘਣਾ ਸੀ। ਇਸ ਵਾਸਤੇ ਨਾ ਤਾਂ ਬਾਹਰ ਦੀ ਗੋਲੀ ਦਾ ਅੰਦਰ ਤੇ ਨਾ ਸਿੰਘਾਂ ਦੀ ਗੋਲੀ ਦਾ ਬਾਹਰ ਕੋਈ ਅਸਰ ਹੋਇਆ। ਪਰ ਕਮਾਦ ਦੇ ਖੜਾਕ ਤੋਂ ਘੋੜਾ ਡਰ ਗਿਆ ਤੇ ਮੀਰ ਮੰਨੂੰ ਕਾਠੀ ਤੋਂ ਥੱਲੇ ਆ ਪਿਆ। ਉਸ ਦਾ ਇਕ ਪੈਰ ਰਕਾਬ ਵਿਚ ਅੜਿਆ ਰਹਿ ਗਿਆ ਤੇ ਭੱਜੇ ਜਾਂਦੇ ਘੋੜੇ ਦੇ ਮਗਰ ਧੂਹੀਂਦਾ ਧੂਹੀਂਦਾ ਉਹ ਮਰ ਗਿਆ†। ਉਸ ਦੀ ਫ਼ੌਜ ਦੀ ਕਈ ਮਹੀਨਿਆਂ ਦੀ ਤਨਖ਼ਾਹ ਬਾਕੀ ਰਹਿੰਦੀ ਸੀ। ਸੋ, ਫ਼ੌਜ ਨੇ ਲੋਥ 'ਤੇ ਕਬਜ਼ਾ ਕਰ ਲਿਆ। ਤਿੱਜੇ ਦਿਨ ਪਿਛੋਂ ਮੀਰ ਮੰਨੂੰ ਦੀ ਬੇਗਮ (ਮੁਰਾਦ ਬੇਗਮ, ਪਰਸਿੱਧ ਮੁਗ਼ਲਾਨੀ ਬੇਗਮ) ਨੇ ਆਪਣੇ ਗਹਿਣੇ ਵੇਚ ਕੇ ਤਿੰਨ ਲੱਖ ਰੁਪਇਆ ਤਨਖ਼ਾਹ ਵਜੋਂ ਦਿੱਤਾ, ਤਾਂ ਮੰਨੂੰ ਦੀ ਲੋਥ ਲੈ ਕੇ ਲਾਹੌਰ ਮੀਆਂ ਮੀਰ, ਖ਼ਾਨ ਬਹਾਦਰ ਦੀ ਕਬਰ ਕੋਲ ਦਫਨਾਈ ਗਈ‡।

**ਮੰਨੂੰ ਦੀ ਮੌਤ**

**ਸਿੰਘਾਂ ਨੇ ਕੈਦਣਾਂ ਛੁਡਾਈਆਂ**

ਜਿਸ ਵੇਲੇ ਮੰਨੂੰ ਦੇ ਮਰਨ ਦੀ ਖ਼ਬਰ ਸਿੰਘਾਂ ਨੂੰ ਮਿਲੀ, ਉਹਨਾਂ ਦਾ ਇਕ ਜੱਥਾ, ਜੋ ਉਸ ਵੇਲੇ ਲਾਹੌਰ ਦੇ ਨੇੜੇ ਫਿਰ ਰਿਹਾ ਸੀ, ਰਾਤ ਧਾਵਾ ਕਰ ਕੇ ਸ਼ਹੀਦ ਗੰਜ ਜਾ ਪਿਆ। ਕੈਦਖ਼ਾਨੇ ਦੀ ਚੜ੍ਹਦੇ ਪਾਸੇ ਦੀ ਇਕ ਕੰਧ ਪਾੜ ਕੇ ਸਭ ਸਿੰਘਣੀਆਂ ਕੈਦ ਵਿਚੋਂ ਕੱਢ ਲਈਆਂ ਤੇ ਘਰੋ ਘਰੀ ਪੁਚਾ ਦਿੱਤੀਆਂ।

---

† ਭੰਗੂ, ਪੰਨਾ ੩੪੧; ਪੰਥ ਪ੍ਰਕਾਸ਼, ਪੰਨਾ ੭੧੧; ਸ਼ਮਸ਼ੇਰ ਖ਼ਾਲਸਾ, (ਗੁਰਮੁਖੀ) ਪੰਨਾ ੧੧੭; ਡਾ. ਗੰਡਾ ਸਿੰਘ, (ਗੁ. ਸ਼ਹੀਦ ਗੰਜ) ਪੰਨਾ ੩੧, ਲਤੀਫ਼, ਪੰਨਾ ੭੦; ਤਹਿਕੀਕਾਤ ਚਿਸ਼ਤੀ, ਪੰਨਾ ੬੪੯।

‡ ਪੰਥ ਪ੍ਰਕਾਸ਼, ਪੰਨਾ ੭੧੨; ਡਾ. ਗੰਡਾ ਸਿੰਘ, (ਗੁ: ਸ਼ਹੀਦ ਗੰਜ) ਪੰਨਾ ੩੧; ਜਾਦੂ ਨਾਥ ਸਰਕਾਰ, ਪੰਨਾ ੪੩੭।

# ਪੰਜਵਾਂ ਕਾਂਡ

ਚਾਰ ਨਵੰਬਰ, ੧੭੫੩ ਈ. ਨੂੰ ਮੀਰ ਮੰਨੂੰ ਮਰਿਆ। ਉਸ ਦੀ ਬੇਗਮ (ਮੁਰਾਦ ਬੇਗਮ ਜਾਂ ਮੁਗ਼ਲਾਨੀ ਬੇਗਮ, ਦੋਵੇਂ ਨਾਮ ਪਰਸਿਧ ਸਨ) ਨੇ ਇਨਾਮ ਦੇ ਕੇ ਫ਼ੌਜ ਨੂੰ ਆਪਣੇ ਨਾਲ ਗੰਢ ਲਿਆ ਤੇ ਲਾਹੌਰ ਉਤੇ ਕਬਜ਼ਾ ਕਰ ਲਿਆ। ਦਿੱਲੀ ਵਿਚ ਬਾਦਸ਼ਾਹ ਨੂੰ ਮੀਰ ਮੰਨੂੰ ਦੇ ਮਰਨ ਦੀ ਖ਼ਬਰ ਪਹੁੰਚੀ, ਤਾਂ ਉਸ ਨੇ —੧੨ ਨਵੰਬਰ ਨੂੰ—ਆਪਣੇ ਤਿੰਨ ਸਾਲ ਦੀ ਉਮਰ ਦੇ ਸ਼ਹਿਜ਼ਾਦੇ ਮਹਿਮੂਦ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ। ਉਸ ਦਾ ਨਾਇਬ ਮੀਰ ਮੰਨੂੰ ਦਾ ਦੋ ਸਾਲ ਦਾ ਲੜਕਾ ਮੁਹੰਮਦ ਅਮੀਨ ਖ਼ਾਂ ਬਣਾਇਆ ਗਿਆ। ਕੰਮ ਚਲਾਉਣ ਵਾਸਤੇ ਮੁਰਾਦ ਬੇਗਮ ਤੇ ਮੋਮਨ ਖ਼ਾਂ ਹਾਕਮ ਥਾਪੇ ਗਏ। ਇਹ ਅਫ਼ਸਰ ਕੇਵਲ ਪੰਜ ਦਿਨ ਆਪਣੇ ਅਹੁਦਿਆਂ 'ਤੇ ਰਹੇ।

ਮੁਰਾਦ ਬੇਗਮ

ਲਾਹੌਰ ਦਾ ਸੂਬੇਦਾਰ ਮਹਿਮੂਦ

ਇਸ ਤੋਂ ਪਹਿਲਾਂ ਦਿੱਲੀ ਦੀ ਵਜ਼ਾਰਤ ਵਿਚ ਅਦਲਾ ਬਦਲੀ ਹੋ ਚੁੱਕੀ ਸੀ। ਮਾਰਚ, ੧੭੫੩ ਈ. ਵਿਚ ਸਫ਼ਦਰ ਜੰਗ ਦੀ ਥਾਂ ਇੰਤਜ਼ਾਮੁਦੌਲਾ ਖ਼ਾਨ ਖ਼ਾਨਾ (ਵਜ਼ੀਰ ਕਮਰੁੱਦੀਨ ਦਾ ਵੱਡਾ ਪੁੱਤਰ) ਵਜ਼ੀਰ ਬਣ ਚੁੱਕਾ ਸੀ। ਲਾਹੌਰ ਦੇ ਅਹੁਦਿਆਂ ਦੀ ਇਹ ਵੰਡ ਵਜ਼ੀਰ ਖ਼ਾਨ ਖ਼ਾਨਾ ਨੂੰ ਪਸੰਦ ਨਹੀਂ ਸੀ। ਸੋ ਉਸ ਵਿਚ ਅਦਲਾ ਬਦਲਾ ਕੀਤੀ ਗਈ। ੧੭ ਨਵੰਬਰ, ੧੭੫੩ ਈ. ਨੂੰ ਵਜ਼ੀਰ ਖ਼ਾਨ ਖ਼ਾਨਾ ਨੂੰ ਲਾਹੌਰ ਦਾ ਸੂਬੇਦਾਰ ਤੇ ਮੋਮਨ ਖ਼ਾਂ ਨੂੰ ਉਸ ਦਾ ਨਾਇਬ ਬਣਾਇਆ ਗਿਆ। ਭਿਖਾਰੀ ਖ਼ਾਂ ਨੂੰ ਨਾਇਬ ਦਾ ਮਦਦਗਾਰ ਥਾਪ ਦਿੱਤਾ ਗਿਆ*। ਮੁਰਾਦ ਬੇਗਮ ਤੇ ਮੋਮਨ ਖ਼ਾਂ—ਦੋਹਾਂ

ਖ਼ਾਨਖ਼ਾਨਾ ਵਜ਼ੀਰ

ਖ਼ਾਨ ਖ਼ਾਨਾ ਸੂਬੇਦਾਰ

---

*ਜਾਦੂ ਨਾਥ ਸਰਕਾਰ, ਪੰਨਾ ੪੩੮।

ਨੂੰ—ਇਹ ਵੰਡ ਪਸੰਦ ਨਹੀਂ ਸੀ। ਉਹਨਾਂ ਅਹਿਮਦ ਸ਼ਾਹ ਅਬਦਾਲੀ ਕੋਲੋਂ ਸੂਬੇਦਾਰੀ ਦੀ ਸੰਨਦ ਮੰਗਵਾ ਲਈ। ਜਨਵਰੀ, ੧੭੫੪ ਈ. ਵਿਚ ਅਬਦਾਲੀ

**ਅਮੀਨ ਖ਼ਾਂ ਸੂਬੇਦਾਰ**

ਦਾ ਸ਼ਾਹੀ ਫ਼ੁਰਮਾਨ ਆ ਗਿਆ, ਕਿ ਮੀਰ ਮੰਨੂੰ ਦਾ ਲੜਕਾ—ਮੁਹੰਮਦ ਅਮੀਨ ਖ਼ਾਂ—ਲਾਹੌਰ ਦਾ ਸੂਬੇਦਾਰ ਤੇ ਮੋਮਨ ਖ਼ਾਂ ਉਸ ਦਾ ਨਾਇਬ। ਇਸ ਫ਼ੈਸਲੇ ਨੂੰ ਭਿਖਾਰੀ ਖ਼ਾਂ (ਖ਼ਿਤਾਬ ਰੌਸ਼ਨੁੱਦੌਲਾ ਰੁਸਤਮ ਜੰਗ) ਨੇ ਪਰਵਾਨ ਨਾ ਕੀਤਾ। ਉਹ ਆਪਣੇ ਘਰ ਵਿਚ ਬਾਗ਼ੀ ਹੋ ਬੈਠਾ।

**ਭਿਖਾਰੀ ਖ਼ਾਂ ਕੈਦ**

ਮੁਰਾਦ ਬੇਗਮ ਨੇ ਬਾਕੀ ਸਾਰੇ ਜਰਨੈਲਾਂ ਨੂੰ ਵਧੇਰੇ ਤਨਖ਼ਾਹ ਦੇਣੀ ਕਰ ਕੇ ਆਪਣੇ ਨਾਲ ਗੰਢ ਲਿਆ। ਉਸਨੇ ਹਮਲਾ ਕਰਕੇ ਭਿਖਾਰੀ ਖ਼ਾਂ ਨੂੰ ਕੈਦ ਕਰ ਲਿਆ। ਉਸ ਦਾ ਘਰਬਾਰ ਲੁੱਟ ਲਿਆ। ਇਸ ਤਰ੍ਹਾਂ ਬੇਗਮ ਨੇ ਇਹ ਬਗ਼ਾਵਤ ਦਬਾ ਲਈ। ਪਰ ਉਸਦੇ ਮਾੜੇ ਭਾਗਾਂ ਨੂੰ ਮਈ, ੧੭੫੪

**ਅਮੀਨ ਖ਼ਾਂ ਦੀ ਮੌਤ**

ਈ. ਵਿਚ ਉਸ ਦਾ ਪੁੱਤਰ ਮੁਹੰਮਦ ਅਮੀਨ ਖ਼ਾਂ (ਬਾਲਕ ਸੂਬੇਦਾਰ) ਮਰ ਗਿਆ। ਕਹਿੰਦੇ ਹਨ ਕਿ ਉਸ ਨੂੰ ਭਿਖਾਰੀ ਖ਼ਾਂ ਨੇ ਜ਼ਹਿਰ ਦਿੱਤਾ ਸੀ, ਤੇ ਕੋਈ ਲਿਖਦੇ ਹਨ, ਕਿ ਉਹ ਚੀਚਕ ਨਾਲ ਮਰਿਆ।

**ਗ਼ਾਜ਼ੀਉੱਦੀਨ ਵਜ਼ੀਰ**

ਏਸੇ ਸਮੇਂ ਦਿੱਲੀ ਸਰਕਾਰ ਵਿਚ ਬੜਾ ਇਨਕਲਾਬ ਆਇਆ। ਮਈ, ੧੭੫੪ ਈ. ਵਿਚ ਇੰਤਜ਼ਾਮੁੱਦੌਲਾ ਖ਼ਾਨ ਖ਼ਾਨਾ ਦੀ ਥਾਂ ਗ਼ਾਜ਼ੀਉੱਦੀਨ ਇਮਾਦੁਲ ਮੁਲਕ (ਆਸਫਜਾਹ ਨਜ਼ਾਮੁੱਲ ਮੁਲਕ ਦਾ ਪੋਤਰਾ)

**ਅਹਿਮਦ ਸ਼ਾਹ ਕੈਦ ਤੇ ਆਲਮਗੀਰ ਦੂੱਜਾ ਬਾਦਸ਼ਾਹ**

ਵਜ਼ੀਰ ਬਣ ਗਿਆ। ਉਹ ਸਤਾਰਾਂ-ਅਠਾਰਾਂ ਸਾਲ ਦਾ ਸੁੰਦਰ ਜੁਆਨ ਸੀ। ਉਹਨੇ ੨ ਜੂਨ ੧੭੫੪ ਈ. ਨੂੰ ਬਾਦਸ਼ਾਹ ਅਹਿਮਦ ਸ਼ਾਹ ਨੂੰ ਕੈਦ ਕਰ ਲਿਆ ਤੇ ਉਹਦੀਆਂ ਅੱਖਾਂ ਕੱਢ ਦਿੱਤੀਆਂ। ਉਸ ਦੀ ਥਾਂ ਪਚਵੰਜਾ ਸਾਲ ਦੇ ਬੁੱਢੇ ਸ਼ਹਿਜ਼ਾਦੇ ਅਜ਼ੀਜ਼ੁੱਦੀਨ (ਬਾਦਸ਼ਾਹ ਬਹਾਦਰ ਸ਼ਾਹ ਦਾ ਪੋਤਰਾ ਤੇ ਮੁਅੱਜ਼ੁੱਦੀਨ ਦਾ ਪੁੱਤਰ) ਨੂੰ ਤਖ਼ਤ 'ਤੇ ਬਿਠਾਇਆ ਗਿਆ, ਜਿਸ ਨੇ 'ਆਲਮਗੀਰ ਦੂੱਜਾ' ਲਕਬ ਧਾਰਨ ਕੀਤਾ†।

---

†ਜਾਦੂ ਨਾਥ ਸਰਕਾਰ, ਪੰਨੇ ੫੪੩-੪੪।

**ਮੋਮਨ ਖ਼ਾਂ ਸੂਬੇਦਾਰ**

ਨਵੇਂ ਬਾਦਸ਼ਾਹ ਨੇ ੨੫ ਅਕਤੂਬਰ, ੧੭੫੪ ਈ. ਨੂੰ ਮੋਮਨ ਖ਼ਾਂ ਨੂੰ ਲਾਹੌਰ ਦਾ ਗਵਰਨਰ ਬਣਾ ਦਿੱਤਾ। ਪਰ ਇਸ ਹੁਕਮ ਨੂੰ ਮੁਰਾਦ ਬੇਗਮ ਨੇ ਪਰਵਾਨ ਨਾ ਕੀਤਾ। ਉਸ ਨੇ ਸਾਰੀ ਤਾਕਤ ਆਪਣੇ ਹੱਥ ਵਿਚ ਲੈ ਲਈ। ਉਸ ਨੇ ਪੁਰਾਣੇ ਅਮੀਰਾਂ ਦੀ ਥਾਂ ਆਪਣੇ ਮਹਿਲ ਦੇ ਗ਼ੁਲਾਮਾਂ ਤੇ ਨੌਕਰਾਂ ਨੂੰ ਦੇ ਦਿੱਤੀ। ਇਸ ਸਮੇਂ ਉਹਦੇ ਵਿਗੜੇ ਹੋਏ ਚਾਲ ਚਲਣ ਦਾ ਚਰਚਾ ਲਾਹੌਰ ਦੇ ਬੱਚੇ ਬੱਚੇ ਦੀ ਜ਼ਬਾਨ 'ਤੇ ਸੀ। ਬਖ਼ਸ਼ੀ ਗ਼ਾਜ਼ੀ ਬੇਗ ਤੇ ਤਹਿਮਾਸਪ ਖ਼ਾਂ ਮਸਕੀਨ (ਘਰ ਦਾ ਗ਼ੁਲਾਮ ਮੁੰਡਾ) ਨਾਲ ਉਸ ਦਾ ਯਰਾਨਾ ਕਿਸੇ ਤੋਂ ਲੁਕਿਆ ਹੋਇਆ ਨਹੀਂ ਸੀ†।

**ਮੁਰਾਦ ਬੇਗਮ ਦਾ ਚਾਲ ਚਲਣ**

ਲਾਹੌਰ ਦੇ ਅਮੀਰ ਤੇ ਪਤਵੰਤੇ ਆਦਮੀ ਬੇਗਮ ਦੀ ਹਕੂਮਤ ਤੋਂ ਤੰਗ ਆ ਗਏ। ਉਹਨਾਂ ਖ਼ਵਾਜਾ ਮਿਰਜ਼ਾ ਖ਼ਾਂ (ਏਮਨਾਬਾਦ ਦਾ ਫ਼ੌਜਦਾਰ) ਨੂੰ ਲਾਹੌਰ ਦੀ ਹਕੂਮਤ ਸੰਭਾਲਣ ਵਾਸਤੇ ਬੁਲਾ ਭੇਜਿਆ। ਦਸੰਬਰ, ੧੭੫੪ ਈ. ਵਿਚ ਖ਼ਵਾਜਾ ਮਿਰਜ਼ਾ ਖ਼ਾਂ ਲਾਹੌਰ 'ਤੇ ਆ ਕਾਬਜ਼ ਹੋਇਆ। ਉਸ ਨੇ ਬੇਗਮ ਨੂੰ ਉਸੇ ਦੇ ਘਰ ਵਿਚ ਨਜ਼ਰਬੰਦ ਕਰ ਦਿੱਤਾ ਤੇ ਆਪ ਲਾਹੌਰ ਦਾ ਸੂਬੇਦਾਰ ਬਣਿਆ। ਬੇਗਮ ਨੇ ਆਪਣੇ ਮਾਮੇ ਖ਼ਵਾਜਾ ਅਬਦੁੱਲਾ ਖ਼ਾਂ ਨੂੰ ਅਹਿਮਦ ਸ਼ਾਹ ਅਬਦਾਲੀ ਕੋਲ ਮਦਦ ਵਾਸਤੇ ਭੇਜਿਆ।

**ਖ਼ਵਾਜਾ ਮਿਰਜ਼ਾ ਸੂਬੇਦਾਰ**

**ਦੁਰਾਨੀ ਜਰਨੈਲ ਲਾਹੌਰ ਵਿਚ**

ਅਬਦਾਲੀ ਦਾ ਜਰਨੈਲ ਅਮਾਨ ਖ਼ਾਂ (ਜਹਾਨ ਖ਼ਾਂ ਦਾ ਭਾਈ) ਦਸ ਹਜ਼ਾਰ ਦੁਰਾਨੀ ਫ਼ੌਜ ਸਣੇ ਅਪ੍ਰੈਲ, ੧੭੫੫ ਈ. ਵਿਚ ਲਾਹੌਰ ਆ ਪੁੱਜਾ। ਉਸ ਨੇ ਖ਼ਵਾਜਾ ਮਿਰਜ਼ਾ ਨੂੰ ਲੜਾਈ ਵਿਚ ਜਿੱਤ ਕੇ—ਸਣੇ ਉਸ ਦੇ ਮਾਤਹਿਤਾਂ ਦੇ—ਕੈਦ ਕਰ ਲਿਆ, ਤੇ ਸ਼ਹਿਰ ਲਾਹੌਰ ਲੁੱਟ ਲਿਆ। ਉਸ ਨੇ ਚਾਲੀ ਲੱਖ ਦੇ ਲਗਭਗ

---

† ਮਸਕੀਨ, ਪੰਨਾ ੨੩੧, ਸ਼ਿਵ ਪ੍ਰਸਾਦਿ, (ਤਾਰੀਖ਼ ਫ਼ਰਾਹ ਬਖ਼ਸ਼) ਪੰਨਾ ੩੩; ਸ਼ਾਹ ਆਲਮ ਨਾਮਾ (ਗ਼ੁਲਾਮ ਅਲੀ, ਪੁੱਤਰ ਭਿਖਾਰੀ ਖ਼ਾਂ ਦਾ, ਜਿਸ ਭਿਖਾਰੀ ਖ਼ਾਂ ਨੂੰ ਬੇਗਮ ਨੇ ਕਤਲ ਕੀਤਾ ਸੀ) ਪੰਨਾ ੩੬; ਖ਼ਜ਼ਾਨਾ-ਇ-ਅਮੀਰਾਂ (ਗ਼ੁਲਾਮ ਅਲੀ ਆਜ਼ਾਦ ਬਿਲਗਰਾਮੀ) ਪੰਨੇ ੯੮-੯; ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੮੬।

ਮੁਰਾਦ ਬੇਗਮ ਸੂਬੇਦਾਰ

ਲਾਹੌਰ ਵਿਚੋਂ ਲੁੱਟਿਆ*। ਉਸ ਨੇ ਮੁਰਾਦ ਬੇਗਮ ਨੂੰ ਲਾਹੌਰ ਦੀ ਸੂਬੇਦਾਰੀ ਦਿੱਤੀ ਤੇ ਖ਼ਵਾਜਾ ਅਬਦੁੱਲਾ ਨੂੰ ਉਸ ਦਾ ਨਾਇਬ ਬਣਾਇਆ।

ਭਿਖਾਰੀ ਖ਼ਾਂ ਕਤਲ

ਭਿਖਾਰੀ ਖ਼ਾਂ ਦੇ ਹੱਥ ਪੈਰ ਜੂੜ ਕੇ ਗੋਲੀਆਂ ਤੇ ਨੌਕਰਾਂ ਕੋਲੋਂ ਜੁੱਤੀਆਂ ਮਰਵਾਈਆਂ। ਜਦ ਉਹ ਇਸ ਨਾਲ ਬੇਹੋਸ਼ ਹੋ ਗਿਆ, ਬੇਗਮ ਨੇ ਆਪ ਕਟਾਰ ਮਾਰ ਕੇ ਭਿਖਾਰੀ ਖ਼ਾਂ ਨੂੰ ਮਾਰਿਆ ਤੇ ਉਹਦੀ ਲੋਥ ਸ਼ਹਿਰੋਂ ਬਾਹਰ ਖਾਈ ਵਿਚ ਸੁਟਾ ਦਿੱਤੀ†। ਇਹ ਘਟਨਾ ਅਪ੍ਰੈਲ, ੧੭੫੫ ਈ. ਦੀ ਹੈ।

ਖ਼ਵਾਜਾ ਅਬਦੁੱਲਾ ਸੂਬੇਦਾਰ

ਜੁਲਾਈ, ੧੭੫੫ ਈ. ਵਿਚ ਬੇਗਮ ਦੇ ਨਾਇਬ ਖ਼ਵਾਜਾ ਅਬਦੁੱਲਾ ਨੇ ਬੇਗਮ ਨੂੰ ਕੈਦ ਕਰ ਲਿਆ ਤੇ ਆਪ ਲਾਹੌਰ ਦਾ ਸੂਬੇਦਾਰ ਬਣ ਬੈਠਾ। ਇਸ ਨਵੇਂ ਅਹੁਦੇ ਦੀ ਖ਼ੁਸ਼ੀ ਮਨਾਉਣ ਬਦਲੇ ਉਹਨੇ ਲਾਹੌਰ ਦੇ ਹਿੰਦੂਆਂ ਤੇ ਮੁਸਲਮਾਨਾਂ ਦੇ ਘਰ ਚੰਗੀ ਤਰ੍ਹਾਂ ਲੁੱਟੇ ਤੇ ਲੱਖਾਂ ਰੁਪੈ ਕੱਠੇ ਕਰ ਲਏ।

ਅਦੀਨਾ ਬੇਗ ਦੀ ਲਾਹੌਰ 'ਤੇ ਚੜ੍ਹਾਈ

ਲਾਹੌਰ ਦੀ ਇਹ ਹਾਲਤ ਵੇਖਕੇ ਜਲੰਧਰ ਦਾ ਫ਼ੌਜਦਾਰ ਅਦੀਨਾ ਬੇਗ (ਸਤੰਬਰ, ੧੭੫੫ ਈ. ਵਿਚ) ਫ਼ੌਜ ਲੈ ਕੇ ਚੜ੍ਹ ਆਇਆ। ਉਹਨੇ ਖ਼ਵਾਜਾ ਅਬਦੁੱਲਾ ਨੂੰ ਕੱਢ ਕੇ ਲਾਹੌਰ ਵਿਚ ਆਪਣਾ ਨਾਇਬ ਸੂਬੇਦਾਰ ਸਦੀਕ ਬੇਗ ਨੂੰ ਥਾਪ ਦਿੱਤਾ।

ਸਦੀਕ ਬੇਗ ਸੂਬੇਦਾਰ

ਬੇਗਮ ਨੇ ਆਪਣਾ ਏਲਚੀ ਅਬਦਾਲੀ ਕੋਲ ਮਦਦ ਵਾਸਤੇ ਭੇਜਿਆ। ਉਸ ਨੇ ਜਰਨੈਲ ਜਹਾਨ ਖ਼ਾਂ ਨੂੰ ਲਾਹੌਰ 'ਤੇ ਚੜ੍ਹਾ ਭੇਜਿਆ।

ਜਹਾਨ ਖ਼ਾਂ ਲਾਹੌਰ ਵਿਚ

ਜਹਾਨ ਖ਼ਾਂ ਦੇ ਆਉਣ ਤੋਂ ਪਹਿਲਾਂ ਹੀ ਸਦੀਕ ਬੇਗ ਸਰਹਿੰਦ ਨੂੰ ਭੱਜ ਗਿਆ। ਜਹਾਨ ਖ਼ਾਂ ਨੇ ਮੁਰਾਦ ਬੇਗਮ ਨੂੰ ਲਾਹੌਰ ਦਾ

---

*ਖ਼ੁਸ਼ਵਕਤ ਰਾਏ, ਪੰਨਾ ੬੯।

†ਪੰਜਾਬ ਮੁਗ਼ਲ, ਪੰਨਾ ੧੨੫; ਪੰਥ ਪ੍ਰਕਾਸ਼, ਪੰਨਾ ੭੧੮ ਉੱਤੇ ਲਿਖਿਆ ਹੈ, ਕਿ ਬੇਗਮ ਨੇ ਭਿਖਾਰੀ ਖ਼ਾਂ ਨਾਲ ਯਰਾਨਾ ਲਾਉਣਾ ਚਾਹਿਆ। ਭਿਖਾਰੀ ਖ਼ਾਂ ਨਾ ਮੰਨਿਆ, ਤਾਂ ਮਰਵਾ ਦਿੱਤਾ ਗਿਆ।

**ਮੁਰਾਦ ਬੇਗਮ ਦੁਬਾਰਾ ਸੂਬੇਦਾਰ**

ਸੂਬੇਦਾਰ ਤੇ ਖ਼ਵਾਜਾ ਅਬਦੁੱਲਾ ਨੂੰ ਉਸ ਦਾ ਨਾਇਬ ਫੇਰ ਬਣਾ ਦਿੱਤਾ। ਇਹ ਗੱਲ ਦਸੰਬਰ, ੧੭੫੫ ਈ. ਦੀ ਹੈ।

ਦੁਰਾਨੀ ਫ਼ੌਜ ਵਾਪਸ ਮੁੜ ਗਈ, ਤਾਂ ਅਦੀਨਾ ਬੇਗ ਫੇਰ ਲਾਹੌਰ ਉੱਤੇ ਹਮਲਾ ਕਰਨ ਦੀ ਤਿਆਰੀ ਕਰਨ ਲੱਗਾ।

**ਉਮਦਾ ਬੇਗਮ**

ਮੁਰਾਦ ਬੇਗਮ ਦੀ ਲੜਕੀ ਉਮਦਾ ਬੇਗਮ ਦਿੱਲੀ ਦੇ ਵਜ਼ੀਰ ਗ਼ਾਜ਼ੀਉੱਦੀਨ ਨਾਲ ਮੰਗੀ ਹੋਈ ਸੀ। ਇਸ ਸੰਬੰਧ ਦੇ ਹੌਸਲੇ ਉੱਤੇ ਮੁਰਾਦ ਬੇਗਮ ਨੇ ਵਜ਼ੀਰ ਨੂੰ ਮਦਦ ਵਾਸਤੇ ਬੁਲਾ ਭੇਜਿਆ। ਵਜ਼ੀਰ ਦਸ ਹਜ਼ਾਰ ਫੌਜ ਲੈ ਕੇ ਫਰਵਰੀ, ੧੭੫੬ ਈ. ਵਿਚ ਮਾਛੀਵਾੜੇ ਆ ਬੈਠਾ। ਅਦੀਨਾ ਬੇਗ ਨੇ ਅੰਦਰ ਖ਼ਾਨੇ ਵਜ਼ੀਰ ਨਾਲ ਸਮਝੌਤਾ ਕਰ ਲਿਆ। ਵਜ਼ੀਰ ਮਾਛੀਵਾੜੇ ਹੀ ਰਿਹਾ ਤੇ ਅਦੀਨਾ ਬੇਗ ਦਾ ਨਾਇਬ ਸਦੀਕ ਬੇਗ ਦਸ ਹਜ਼ਾਰ ਫੌਜ ਸਣੇ ਲਾਹੌਰ ਆ ਪੁੱਜਾ। ਬੇਗਮ ਨੇ ਹਾਲ ਵਿਗੜੇ ਵੇਖੇ, ਤਾਂ ਆਪਣੀ ਲੜਕੀ (ਵਜ਼ੀਰ ਦੀ ਮੰਗ) ਉਮਦਾ ਬੇਗਮ ਚਾਰ ਮਾਰਚ ਨੂੰ ਵਜ਼ੀਰ ਕੋਲ ਭੇਜ ਦਿੱਤੀ, ਜਿਸ ਨੂੰ ਮਗਰਲੇ ਨੇ ਆਪਣੀ ਬੇਗਮ ਬਣਾ ਲਿਆ। ਫਿਰ ਵਜ਼ੀਰ ਨੇ ਸੱਯਦ ਜਮੀਲੁੱਦੀਨ ਨੂੰ ਮੁਰਾਦ ਬੇਗਮ ਨੂੰ ਲਿਆਉਣ ਵਾਸਤੇ ਲਾਹੌਰ ਭੇਜਿਆ। ਉਹਨੇ ਬੇਗਮ ਨੂੰ ਕੈਦ ਕਰ ਲਿਆ ਤੇ ਉਹਦਾ ਘਰ ਬਾਰ ਲੁੱਟ ਲਿਆ। ਮੁਰਾਦ ਬੇਗਮ ਕੈਦਣ ਬਣਕੇ ੨੮ ਮਾਰਚ, ੧੭੫੬ ਈ. ਨੂੰ ਵਜ਼ੀਰ ਦੇ ਕੈਂਪ ਵਿਚ ਪੁੱਜੀ*। ਵਜ਼ੀਰ ਨੇ ਮੁਰਾਦ ਬੇਗਮ ਨੂੰ ਕੈਦ ਕਰ ਲਿਆ ਤੇ ਸੂਬਾ ਲਾਹੌਰ ਤੇ ਮੁਲਤਾਨ ਤੀਹ ਲੱਖ ਸਲਾਨਾ ਖ਼ਰਾਜ ਬਦਲੇ ਅਦੀਨਾ ਬੇਗ ਨੂੰ ਦੇ ਦਿੱਤੇ। ਅਦੀਨਾ ਬੇਗ ਨੇ ਜਮੀਲੁੱਦੀਨ ਖ਼ਾਂ ਨੂੰ ਆਪਣੇ ਮਾਤਹਿਤ ਲਾਹੌਰ ਦਾ ਸੂਬੇਦਾਰ ਥਾਪਿਆ। ਇਹ ਪਰਬੰਧ ਕਰਕੇ ਵਜ਼ੀਰ ੯ ਮਈ, ੧੭੫੬ ਈ. ਨੂੰ ਵਾਪਸ ਦਿੱਲੀ ਮੁੜਿਆ।

(ਹਾਸ਼ੀਏ ਦੇ ਸਿਰਲੇਖ: **ਵਜ਼ੀਰ ਦੀ ਚੜ੍ਹਾਈ** · **ਉਮਦਾ ਬੇਗਮ ਵਜ਼ੀਰ ਕੋਲ** · **ਮੁਰਾਦ ਬੇਗਮ ਕੈਦ** · **ਜਮੀਲੁੱਦੀਨ ਸੂਬੇਦਾਰ**)

---

*ਸ਼ਮਸ਼ੇਰ ਖ਼ਾਲਸਾ (ਗੁਰਮੁਖੀ), ਪੰਨਾ ੧੧੯; ਮੁਰਾਦ ਬੇਗਮ ਨੇ ਵਜ਼ੀਰ ਨਾਲ ਨਕਾਹ (ਜਾਂ ਯਰਾਨਾ) ਕਰ ਲਿਆ। ਮੁਰਾਦ ਬੇਗਮ ਦਾ ਚਾਲ ਚਲਨ ਬੜਾ ਖ਼ਰਾਬ ਸੀ। ਹੋ ਸਕਦਾ ਏ, ਉਸ ਨੇ ਵਜ਼ੀਰ ਨੂੰ ਆਪਣੇ ਜਾਲ ਵਿਚ ਫਸਾ ਲਿਆ ਹੋਵੇ।

ਦੁਰਾਨੀ ਜਰਨੈਲ ਦੀ ਚੜ੍ਹਾਈ

ਖ਼ਵਾਜਾ ਅਬਦੁੱਲਾ ਖ਼ਾਂ ਕੰਧਾਰ ਨੂੰ ਨੱਸ ਗਿਆ ਸੀ। ਉਹ ਓਥੋਂ ਅਬਦਾਲੀ ਦੇ ਜਰਨੈਲ ਜੰਗ ਬਾਜ਼ ਖਾਂ ਨੂੰ ਚੜ੍ਹਾ ਲਿਆਇਆ। ਉਹਨਾਂ ਦੇ ਆਉਣ ਤੋਂ ਪਹਿਲਾਂ ਹੀ ਜਮੀਲੁੱਦੀਨ ਜਲੰਧਰ ਨੂੰ ਨੱਸ ਗਿਆ। ਚਾਰ ਅਕਤੂਬਰ, ੧੭੫੬ ਈ. ਨੂੰ ਦੁਰਾਨੀ ਫ਼ੌਜ ਲਾਹੌਰ ਪੁੱਜੀ। ਉਸ ਦੀ ਮਦਦ ਨਾਲ ਖ਼ਵਾਜਾ ਅਬਦੁੱਲਾ ਲਾਹੌਰ ਦਾ ਸੂਬੇਦਾਰ ਬਣਿਆ ਤੇ ਖ਼ਵਾਜਾ ਮਿਰਜ਼ਾ ਉਸਦਾ ਨਾਇਬ। ਇਸ ਵਾਰ ਵੀ ਲਾਹੌਰ ਬੁਰੀ ਤਰ੍ਹਾਂ ਲੁਟਿਆ ਗਿਆ।

ਖ਼ਵਾਜਾ ਅਬਦੁੱਲਾ ਸੂਬੇਦਾਰ

ਇਸ ਸਮੇਂ ਸਿੱਖਾਂ ਦੀ ਤਾਕਤ ਵਧ ਗਈ

ਨਵੰਬਰ, ੧੭੫੩ ਈ. ਤੋਂ ਅਕਤੂਬਰ, ੧੭੫੬ ਈ. ਤੱਕ ਲਾਹੌਰ ਸਰਕਾਰ ਵਿਚ ਕਈ ਅਦਲਾ ਬਦਲੀਆਂ ਹੋਈਆਂ। ਇਹਨਾਂ ਤਿੰਨਾਂ ਸਾਲਾਂ ਵਿਚ ਸਰਕਾਰ ਦਾ ਪੱਕਾ ਪਰਬੰਧ ਨਹੀਂ ਰਿਹਾ ਸੀ। ਇਸ ਸਮੇਂ ਵਿਚ ਸਿੱਖਾਂ ਨੇ ਆਪਣੀ ਤਾਕਤ ਬਹੁਤ ਵਧਾ ਲਈ। ਪੰਜਾਬ ਵਿਚ ਉਹ ਹੈਰਾਨ ਕਰਨ ਵਾਲੀ ਤਾਕਤ ਬਣ ਗਏ। ਇਉਂ ਸਮਝੋ, ਕਿ ਦੇਸ ਵਿਚ ਜਥੇਬੰਦ ਤਾਕਤ ਉਸ ਵੇਲੇ ਸਿੱਖ ਹੀ ਸਨ।

ਮੀਰ ਮੰਨੂ ਦੇ ਜਿਉਂਦਿਆਂ ਹੀ ਸਿੰਘ ਪੰਜਾਬ ਵਿਚ ਆ ਗਏ ਸਨ। ਉਸ ਦੇ ਮਰੇ ਤੋਂ ਰਾਜ ਰੌਲਾ ਪੈ ਗਿਆ, ਤਾਂ ਸਿੰਘਾਂ ਨੇ ਸਾਰੇ ਇਲਾਕੇ ਵਿਚ ਲੁੱਟ ਮਚਾ ਦਿੱਤੀ। ਜਿੰਨ੍ਹਾਂ ਚੁਗਲਾਂ ਨੇ ਗਸ਼ਤੀ ਫ਼ੌਜ ਨੂੰ ਦੱਸ-ਦੱਸ ਕੇ ਸਿੰਘਾਂ ਦੇ ਬਾਲ ਬੱਚੇ ਫੜਾਏ ਸਨ, ਖਾਲਸੇ ਨੇ ਉਹਨਾਂ ਤੋਂ ਗਿਣ-ਗਿਣ ਕੇ ਬਦਲੇ ਲਏ। ਨੂਰਦੀਨ ਦੀ ਸਰਾਂ, ਕੋਟ, ਮਜੀਠਾ, ਜੰਡਿਆਲਾ, ਘਣੀਆਂ, ਸੈਦੋਵਾਲਾ, ਭੂਰੇ, ਮੰਡਿਆਲਾ, ਬੁਤਾਲਾ, ਬੰਡਾਲਾ, ਨੌਸ਼ਹਿਰਾ, ਮਾਲਪੁਰ, ਫਗਵਾੜਾ ਆਦਿ ਪਿੰਡ ਤੇ ਕਸਬੇ ਲੁੱਟ ਲਏ। ਕਰਮੋ ਛੀਨੇ ਤੇ ਰੰਧਾਵੇ ਦੇ ਪਰਵਾਰ ਦੇ ਜਿੰਨੇ ਬੰਦੇ ਹੱਥ ਲੱਗੇ ਕਤਲ ਕਰ ਦਿੱਤੇ ਗਏ। ਸੈਦੋਵਾਲੇ ਦੇ ਜੱਟ, ਭੂਰਿਆਂ ਦੇ ਪੈਂਚ, ਬੁਤਾਲੇ ਦੇ ਰੰਘੜ, ਬੰਡਾਲੇ ਦੇ ਜੱਟ, ਨੌਸ਼ਹਿਰੇ ਦੇ ਪੈਂਚ, ਇਸਮਾਈਲ ਖ਼ਾਂ ਮੰਡਿਆਲੀਆ, ਔਲੀਏ ਖ਼ਾਂ ਘੇਬ, ਹਸਨਾ ਭੱਟੀ ਆਦਿ ਨਾਮਵਰ ਚੁਗ਼ਲ ਭਾਲ-ਭਾਲ ਕੇ ਮਾਰ ਗਏ*।

ਪਿੰਡ ਲੁੱਟੇ ਤੇ ਚੁਗ਼ਲ ਮਾਰੇ

---

*ਪੰਥ ਪ੍ਰਕਾਸ਼, ਪੰਨਾ ੭੧੩।

**ਰਾਮਗੜ੍ਹ ਬਣਾਇਆ**

ਮੀਰ ਮੰਨੂੰ ਦੇ ਘੇਰੇ ਸਮੇਂ ਰਾਮ ਰਉਣੀ ਦੀ ਕੰਧ ਗੋਲਿਆਂ ਦੀ ਮਾਰ ਨਾਲ ਨਕਾਰੀ ਹੋ ਗਈ ਸੀ। ਸ: ਜੱਸਾ ਸਿੰਘ ਤਖਾਣ ਨੇ ਉਸ ਨੂੰ ਨਵੇਂ ਸਿਰਿਓਂ ਪੱਕਾ ਕਿਲ੍ਹਾ ਬਣਾਇਆ ਤੇ 'ਰਾਮ ਗੜ੍ਹ' ਨਾਮ ਰਖਿਆ। ਏਸੇ ਕਰ ਕੇ ਉਹ ਇਸ ਤੋਂ ਪਿਛੋਂ ਰਾਮਗੜ੍ਹੀਆ ਹੀ ਪਰਸਿੱਧ ਹੋ ਗਿਆ।

**ਕਾਸਮ ਖ਼ਾਂ ਲੁੱਟਿਆ**

ਸਿੰਘ ਏਨੇ ਦਲੇਰ ਹੋ ਗਏ ਸਨ, ਕਿ ਉਹ ਲਾਹੌਰ ਦੀਆਂ ਕੰਧਾਂ ਤਕ ਮਾਰਾਂ ਮਾਰਨ ਲੱਗ ਪਏ। ਪੱਟੀ ਦਾ ਫ਼ੌਜਦਾਰ ਕਾਸਮ ਖ਼ਾਂ ਲਾਹੌਰ ਨੂੰ ਜਾ ਰਿਹਾ ਸੀ। ਉਹ ਇਕ ਪੜਾਅ ਹੀ ਲਾਹੌਰੋਂ ਦੂਰ ਸੀ, ਜਾਂ (ਫ਼ਰਵਰੀ, ੧੭੫੪ ਈ.) ਅੱਠ ਹਜ਼ਾਰ ਸਿੰਘਾਂ ਦਾ ਜੱਥਾ ਜਾ ਪਿਆ। ਕਾਸਮ ਖ਼ਾਂ ਲੜਾਈ ਵਿਚ ਹਾਰ ਕੇ ਨੱਸ ਗਿਆ ਤੇ ਸਿੰਘਾਂ ਉਹਦਾ ਡੇਰਾ ਲੁੱਟ ਲਿਆ।

**ਏਮਨਾਬਾਦ ਲੁਟਿਆ**

ਏਥੋਂ ਅੱਗੇ ਵਧ ਕੇ ਸਿੰਘ ਏਮਨਾਬਾਦ ਦੇ ਫ਼ੌਜਦਾਰ ਮਿਰਜ਼ਾ ਖ਼ਵਾਜਾ (ਜੋ ਪਿਛੋਂ ਕੁਝ ਦਿਨ ਲਾਹੌਰ ਦਾ ਸੂਬੇਦਾਰ ਵੀ ਰਿਹਾ) ਨਾਲ ਲੜੇ। ਉਹਦਾ ਇਲਾਕਾ ਲੁੱਟ ਕੇ ਸਿੰਘ ਫੇਰ ਲਾਹੌਰ ਨੂੰ ਪਰਤ ਪਏ। ਸ਼ੇਖ਼ੂਪੁਰੇ ਦੇ ਜੱਟਾਂ ਨੇ ਸਰਜਾ ਸਿੰਘ, ਗਰਜਾ ਸਿੰਘ (ਦੋਵੇਂ ਭਰਾ) ਆਦਿ ਪੰਜ ਸਿੰਘ ਘੇਰੇ ਵਿਚ ਲੈ ਕੇ ਕਤਲ ਕਰ ਦਿੱਤੇ। ਸ:

**ਸੇਖ਼ੂਪੁਰਾ ਲੁੱਟਿਆ**

ਬਾਘ ਸਿੰਘ ਹੱਲੋਵਾਲੀਏ ਨੂੰ ਪਤਾ ਲੱਗਾ, ਤਾਂ ਉਹ ਜੱਥਾ ਲੈ ਕੇ ਪਿੰਡ ਉੱਤੇ ਜਾ ਪਿਆ। ਸਾਰਾ ਪਿੰਡ ਲੁੱਟ ਲਿਆ ਤੇ ਪੰਜਾਹ-ਕੁ ਵੈਰੀ ਕਤਲ ਕਰ ਦਿੱਤੇ।

**ਕਲਾਨੌਰ, ਪਠਾਨਕੋਟ ਸੁਜਾਨਪੁਰ ਲੁੱਟੇ**

ਸ. ਜੱਸਾ ਸਿੰਘ ਤੇ ਸ: ਹਰੀ ਸਿੰਘ ਕਲਾਨੌਰ ਉੱਤੇ ਜਾ ਪਏ। ਇਹ ਜਸਪਤ, ਲਖਪਤ ਦਾ ਪੁਰਾਣਾ ਪਿੰਡ ਸੀ। ਸਿੰਘਾਂ ਨੇ ਸਾਰਾ ਕਸਬਾ ਲੁੱਟ ਲਿਆ ਤੇ ਲਖਪਤ ਦੇ ਕੇਈ ਸੰਬੰਧੀ ਕਤਲ ਕੀਤੇ। ਏਥੋਂ ਅੱਗੇ ਵਧ ਕੇ ਸਿੰਘਾਂ ਨੇ ਪਠਾਨਕੋਟ ਤੇ ਸੁਜਾਨਪੁਰ ਲੁੱਟ ਲਏ।

**ਚੜ੍ਹਤ ਸਿੰਘ ਤੇ ਜੱਸਾ ਸਿੰਘ ਨੇ ਲਾਹੌਰ ਲੁੱਟਿਆ**

ਸ. ਚੜ੍ਹਤ ਸਿੰਘ ਤੇ ਸ: ਜੱਸਾ ਸਿੰਘ ਪੰਜ ਸੌ ਸਵਾਰ ਸਣੇ ਤੁਰਕੀ ਭੇਸ ਕਰਕੇ ਇਕ ਸ਼ਾਮ ਨੂੰ ਲਾਹੌਰ ਵਿਚ ਜਾ ਵੜੇ। ਪਰੀ ਮਹਿਲ ਤੇ ਰੰਗ ਮਹਿਲ ਵਿਚੋਂ ਧਨਾਢ ਮੁਗ਼ਲਾਂ ਦੇ ਘਰ ਲੁੱਟ ਕੇ ਉਹ ਵੈਰੀ ਦੀ ਫ਼ੌਜ ਦੇ ਉਠਣ ਤੋਂ ਪਹਿਲਾਂ ਹੀ ਰਾਵੀ ਦੇ ਝੱਲਾਂ ਵਿਚ ਜਾ ਵੜੇ। ਮੋਮਨ ਖ਼ਾਂ ਸਿੰਘਾਂ ਨੂੰ ਸੋਧਣ ਵਾਸਤੇ ਗਸ਼ਤੀ ਫ਼ੌਜ ਲੈ ਕੇ ਮਗਰ ਚੜ੍ਹਿਆ। ਸਿੰਘਾਂ ਨੇ ਛਾਪੇ ਮਾਰ-ਮਾਰ ਕੇ ਗਸ਼ਤੀ ਫ਼ੌਜ ਦਾ ਬੜਾ ਨੁਕਸਾਨ ਕੀਤਾ। ਮੋਮਨ ਖ਼ਾਂ ਦਾ ਸਿੰਘਾਂ ਨਾਲ ਤਾਂ ਕੋਈ ਜ਼ੋਰ ਨਾ ਚਲਦਾ ਪਰ ਉਹ ਸਾਰੇ ਬਦਲੇ ਅਮਨ ਨਾਲ ਕਿਰਤ ਕਰਨ ਵਾਲੇ ਸਿੰਘਾਂ ਦੇ ਸੰਬੰਧੀਆਂ ਤੋਂ ਲੈਂਦਾ। ਇਹਨਾਂ ਮਾਰਾਂ ਧਾੜਾਂ ਵਿਚ ਸਾਰਾ ਦੇਸ ਵੀਰਾਨ ਹੋ ਗਿਆ। ਕੁਛ ਸਿੰਘਾਂ ਨੇ ਲੁੱਟ ਖਾਧਾ ਤੇ ਕੁਛ ਗਸ਼ਤੀ ਫ਼ੌਜਾਂ ਨੇ। ਮੋਮਨ ਖ਼ਾਂ ਇਲਾਕੇ ਦੇ ਚੌਧਰੀਆਂ ਨੂੰ ਸਿੰਘ ਫੜਾਉਣ ਵਾਸਤੇ ਇਨਾਮ ਦਾ ਲਾਲਚ ਦੇਂਦਾ, ਪਰ ਡਰਦਾ ਕੋਈ ਵੀ ਏਸ ਕੰਮ ਲਈ ਤਿਆਰ ਨਾ ਹੁੰਦਾ।

**ਮੋਮਨ ਖ਼ਾਂ ਨੇ ਸਿੱਖਾਂ ਦੇ ਸੰਬੰਧੀ ਸਤਾਏ**

**ਮੋਮਨ ਖ਼ਾਂ ਕਤਲ**

ਇਕ ਦਿਨ ਨਵਾਬ ਕਪੂਰ ਸਿੰਘ ਨੇ ਦਲ ਖ਼ਾਲਸੇ ਵਿਚ ਕਿਹਾ, "ਹੈ ਕੋਈ ਸੂਰਮਾ, ਜੋ ਮੋਮਨ ਖ਼ਾਂ ਦਾ ਸਿਰ ਲਿਆਵੇ ?" ਭਾਈ ਮਨੀ ਸਿੰਘ ਜੀ ਦਾ ਭਤੀਜਾ ਸ: ਅਘੜ ਸਿੰਘ ਏਸ ਕੰਮ ਵਾਸਤੇ ਉਠਿਆ। ਪੰਥ ਨੇ ਉਹਦੀ ਸਫਲਤਾ ਵਾਸਤੇ ਅਰਦਾਸ ਕੀਤੀ ਤੇ ਉਹ ਲਾਹੌਰ ਨੂੰ ਵਿਦਿਆ ਹੋਇਆ। ਉਹ ਭੇਸ ਬਦਲ ਕੇ ਮੋਮਨ ਖ਼ਾਂ ਦੇ ਤਬੇਲੇ ਵਿਚ ਜਾ ਨੌਕਰ ਹੋਇਆ। ਉਸ ਨੂੰ ਆਗਿਆਕਾਰ ਤੇ ਅਣਥੱਕ ਸੇਵਕ ਸਮਝ ਕੇ ਮੋਮਨ ਖ਼ਾਂ ਹਰ ਵੇਲੇ ਆਪਣੇ ਨਾਲ ਰੱਖਣ ਲੱਗ ਪਿਆ। ਇਕ ਦਿਨ ਮੋਮਨ ਖ਼ਾਂ ਮੱਛੀਆਂ ਫੜਨ ਵਾਸਤੇ ਦਰਿਆ ਰਾਵੀ ਉੱਤੇ ਗਿਆ, ਤਾਂ ਅਘੜ ਸਿੰਘ ਨੂੰ ਨਾਲ ਲੈ ਗਿਆ। ਮੋਮਨ ਖ਼ਾਂ, ਅਘੜ ਸਿੰਘ ਨੂੰ ਘੋੜੀ ਫੜਾ ਕੇ ਬੇੜੀ 'ਤੇ ਚੜ੍ਹਨ ਲੱਗਾ, ਤਾਂ ਅਘੜ ਸਿੰਘ ਨੇ ਤਲਵਾਰ ਨਾਲ ਮੋਮਨ ਖ਼ਾਂ ਦਾ ਸਿਰ ਲਾਹ ਲਿਆ ਤੇ ਘੋੜੀ 'ਤੇ ਚੜ੍ਹ ਕੇ ਭਜਾ ਲੈ ਗਿਆ। ਉਸਨੇ ਸਿਰ ਨਵਾਬ ਕਪੂਰ ਸਿੰਘ ਦੇ ਸਾਮ੍ਹਣੇ ਜਾ ਧਰਿਆ। ਨਵਾਬ ਨੇ ਅਘੜ ਸਿੰਘ ਨੂੰ ਛਾਤੀ ਨਾਲ ਲਾ ਲਿਆ। ਮੋਮਨ ਖ਼ਾਂ ਦੀ ਘੋੜੀ ਤੇ ਤਲਵਾਰ ਸ: ਅਘੜ ਸਿੰਘ ਕੋਲ ਨਿਸ਼ਾਨੀ ਵਜੋਂ ਰਹਿਣ ਦਿੱਤੀ ਗਈ ਤੇ

ਪੰਥ ਵੱਲੋਂ ਉਸ ਨੂੰ ਸਿਰੋਪਾ ਬਖ਼ਸ਼ਿਆ ਗਿਆ*। ਏਸ ਘਟਨਾ ਨੇ ਹਾਕਮਾਂ ਦੇ ਦਿਲਾਂ ਅੰਦਰ ਡਾਢਾ ਭੈ ਪੈਦਾ ਕਰ ਦਿੱਤਾ।

**ਅੰਬਾਲੇ ਦਾ ਇਲਾਕਾ ਤੇ ਸਰਹਿੰਦ ਲੁੱਟੀ**

੧੭੫੪ ਈ. ਦੇ ਅਖ਼ੀਰ ਵਿਚ ਸਿੰਘਾਂ ਦਾ ਬਾਰਾਂ ਹਜ਼ਾਰ ਦਾ ਜੱਥਾ ਅੰਬਾਲੇ ਉਦਾਲੇ ਜਾ ਲੁੱਟ ਮਾਰ ਕਰਨ ਲੱਗਾ। ਸਰਹਿੰਦ ਦੇ ਨੇੜੇ ਜਾ ਕੇ ਸਿੰਘਾਂ ਦੇ ਜਜ਼ਬਾਤ ਭੜਕ ਉਠਦੇ ਸਨ। ਸੋ, ਇਸ ਵਾਰ ਵੀ ਸਿੰਘਾਂ ਨੇ ਧਾਵਾ ਕਰਕੇ ਸਰਹਿੰਦ ਦਾ ਕਸਬਾ ਜਾ ਲੁੱਟਿਆ ਤੇ ਫੇਰ ਠੀਕਰੀ ਵਾਲੇ ਨੂੰ ਨਿਕਲ ਗਏ। ਏਥੇ ਦਲ ਖਾਲਸੇ ਕੋਲ ਸ: ਆਲਾ ਸਿੰਘ (ਪਟਿਆਲੇ ਦੇ ਰਾਜ ਘਰਾਣੇ ਦਾ ਵੱਡਾ) ਮਦਦ ਵਾਸਤੇ ਆਇਆ। ਬਾਰਾਂ ਹਜ਼ਾਰ ਸਿੰਘ ਉਸ ਦੀ ਸਹਾਇਤਾ ਵਾਸਤੇ ਨਾਲ ਚੜ੍ਹ ਪਏ। ਦਲ ਖ਼ਾਲਸੇ ਦੀ ਮਦਦ ਨਾਲ ਸ. ਆਲਾ ਸਿੰਘ ਨੇ ਬੁਡਲਾਡਾ ਉੱਤੇ ਕਬਜ਼ਾ ਕਰ ਲਿਆ।

**ਆਲਾ ਸਿੰਘ ਦੀ ਮਦਦ**

੧੭੫੫ ਈ. ਦੇ ਆਰੰਭ ਵਿਚ ਸਿੰਘਾਂ ਦਾ ਇਕ ਜੱਥਾ ਫੇਰ ਲਾਹੌਰ ਕੋਲ ਆ ਲੁੱਟ ਮਾਰ ਕਰਨ ਲੱਗਾ। ਲਾਹੌਰ ਦਾ ਸੂਬੇਦਾਰ ਓਦੋਂ ਖ਼ਵਾਜਾ ਮਿਰਜ਼ਾ ਸੀ। ਉਸਨੇ ਆਪਣੇ ਭਰਾ ਖ਼ਵਾਜਾ ਕਾਜ਼ੀ ਨੂੰ ਫ਼ੌਜ ਦੇਕੇ ਭੇਜਿਆ, ਤਾਂ ਸਿੰਘ ਦੁਆਬਾ ਜਲੰਧਰ ਨੂੰ ਨਿਕਲ ਗਏ।

**ਕੁਤਬ ਖ਼ਾਂ ਦਾ ਸਰਹਿੰਦ ਉੱਤੇ ਕਬਜ਼ਾ**

ਕੁਤਬ ਖ਼ਾਂ ਰੁਹੇਲੇ ਨੇ ਬਾਦਸ਼ਾਹ ਦਿੱਲੀ ਦੇ ਵਿਰੁਧ ਬਾਗ਼ੀ ਹੋ ਕੇ ਸਰਹਿੰਦ ਉੱਤੇ ਕਬਜ਼ਾ ਕਰ ਲਿਆ (੧੧ ਮਾਰਚ, ੧੭੫੫ ਈ.) ਤੇ ਓਥੋਂ ਦੇ ਸੂਬੇਦਾਰ ਸਦੀਕ ਬੇਗ ਨੂੰ ਕੱਢ ਦਿੱਤਾ। ਰੁਹੇਲੇ ਦੀ ਤਾਕਤ ਵਧਦੀ ਵੇਖ ਕੇ ਅਦੀਨਾ ਬੇਗ ਨੂੰ ਫ਼ਿਕਰ ਬਣ ਗਿਆ। ਉਸ ਨੇ ਦਲ ਖ਼ਾਲਸੇ ਤੋਂ ਮਦਦ ਹਾਸਲ ਕਰ ਲਈ। ਉਹ (ਸਣੇ ਸਿੰਘਾਂ) ਪੰਜਾਹ ਹਜ਼ਾਰ ਅਸਵਾਰ ਤੇ ਪੰਜਾਹ ਹਜ਼ਾਰ ਪੈਦਲ ਲੈ ਕੇ ਰੁਹੇਲੇ ਦੇ ਵਿਰੁਧ ਚੜ੍ਹਿਆ। ੧੧ ਅਪ੍ਰੈਲ, ੧੭੫੫ ਈ. ਨੂੰ ਰੋਪੜ ਕੋਲ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਕੁਤਬ ਖ਼ਾਂ ਰੁਹੇਲਾ ਤੇ ਉਸ

**ਅਦੀਨਾ ਬੇਗ ਤੇ ਕੁਤਬ ਖ਼ਾਂ ਦੀ ਲੜਾਈ**

---

*ਪੰਥ ਪ੍ਰਕਾਸ਼, ਪੰਨੇ ੬੧੬-੧੭।

ਦਾ ਮਦਦਗਾਰ ਜਮਾਲ ਖ਼ਾਂ ਮਲੇਰਕੋਟਲੇ ਵਾਲੇ ਮਾਰੇ ਗਏ। ਅਦੀਨਾ ਬੇਗ ਨੇ ਸਰਹਿੰਦ ਉੱਤੇ ਕਬਜ਼ਾ ਕਰ ਲਿਆ। ਏਥੇ ਹੀ ਬੱਸ ਨਹੀਂ, ਉਹਨੇ ਸ਼ਾਹਾਬਾਦ, ਥਾਨੇਸਰ, ਘੁੜਾਮ, ਮਨਸੂਰਪੁਰ ਤੇ ਮੁਸਤਫ਼ਾਬਾਦ ਤਕ ਦਾ ਇਲਾਕਾ ਮੱਲ ਲਿਆ। ਬਾਦਸ਼ਾਹ ਤੇ ਵਜ਼ੀਰ ਨੇ ਉਸ ਦਾ ਟਾਕਰਾ ਕਰਨ ਦੀ ਥਾਂ ਉਸ ਨੂੰ 'ਜ਼ਫ਼ਰਜੰਗ ਬਹਾਦਰ' ਦਾ ਖ਼ਿਤਾਬ ਤੇ ਸਰਹਿੰਦ ਦੀ ਸੂਬੇਦਾਰੀ ਦੇ ਦਿੱਤੀ*। ਥਾਨੇਸਰ ਤੋਂ ਸਿੰਘ ਅਦੀਨਾ ਬੇਗ ਤੋਂ ਵੱਖਰੇ ਹੋ ਗਏ। ਉਹ ਜੈਪੁਰ ਦੇ ਰਾਜਾ ਮਾਧੋ ਸਿੰਘ ਦੇ ਇਲਾਕੇ ਵਿਚ ਜਾ ਵੜੇ ਤੇ ਨਾਰਨੌਲ ਤੇ ਕਨੌਦ ਦਾ ਇਲਾਕਾ ਜਾ ਲੁਟਿਆ। ਮਾਧੋ ਸਿੰਘ ਨੇ ਮਦਦ ਵਾਸਤੇ ਮਰਹੱਟੇ ਸਦ ਲਏ, ਤਾਂ ਸਿੰਘ ਪਿੱਛੇ ਪੰਜਾਬ ਨੂੰ ਪਰਤ ਆਏ।

ਅਦੀਨਾ ਬੇਗ ਦਾ ਸਰਹਿੰਦ 'ਤੇ ਕਬਜ਼ਾ

ਸਿੰਘ ਜੈਪੁਰ ਦੇ ਇਲਾਕੇ ਵਿਚ

ਮੁਰਾਦ ਬੇਗਮ ਦੀ ਮਦਦ ਵਾਸਤੇ ਜਿਹੜੇ ਜਰਨੈਲ ਲਾਹੌਰ ਆਉਂਦੇ ਰਹੇ, ਸਿੰਘ ਉਹਨਾਂ ਨਾਲ ਦਲੇਰਾਨਾ ਟਕਰਦੇ ਰਹੇ। ਜਿਹੜੇ ਦੁਰਾਨੀ ਬਾਕੀ ਲੋਕਾਂ ਵਾਸਤੇ ਹਊਆ ਬਣੇ ਹੋਏ ਸਨ, ਸਿੰਘ ਉਹਨਾਂ ਦੀ ਪਰਵਾਹ ਨਾ ਕਰਦੇ। ਉਹ ਜਰਨੈਲ ਸਿੰਘਾਂ ਦੇ ਮਗਰ ਜੇ ਜ਼ਰਾ ਕੁ ਝੱਲਾਂ ਵਿੱਚ ਵੜਨ ਦੀ ਭੁੱਲ ਕਰਦੇ ਤਾਂ, ਸਿੰਘਾਂ ਦੇ ਹੱਥੋਂ ਨੁਕਸਾਨ ਉਠਾ ਕੇ ਵਾਪਸ ਮੁੜਦੇ।

ਕਸੂਰ ਲੁੱਟਿਆ

ਇਕ ਦਿਨ ਸਿੰਘਾਂ ਦਾ ਇਕ ਜੱਥਾ ਕਸੂਰ ਵਿਚ ਜਾ ਵੜਿਆ ਤੇ ਮਨ ਭਾਉਂਦੀ ਲੁੱਟ ਮਾਰ ਕਰ ਕੇ ਨਿਕਲ ਗਿਆ। ਗਸ਼ਤੀ ਫ਼ੌਜ ਹੁਣ ਵੀ ਇਲਾਕੇ ਵਿਚ ਫਿਰਦੀ ਸੀ, ਪਰ ਉਹ ਸਿੰਘਾਂ ਦੇ ਜੱਥੇ ਦੇ ਸਾਮ੍ਹਣੇ ਹੋਣ ਦਾ ਹੌਸਲਾ ਨਾ ਕਰਦੀ। ਸਿੰਘਾਂ ਦੀ ਦੱਸ ਚੜ੍ਹਦੇ ਵਿਚ ਪੈਂਦੀ, ਤਾਂ ਸ਼ਾਹੀ ਫ਼ੌਜ ਲਹਿੰਦੇ ਵੱਲ ਹੋ ਤੁਰਦੀ, ਤੇ ਜੇ ਸਿੰਘ ਪਿੰਡ ਦੀ ਪਹਾੜ ਦੀ ਬਾਹੀ ਉੱਤੇ ਧਾਵਾ ਬੋਲਦੇ, ਤਾਂ ਸਰਕਾਰੀ ਫ਼ੌਜ ਦੋ ਕੋਹ ਦੱਖਣ ਵੱਲ ਨਿਕਲ ਜਾਂਦੀ।

ਉਸ ਵੇਲੇ ਸਭ ਤੋਂ ਵੱਡੀ ਤੇ ਜੱਥੇਬੰਦ ਤਾਕਤ ਪੰਜਾਬ ਵਿਚ ਸਿੰਘਾਂ ਦੀ ਹੀ ਸੀ। ਇਸ ਗੱਲ ਨੂੰ ਲਾਹੌਰ ਦੇ ਹਾਕਮ ਤੇ ਦੇਸ ਦੀ ਪਰਜਾ ਚੰਗੀ ਤਰ੍ਹਾਂ ਸਮਝ

* ਅਹਿਮਦ ਸ਼ਾਹ (ਅਹਿਵਾਲਿ ਅਦੀਨਾ ਬੇਗ ਖ਼ਾਂ) ਪੰਨੇ ੯੯੦-੯੧।

ਪਰਜਾ ਤੰਗ ਆ ਗਈ

ਗਏ ਸਨ। ਲੋਕ ਆਏ ਦਿਨ ਦੇ ਲੁੱਟੇ ਜਾਣ ਤੋਂ ਤੰਗ ਆ ਗਏ ਸਨ। ਉਹਨਾਂ ਨੂੰ ਕਿਸੇ ਅਜੇਹੇ ਮਾਲਕ (ਹਾਕਮ) ਦੀ ਲੋੜ ਸੀ, ਜੋ ਉਹਨਾਂ ਦੇ ਜਾਨ ਮਾਲ ਦੀ ਰਾਖੀ ਕਰੇ। ਤੇ ਅਜੇਹਾ ਮਾਲਕ ਉਹਨਾਂ ਨੂੰ ਕੇਵਲ 'ਦਲ ਖ਼ਾਲਸਾ' ਹੀ ਨਜ਼ਰ ਆਉਂਦਾ ਸੀ। ਦੂਜੇ ਪਾਸੇ 'ਦਲ ਖ਼ਾਲਸਾ' ਦੇ ਸਰਦਾਰ ਵੀ ਸਮਝਦੇ ਸਨ, ਕਿ 'ਸਿੱਖ ਰਾਜ' ਸਥਾਪਨ ਕਰਨ ਦਾ ਏਹੋ ਸਮਾਂ ਹੈ, ਕਿਉਂਕਿ ਪੰਜਾਬ ਵਿਚ ਰਾਜ ਕਰਨ ਯੋਗ ਹੋਰ ਕੋਈ ਤਾਕਤ ਨਹੀਂ ਰਹੀ। ਸੋ ਉਹਨਾਂ ਨੇ ਮੁਲਕ ਉੱਤੇ ਅਧਿਕਾਰ ਜਮਾਉਣ ਦਾ ਇਰਾਦਾ ਬਣਾ ਲਿਆ। ਪਰਜਾ ਨੂੰ ਕਿਸੇ ਮਾਲਕ ਦੀ ਲੋੜ ਸੀ ਤੇ ਸਿੰਘਾਂ ਨੂੰ ਪੰਜਾਬ ਦਾ ਮਾਲਕ ਬਣਨ ਦੀ, ਦੋਹਾਂ ਦਾ ਆਪਸ ਵਿਚ ਸਮਝੌਤਾ ਹੋ ਗਿਆ। ਸਿੰਘਾਂ ਨੇ ਪਰਜਾ ਵਿਚ ਢੰਡੋਰਾ ਪਿਟਵਾ ਦਿੱਤਾ, "ਜਿਹੜਾ ਪਿੰਡ, ਇਲਾਕਾ ਜਾਂ ਚੌਧਰੀ ਆਪਣੀ ਹਰ ਫ਼ਸਲ ਵਿਚੋਂ ਪੰਜਵਾਂ ਹਿੱਸਾ 'ਦਲ ਖ਼ਾਲਸਾ' ਦੀ ਭੇਟਾ ਕਰੇਗਾ, 'ਦਲ' ਉਸ ਦੀ ਹਰ ਤਰ੍ਹਾਂ ਦੀ ਰੱਖਿਆ ਕਰੇਗਾ। ਕੇਵਲ ਏਨਾ ਹੀ ਨਹੀਂ, ਕਿ ਸਿੰਘ ਆਪ ਉਹਦੇ ਇਲਾਕੇ ਵਿਚ ਲੁੱਟ ਮਾਰ ਨਹੀਂ ਕਰਨਗੇ, ਸਗੋਂ ਉਹਨਾਂ ਨੂੰ ਹੋਰ ਲੁਟੇਰਿਆਂ ਜਾਂ ਸਰਕਾਰੀ ਫ਼ੌਜਾਂ ਦੇ ਹੱਥੋਂ ਲੁੱਟੇ ਜਾਣ ਤੋਂ ਬਚਾਉਣਗੇ। ਨਿੱਤ ਦੇ ਸਰਕਾਰੀ ਮਾਮਲੇ ਜਾਂ ਉਗਰਾਹੀਆਂ ਦੇ ਥਾਂ, ਉਹਨਾਂ ਨੂੰ ਛੇ ਮਹੀਨੇ ਪਿਛੋਂ—ਹਾੜੀ, ਸਉਣੀ—ਹੋਈ ਫ਼ਸਲ ਦਾ ਪੰਜਵਾਂ ਹਿੱਸਾ ਦੇਣਾ ਪਵੇਗਾ।"

ਸਿੰਘਾਂ ਦਾ ਰਾਖੀ ਪਰਬੰਧ

ਇਹ ਸੁਣ ਕੇ ਪਿੰਡਾਂ ਦੇ ਪਿੰਡ ਤੇ ਇਲਾਕਿਆਂ ਦੇ ਇਲਾਕੇ ਸਿੰਘਾਂ ਦੇ ਅਧੀਨ ਹੋ ਗਏ। ਇਸ ਪਰਬੰਧ ਨੂੰ ਦਲ ਖ਼ਾਲਸਾ ਦੀ "ਰਾਖੀ" ਆਖਦੇ ਹਨ‡। ਦਰਿਆ ਸਤਲੁਜ, ਬਿਆਸ, ਰਾਵੀ ਤੇ ਝਨਾਂ ਦੇ ਦੋਹੀਂ ਪਾਸੀਂ ਵੱਸਣ ਵਾਲੇ ਦਲ ਖ਼ਾਲਸੇ ਦੀ ਰਾਖੀ ਵਿਚ ਆ ਗਏ। ਕੋਈ ਟਾਵੇਂ ਟਾਵੇਂ ਪਿੰਡ ਜਾਂ ਇਲਾਕੇ ਹੀ ਆਕੀ ਰਹਿ ਗਏ। ਸਿੰਘ ਇਲਾਕੇ ਵਿਚ ਚੱਕਰ ਲਾਉਂਦੇ ਫਿਰਦੇ। ਆਪਣੀ 'ਰਾਖੀ' ਵਿਚ ਆ ਚੁੱਕੇ ਪਿੰਡਾਂ ਦੀ ਰਾਖੀ ਕਰਦੇ ਤੇ ਆਕੀ ਪਿੰਡਾਂ ਨੂੰ ਲੁੱਟ ਲੈਂਦੇ।

ਬਹੁਤੇ ਇਲਾਕੇ ਸਿੰਘਾਂ ਦੀ ਰਾਖੀ ਵਿਚ

---

‡ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨੇ ੯੩-੯੪; ਬੂਟੇ ਸ਼ਾਹ, ਪੰਨਾ ੩੦੯; ਅਲੀਉੱਦੀਨ, ਪੰਨਾ ੧੭੧।

ਲਾਹੌਰ ਸਰਕਾਰ ਹੀ ਹਕੂਮਤ ਸ਼ਹਿਰਾਂ ਤੇ ਕਿਲ੍ਹਿਆਂ ਦੀਆਂ ਕੰਧਾਂ ਦੇ ਅੰਦਰ ਹੀ ਰਹਿ ਗਈ ਸੀ। ਕੋਈ ਅਫ਼ਸਰ ਬਾਹਰ ਨਿਕਲਣ ਦੀ ਦਲੇਰੀ ਕਰਦਾ, ਤਾਂ ਸਿੰਘਾਂ ਦੇ ਕਿਸੇ ਨਾ ਕਿਸੇ ਜੱਥੇ ਹੱਥੋਂ ਨੁਕਸਾਨ ਉਠਾ ਕੇ ਵਾਪਸ ਪਰਤਦਾ। ਦੁਰਾਨੀ ਜਰਨੈਲ ਜੰਗਬਾਜ਼ ਖ਼ਾਂ ਦੇ ਆਉਣ ਉੱਤੇ ਜਮੀਲੁੱਦੀਨ ਲਾਹੌਰ ਦਾ ਖ਼ਜ਼ਾਨਾ ਲੈਕੇ ਦਿੱਲੀ ਨੂੰ ਉਠ ਨੱਸਿਆ ਸੀ। ਪਰ ਸਿੰਘਾਂ ਨੇ ਸਤਲੁਜ ਨਾ ਟੱਪਣ ਦਿੱਤਾ, ਜਾਂ ਫਲੌਰ ਕੋਲ ਸਭ ਕੁਛ ਲੁੱਟ ਪੁੱਟ ਲਿਆ† ਸੱਖਣੀ ਜਾਨ ਲੈ ਕੇ ਜਮੀਲੁੱਦੀਨ ਦਿੱਲੀ ਜਾ ਵੜਿਆ।

**ਜਮੀਲੁੱਦੀਨ ਲੁਟਿਆ**

**ਖ਼ਾਲਸੇ ਦੇ ਜੱਥਿਆਂ ਦੀ ਵੰਡ**

ਮੁਲਕ 'ਰਾਖੀ' ਵਿਚ ਲੈ ਕੇ ਦਲ ਖ਼ਾਲਸਾ ਨੇ ਆਪਣੇ ਜੱਥੇ ਇਲਾਕਿਆਂ ਵਿਚ ਵੰਡ ਦਿੱਤੇ, ਜੋ ਫਿਰ-ਫਿਰ ਕੇ ਰਾਖੀ ਕਰਨ ਲੱਗੇ। ਸ: ਕਰੋੜਾ ਸਿੰਘ ਤੇ ਬਾਬਾ ਦੀਪ ਸਿੰਘ 'ਸ਼ਹੀਦ' ਦੇ ਜੱਥੇ ਸਤਲੁਜ ਤੋਂ ਦੱਖਣ ਵੱਲ ਚਲੇ ਗਏ। ਸਿੰਘਪੁਰੀਏ ਤੇ ਆਹਲੂਵਾਲੀਏ ਦਰਿਆ ਘਾਰਾ (ਬਿਆਸ ਤੇ ਸਤਲੁਜ ਦੇ ਮਿਲਾਪ—ਹਰੀਕੇ—ਤੋਂ ਥੱਲੇ) ਦੇ ਦੋਹੀਂ ਪਾਸੀਂ ਰਾਖੀ ਕਰਨ ਲਈ ਥਾਪੇ ਗਏ। ਨਕਈ ਮਿਸਲ ਦੇ ਹਵਾਲੇ ਨੱਕੇ ਦਾ ਇਲਾਕਾ (ਚੂਹਣੀਆਂ ਤਸੀਲ ਤੇ ਉਸ ਦੇ ਨਾਲ ਲੱਗਦਾ ਇਲਾਕਾ) ਕੀਤਾ ਗਿਆ। ਸ: ਜੈ ਸਿੰਘ ਕਨ੍ਹਈਆ ਤੇ ਸ: ਜੱਸਾ ਸਿੰਘ ਰਾਮਗੜ੍ਹੀਆ ਰਿਆੜਕੀ ਵਿਚ ਨੀਯਤ ਹੋਏ। ਸ: ਚੜ੍ਹਤ ਸਿੰਘ ਸੁਕਰਚੱਕੀਆ ਤੇ ਸ: ਹਰੀ ਸਿੰਘ ਭੰਗੀ ਦੁਆਬਾ ਰਚਨਾ (ਰਾਵੀ ਤੇ ਝਨਾਂ ਦੇ ਵਿਚਲਾ ਹਿੱਸਾ) ਤੇ ਦੁਆਬਾ ਚੱਜ (ਝਨਾਂ ਤੇ ਜਿਹਲਮ ਦੇ ਵਿਚਕਾਰ) ਉੱਤੇ ਕਾਬਜ਼ ਹੋਏ। ਨਸ਼ਾਨਾਂਵਾਲੀ ਮਿਸਲ ਤੇ ਡੱਲੇਵਾਲੀ ਮਿਸਲ ਅੰਮ੍ਰਿਤਸਰ ਰਹੀਆਂ, ਤਾਂ ਜੋ ਕਿਤੇ ਲੋੜ ਪਏ, ਤਾਂ ਮਦਦ ਪੁਚਾਈ ਜਾ ਸਕੇ*।

ਪੰਜਾਬ ਦੇ ਬਹੁਤੇ ਉਪਜਾਊ ਹਿੱਸੇ ਉੱਤੇ ਸਿੰਘਾਂ ਨੇ ਆਪਣਾ ਕਬਜ਼ਾ ਜਮਾ ਲਿਆ ਸੀ। ਇਹ ਇਲਾਕਾ ਛੇਤੀ ਹੀ ਇਕ ਮਜ਼ਬੂਤ 'ਸਿੱਖ ਰਾਜ' ਵਿਚ ਬਦਲ ਜਾਂਦਾ, ਜੇ ਕਦੇ ਅਫ਼ਗ਼ਾਨਿਸਤਾਨ ਦਾ ਬਾਦਸ਼ਾਹ ਅਹਿਮਦ ਸ਼ਾਹ ਅਬਦਾਲੀ, ਸਿੱਖਾਂ ਦੇ ਰਾਹ ਵਿਚ ਨਾ ਆ ਜਾਂਦਾ। ਅਬਦਾਲੀ ਦੇ ਚੌਥੇ ਹਮਲੇ ਨੇ ਇਕ ਵਾਰ ਫੇਰ ਸਾਰੇ ਦੇਸ ਵਿਚ ਭਾਜੜ ਪਾ ਦਿੱਤੀ।

---

†ਪੰਥ ਪ੍ਰਕਾਸ਼, ਪੰਨਾ ੭੧੯।

*ਸੋਹਣ ਲਾਲ, ਹਿੱਸਾ ਦੂਜਾ, ਪੰਨਾ ੫।

**ਅਬਦਾਲੀ ਦਾ ਚੌਥਾ ਹਮਲਾ**

ਇਸ ਵਾਰ ਅਹਿਮਦਸ਼ਾਹ ਅਬਦਾਲੀ ਨੂੰ ਸੱਦਣ ਵਾਲੇ ਨਜੀਬੁੱਦੌਲਾ, ਮੁਰਾਦ ਬੇਗਮ ਤੇ ਦਿੱਲੀ ਦਾ ਬਾਦਸ਼ਾਹ ਆਲਮਗੀਰ ਦੂੱਜਾ ਸੀ। ਅਬਦਾਲੀ ੧੫ ਨਵੰਬਰ, ੧੭੫੬ ਈ. ਨੂੰ ਪਿਸ਼ਾਵਰ ਤੋਂ ਤੁਰਿਆ ਤੇ ੨੦ ਦਸੰਬਰ ਨੂੰ ਲਾਹੌਰ ਆ ਪੁੱਜਾ। ਉਹ ਬਾਰਾਂ ਦਿਨ ਲਾਹੌਰ ਰਿਹਾ ਤੇ ਓਥੋਂ ਅਮੀਰਾਂ ਕੋਲੋਂ ਨਜ਼ਰਾਨੇ ਲਏ।

**ਅਬਦਾਲੀ ਲਾਹੌਰ ਵਿਚ**

ਰਾਹ ਵਿਚਲਾ ਇਲਾਕਾ ਸਾਰਾ ਲੁੱਟ ਲਿਆ ਗਿਆ ਸੀ। ਅਬਦਾਲੀ ਨੇ ਜਹਾਨ ਖ਼ਾਂ ਨੂੰ ਜਲੰਧਰ ਦੁਆਬਾ ਵੱਲ ਭੇਜਿਆ। ਅਦੀਨਾ ਬੇਗ ਡਰਦਾ ਹਾਂਸੀ ਹਿਸਾਰ ਨੂੰ ਨੱਸ ਗਿਆ ਤੇ ਜਹਾਨ ਖ਼ਾਂ ਨੇ ਸਾਰਾ ਦੁਆਬਾ ਲੁੱਟ ਕੇ ਤਬਾਹ ਕਰ ਦਿੱਤਾ। ਅਦੀਨਾ ਬੇਗ ਹਾਂਸੀ ਛੱਡ ਕੇ ਫੇਰ ਸਣੇ ਪਰਵਾਰ ਕਾਂਗੜੇ ਦੇ ਪਹਾੜਾਂ ਵਿਚ ਜਾ ਲੁਕਿਆ।

**ਅਦੀਨਾ ਬੇਗ ਨੱਸ ਗਿਆ**

ਲਾਹੌਰੋਂ ਅਬਦਾਲੀ ਨੇ ਸਿੱਧਾ ਦਿੱਲੀ ਦਾ ਰੁਖ਼ ਕੀਤਾ। ਉਹ ੧੦ ਜਨਵਰੀ, ੧੭੫੧ ਈ. ਨੂੰ ਦਰਿਆ ਸਤਲੁਜ ਟਪਿਆ। ਮੁਰਾਦ ਬੇਗਮ ਉਸ ਨੂੰ ਕਰਨਾਲ ਆ ਮਿਲੀ ਤੇ ਨਜੀਬੁੱਦੌਲਾ 'ਨਰੇਲਾ' ਕੋਲ ੧੬ ਜਨਵਰੀ ਨੂੰ। ੧੯ ਜਨਵਰੀ ਨੂੰ ਦਿੱਲੀ ਦਾ ਵਜ਼ੀਰ ਗ਼ਾਜ਼ੀਉੱਦੀਨ ਅਬਦਾਲੀ ਦੇ ਕੈਂਪ ਵਿਚ ਹਾਜ਼ਰ ਹੋਇਆ, ਜੋ ੨੦ ਜਨਵਰੀ ਨੂੰ ਕੈਦ ਕਰ ਲਿਆ ਗਿਆ। ੨੮ ਜਨਵਰੀ, ੧੭੫੭ ਈ. ਨੂੰ ਅਬਦਾਲੀ ਦਿੱਲੀ ਵਿਚ ਦਾਖ਼ਲ ਹੋਇਆ। ਇਸ ਵਾਰ ਪਿਸ਼ਾਵਰ ਤੋਂ ਤੁਰ ਕੇ ਦਿੱਲੀ ਤੱਕ ਉਸ ਨੂੰ ਇਕ ਵੀ ਗੋਲੀ ਨਾ ਚਲਾਉਣੀ ਪਈ।

**ਅਬਦਾਲੀ ਦਿੱਲੀ ਵਿਚ**

ਦਿੱਲੀ ਵਿਚ ਵੜਦਿਆਂ ਹੀ ਉਸ ਨੇ ਸ਼ਹਿਰ ਲੁਟਣਾ ਸ਼ੁਰੂ ਕਰ ਦਿੱਤਾ। ਮੁਰਾਦ ਬੇਗਮ ਨੇ ਦੱਸ-ਦੱਸ ਕੇ ਅਮੀਰਾਂ ਦੇ ਘਰ ਲੁਟਾਏ। ਏਥੇ ਹੀ ਬੱਸ ਨਹੀਂ, ਬੇਗਮ ਨੇ ਇਹ ਵੀ ਦੱਸਿਆ, ਕਿ ਕਿਸ ਅਮੀਰ ਦੇ ਘਰ ਸੁੰਦਰ ਲੜਕੀ ਜਾਂ ਇਸਤਰੀ ਹੈ। ਸਾਧਾਰਨ ਲੁੱਟ ਪਿਛੋਂ ਸ਼ਹਿਰ ਨੂੰ ਪੱਤੀਆਂ ਵਿਚ ਵੰਡ ਕੇ ਇਕ-ਇਕ ਘਰ ਲੁਟਿਆ ਗਿਆ। ਲੁਕਿਆ ਹੋਇਆ ਮਾਲ ਕੱਢਣ ਵਾਸਤੇ ਘਰਾਂ ਦੇ ਫ਼ਰਸ਼

**ਦਿੱਲੀ ਵਿਚ ਦੁਰਾਨੀਆਂ ਦੇ ਜ਼ੁਲਮ**

ਪੁੱਟੇ ਗਏ ਤੇ ਛੱਤਾਂ ਢਾਹੀਆਂ ਗਈਆਂ। ਪਿਛੋਂ ਘਰ ਪ੍ਰਤੀ ਚੰਦਾ (ਟੈਕਸ) ਲਾ ਕੇ ਉਗਰਾਹਿਆ ਗਿਆ। ਲੋਕਾਂ ਦੀਆਂ ਜੁਆਨ ਧੀਆਂ ਤੇ ਇਸਤਰੀਆਂ ਵਾਲਾਂ ਤੋਂ ਫੜ ਕੇ ਧੂਹੀਆਂ ਗਈਆਂ। ਦੁਰਾਨੀ ਸਿਪਾਹੀਆਂ ਦੀ ਵਾਸ਼ਨਾ ਪੂਰੀ ਕਰਨ ਵਾਸਤੇ ਨਿੱਤ ਨਵੇਂ ਸੂਰਜ ਘਰਾਂ ਤੋਂ ਇਸਤਰੀਆਂ ਕੱਢ ਕੇ ਲਿਆਂਦੀਆਂ ਜਾਂਦੀਆਂ। ਕੇਈਆਂ ਦੀ ਏਸੇ ਤਰ੍ਹਾਂ ਜਾਨ ਗਈ ਤੇ ਕੇਈਆਂ ਨੇ ਆਪਣੀ ਪਤ ਬਚਾਉਣ ਵਾਸਤੇ ਖੂਹਾਂ ਵਿਚ ਛਾਲਾਂ ਮਾਰ ਕੇ, ਫਾਹ ਲੈ ਕੇ, ਜ਼ਹਿਰ ਖਾ ਕੇ ਜਾਨ ਦੇ ਦਿੱਤੀ। ਏਸ ਤਰ੍ਹਾਂ ਦਿੱਲੀ ਦੇ ਹਜ਼ਾਰਾਂ ਵਸਨੀਕ ਆਤਮਘਾਤ ਕਰ ਕੇ ਮਰੇ ਤੇ ਹਜ਼ਾਰਾਂ ਦੁਰਾਨੀ ਸਿਪਾਹੀਆਂ ਦੇ ਹੱਥੋਂ ਕਤਲ ਕੀਤੇ ਗਏ। ਇਹ ਹਾਲਤ ਇਕ ਮਹੀਨੇ ਤਕ ਰਹੀ।

**ਜ਼ੁਹਰਾ ਬੇਗਮ**

**ਹਜ਼ਰਤ ਬੇਗਮ**

ਬਾਦਸ਼ਾਹ ਆਲਮਗੀਰ ਦੂਜੇ ਦੀ ਲੜਕੀ ਜ਼ੁਹਰਾ ਬੇਗਮ ਦਾ ਵਿਆਹ ਸ਼ਹਿਜ਼ਾਦਾ ਤੈਮੂਰ ਸ਼ਾਹ (ਅਹਿਮਦ ਸ਼ਾਹ ਅਬਦਾਲੀ ਦਾ ਪੁੱਤਰ) ਨਾਲ ਕੀਤਾ ਗਿਆ। ਸਹੀ ਅਰਥਾਂ ਵਿਚ ਅਜੇਹੇ ਵਿਆਹ ਲੁੱਟ ਦਾ ਮਾਲ ਹੀ ਹੁੰਦੇ ਹਨ। ਬਾਦਸ਼ਾਹ ਮੁਹੰਮਦ ਸ਼ਾਹ ਦੀ ਸੋਲਾਂ ਸਾਲ ਦੀ ਕੁਆਰੀ ਲੜਕੀ—ਹਜ਼ਰਤ ਬੇਗਮ—ਅਬਦਾਲੀ ਨੇ ਆਪਣੇ ਘਰ ਪਾ ਲਈ।

**ਸ਼ਾਹੀ ਘਰਾਣੇ ਤੇ ਅਮੀਰਾਂ ਦੀਆਂ ਲੜਕੀਆਂ ਬੰਨ੍ਹ ਲਈਆਂ**

ਸ਼ਾਹੀ ਘਰਾਣੇ ਦੀਆਂ ਹੋਰ ਸਤਾਰਾਂ ਲੜਕੀਆਂ ਤੇ ਚਾਰ ਸੌ ਲੜਕੀਆਂ ਨਵਾਬਾਂ ਤੇ ਅਮੀਰਾਂ ਦੀਆਂ ਬੰਨ੍ਹਕੇ ਅਬਦਾਲੀ ਲੁੱਟ ਦੇ ਮਾਲ ਵਿਚ ਅਫ਼ਗ਼ਾਨਿਸਤਾਨ ਨੂੰ ਨਾਲ ਲੈ ਗਿਆ। ਇਹ ਸਭ ਮੁਰਾਦ ਬੇਗਮ ਨੇ ਦੱਸ-ਦੱਸ ਕੇ ਫੜਾਈਆਂ ਸਨ।

**ਮੁਰਾਦ ਬੇਗਮ ਨੂੰ ਖ਼ਿਤਾਬ**

੨੦ ਫ਼ਰਵਰੀ ਨੂੰ ਮੁਰਾਦ ਬੇਗਮ ਨੇ ਅਬਦਾਲੀ ਦੇ ਨਜ਼ਰਾਨਾ ਪੇਸ਼ ਕੀਤਾ। ਅਬਦਾਲੀ ਨੇ ਆਪਣੀ ਹੀਰਿਆਂ ਜੜੀ ਕਲਗ਼ੀ ਸਣੇ ਪੱਗ ਬੇਗਮ ਦੇ ਸਿਰ 'ਤੇ ਧਰ ਦਿੱਤੀ ਤੇ ਉਸ ਨੂੰ ਆਪਣਾ ਪੁੱਤਰ ਕਹਿਕੇ 'ਸੁਲਤਾਨ ਮਿਰਜ਼ਾ' ਦਾ ਖ਼ਿਤਾਬ ਦਿੱਤਾ।

**ਉਮਦਾ ਬੇਗਮ ਦਾ ਵਿਆਹ**

ਬੇਗਮ ਦੇ ਕਹਿਣ ਉੱਤੇ ਅਬਦਾਲੀ ਨੇ ਉਸ ਦੀ ਲੜਕੀ ਉਮਦਾ ਬੇਗਮ ਦਾ ਵਿਆਹ ਗ਼ਾਜ਼ੀਉੱਦੀਨ ਵਜ਼ੀਰ (ਜੋ ਪਹਿਲਾਂ ਤੋਂ ਉਹਦੇ

ਕੋਲ ਸੀ) ਨਾਲ ਕੀਤਾ, ਤੇ ਉਸ ਨੂੰ ਦਿੱਲੀ ਦਾ ਵਜ਼ੀਰ ਰਹਿਣ ਦਿੱਤਾ। ਅਬਦਾਲੀ ਦੇ ਹੁਕਮ ਨਾਲ ਗਾਜ਼ੀਉੱਦੀਨ ਨੂੰ ਆਪਣੀਆਂ ਪਹਿਲੀਆਂ ਸਾਰੀਆਂ ਬੇਗਮਾਂ ਨੂੰ ਤਲਾਕ ਦੇਣਾ ਪਿਆ।

ਆਗਰਾ ਮਥਰਾ ਲੁੱਟੇ

ਏਥੋਂ ਅੱਗੇ ਵਧ ਕੇ ਅਬਦਾਲੀ ਨੇ ਆਗਰਾ, ਮਥਰਾ ਤੇ ਬ੍ਰਿੰਦਾਬਨ ਲੁੱਟੇ ਤੇ ਸਾੜੇ। ਸਾਰਾ ਇਲਾਕਾ ਤਬਾਹ ਕਰ ਦਿੱਤਾ ਗਿਆ। ਪਤਾ ਨਹੀਂ ਅਬਦਾਲੀ ਅਜੇ ਕਿਥੋਂ ਤਕ ਪਹੁੰਚਦਾ, ਪਰ ਉਹਦੀ ਫ਼ੌਜ ਵਿਚ ਹੈਜ਼ਾ ਪੈ ਗਿਆ ਤੇ ਡੇਢ-ਡੇਢ ਸੌ ਮੌਤਾਂ ਰੋਜ਼ ਹੋਣ ਲੱਗੀਆਂ। ਇਸ ਵਾਸਤੇ ੩੧ ਮਾਰਚ ਨੂੰ ਅਬਦਾਲੀ ਫੇਰ ਦਿੱਲੀ ਆ ਗਿਆ।

ਸੂਬਾ ਸਰਹਿੰਦ ਅਬਦਾਲੀ ਦੇ ਕਬਜ਼ੇ

ਲਾਹੌਰ, ਮੁਲਤਾਨ, ਕਸ਼ਮੀਰ ਤੇ ਪਿਸ਼ਾਵਰ ਤਾਂ ਪਹਿਲਾਂ ਹੀ ਅਬਦਾਲੀ ਦੇ ਰਾਜ ਨਾਲ ਮਿਲ ਚੁੱਕੇ ਸਨ, ਇਸ ਵਾਰ ਉਹਨੇ ਸੂਬਾ ਸਰਹਿੰਦ ਵੀ ਆਪਣੇ ਰਾਜ ਵਿਚ ਮਿਲਾ ਲਿਆ ਤੇ ਓਥੋਂ ਦਾ ਸੂਬੇਦਾਰ ਹਸ਼ਤ ਨਗਰ ਦਾ ਮੁਹੰਮਦਜ਼ਈ ਅਬਦੁੱਸਮੱਦ ਖ਼ਾਂ ਬਣਾਇਆ ਤੇ ਸਦੀਕ ਬੇਗ ਖ਼ਾਂ ਉਸ ਦਾ ਨਾਇਬ। ਦਿੱਲੀ ਦਾ ਵਜ਼ੀਰ ਉਹ ਪਹਿਲਾਂ ਹੀ ਗ਼ਾਜ਼ੀਉੱਦੀਨ ਨੂੰ ਬਣਾ ਚੁੱਕਾ ਸੀ, ਹੁਣ ਨਜੀਬੁੱਦੌਲਾ ਨੂੰ ਦਿੱਲੀ ਸਰਕਾਰ ਦਾ 'ਮੀਰ ਬਖ਼ਸ਼ੀ' (ਪਰਧਾਨ ਸੈਨਾਪਤੀ) ਥਾਪ ਦਿੱਤਾ। ਸਹੀ ਅਰਥਾਂ ਵਿਚ ਸਾਰੀ 'ਤਾਕਤ' ਨਜੀਬੁੱਦੌਲਾ ਦੇ ਹੱਥ ਵਿਚ ਹੀ ਚਲੀ ਗਈ। ਵਜ਼ੀਰ ਤੇ ਬਾਦਸ਼ਾਹ ਉਹਦੇ ਹੱਥਾਂ ਵਿਚ ਕਠਪੁਤਲੀ ਬਣ ਗਏ। ਇਕ ਵਾਰ ਫੇਰ ਦਿੱਲੀ ਵਿਚ ਹੂੰਝਾ ਫੇਰ ਕੇ, ਉਹ ਦੋ ਅਪ੍ਰੈਲ ਨੂੰ ਓਥੋਂ ਤੁਰਿਆ। ਉਹਨੇ ਜਿਨ੍ਹਾਂ ਊਠਾਂ, ਘੋੜਿਆਂ, ਖ਼ੱਚਰਾਂ, ਹਾਥੀਆਂ ਤੇ ਗੱਡਿਆਂ ਉੱਤੇ ਲੁੱਟ ਦਾ ਮਾਲ ਲਦਿਆ ਹੋਇਆ ਸੀ, ਉਹਨਾਂ ਦੀ ਗਿਣਤੀ ਅਠਾਈ ਹਜ਼ਾਰ ਸੀ। ਉਸ ਨਾਲ ਅੱਸੀ ਹਜ਼ਾਰ ਫ਼ੌਜ ਸੀ। ਜਿਹੜੇ ਸਿਪਾਹੀ ਆਉਂਦੇ ਹੋਏ ਘੋੜਿਆਂ 'ਤੇ ਆਏ ਸਨ, ਉਹਨਾਂ ਨੂੰ ਜਾਂਦੀ ਵਾਰ ਪੈਦਲ ਜਾਣਾ ਪਿਆ, ਘੋੜਿਆਂ ਉਤੇ ਲੁੱਟ ਦਾ ਮਾਲ ਲੱਦਿਆ ਹੋਇਆ ਸੀ।

ਅਬਦੁੱਸਮੱਦ ਸਰਹਿੰਦ ਦਾ ਸੂਬੇਦਾਰ

ਨਜੀਬੁੱਦੌਲਾ ਸੈਨਾਪਤੀ

ਦਿੱਲੀ ਦੀ ਲੁੱਟ

**ਸਿੰਘਾਂ ਦਾ ਕੰਮ**

ਇਹ ਚਾਰ ਪੰਜ ਮਹੀਨੇ ਸਿੰਘਾਂ ਨੂੰ ਚੰਗੇ ਮਿਲ ਗਏ। ਜਿਹੜੇ ਪਿੰਡ ਉਹਨਾਂ ਦੀ ਰਾਖੀ ਵਿਚ ਨਹੀਂ ਸਨ, ਉਹ ਸਿੰਘਾਂ ਨੇ ਤਸੱਲੀ ਨਾਲ ਲੁੱਟੇ। ਅਜੇਹੇ ਰਾਜ ਰੌਲੇ ਵਿਚ ਕਈ ਕਿਸਮ ਦੇ ਲੁਟੇਰੇ ਲੋਕਾਂ ਨੂੰ ਲੁਟਿਆ ਕਰਦੇ ਸਨ। ਅਜੇਹੇ ਲੁਟੇਰਿਆਂ ਤੋਂ ਸਿੰਘਾਂ ਨੇ ਆਪਣੀ ਰਾਖੀ ਵਿਚ ਆਏ ਹੋਏ ਇਲਾਕਿਆਂ ਨੂੰ ਬਚਾਇਆ। ਦੁਆਬ ਜਲੰਧਰ ਦਾ ਹਾਕਮ ਅਦੀਨਾ ਬੇਗ ਅਬਦਾਲੀ ਤੋਂ ਡਰਦਾ ਪਹਾੜਾਂ ਨੂੰ ਨੱਸ ਗਿਆ ਸੀ। ਹਾਕਮ ਤੋਂ ਸੁੰਞਾ ਇਲਾਕਾ ਸਿੰਘਾਂ ਨੇ ਲੁੱਟ ਲਿਆ ਤੇ ਸਰਕਾਰੀ ਕਰਮਚਾਰੀਆਂ ਤੇ ਚੌਧਰੀਆਂ ਨੂੰ ਚੰਗੀਆਂ ਸਜ਼ਾਵਾਂ ਦਿੱਤੀਆਂ।

**ਸਿੰਘਾਂ ਅਬਦਾਲੀ ਦੀ ਫ਼ੌਜ ਲੁੱਟੀ**

ਜਿਸ ਵੇਲੇ ਦਿੱਲੀ ਲੁੱਟ ਕੇ ਅਬਦਾਲੀ ਵਾਪਸ ਮੁੜਿਆ, ਸਿੰਘ ਜੱਥੇ ਬਣਾ ਕੇ ਉਹਦੇ ਮਗਰ ਲੱਗ ਪਏ। ਉਹ ਹਰ ਪੜਾਅ ਉੱਤੇ ਰਾਤ ਛਾਪੇ ਮਾਰ ਕੇ ਅਬਦਾਲੀ ਦੀ ਫ਼ੌਜ ਨੂੰ ਲੁੱਟਣ ਲੱਗੇ। ਦੁਰਾਨੀ ਸਿਪਾਹੀ ਲੁੱਟ ਦੇ ਮਾਲ ਨਾਲ ਲੱਦੇ ਹੋਏ ਸਨ। ਇਸ ਹਾਲਤ ਵਿਚ ਉਹ ਟਾਕਰਾ ਕਰਨ ਤੋਂ ਅਸਮਰਥ ਸਨ। ਤੇ ਫੋਕਾ ਰੁਹਬ ਕਿਸੇ ਦਾ ਸਿੱਖ ਮੰਨਦੇ ਹੀ ਨਹੀਂ ਸਨ। ਕਰਨਾਲ ਤੋਂ ਲੈ ਕੇ ਝਨਾਂ ਤਕ ਜਾਂਦਿਆਂ ਸਿੰਘਾਂ ਨੇ ਲੁੱਟ ਵਿਚੋਂ ਆਪਣਾ ਹਿੱਸਾ ਚੰਗਾ ਵੰਡਾ ਲਿਆ ਤੇ ਹਜ਼ਾਰਾਂ ਦੁਰਾਨੀ ਸਿਪਾਹੀਆਂ ਨੂੰ ਭਾਰ ਤੋਂ ਵਿਹਲੇ ਕਰ ਦਿੱਤਾ†।

**ਅਬਦਾਲੀ ਦੇ ਥਾਪੇ ਹਾਕਮ**

ਕੁਛ ਦਿਨ ਅਬਦਾਲੀ ਲਾਹੌਰ ਰਿਹਾ ਤੇ ਇਲਾਕੇ ਦੇ ਹਾਕਮਾਂ ਦੀ ਵੰਡ ਕੀਤੀ। ਸਰਹਿੰਦ ਦਾ ਸੂਬੇਦਾਰ ਉਹ ਪਹਿਲਾਂ ਹੀ ਅਬਦੁੱਸਮੱਦ ਖ਼ਾਂ ਨੂੰ ਬਣਾ ਆਇਆ ਸੀ। ਜਲੰਧਰ ਦੁਆਬੇ ਦਾ ਫ਼ੌਜਦਾਰ ਨਾਸਰ ਅਲੀ ਥਾਪਿਆ। ਸਾਰੇ ਇਲਾਕੇ ਦੇ ਸਿਰ ਉੱਤੇ ਅਬਦਾਲੀ ਨੇ ਲਾਹੌਰ ਦਾ ਸੂਬੇਦਾਰ

**ਤੈਮੂਰ ਲਾਹੌਰ ਦਾ ਸੂਬੇਦਾਰ**

ਆਪਣੇ ਸ਼ਹਿਜ਼ਾਦੇ ਤੈਮੂਰ ਨੂੰ ਬਣਾਇਆ ਤੇ ਜਹਾਨ ਖ਼ਾਂ ਨੂੰ ਉਸਦਾ ਨਾਇਬ ਤੇ ਪਰਧਾਨ ਸੈਨਾਪਤੀ। ਸਿੱਖਾਂ ਨੇ ਰਾਤ ਛਾਪੇ ਮਾਰ-ਮਾਰ ਕੇ ਦੁਰਾਨੀਆਂ ਦਾ ਨੱਕ ਦਮ ਕਰ ਦਿੱਤਾ ਸੀ।

---

†ਮੈਲਕਮ, ਪੰਨਾ ੯; ਬਖ਼ਤ ਮੱਲ, ਪੰਨਾ ੭੭; ਅਹਿਮਦਸ਼ਾਹ, ਪੰਨਾ ੮੭੭।

ਸੋ, ਬਦਲਾ ਲੈਣ ਬਦਲੇ ਅਬਦਾਲੀ ਨੇ ਜਹਾਨ ਖ਼ਾਂ ਨੂੰ ਸਖ਼ਤ ਹੁਕਮ ਦਿੱਤਾ। ਸਿੰਘਾਂ ਦੇ ਮਗਰ ਗਸ਼ਤੀ ਫ਼ੌਜ ਚੜ੍ਹਾਈ ਗਈ। ਕੁਛ ਸਿੰਘ ਲੜ ਕੇ ਸ਼ਹੀਦ ਹੋਏ ਤੇ ਬਾਕੀ ਜੰਗਲਾਂ ਵਿਚ ਲੁਕ ਗਏ। ਅਬਦਾਲੀ ਅਗ੍ਹਾਂ ਤੁਰਿਆ, ਤਾਂ ਸਿੰਘ ਫੇਰ ਮਗਰ ਲੱਗ ਪਏ। ਤੈਮੂਰ ਤੇ ਜਹਾਨ ਖ਼ਾਂ ਕੋਲ ਦਸ ਹਜ਼ਾਰ ਦੁਰਾਨੀ ਫ਼ੌਜ ਛੱਡ ਕੇ ਅਬਦਾਲੀ ਵਾਪਸ ਕੰਧਾਰ ਚਲਾ ਗਿਆ।

ਲਾਹੌਰ ਵਿਚ ਹਕੂਮਤ ਪੱਕੀ ਕਰ ਕੇ ਜਹਾਨ ਖ਼ਾਂ ਨੇ ਸਿੱਖਾਂ ਦੇ ਵਿਰੁੱਧ ਚੜ੍ਹਾਈ ਕੀਤੀ। ਉਸ ਵੇਲੇ ਪੰਜਾਬ ਉੱਤੇ ਰਾਜ ਕਰਨ ਦੇ ਤਿੰਨ ਦਾਹਵੇਦਾਰ ਸਨ : ਦਿੱਲੀ ਦੇ ਮੁਗ਼ਲ, ਅਫ਼ਗਾਨਿਸਤਾਨ ਦੇ ਦੁਰਾਨੀ ਤੇ ਪੰਜਾਬ ਦੇ ਸਿੱਖ। ਮੁਗ਼ਲਾਂ ਨੇ ਅਫ਼ਗਾਨਾਂ ਅੱਗੇ ਹਥਿਆਰ ਸੁੱਟ ਦਿੱਤੇ ਸਨ, ਭਾਵ ਉਹਨਾਂ ਪੰਜਾਬ ਉੱਤੇ ਦੁਰਾਨੀਆਂ ਦਾ ਹੱਕ ਮੰਨ ਲਿਆ ਸੀ। ਹੁਣ ਘੋਲ ਦੁਰਾਨੀਆਂ ਤੇ ਸਿੱਖਾਂ ਵਿਚ ਰਹਿ ਗਿਆ ਸੀ। ਸਿੱਖ ਨਾ ਪੰਜਾਬ ਦੀ ਹਕੂਮਤ ਕਿਸੇ ਕੋਲੋਂ ਭਿੱਛਿਆ ਵਾਂਗ ਮੰਗਦੇ ਸਨ (ਸਗੋਂ ਕਿਸੇ ਦਾ ਬਖ਼ਸ਼ਿਆ ਹੋਇਆ ਰਾਜ ਲੈਣ ਵਾਸਤੇ ਵੀ ਤਿਆਰ ਨਹੀਂ ਸਨ) ਤੇ ਨਾ ਕਿਸੇ ਨੂੰ ਪੰਜਾਬ ਉੱਤੇ ਰਾਜ ਕਰਨ ਦੇਂਦੇ ਸਨ। ਜਹਾਨ ਖ਼ਾਂ ਸਿੱਖਾਂ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਹਨੂੰ ਇਸ ਗੱਲ ਦਾ ਯਕੀਨ ਸੀ, ਕਿ ਸਿੱਖਾਂ ਨੂੰ ਤਬਾਹ ਕੀਤਿਆਂ ਬਿਨਾਂ ਜਾਂ ਬੇਹੌਸਲਾ ਕੀਤਿਆਂ ਬਿਨਾਂ ਪੰਜਾਬ ਵਿਚ ਅਮਨ ਦਾ ਰਾਜ ਕਰਨਾ ਔਖਾ ਹੀ ਨਹੀਂ, ਅਸੰਭਵ ਹੈ। ਸੋ ਉਹਨੇ ਏਸ ਕੰਮ ਵਾਸਤੇ ਸਾਰਾ ਬਲ ਲਾ ਦੇਣ ਦਾ ਫ਼ੈਸਲਾ ਕਰ ਲਿਆ। ਇਲਾਕੇ ਵਿਚ ਨਵੇਂ ਉਤਸ਼ਾਹ ਨਾਲ ਗਸ਼ਤੀ ਫ਼ੌਜਾਂ ਦੀ ਚੜ੍ਹਾਈ ਹੋਈ। ਸਿੰਘ ਸਮਾਂ ਵਿਚਾਰ ਕੇ ਮਾਲਵੇ ਨੂੰ ਨਿਕਲ ਗਏ ਤੇ ਕੁਛ ਪਹਾੜਾਂ ਉਤੇ ਜਾ ਚੜ੍ਹੇ ਜਾਂ ਜੰਗਲਾਂ ਵਿਚ ਲੁਕ ਗਏ।

### ਪੰਜਾਬ ਦੇ ਦਾਹਵੇਦਾਰ

### ਗੁਰਬਖ਼ਸ਼ ਸਿੰਘ ਦੀ ਸ਼ਹੀਦੀ

ਜਹਾਨ ਖ਼ਾਂ ਆਪ ਫ਼ੌਜਾਂ ਲੈ ਕੇ ਅੰਮ੍ਰਿਤਸਰ 'ਤੇ ਚੜ੍ਹ ਆਇਆ। ਉਸ ਵੇਲੇ ਓਥੇ ਬਾਬਾ ਗੁਰਬਖ਼ਸ਼ ਸਿੰਘ ਹਰਿਮੰਦਰ ਸਾਹਿਬ ਦੀ ਰਾਖੀ ਕਰ ਰਿਹਾ ਸੀ। ਉਹ ਪਿੰਡ 'ਲੀਲ' ਤਸੀਲ ਕਸੂਰ ਦਾ ਸੀ। ਉਹਨੇ ਭਾਈ ਮੰਨੀ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਸੀ। ਉਹ ਬੜਾ ਭਜਨੀਕ—ਸੰਤ ਰੂਪ—ਨਿਹੰਗ ਸਿੰਘ ਸੀ। ਉਹ ਹਰ ਵੇਲੇ ਨੀਲੇ ਬਸਤਰ ਪਹਿਨਿਆ ਕਰਦਾ ਸੀ। ਬਾਕੀ ਸਿੰਘ ਤਾਂ ਜੰਗਲਾਂ ਨੂੰ ਨੱਸ ਗਏ, ਪਰ ਬਾਬਾ ਗੁਰਬਖ਼ਸ਼ ਸਿੰਘ ਆਪਣੇ ਗਿਣਤੀ ਦੇ ਸਾਥੀਆਂ ਸਣੇ—ਸ਼ਹੀਦੀ

ਗੱਾਨੇ ਸਜਾ ਕੇ—ਅਕਾਲ ਤਖਤ 'ਤੇ ਡਟਿਆ ਰਿਹਾ। ਜਹਾਨ ਖ਼ਾਂ ਨੇ ਹਮਲਾ ਕੀਤਾ, ਤਾਂ ਬਾਬਾ ਗੁਰਬਖ਼ਸ਼ ਸਿੰਘ ਤੇ ਉਹਦੇ ਸਾਥੀ ਸੂਰਮਿਆਂ ਵਾਂਗ ਲੜ ਕੇ ਸ਼ਹੀਦ ਹੋਏ। ਉਹਨਾਂ ਦਾ ਸ਼ਹੀਦ ਗੰਜ ਸ੍ਰੀ ਅਕਾਲ ਤਖ਼ਤ ਦੇ ਪਿਛਲੇ ਪਾਸੇ ਹੈ†।

**ਜਹਾਨ ਖ਼ਾਂ ਨੇ ਅੰਮ੍ਰਿਤਸਰ ਦੇ ਬੇਅਦਬੀ ਕੀਤੀ**

ਜਹਾਨ ਖ਼ਾਂ ਨੇ ਅੰਮ੍ਰਿਤਸਰ ਉੱਤੇ ਕਬਜ਼ਾ ਕਰ ਲਿਆ। ਉਹਨੇ ਓਥੋਂ ਦੇ ਗੁਰਦੁਆਰੇ ਢਾਹ ਦਿੱਤੇ ਤੇ ਸਰੋਵਰ ਪੂਰ ਦਿੱਤਾ। ਸਿੱਖਾਂ ਦਾ ਬਣਾਇਆ ਕਿਲ੍ਹਾ ਰਾਮਗੜ੍ਹ ਢਾਹ ਦਿੱਤਾ ਗਿਆ‡। ਉਹਦੇ ਵਿਚਲੇ ਕੁਛ ਸਿੱਖ ਸ਼ਹੀਦ ਕਰ ਦਿੱਤੇ ਗਏ। ਅੰਮ੍ਰਿਤਸਰ ਦੀ ਵਸੋਂ ਬੁਰੀ ਤਰ੍ਹਾਂ ਲੁੱਟੀ ਤੇ ਉਸ ਉੱਤੇ—ਨਾ ਕਹੇ ਜਾਣ ਵਾਲੇ—ਜ਼ੁਲਮ ਕੀਤੇ।

**ਬਾਬਾ ਦੀਪ ਸਿੰਘ ਦੀ ਤਲਵੰਡੀ ਤੋਂ ਤਿਆਰੀ**

ਉਸ ਵੇਲੇ ਸ਼ਹੀਦਾਂ ਦੀ ਮਿਸਲ ਦਮਦਮਾ ਸਾਹਿਬ ਤਲਵੰਡੀ (ਮਾਲਵੇ ਵਿਚ) ਬੈਠੀ ਸੀ। ਮਿਸਲ ਦਾ ਜੱਥੇਦਾਰ ਬਾਬਾ ਦੀਪ ਸਿੰਘ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਉਤਾਰਾ ਕਰ ਰਿਹਾ ਸੀ। ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖ਼ਬਰ ਸੁਣੀ, ਤਾਂ ਉਸ ਸੰਤ ਸਿਪਾਹੀ ਨੇ ਕਲਮ ਰਖ ਦਿੱਤੀ ਤੇ ਤਲਵਾਰ ਫੜ ਲਈ। ਦਮਦਮਾ ਸਾਹਿਬ ਦੀ ਸੇਵਾ ਆਪਣੇ ਭਤੀਜੇ ਸੱਦਾ ਸਿੰਘ ਨੂੰ ਸੌਂਪ ਕੇ ਬਾਬਾ ਦੀਪ ਸਿੰਘ ਆਪਣਾ ਜੱਥਾ ਲੈ ਕੇ ਅੰਮ੍ਰਿਤਸਰ ਨੂੰ ਤੁਰ ਪਿਆ। ਪਿੰਡ ਜੱਗ੍ਹਾ, ਬਾਹਮਣੀ ਵਾਲਾ, ਨੇਹੀਆਂ ਵਾਲਾ, ਬਿੱਜੂਕੇ, ਗੁਰੂ ਚੌਂਤਰਾ, ਫੂਲ, ਮਰ੍ਹਾਜ, ਦਰਾਜ, ਭੁੱਚੋ, ਗੋਬਿੰਦਪੁਰਾ, ਕੋਟ, ਲੱਖੀ ਜੰਗਲ ਵਿਚ ਦੀ ਹੁੰਦਾ ਹੋਇਆ ਜੱਥਾ ਫ਼ੀਰੋਜ਼ਪੁਰ, ਖੇਮ ਕਰਨ ਰਾਹੀਂ ਤਰਨ ਤਾਰਨ ਆ ਬੈਠਾ। ਏਥੋਂ ਤਕ ਆਉਂਦਿਆਂ ਸਿੰਘਾਂ ਦੀ ਗਿਣਤੀ ਪੰਜ ਹਜ਼ਾਰ ਹੋ ਗਈ। ਏਥੇ ਇਲਾਕੇ ਦੇ ਪਿੰਡਾਂ ਵਿਚ ਖ਼ਬਰ ਖਿੱਲਰ ਗਈ, ਕਿ ਬਾਬਾ ਦੀਪ ਸਿੰਘ ਜੀ ਅੰਮ੍ਰਿਤਸਰ ਸ਼ਹੀਦ ਹੋਣ ਵਾਸਤੇ ਜਾ ਰਹੇ ਹਨ। ਇਹ ਸੁਣ ਕੇ ਸਿੰਘ ਲੱਗੇ ਤਰਨ ਤਾਰਨ ਕੱਠੇ ਹੋਣ। ਲੜਾਈ ਵਾਲੇ ਦਿਨ ਤਕ ਸਾਰੇ ਸਿੰਘਾਂ ਦੀ ਗਿਣਤੀ ਦਸ ਹਜ਼ਾਰ ਤਕ ਅਪੜ ਗਈ।

---

† ਭੰਗੂ, ਪੰਨਾ ੪੦੯।

‡ ਕਨਿੰਘਮ, ਪੰਨਾ ੯੮।

ਅਗੇ ਜਹਾਨ ਖ਼ਾਂ ਨੇ ਗੋਲ੍ਹਵੜ ਮੋਰਚੇ ਆ ਮੱਲੇ। ਆਪਣੀ ਮਦਦ ਵਾਸਤੇ ਉਹਨੇ ਇਲਾਕੇ ਦੇ ਸਭ ਹਾਕਮ ਬੁਲਾ ਲਏ। ਲਾਹੌਰ ਵਿਚ ਰਹਿਣ ਵਾਲੇ ਹਰ ਅਸਵਾਰ ਨੂੰ ਲੜਾਈ ਵਿਚ ਜਾਣ ਦਾ ਹੁਕਮ ਦਿੱਤਾ ਗਿਆ। ਜਹਾਨ ਖ਼ਾਂ ਦੇ ਨਾਲ ਹਾਜੀ ਅੱਤੇ ਖ਼ਾਂ, ਕਾਸਮ ਖ਼ਾਂ ਪੱਟੀ ਵਾਲਾ, ਮੀਰ ਨਿਅਮਤੁੱਲਾ, ਸੱਯਦ ਸਾਬਰਅਲੀ, ਅਮੀਰ ਜਾਨਖ਼ਾਨ ਪੰਜ ਹਜ਼ਾਰੀ, ਅਯੂਬ ਖ਼ਾਂ, ਅਮਾਨ ਖ਼ਾਂ, ਯਾਕੂਬ ਖਾਂ, ਜ਼ਬਰਦਸਤ ਖ਼ਾਂ, ਰੁਸਤਮ ਖ਼ਾਂ ਆਦਿ ਅਫ਼ਸਰ ਸਨ। ੧੧ ਨਵੰਬਰ, ੧੭੫੭ ਈ. ਨੂੰ ਲੜਾਈ ਹੋਈ। ਸਿੰਘਾਂ ਨੇ ਤਰਨ ਤਾਰਨੋ ਉਠ ਕੇ ਜਹਾਨ ਖ਼ਾਂ ਉੱਤੇ ਹਮਲਾ ਕੀਤਾ। ਪਹਿਲੇ ਹੱਲੇ ਵਿਚ ਹੀ ਮੁਸਲਮ ਫ਼ੌਜ ਪਿਛਾਂਹ ਨੂੰ ਨੱਸ ਉਠੀ। ਜਹਾਨ ਖ਼ਾਂ ਨੇ ਆਪਣੀ ਫ਼ੌਜ ਨੂੰ ਨੱਸਣ ਤੋਂ ਰੋਕਣ ਵਾਸਤੇ ਤਲਵਾਰ ਨਾਲ ਆਪਣੇ ਹੀ ਕੁਛ ਸਿਪਾਹੀ ਫਟੜ ਕੀਤੇ। ਇਸ ਤਰ੍ਹਾਂ ਦੋਹੀਂ ਪਾਸੀਂ ਮੌਤ ਵੇਖ ਕੇ ਮੁਸਲਮ ਫ਼ੌਜ ਮਾਰੀਦੀ ਲੜਨ ਲੱਗੀ। ਉਹ ਸਿੰਘਾਂ ਦੇ ਅਥਾਹ ਜੋਸ਼ ਅੱਗੇ ਖਲੋ ਨਾ ਸਕੀ। ਅਖ਼ੀਰ ਲੜਦੇ ਲੜਾਉਂਦੇ ਮੁਸਲਮ ਜਰਨੈਲ ਪਿਛਲੇ ਪੈਰੀਂ ਅੰਮ੍ਰਿਤਸਰ ਨੂੰ ਹਟਣ ਲਗੇ। ਦੋਵੇਂ ਦਲ ਲੜਦੇ ਲੜਦੇ ਰਾਮ ਸਰ (ਅੰਮ੍ਰਿਤਸਰ) ਕੋਲ ਜਾ ਅਪੜੇ। ਏਥੇ ਬੜਾ ਘਮਸਾਣ ਦਾ ਯੁੱਧ ਹੋਇਆ। ਅਮਾਨ ਖ਼ਾਂ ਤੇ ਬਾਬਾ ਦੀਪ ਸਿੰਘ ਆਮ੍ਹੋ-ਸਾਮ੍ਹਣੇ ਆ ਭਿੜੇ। ਸਾਂਝੇ ਵਾਰ ਨਾਲ ਦੋਹਾਂ ਬਹਾਦਰਾਂ ਦੇ ਸਿਰ ਲਹਿ ਗਏ। ਗਿ. ਗਿਆਨ ਸਿੰਘ ਜੀ ਪੰਥ ਪ੍ਰਕਾਸ਼ (ਪੰਨਾ ੭੬੫) ਵਿਚ ਲਿਖਦੇ ਹਨ, ਕਿ ਇਹ ਘਟਨਾ ਪਿੰਡ ਚਾਟੀ ਵਿੰਡ ਕੋਲ ਹੋਈ। ਕੋਲੋਂ ਇਕ ਸਿੰਘ ਨੇ ਬੋਲੀ ਮਾਰੀ, ਕਿ ਬਾਬਾ ਜੀ ! ਆਪ ਨੇ ਤਾਂ ਅੰਮ੍ਰਿਤਸਰ ਪਹੁੰਚ ਕੇ ਸੀਸ ਭੇਟ ਕਰਨ ਦਾ ਬਚਨ ਕੀਤਾ ਸੀ। ਪਰ ਹੁਣ ਰਾਹੇ ਆਸਣ ਜਮਾਂ ਬਹਿਣ ਲੱਗੇ ਓ ? ਇਹ ਸੁਣ ਕੇ ਬਾਬਾ ਦੀਪ ਸਿੰਘ ਨੇ ਖੱਬੇ ਹੱਥ 'ਤੇ ਸਿਰ ਧਰ ਲਿਆ ਤੇ ਲੜਦੇ ਹੋਏ ਰਾਮਸਰ ਕੋਲ ਜਾ ਅਪੜੇ। ਸਿੰਘਾਂ ਨੇ ਕਿਹਾ 'ਧੰਨ ਬਾਬਾ ਦੀਪ ਸਿੰਘ' ਜਿਸ ਦਾ ਧੜ ਲੜਦਾ ਅੰਮ੍ਰਿਤਸਰ ਆ ਪੁੱਜਾ ਹੈ। ਇਹ ਵਾਕ ਸੁਣ ਕੇ ਬਾਬਾ ਜੀ ਨੇ ਓਥੇ ਹੀ ਸਿਰ ਧਰ ਦਿੱਤਾ। ਬਾਕੀ ਇਤਿਹਾਸਾਂ ਵਿਚ ਲਿਖਿਆ ਹੈ, ਕਿ ਬਾਬਾ ਜੀ ਸ਼ਹੀਦ ਹੀ ਗੁ. ਰਾਮਸਰ ਕੋਲ ਹੋਏ। ਓਥੇ ਅੱਜ ਤੱਕ ਸ਼ਹੀਦ ਗੰਜ ਹੈ। ਬਾਬਾ ਦੀਪ ਸਿੰਘ ਦੇ ਸ਼ਹੀਦ ਹੋਣ 'ਤੇ ਵੀ ਲੜਾਈ ਮੁੱਕੀ ਨਹੀਂ। ਸਿੰਘ ਸ਼ੇਰਾਂ ਵਾਂਗ ਹੱਲੇ ਕਰਦੇ ਤੇ ਲਹੂ ਦੀ ਹੋਲੀ ਖੇਡਦੇ ਅੱਗੇ ਵਧਦੇ ਗਏ। ਗੁਰੂ ਕੇ ਬਾਗ, ਅੰਮ੍ਰਿਤ ਸਰੋਵਰ ਦੀਆਂ ਪਰਕਰਮਾਂ ਤੇ ਅਕਾਲ ਤਖ਼ਤ

ਜਹਾਨ ਖ਼ਾਂ ਦੀ ਫ਼ੌਜ

ਗੋਲ੍ਹਵੜ ਦੀ ਲੜਾਈ

ਦੇ ਪਿਛਲੇ ਪਾਸੇ ਤਕ ਬੜਾ ਲਹੂ ਡੋਲ੍ਹਵਾਂ ਘਮਸਾਣ ਹੋਇਆ। ਵੈਰੀ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਛੱਡ ਕੇ ਪਿਛੇ ਹਟ ਗਿਆ। ਰਾਤ ਪਈ ਲੜਾਈ ਬੰਦ ਹੋਈ। ਦੋਹਾਂ ਧਿਰਾਂ ਦੇ ਹਜ਼ਾਰਾਂ ਸਿਪਾਹੀ ਤੇ ਕੇਈ ਨਾਮਵਰ ਸਰਦਾਰ ਮਾਰੇ ਗਏ। ਸ. ਦਿਆਲ ਸਿੰਘ ਦੇ ਹੱਥੋਂ ਅਮੀਰ ਜਾਨ ਖ਼ਾਨ ਮਾਰਿਆ ਗਿਆ। ਬਾਬਾ ਦੀਪ ਸਿੰਘ ਦੇ ਹੱਥੋਂ ਯਾਕੂਬ ਖ਼ਾਂ, ਮੀਰ ਨਿਅਮਤੁੱਲਾ ਤੇ ਅਮਾਨ ਖ਼ਾਂ ਮਾਰੇ ਗਏ। ਸੱਯਦ ਸਾਬਰ ਅਲੀ ਤੇ ਸ: ਹੀਰਾ ਸਿੰਘ ਆਪਸ ਵਿਚ ਲੜ ਕੇ ਸ਼ਹੀਦ ਹੋਏ। ਸ. ਬਲਵੰਤ ਸਿੰਘ ਨੇ ਜ਼ਬਰਦਸਤ ਖ਼ਾਂ ਨੂੰ ਚੱਕਰ ਨਾਲ ਮਾਰਿਆ। ਫਿਰ ਰੁਸਤਮ ਖ਼ਾਂ ਤੇ ਬਲਵੰਤ ਸਿੰਘ ਸਾਂਝੇ ਵਾਰ ਨਾਲ ਸ਼ਹੀਦ ਹੋਏ। ਜਿੱਥੇ-ਜਿੱਥੇ ਕੋਈ ਸਿੰਘ ਸ਼ਹੀਦ ਹੋਇਆ, ਓਥੇ-ਓਥੇ ਉਸ ਦਾ ਸ਼ਹੀਦ ਗੰਜ ਬਣਿਆ ਹੋਇਆ ਹੈ। ਸ. ਨੌਧ ਸਿੰਘ ਪਿੰਡ ਚੱਬੇ ਕੋਲ ਸ਼ਹੀਦ ਹੋਇਆ, ਜਿਸ ਦਾ ਸ਼ਹੀਦ ਗੰਜ ਪੱਕੀ ਸੜਕ ਦੇ ਵਿਚ ਬਣਿਆ ਹੋਇਆ ਹੈ। ਹਰੀ ਸਿੰਘ ਤੇ ਬੀਰ ਸਿੰਘ ਸੰਗਰਾਣੇ ਕੋਲ ਸ਼ਹੀਦ ਹੋਏ। ਮਤਾਬ ਸਿੰਘ ਗਿੱਲ ਬਾਬਾ ਦੀਪ ਸਿੰਘ ਕੋਲ ਚਾਟੀ ਵਿੰਡ ਦੇ ਦਰਵਾਜ਼ੇ ਅੱਗੇ ਸ਼ਹੀਦ ਹੋਇਆ। ਧਰਮ ਸਿੰਘ ਬਬੇਕਸਰ ਕੋਲ ਸ਼ਹੀਦ ਹੋਇਆ। ਕੌਰ ਸਿੰਘ, ਮੰਨਾ ਸਿੰਘ, ਬਸੰਤ ਸਿੰਘ (ਸੰਤ ਸਿੰਘ ?) ਤੇ ਬੀਰ ਸਿੰਘ ਮੰਗਨੀ ਰਾਮ ਦੇ ਅਖਾੜੇ ਕੋਲ ਸ਼ਹੀਦ ਹੋਏ। ਹੀਰਾ ਸਿੰਘ, ਗੰਡਾ ਸਿੰਘ, ਨਿਹਾਲ ਸਿੰਘ, ਲਹਿਣਾ ਸਿੰਘ, ਗੋਪਾਲ ਸਿੰਘ, ਰਣ ਸਿੰਘ, ਭਾਗ ਸਿੰਘ, ਸੱਜਣ ਸਿੰਘ, ਅਘੜ ਸਿੰਘ, ਬਹਾਦਰ ਸਿੰਘ ਗੁਰੂ ਕੇ ਬਾਗ ਵਿਚ ਸ਼ਹੀਦ ਹੋਏ। ਕੁਛ ਸਿੰਘ ਪਰਕਰਮਾ ਵਿਚ ਤੇ ਕੁਛ ਅਕਾਲ ਤਖ਼ਤ ਦੇ ਪਿਛਲੇ ਪਾਸੇ ਸ਼ਹੀਦ ਹੋਏ। ਰਾਤ ਦੁਰਾਨੀ ਆਪਣੇ ਡੇਰੇ ਵਿਚ ਨਵੀਂ ਫ਼ੌਜ ਦੀ ਉਡੀਕ ਵਿਚ ਰਹੇ। ਸਿੰਘਾਂ ਨੇ ਆਪਣੇ ਸ਼ਹੀਦਾਂ ਦਾ ਸੰਸਕਾਰ ਕੀਤਾ ਤੇ ਦਿਨ ਚੜ੍ਹਨ ਤੋਂ ਪਹਿਲਾਂ ਜੰਗਲ ਨੂੰ ਚਲੇ ਗਏ। ਦੁਰਾਨੀਆਂ ਨੇ ਆ ਕੇ ਫੇਰ ਕਬਜ਼ਾ ਕਰ ਲਿਆ। ਇਸ ਲੜਾਈ ਵਿਚ ਮੁਸਲਮ ਫ਼ੌਜ ਦੀ ਗਿਣਤੀ ਸਿੰਘਾਂ ਨਾਲੋਂ ਕਈ ਗੁਣਾ ਵਧੇਰੇ ਸੀ, ਪਰ ਨੁਕਸਾਨ ਦੋਹਾਂ ਧਿਰਾਂ ਦਾ ਇਕੋ ਜਿਹਾ ਹੋਇਆ।

ਅਬਦਾਲੀ ਦੇ ਹਮਲੇ ਵੇਲੇ ਸਿੰਘਾਂ ਨੇ ਦੁਆਬਾ ਜਲੰਧਰ ਦਾ ਬਹੁਤ ਬੁਰਾ ਹਾਲ ਕੀਤਾ ਸੀ। ਸਰਹਿੰਦ ਤੋਂ ਲਾਹੌਰ ਨੂੰ ਆਉਂਦਾ ਹੋਇਆ ਦੁਰਾਨੀ ਫ਼ੌਜ ਦਾ ਇਕ ਦਸਤਾ ਸਿੰਘਾਂ ਨੇ ਕਰਤਾਰਪੁਰ ਕੋਲ ਕਤਲ ਕਰ ਦਿੱਤਾ ਸੀ।

ਨਾਸਰ ਅਲੀ ਤੇ ਥੰਮ੍ਹ ਸਾਹਿਬ

ਉਸਦਾ ਬਦਲਾ ਲੈਣ ਵਾਸਤੇ ਜਹਾਨ ਖ਼ਾਂ ਨੇ ਜਲੰਧਰ ਨੂੰ ਫ਼ੌਜ ਭੇਜੀ। ਜਲੰਧਰ ਦੇ ਫ਼ੌਜਦਾਰ ਨਾਸਰ ਅਲੀ ਨੇ ਉਸ ਫੌਜ ਦੀ ਮਦਦ ਨਾਲ ਕਰਤਾਰਪੁਰ ਨੂੰ ਘੇਰ ਲਿਆ ਤੇ ਸੋਢੀ ਵਡਭਾਗ ਸਿੰਘ ਨੂੰ ਫੜ ਕੇ ਬਹੁਤ ਮਾਰਿਆ। ਰਾਤ ਨੂੰ ਸੋਢੀ ਕਿਸੇ ਢੰਗ ਨਾਲ (ਰਾਖਿਆਂ ਨੂੰ ਵੱਢੀ ਦੇ ਕੇ ?) ਵੈਰੀ ਦੀ ਕੈਦ ਵਿਚੋਂ ਨਿਕਲ ਕੇ ਪਹਾੜਾਂ ਨੂੰ ਚਲਾ ਗਿਆ ਤੇ ਪਿੰਡ ਬਹੋੜੀ (ਜ਼ਿਲ੍ਹਾ ਹੁਸ਼ਿਆਰਪੁਰ) ਵਿਚ ਜਾ ਡੇਰਾ ਲਾਇਆ*। ਨਾਸਰ ਅਲੀ ਨੇ ਗੁਰਦੁਆਰਾ ਥੰਮ੍ਹ ਸਾਹਿਬ ਸਾੜ ਦਿੱਤਾ ਤੇ ਉਹਦੇ ਵਿਚ ਗਾਂਈਂ ਮਾਰੀਆਂ, ਸ਼ਹਿਰ ਲੁੱਟ ਲਿਆ ਤੇ ਓਥੋਂ ਦੀਆਂ ਹਿੰਦੂ ਦੇਵੀਆਂ ਫੜ ਕੇ ਮੁਸਲਮਾਨ ਬਣਾ ਲਈਆਂ†। ਇਹ ਘਟਨਾ ਦਸੰਬਰ, ੧੭੫੭ ਈ. ਦੀ ਹੈ।

ਇਹ ਖ਼ਬਰ ਸੁਣ ਕੇ ਸਿੰਘ ਭੜਕ ਉਠੇ। ਸਿੰਘਾਂ ਦਾ ਇਕ ਜੱਥਾ ਪਹਾੜਾਂ ਤੋਂ ਉਤਰਿਆ ਤੇ ਜਲੰਧਰ ਵੱਲ ਵਧਿਆ। ਸ਼ੰਮਸ ਖ਼ਾਂ ਬਿਜਵਾੜਾ, ਸੈਦੇ ਖ਼ਾਂ ਟਾਂਡਾ, ਜਾਫ਼ਰ ਖ਼ਾਂ ਹੁਸ਼ਿਆਰਪੁਰ, ਪੈਂਦੇ ਖ਼ਾਂ ਬੱਸੀ ਵਾਲਾ ਆਦਿ ਚੌਧਰੀਆਂ ਤੇ ਫ਼ੌਜਦਾਰਾਂ ਨੂੰ ਨਾਲ ਲੈ ਕੇ ਨਾਸਰ ਅਲੀ ਜਲੰਧਰੀਏ ਨੇ ਸਿੰਘਾਂ ਨੂੰ ਜਾ ਰੋਕਿਆ। ਆਦਮਪੁਰ ਕੋਲ ਲੜਾਈ ਹੋਈ, ਜਿਸ ਵਿਚ ਸੈਦੇ ਖ਼ਾਂ ਤੇ ਜਾਫ਼ਰ ਖ਼ਾਂ ਮਾਰੇ ਗਏ। ਸਿੰਘਾਂ ਨੇ ਵੇਖਿਆ, ਕਿ ਵੈਰੀ ਦੀ ਗਿਣਤੀ ਵਧੇਰੇ ਹੈ, ਤਾਂ ਉਹ ਸਮਾਂ ਵਿਚਾਰ ਕੇ ਰਾਤ ਨੂੰ ਚਲੇ ਗਏ।

ਆਦਮ ਪੁਰ ਦੀ ਲੜਾਈ

ਅਦੀਨਾ ਬੇਗ ਤੇ ਵਡਭਾਗ ਸਿੰਘ ਦਾ ਮੇਲ

ਪਹਾੜਾਂ ਵਿਚ ਅਦੀਨਾ ਬੇਗ ਨੇ ਸੋਢੀ ਵਡਭਾਗ ਸਿੰਘ ਨੂੰ ਮਿਲ ਕੇ ਬੇਨਤੀ ਕੀਤੀ, ਕਿ ਆਪ ਦਲ ਖ਼ਾਲਸਾ ਨੂੰ ਮੇਰੀ ਮਦਦ ਕਰਨ ਵਾਸਤੇ ਕਹੋ। ਮੈਂ ਦਾਰੂ ਸਿੱਕਾ ਤੇ ਖ਼ਰਚ ਵਾਸਤੇ ਭੇਟਾ ਕਰਾਂਗਾ। ਏਸ ਤਰ੍ਹਾਂ ਆਪ ਥੰਮ੍ਹ ਸਾਹਿਬ ਦਾ ਬਦਲਾ ਲੈ ਸਕੋਗੇ ਤੇ ਮੈਂ ਦੁਰਾਨੀ ਕੋਲੋਂ ਆਪਣਾ ਇਲਾਕਾ ਵਾਪਸ ਲੈ ਸਕਾਂਗਾ। ਵਡਭਾਗ ਸਿੰਘ ਨੇ ਸ:

---

*ਓਥੇ ਅਜੇ ਤਕ ਮੇਲਾ ਲਗਦਾ ਹੈ।

†ਪੰਥ ਪ੍ਰਕਾਸ਼, ਪੰਨਾ ੭੨੨।

**ਅਦੀਨਾ ਬੇਗ ਪੰਥ ਦੀ ਸ਼ਰਨ**

ਜੱਸਾ ਸਿੰਘ ਆਹਲੂਵਾਲੀਏ ਰਾਹੀਂ ਦਲ ਖ਼ਾਲਸੇ ਨੂੰ ਨਾਲ ਗੰਢ ਲਿਆ। ਅਦੀਨਾ ਬੇਗ ਨੇ ਪੰਥ ਦੇ ਸਾਮ੍ਹਣੇ ਨਜ਼ਰਾਨਾ ਤੇ ਕੜਾਹ ਪਰਸਾਦ ਦੀ ਦੇਗ ਧਰੀ ਤੇ ਸਿੰਘਾਂ ਦੇ ਇਲਾਕੇ ਵਿਚ ਲੁੱਟ ਦਾ ਹੱਕ ਮੰਨ ਲਿਆ। 'ਮੈੜੀ' ਪਿੰਡ ਕੋਲ ਅਦੀਨਾ ਬੇਗ ਦੀ ਫ਼ੌਜ ਖ਼ਾਲਸਾ ਦਲ ਨਾਲ ਆ ਮਿਲੀ। ਸ: ਜੱਸਾ ਸਿੰਘ ਨੇ ਅਦੀਨਾ ਬੇਗ ਦੇ ਸਿਰ ਵਿਚ ਹਰੀ ਕਣਕ ਤੋੜ ਕੇ ਨਸ਼ਾਨੀ ਵਜੋਂ ਟੰਗ ਦਿੱਤੀ ਤੇ ਕਿਹਾ, ਕਿ ਤੇਰੀ ਸਾਰੀ ਫ਼ੌਜ ਹਰੀ ਕਣਕ ਟੰਗ ਲਵੇ, ਤਾਕਿ ਯੁੱਧ ਵਿਚ ਸਿੰਘ ਤੇਰੇ ਸਿਪਾਹੀਆਂ ਦੀ ਪਛਾਣ ਕਰ ਸਕਣ।

**ਦੁਰਾਨੀ ਫ਼ੌਜ ਨਾਸਰ ਅਲੀ ਦੀ ਮਦਦ ਉੱਤੇ**

ਇਹ ਖ਼ਬਰਾਂ ਲਾਹੌਰ ਪੁੱਜੀਆਂ, ਤਾਂ ਜਹਾਨ ਖ਼ਾਂ ਨੇ ਨਾਸਰ ਅਲੀ ਦੀ ਮਦਦ ਵਾਸਤੇ ਮੁਰਾਦ ਖ਼ਾਂ ਤੇ ਸਰਬੁਲੰਦ ਖ਼ਾਂ—ਦੁਰਾਨੀ ਫ਼ੌਜ ਸਣੇ—ਭੇਜੇ। ਨਾਲ ਹੀ ਅਦੀਨਾ ਬੇਗ ਨੂੰ ਸੁਨੇਹਾ ਭੇਜਿਆ, ਕਿ ਲੜਨ ਦੀ ਥਾਂ ਸਿੱਖਾਂ ਦਾ ਸਾਥ ਛੱਡ ਕੇ ਮੇਰੇ ਕੋਲ ਲਾਹੌਰ ਆ ਜਾ, ਤਾਂ ਮੈਂ ਛੱਤੀ ਲੱਖ ਸਾਲਾਨਾ ਬਦਲੇ ਤੈਨੂੰ ਜਲੰਧਰ ਦਾ ਇਲਾਕਾ ਦੇਣ ਨੂੰ ਤਿਆਰ ਹਾਂ। ਅਦੀਨਾ ਬੇਗ ਨੂੰ ਦੁਰਾਨੀਆਂ ਵੱਲੋਂ ਚੰਗੇ ਸਲੂਕ ਦੀ ਆਸ ਨਹੀਂ ਸੀ, ਸੋ ਸਮਝੌਤਾ ਨਾ ਹੋਇਆ। ਜਹਾਨ ਖ਼ਾਂ ਦਾ ਹੁਕਮ ਪਾ ਕੇ ਸਦੀਕ ਬੇਗ, ਖ਼ਵਾਜਾ ਮਿਰਜ਼ਾ ਖ਼ਾਂ ਤੇ ਰਾਜਾ ਭੂਪ ਸਿੰਘ ਵੀ ਨਾਸਰ ਅਲੀ ਦੀ ਮਦਦ ਵਾਸਤੇ ਪਹੁੰਚ ਗਏ।

**ਲੜਾਈ ਵਿਚ ਨਾਸਰ ਅਲੀ ਹਾਰ ਗਿਆ**

ਅਦੀਨਾਬੇਗ ਤੇ ਦਲ ਖ਼ਾਲਸਾ ਨੇ ਨਾਸਰ ਅਲੀ ਦੀਆਂ ਫ਼ੌਜਾਂ ਉੱਤੇ ਹੱਲਾ ਕੀਤਾ। ਸਾਰਾ ਦਿਨ ਦੀ ਲਹੂ ਡੋਲ੍ਹਵੀਂ ਲੜਾਈ ਪਿੱਛੋਂ, ਰਾਤ ਨੂੰ ਨਾਸਰ ਅਲੀ ਤੇ ਉਹਦੇ ਸਾਥੀ ਜਰਨੈਲ ਜਲੰਧਰ ਆ ਵੜੇ। ਸਿੰਘਾਂ ਨੇ ਦੁਰਾਨੀਆਂ ਦਾ ਡੇਰਾ ਲੁੱਟ ਲਿਆ। ਅਦੀਨਾ ਬੇਗ ਨੇ ਆਪਣੇ ਸਿਪਾਹੀਆਂ ਨੂੰ ਲੁੱਟ ਵਿਚ ਹਿੱਸਾ ਨਾ ਲੈਣ ਦਿੱਤਾ, ਕਿ ਕਿਤੇ ਸਿੰਘਾਂ ਨਾਲ ਲੜਾਈ ਨਾ ਹੋ ਪਵੇ। ਅਗਲੇ ਦਿਨ ਸਿੰਘਾਂ ਨੇ ਜਲੰਧਰ ਉੱਤੇ ਹੱਲਾ ਕੀਤਾ। ਸਰਬੁਲੰਦ ਖ਼ਾਂ ਤੇ ਮੁਰਾਦ ਖ਼ਾਂ ਰਾਤ ਹੀ ਲਾਹੌਰ ਨੂੰ ਨੱਸ ਗਏ ਸਨ। ਦਿਨੇ ਨਾਸਰ ਅਲੀ ਨੱਸਣ ਲੱਗਾ, ਤਾਂ

**ਨਾਸਰ ਅਲੀ ਦੀ ਮੌਤ**

ਸਿੰਘਾਂ ਦੇ ਕਾਬੂ ਆ ਗਿਆ। ਉਹਨੇ ਥੰਮ੍ਹ ਸਾਹਿਬ ਗੁਰਦੁਆਰਾ ਸਾੜਿਆ ਤੇ ਓਥੇ ਗਾਂ ਮਾਰੀ ਸੀ। ਸਿੱਖਾਂ ਨੇ ਨਾਸਰ ਅਲੀ ਦੇ ਮੂੰਹ

ਵਿਚ ਸੂਰ ਦਾ ਮਾਸ ਦਿੱਤਾ ਤੇ ਜਿਊਂਦੇ ਨੂੰ ਅੱਗ ਵਿਚ ਸਾੜ ਦਿੱਤਾ। ਸਾਰਾ ਸ਼ਹਿਰ ਲੁੱਟ ਲਿਆ। ਹਿੰਦੂ ਦੇਵੀਆਂ ਮੁਸਲਮਾਨਾਂ ਦੇ ਘਰਾਂ ਤੋਂ ਕੱਢ ਕੇ ਵਾਪਸ ਘਰੀਂ ਪੁਚਾਈਆਂ। ਅਦੀਨਾ ਬੇਗ ਨੇ ਜਿੱਤ ਦੀ ਖ਼ੁਸ਼ੀ ਵਿਚ ਸਵਾ ਲੱਖ ਰੁਪੈ ਨਜ਼ਰਾਨਾ ਤੇ ਇਕ ਹਜ਼ਾਰ ਦੇਗ ਵਾਸਤੇ ਸਿੰਘਾਂ ਦੀ ਭੇਟਾ ਧਰਿਆ*। ਇਹ ਘਟਨਾ ਦਸੰਬਰ (੧੭੫੭) ਦੇ ਅਖ਼ੀਰ ਵਿਚ ਹੋਈ।

**ਅਦੀਨਾ ਬੇਗ ਨਾਲਾਗੜ੍ਹ ਚਲਾ ਗਿਆ**

ਸਿੱਖਾਂ ਤਾਂ ਆਪਣਾ ਕੰਮ ਭੁਗਤਾ ਦਿੱਤਾ, ਪਰ ਅਦੀਨਾ ਬੇਗ ਦਾ ਹੌਸਲਾ ਨਾ ਪਿਆ, ਕਿ ਉਹ ਦੁਆਬਾ ਜਲੰਧਰ ਉੱਤੇ ਕਬਜ਼ਾ ਕਰ ਸਕੇ। ਉਹ ਜਹਾਨ ਖ਼ਾਂ ਤੋਂ ਡਰਦਾ ਨਾਲਾ ਗੜ੍ਹ ਨੂੰ ਨੱਸ ਗਿਆ। ਜਹਾਨ ਖ਼ਾਂ ਨੇ ਜਲੰਧਰ ਦਾ ਸੂਬੇਦਾਰ ਸਰਫ਼ਰਾਜ਼ ਖਾਂ ਨੂੰ ਬਣਾ ਦਿੱਤਾ। ਦਿੱਲੀ ਵਿਚ ਉਸ ਵੇਲੇ ਦੇ ਬਲਵਾਨ ਹਾਕਮ ਸਨ :

**ਗ਼ਾਜ਼ੀਉੱਦੀਨ ਨੇ ਮਰਹੱਟੇ ਸੱਦ ਲਏ**

ਗਾਜ਼ੀਉੱਦੀਨ ਵਜ਼ੀਰ ਤੇ ਨਜੀਬੁੱਦੌਲਾ ਸੈਨਾਪਤੀ। ਬਾਦਸ਼ਾਹ ਕੇਵਲ ਕਾਠ ਦੀ ਪੁਤਲੀ ਸੀ। ਵਜ਼ੀਰ ਤੇ ਸੈਨਾਪਤੀ ਦੀ ਆਪਸ ਵਿਚ ਬੜੀ ਲਗਦੀ ਸੀ। ਵਜ਼ੀਰ ਨੇ ਆਪਣੀ ਮਦਦ ਵਾਸਤੇ ਮਰਹੱਟੇ ਸੱਦ ਲਏ। ਟਾਕਰੇ ਦੀ ਸਮਰਥਾ ਨਾ ਸਮਝ ਕੇ ਨਜੀਬੁੱਦੌਲਾ ਰੁਹੇਲਾ ਦਿੱਲੀ 'ਚੋਂ ਨੱਸਕੇ ਨਜੀਬਗੜ੍ਹ ਜਾ ਵੜਿਆ। ਮਰਹੱਟਿਆਂ ਨੇ ਦਿੱਲੀ ਉੱਤੇ ਕਬਜ਼ਾ ਕਰ ਲਿਆ। ਬਾਦਸ਼ਾਹ ਤੇ ਵਜ਼ੀਰ ਮਰਹੱਟਿਆਂ ਦੇ ਆਸਰੇ 'ਤੇ ਰਹਿ ਗਏ।

**ਅਦੀਨਾ ਬੇਗ ਤੇ ਮਰਹੱਟੇ**

ਅਦੀਨਾ ਬੇਗ ਨੇ ਮਰਹੱਟਿਆਂ ਤੋਂ ਮਦਦ ਮੰਗੀ। ਏਸ ਕੰਮ ਵਾਸਤੇ ਉਹਨੇ ਬਚਨ ਦਿੱਤਾ, ਕਿ ਜਿਸ ਦਿਨ ਆਪ ਚਲਦੇ ਆਓ, ਉਸ ਦਿਨ ਦਾ ਇਕ ਲੱਖ ਤੇ ਜਿਸ ਦਿਨ ਪੜਾਅ 'ਤੇ ਆਰਾਮ ਕਰੋ, ਉਸ ਦਿਨ ਪੰਜਾਹ ਹਜ਼ਾਰ ਦਿਆਂਗਾ। ਅਦੀਨਾ ਬੇਗ ਨੇ ਆਪਣੀ ਮਦਦ ਵਾਸਤੇ ਸਿੱਖ ਵੀ ਆਪਣੇ ਨਾਲ ਗੰਢ ਲਏ**। ਵਜ਼ੀਰ ਗ਼ਾਜ਼ੀਉੱਦੀਨ ਨੂੰ ਨਾਲ ਲੈ ਕੇ ਮਰਹੱਟੇ ਜਰਨੈਲ ਰਘੂਨਾਥਰਾਉ ਤੇ ਮਲਹਾਰਰਾਉ ਨੇ ਸਰਹਿੰਦ 'ਤੇ ਚੜ੍ਹਾਈ ਕਰ ਦਿੱਤੀ।

---

*ਪੰਥ ਪ੍ਰਕਾਸ਼, ਪੰਨੇ ੭੨੩ ਤੋਂ ੭੨੯; ਭੰਗੂ, ਪੰਨੇ ੩੨੪ ਤੋਂ ੩੩੦।

**ਭੰਗੂ, ਪੰਨਾ ੩੩੦।

ਮਰਹੱਟਿਆਂ ਆਉਂਦਿਆਂ ਹੀ ਅਫ਼ਗਾਨਾਂ ਦਾ ਕਿਲ੍ਹਾ ਕੁੰਜਪੁਰਾ ਲੈ ਲਿਆ। ਅਬਦੁੱਸਮੱਦ ਖ਼ਾਂ ਸੂਬੇਦਾਰ ਸਰਹਿੰਦ ਓਦੋਂ ਕਿਲ੍ਹਾ ਸੁਨਾਮ ਨੂੰ ਘੇਰਾ ਪਾਈ ਬੈਠਾ ਸੀ। ਮਰਹੱਟਿਆਂ ਦੀ ਚੜ੍ਹਾਈ ਦੀ ਖ਼ਬਰ ਸੁਣਕੇ ਉਹਨੇ ੧੨ ਜਨਵਰੀ, ੧੭੫੮ ਈ. ਨੂੰ ਆਲਾ ਸਿੰਘ ਨਾਲ ਸੁਲ੍ਹਾ ਕਰ ਲਈ ਤੇ ਆਪ ਵਾਪਸ ਸਰਹਿੰਦ ਆ ਗਿਆ। ੮ ਮਾਰਚ ਨੂੰ ਮਰਹੱਟਾ ਫ਼ੌਜਾਂ ਸਰਹਿੰਦ ਦੇ ਨੇੜੇ ਆ ਪੁੱਜੀਆਂ। ਓਥੇ ਅਦੀਨਾ ਬੇਗ ਵੀ—ਸਣੇ ਸਿੱਖਾਂ—ਉਹਨਾਂ ਨੂੰ ਜਾ ਮਿਲਿਆ। ਮਰਹੱਟਾ ਫ਼ੌਜ ਦੀ ਗਿਣਤੀ ਇਕ ਲੱਖ ਦੇ ਲਗਭਗ ਸੀ। ਦੁਰਾਨੀ ਸੂਬੇਦਾਰ ਸਰਹਿੰਦ ਵਿਚ ਕਿਲ੍ਹਾ ਬੰਦ ਹੋ ਬੈਠਾ। ਬਾਹਰੋਂ ਸਿੱਖਾਂ ਤੇ ਮਰਹੱਟਿਆਂ ਨੇ ਹਮਲੇ ਕਰ ਕੇ ਉਹਦੀ ਜਾਨ ਤੰਗ ਕਰ ਦਿੱਤੀ। ਦੁਰਾਨੀਆਂ ਨੂੰ ਜਿੱਤ ਦੀ ਆਸ ਕੋਈ ਨਾ ਰਹੀ, ਤਾਂ ਅਬਦੁੱਸਮੱਦ ਖ਼ਾਂ ਤੇ ਜੰਗਬਾਜ਼ ਖ਼ਾਂ ਕਿਲ੍ਹਾ ਛੱਡ ਕੇ ਨੱਸ ਤੁਰੇ, ਪਰ ਮਾੜੇ ਭਾਗਾਂ ਨੂੰ ਮਰਹੱਟਿਆ ਦੇ ਕਾਬੂ ਆ ਗਏ ਤੇ ਦੋਵੇਂ ਕੈਦ ਕਰ ਲਏ ਗਏ*। ਸਿੰਘਾਂ ਤੇ ਮਰਹੱਟਿਆਂ ਰੱਜ ਕੇ ਸਰਹਿੰਦ ਲੁੱਟੀ। ਸਿੰਘ ਅੱਗੇ ਸਰਹਿੰਦ ਦੇ ਜਾਣੂ ਸਨ। ਉਹਨਾਂ ਲੁੱਟ ਦਾ ਮਾਲ ਵਧੇਰੇ ਹਾਸਲ ਕਰ ਲਿਆ। ਏਸ ਗੱਲੋਂ ਮਰਹੱਟਿਆਂ ਨੂੰ ਬੜਾ ਗ਼ੁੱਸਾ ਆਇਆ। ਉਹਨਾਂ ਸਿੱਖਾਂ ਦਾ ਡੇਰਾ ਲੁੱਟਣ ਦੀ ਸਲਾਹ ਬਣਾ ਲਈ। ਅਦੀਨਾ ਬੇਗ ਨੇ ਸਿੱਖਾਂ ਨੂੰ ਇਹ ਗੱਲ ਦੱਸ ਦਿੱਤੀ। ਸਿੰਘ ਸਮੇਂ ਸਿਰ ਕੂਚ ਕਰਕੇ ਮਾਝੇ ਨੂੰ ਆ ਗਏ†।

ਮਰਹੱਟਿਆਂ ਦਾ ਸਰਹਿੰਦ 'ਤੇ ਕਬਜ਼ਾ

ਸਰਹਿੰਦ ਲੁੱਟੀ ਗਈ

ਸਦੀਕ ਬੇਗ ਦਾ ਸੁਭਾਅ

ਸਦੀਕ ਬੇਗ ਨੂੰ (ਅਦੀਨਾ ਬੇਗ ਦੇ ਮਾਤਹਿਤ) ਸਰਹਿੰਦ ਦਾ ਹਾਕਮ ਬਣਾਕੇ ਮਰਹੱਟੇ ਲਾਹੌਰ ਵੱਲ ਵਧੇ। ਸਦੀਕ ਬੇਗ ਸਦਾ ਕਿਸੇ ਹਾਕਮ ਦਾ ਨਾਇਬ ਹੀ ਬਣਦਾ ਰਿਹਾ ਤੇ ਹਰ ਵਾਰ ਆਪਣੇ ਮਾਲਕ ਦੇ ਵਿਰੁੱਧ ਹਮਲਾ ਕਰਨ ਵਾਲੇ ਦਾ ਸਾਥ ਦੇ ਕੇ ਫੇਰ ਹਕੂਮਤ ਵਿਚ ਆਪਣਾ ਹਿੱਸਾ ਕਾਇਮ ਕਰ ਲੈਂਦਾ ਰਿਹਾ। ਮਰਹੱਟੇ ਤੇ ਅਦੀਨਾ ਬੇਗ ਲਾਹੌਰ ਨੂੰ ਤੁਰੇ ਤੇ ਵਜ਼ੀਰ ਗ਼ਾਜ਼ੀਉੱਦੀਨ ਸਰਹਿੰਦ ਤੋਂ ਹੀ ਵਾਪਸ ਦਿੱਲੀ ਨੂੰ

---

*ਭੰਗੂ, ਪੰਨਾ ੩੩੨; ਪੰਥ ਪ੍ਰਕਾਸ਼, ਪੰਨਾ ੭੩੨; ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੧੧੫।

†ਭੰਗੂ, ਪੰਨਾ ੩੩੧; ਪੰਥ ਪ੍ਰਕਾਸ਼, ਪੰਨਾ ੭੩੨।

ਮੁੜ ਗਿਆ। ਕੁਛ ਚਿਰ ਪਿਛੋਂ ਉਹਨੇ ਨਜੀਬੁੱਦੌਲਾ ਨੂੰ ਨਜੀਬਗੜ੍ਹ ਵਿਚ ਜਾ ਘੇਰਿਆ।

ਤੈਮੂਰ ਤੇ ਜਹਾਨ ਖ਼ਾਂ ਲਾਹੌਰੋਂ ਭੱਜ ਨਿਕਲੇ

ਮਰਹੱਟੇ ਸਤਲੁਜ ਟੱਪੇ, ਤਾਂ ਤੈਮੂਰ ਤੇ ਜਹਾਨ ਖ਼ਾਂ ਲਾਹੌਰ ਖ਼ਾਲੀ ਕਰਕੇ ਕਾਬਲ ਨੂੰ ਤੁਰ ਪਏ। ੯ ਅਪ੍ਰੈਲ ਨੂੰ ਉਹ ਸਾਮਾਨ ਲੱਦ ਕੇ ਸ਼ਾਹਦਰੇ ਜਾ ਬੈਠੇ। ੧੧ ਅਪ੍ਰੈਲ ਨੂੰ ਮਰਹੱਟਿਆਂ ਬਿਨਾਂ ਟਾਕਰੇ ਲਾਹੌਰ ਲੈ ਲਿਆ। ਮੁਰਾਦ ਬੇਗਮ ਤੇ ਖ਼ਵਾਜਾ ਮਿਰਜ਼ਾ ਮਰਹੱਟਿਆਂ ਨਾਲ ਲਾਹੌਰ ਆਏ। ਦੁਰਾਨੀਆਂ ਨੇ ਬਹੁਤ ਸਾਰੇ ਸਾਮਾਨ ਨੂੰ ਅੱਗ ਲਾ ਦਿੱਤੀ ਤੇ ਲੋੜੀਂਦਾ ਮਾਲ ਲੈ ਕੇ ਛੇਤੀ ਨੱਸੇ। ਤੈਮੂਰ ਤੇ ਜਹਾਨ ਖ਼ਾਂ ਆਪ ਅੱਗੇ-ਅੱਗੇ ਨੱਸੇ ਤੇ ਮਗਰ ਰਾਖੀ ਵਾਸਤੇ ਮੀਰ ਹਾਜ਼ਰ ਖ਼ਾਂ ਦੀ ਕਮਾਨ ਵਿਚ ਦੁਰਾਨੀ ਫ਼ੌਜ ਲਾ ਲਈ।

ਮਰਹੱਟੇ ਲਾਹੌਰ ਵਿਚ

ਹਾਜ਼ਰ ਖਾਂ ਕੈਦ

ਅਗਲੇ ਦਿਨ ਖ਼ਵਾਜਾ ਮਿਰਜ਼ਾ 'ਤੇ ਮਰਹੱਟਿਆਂ ਨੇ ਹਮਲਾ ਕਰਕੇ ਮੀਰ ਹਾਜ਼ਰ ਖ਼ਾਂ ਸਣੇ ਫ਼ੌਜ ਫੜ ਲਿਆ। ਅਦੀਨਾ ਬੇਗ ਦੀ ਸਲਾਹ ਨਾਲ ਸਿੱਖਾਂ ਨੂੰ ਫੇਰ ਆਪਣੀ ਮਦਦ 'ਤੇ ਲੈ ਲਿਆ ਗਿਆ। ਸਿੱਖਾਂ ਤੇ ਮਰਹੱਟਿਆਂ ਨੇ ਤੈਮੂਰ ਤੇ ਜਹਾਨ ਖ਼ਾਂ ਨੂੰ ਝਨਾਂ 'ਤੇ ਜਾ ਘੇਰਿਆ। ਮਰਹੱਟੇ ਵੀਹ ਹਜ਼ਾਰ ਤੇ ਸਿੱਖ ਦਸ ਹਜ਼ਾਰ ਸਨ। ਤੈਮੂਰ ਤੇ ਜਹਾਨ ਖ਼ਾਂ ਤਾਂ ਰਾਤ ਜਾਨ ਬਚਾ ਕੇ ਨੱਸ ਗਏ, ਪਰ ਉਹਨਾਂ ਦਾ ਡੇਰਾ ਸਿੱਖਾਂ ਤੇ ਮਰਹੱਟਿਆਂ ਨੇ ਲੁੱਟ ਲਿਆ। ਏਥੇ ਹਜ਼ਾਰਾਂ ਦੁਰਾਨੀ ਸਿਪਾਹੀ ਕਤਲ ਹੋਏ ਤੇ ਰਹਿੰਦੇ ਕੈਦੀ ਬਣਾ ਲਏ ਗਏ।*

ਝਨਾਂ ਕੰਢੇ ਲੜਾਈ

ਮਰਹੱਟਿਆਂ ਨੇ ਸਾਰਾ ਪੰਜਾਬ ਮੱਲ ਲਿਆ। ਦੂਜੇ ਪਾਸੇ ਮੁਲਤਾਨ ਤਕ ਉਹਨਾਂ ਦੀਆਂ ਫ਼ੌਜਾਂ ਜਾ ਪੁੱਜੀਆਂ। ਅਬਦਾਲੀ ਤੋਂ ਡਰਦੇ ਉਹ ਪੰਜਾਬ ਉੱਤੇ ਆਪਣਾ ਸਿੱਧਾ ਕਬਜ਼ਾ ਨਹੀਂ ਸਨ ਰਖਣਾ ਚਾਹੁੰਦੇ। ਉਹਨਾਂ ਮੁਲਤਾਨ, ਲਾਹੌਰ

---

*ਏਥੋਂ ਕੁਛ ਪਠਾਣਾਂ ਨੂੰ ਫੜ ਕੇ ਸਿੱਖ ਅੰਮ੍ਰਿਤਸਰ ਲੈ ਆਏ, ਤੇ ਜਹਾਨ ਖ਼ਾਂ ਦਾ ਪੂਰਿਆ ਹੋਇਆ ਸਰੋਵਰ ਉਹਨਾਂ ਤੋਂ ਸਾਫ਼ ਕਰਾਇਆ। ਸਿੱਖ ਇਤਿਹਾਸ, ਗੁਪਤਾ, ਹਿੱਸਾ ਪਹਿਲਾ, ਪੰਨਾ ੧੧੭।

ਮਰਹੱਟਿਆਂ ਪੰਜਾਬ ਅਦੀਨਾ ਬੇਗ ਨੂੰ ਦਿੱਤਾ

ਤੇ ਸਰਹਿੰਦ ੭੫ ਲੱਖ ਸਾਲਾਨਾ ਬਦਲੇ ਅਦੀਨਾ ਬੇਗ ਨੂੰ ਦੇ ਦਿੱਤਾ ਤੇ ਉਸਨੂੰ ਨਵਾਬ ਦਾ ਖ਼ਿਤਾਬ ਬਖ਼ਸ਼ਿਆ। ਪੰਜ ਜੂਨ, ੧੭੫੮ ਈ. ਨੂੰ ਮਰਹੱਟੇ ਜਰਨੈਲ ਵਾਪਸ ਥਾਨੇਸਰ ਆ ਗਏ।

ਏਸ ਗੜਬੜ ਦੇ ਸਮੇਂ ਸਿੱਖਾਂ ਨੇ ਆਪਣਿਆਂ ਇਲਾਕਿਆਂ ਵਿਚ ਥਾਂ-ਥਾਂ ਕੱਚੇ ਕਿਲ੍ਹੇ ਬਣਾ ਲਏ‡। ਉਹ ਜਾਣਦੇ ਸਨ, ਕਿ ਹੁਣ ਅਦੀਨਾ ਬੇਗ ਨਾਲ ਟੱਕਰ ਲੈਣੀ ਪਏਗੀ।

ਅਦੀਨਾ ਬੇਗ ਦੀਨਾ ਨਗਰ

ਅਦੀਨਾ ਬੇਗ ਨੇ ਆਪਣੀ ਰਾਜਧਾਨੀ ਬਟਾਲੇ ਦੇ ਇਲਾਕੇ ਵਿਚ ਦੀਨਾ ਨਗਰ ਬਣਾ ਲਈ। ਉਹਨੇ ਆਪਣੇ ਮਾਤਹਿਤ ਲਾਹੌਰ ਵਿਚ ਖ਼ਵਾਜਾ ਮਿਰਜ਼ਾ ਖ਼ਾਂ (ਜੋ ਹੁਣ ਉਸਦਾ ਜਵਾਈ ਬਣ ਚੁੱਕਾ ਸੀ) ਨੂੰ ਸੂਬੇਦਾਰ ਤੇ (ਉਸ ਦੇ ਭਰਾ) ਖ਼ਵਾਜਾ ਸਦੀਕ ਖ਼ਾਂ ਨੂੰ ਨਾਇਬ ਥਾਪਿਆ। ਸਦੀਕ ਬੇਗ ਨੂੰ ਸਰਹਿੰਦ ਦਾ ਫ਼ੌਜਦਾਰ ਬਣਾਇਆ ਗਿਆ। ਮੁਰਾਦ ਬੇਗਮ ਅਦੀਨਾ ਬੇਗ ਨਾਲ ਬਟਾਲੇ ਚਲੀ ਗਈ।

ਅਦੀਨਾ ਬੇਗ ਸਿੱਖਾਂ ਦਾ ਵੈਰੀ

ਪੰਜਾਬ ਦਾ ਹੁਕਮਰਾਨ ਬਣ ਕੇ ਅਦੀਨਾ ਬੇਗ ਨੇ ਸਭ ਤੋਂ ਪਹਿਲਾਂ ਸਿੱਖਾਂ ਨੂੰ ਖ਼ਤਮ ਕਰਨ ਦਾ ਇਰਾਦਾ ਕੀਤਾ। ਦਸ ਹਜ਼ਾਰ ਫ਼ੌਜ ਉਹਦੀ ਪੁਰਾਣੀ ਹੈਗੀ ਸੀ, ਤੇ ਕਈ ਹਜ਼ਾਰ ਨਵੀਂ ਹੋਰ ਭਰਤੀ ਕਰ ਲਈ। ਪੰਜਾਬ ਭਰ ਦੇ ਛੋਟੇ ਵੱਡੇ ਹਾਕਮ ਤੇ ਚੌਧਰੀ ਉਹਨੇ ਏਸ ਕੰਮ ਵਾਸਤੇ ਆਪਣੇ ਨਾਲ ਗੰਢ ਲਏ। ਸਿੱਖ ਵੀ ਏਸ ਚਾਲ ਨੂੰ ਤਾੜ ਗਏ ਤੇ ਬਹੁਤ ਸਾਰੇ ਦੀਨਾ ਨਗਰ ਦੇ ਉਦਾਲੇ ਆ ਕੱਠੇ ਹੋਏ। ਅਦੀਨਾ ਬੇਗ ਨੇ ਦੀਵਾਨ

ਕਾਦੀਆਂ ਦੀ ਲੜਾਈ

ਕਤਲਾਮ ਦਾ ਹੁਕਮ

ਹੀਰਾ ਮੱਲ ਤੇ ਆਕਲ ਦਾਸ (ਜੰਡਿਆਲੀਆ) ਨੂੰ ਫ਼ੌਜ ਦੇ ਕੇ ਸਿੱਖਾਂ ਦੇ ਟਾਕਰੇ 'ਤੇ ਘੱਲਿਆ। ਕਾਦੀਆਂ ਕੋਲ ਬੜੀ ਭਾਰੀ ਲੜਾਈ ਹੋਈ, ਜਿਸ ਵਿਚ ਹੀਰਾ ਮੱਲ ਮਾਰਿਆ ਗਿਆ। ਸਿੱਖਾਂ ਨੇ ਉਹਨਾਂ ਦੇ ਡੇਰਾ ਲੁੱਟ ਲਿਆ। ਗੁੱਸੇ

---

‡ਭੰਗੂ, ਪੰਨਾ ੩੩੨।

ਵਿਚ ਅਦੀਨਾ ਬੇਗ ਨੇ ਸਿੱਖਾਂ ਦੀ ਕਤਲਾਮ ਦਾ ਹੁਕਮ ਦੇ ਦਿੱਤਾ। ਇਲਾਕੇ ਦੇ ਚੌਧਰੀਆਂ ਤੇ ਹਾਕਮਾਂ ਨੂੰ ਸਖ਼ਤ ਹੁਕਮ ਭੇਜੇ ਗਏ, ਕਿ ਸਿੱਖਾਂ ਦਾ ਖੁਰਾ ਖੋਜ ਮਿਟਾ ਦਿੱਤਾ ਜਾਏ। ਜਿਨ੍ਹਾਂ ਸਿੱਖਾਂ ਦੀ ਮਦਦ ਨਾਲ ਅਦੀਨਾ ਬੇਗ ਕਈ ਵਾਰ ਆਪਣੇ ਸਿੰਘਾਸਣ 'ਤੇ ਬੈਠਾ ਸੀ, ਹੱਥ ਧੋ ਕੇ ਮਗਰ ਪੈ ਗਿਆ।

**ਝੱਲ ਸਾੜੇ**

ਅਦੀਨਾ ਬੇਗ ਜਾਣਦਾ ਸੀ, ਕਿ ਸਿੱਖਾਂ ਦਾ ਅਜਿੱਤ ਕਿਲ੍ਹਾ ਦਰਿਆਵਾਂ ਦੇ ਝੱਲ ਹਨ। ਉਹਨੇ ਮੀਰ ਅਜ਼ੀਜ਼ ਬਖ਼ਸ਼ੀ ਨੂੰ ਇਕ ਹਜ਼ਾਰ ਤਖਾਣ ਤੇ ਫ਼ੌਜ ਦੇ ਕੇ ਝੱਲ ਵਢਣ ਤੇ ਸਾੜਨ 'ਤੇ ਲਾ ਦਿੱਤਾ। ਝੱਲ ਵਿਚੋਂ ਨਿਕਲ ਕੇ ਸ: ਨੰਦ ਸਿੰਘ ਸਾਂਘਣਾ, ਜੱਸਾ ਸਿੰਘ ਰਾਮਗੜ੍ਹੀਆ, ਜੈ ਸਿੰਘ ਕਨ੍ਹਈਆ ਤੇ ਅਮਰ ਸਿੰਘ ਕਿੰਗਰਾ ਕੁਛ ਸਿੰਘਾਂ ਸਣੇ ਅੰਮ੍ਰਿਤਸਰ ਕਿਲ੍ਹਾ ਰਾਮਗੜ੍ਹ ਵਿਚ ਆ ਵੜੇ। ਮੀਰ ਅਜ਼ੀਜ਼ ਨੇ ਰਾਮਗੜ੍ਹ ਨੂੰ ਘੇਰਾ ਪਾ ਲਿਆ। ਸਿੱਖ ਬੜੀ ਬਹਾਦਰੀ ਨਾਲ ਲੜੇ ਤੇ ਵੈਰੀ ਦੀ ਇਕ ਬਾਹੀ ਚੀਰ ਕੇ ਮਾਲਵੇ ਨੂੰ ਨਿਕਲ ਗਏ।

**ਰਾਮ ਗੜ੍ਹ ਨੂੰ ਘੇਰਾ**

ਸਿੰਘ ਦੁਆਬੇ ਤੇ ਮਾਲਵੇ ਵਿਚ ਲੁੱਟ ਮਾਰ ਕਰਦੇ ਹੋਏ ਆਨੰਦਪੁਰ ਨੂੰ ਜਾ ਰਹੇ ਸਨ। ਉਹਨਾਂ ਦਾ ਡੇਰਾ ਪਿੰਡ ਸੰਘੋਲੇ ਵਿਚ ਸੀ, ਜਾਂ ਸਦੀਕ ਬੇਗ ਬੜੀ ਭਾਰੀ ਫ਼ੌਜ ਤੇ ਤੋਪਖ਼ਾਨਾ ਲੈ ਕੇ ਜਾ ਪਿਆ। ਏਸ ਹਮਲੇ ਨੇ ਸਿੰਘਾਂ ਦਾ ਬੜਾ ਨੁਕਸਾਨ ਕੀਤਾ। ਉਹ ਡੇਰਾ ਛੱਡ ਕੇ ਆਨੰਦਪੁਰ ਨੂੰ ਭੱਜ ਉਠੇ। ਸਦੀਕ ਬੇਗ ਤੋਪਖ਼ਾਨਾ ਪਿਛੇ ਛੱਡ ਕੇ ਸਿੱਖਾਂ ਦੇ ਮਗਰ ਪਿਆ।

**ਸੰਘੋਲੇ ਦੀ ਲੜਾਈ**

ਵੈਰੀ ਆਪਣੇ ਤੋਪਖ਼ਾਨੇ ਤੋਂ ਚਾਰ ਪੰਜ ਮੀਲ ਦੂਰ (ਰੋਪੜ ਕੋਲ ?) ਚਲਾ ਗਿਆ, ਤਾਂ ਸਿੰਘਾਂ ਨੇ ਇਕੋ ਵਾਰ ਪਿਛੇ ਮੁੜ ਕੇ ਵੈਰੀ ਉੱਤੇ ਹਮਲਾ ਕਰ ਦਿੱਤਾ। ਸਿੰਘਾਂ ਦੇ ਦਿਲ ਵਿਚ ਪਿਛਲੀ ਹਾਰ ਦੀ ਬੜੀ ਖਾਰ ਸੀ। ਉਹ ਇਸ ਦਲੇਰੀ ਨਾਲ ਲੜੇ, ਕਿ ਵੈਰੀ ਨੂੰ ਜਾਨ ਬਚਾਉਣ ਵਾਸਤੇ ਪਿੜ ਛੱਡ ਕੇ ਨੱਸਣਾ ਪਿਆ†। ਸਦੀਕ ਬੇਗ ਭੱਜ ਕੇ ਸਰਹਿੰਦ ਜਾ ਵੜਿਆ। ਸਿੰਘਾਂ ਨੇ ਉਹਦਾ ਡੇਰਾ ਲੁੱਟ ਲਿਆ। ਏਥੋਂ ਤਰਨਾ ਦਲ ਨੇ ਆਨੰਦਪੁਰ ਹੋਲਾ ਮਹੱਲਾ ਜਾ ਕੀਤਾ ਤੇ ਬੁੱਢਾ ਦਲ ਡਰੋਲੀ ਆ ਬੈਠਾ।

**ਰੋਪੜ ਦੀ ਲੜਾਈ ਵਿਚ ਸਦੀਕ ਬੇਗ ਹਾਰ ਗਿਆ**

---

†ਭੰਗੂ, ਪੰਨੇ ੩੩੩-੩੪; ਪੰਥ ਪ੍ਰਕਾਸ਼, ਪੰਨਾ ੭੩੪।

ਥਾਂ-ਥਾਂ ਅਦੀਨਾ ਬੇਗ ਦੇ ਅਫ਼ਸਰ ਸਿੱਖਾਂ ਨੂੰ ਤੰਗ ਕਰਨ ਲੱਗੇ। ਪਰ ਇਹ ਤੰਗੀ ਛੇਤੀ ਹੀ ਕੱਟੀ ਗਈ। ਬਟਾਲੇ ਵਿਚ ਬੀਮਾਰ ਹੋ ਕੇ ਅਦੀਨਾ ਬੇਗ ੧੫ ਸਤੰਬਰ, ੧੭੫੮ ਈ. ਨੂੰ ਮਰ ਗਿਆ। ਉਹਦੀ ਲੋਥ ਜਲੰਧਰ ਖ਼ਾਨਪੁਰ ਵਿਚ ਦਫ਼ਨਾਈ ਗਈ।

ਅਦੀਨਾ ਬੇਗ ਮਰਿਆ

੩੦ ਅਕਤੂਬਰ, ੧੭੫੮ ਈ. ਨੂੰ ਦੀਵਾਲੀ ਸੀ। ਸਿੰਘ ਅੰਮ੍ਰਿਤਸਰ ਕੱਠੇ ਹੋਏ। ਸਭ ਸਰਦਾਰਾਂ ਨੇ ਗੁਰਮਤਾ ਕੀਤਾ, ਕਿ ਥਾਂ-ਥਾਂ ਮੁਲਕ ਉੱਤੇ ਕਬਜ਼ਾ ਕੀਤਾ ਜਾਵੇ। ਅਦੀਨਾ ਬੇਗ ਦੇ ਮਰ ਜਾਣ ਕਰਕੇ ਦੁਆਬਾ ਜਲੰਧਰ ਖ਼ਾਲੀ ਪਿਆ ਸੀ। ਦਲ ਖ਼ਾਲਸਾ ਉਸ ਇਲਾਕੇ ਵਿਚ ਜਾ ਵੜਿਆ। ਅੱਗੋਂ ਅਦੀਨਾ ਬੇਗ ਦਾ ਪੁੱਤਰ ਹਸਨ ਬੇਗ ਤੇ ਦੀਵਾਨ ਬਿਸ਼ੰਬਰ ਦਾਸ ਫ਼ੌਜ ਲੈ ਕੇ ਟਾਕਰੇ 'ਤੇ ਆਏ।

ਉੜਮੁੜ ਟਾਂਡਾ ਦੀ ਲੜਾਈ
ਬਿਸ਼ੰਬਰ ਕਤਲ

ਉੜਮੁੜ ਟਾਂਡਾ ਕੋਲ ਬੜੀ ਭਾਰੀ ਲੜਾਈ ਹੋਈ। ਬਿਸ਼ੰਬਰ ਦਾਸ ਗੋਲੀ ਨਾਲ ਮਾਰਿਆ ਗਿਆ। ਉਸ ਦਾ ਸਿਰ ਵਢ ਕੇ ਸ: ਕਰੋੜਾ ਸਿੰਘ ਨੇ ਨਵਾਬ ਕਪੂਰ ਸਿੰਘ ਅੱਗੇ ਜਾ ਰੱਖਿਆ†। ਬਿਸ਼ੰਬਰ ਦਾਸ ਦੀ ਫ਼ੌਜ ਮੈਦਾਨ ਵਿਚੋਂ ਹਾਰ ਕੇ ਨੱਸ ਗਈ। ਸਿੰਘਾਂ ਨੇ ਸਾਰੇ ਦੁਆਬੇ ਉੱਤੇ ਕਬਜ਼ਾ ਕਰ ਲਿਆ। ਸਾਰਾ ਇਲਾਕਾ ਸਿੱਖ ਸਰਦਾਰਾਂ ਨੇ ਆਪਸ ਵਿਚ ਵੰਡ ਲਿਆ।

ਸਿੰਘਾਂ ਨੇ ਦੁਆਬਾ ਮੱਲ ਲਿਆ

ਸਿੰਘ ਮਾਝੇ ਵਿਚ

ਸਿੰਘਾਂ ਦੇ ਇਕ ਜੱਥੇ ਨੇ ਰਿਆੜਕੀ ਤੇ ਮਾਝੇ ਉੱਤੇ ਕਬਜ਼ਾ ਕਰ ਲਿਆ। ਲਾਹੌਰ ਦਾ ਹਾਕਮ ਖ਼ਵਾਜਾ ਮਿਰਜ਼ਾ ਸ਼ਹਿਰ ਵਿਚ ਸੀ ਤੇ ਉਦਾਲਾ ਸਾਰਾ ਸਿੰਘਾਂ ਨੇ ਲੁੱਟ ਲਿਆ ਜਾਂ ਮੱਲ ਲਿਆ ਸੀ। ਜਿਹੜੇ ਇਲਾਕੇ ਜਾਂ ਪਿੰਡ ਸਿੰਘਾਂ ਦੀ ਈਨ ਮੰਨ ਲੈਂਦੇ ਸਨ, ਉਹਨਾਂ ਨਾਲ ਸਿੰਘ ਸਰਦਾਰ ਬੜਾ ਚੰਗਾ ਵਰਤਾਉ ਕਰਦੇ ਤੇ ਜਿਹੜੇ ਅੱਗੋਂ ਆਕੜਦੇ, ਉਹਨਾਂ ਨੂੰ ਸੋਧਦੇ ਵੀ ਬੜੀ ਚੰਗੀ ਤਰ੍ਹਾਂ।

ਹਿੰਦੁਸਤਾਨ ਵਿਚ ਉਸ ਵੇਲੇ ਮਰਹੱਟਿਆਂ ਦੀ ਗੁੱਡੀ ਸਿਖਰ 'ਤੇ ਚੜ੍ਹੀ ਹੋਈ ਸੀ। ਉਹਨਾਂ ਦਾ ਥਾਪਿਆ ਲਾਹੌਰ ਦਾ ਹਾਕਮ ਅਦੀਨਾ ਬੇਗ ਮਰ ਗਿਆ,

---

†ਪੰਥ, ਪ੍ਰਕਾਸ਼, ਪੰਨਾ ੭੫੧।

ਮਰਹੱਟੇ ਫਿਰ ਪੰਜਾਬ ਵਿਚ

ਤਾਂ ਉਹ ਨਵੇਂ ਸਿਰਿਓਂ ਪੰਜਾਬ ਉੱਤੇ ਕਬਜ਼ਾ ਕਰਨ ਵਾਸਤੇ ਵਧੇ। ਪੇਸ਼ਵਾ ਦਾ ਭੇਜਿਆ ਹੋਇਆ ਦੱਤਾ ਜੀ ਸਿੰਧੀਆ ਮਾਛੀਵਾੜੇ ਆ ਬੈਠਾ। ਉਸ ਦੇ ਹੁਕਮ ਨਾਲ ਸੰਭਾ ਜੀ ਸਿੰਧੀਆ ਨੇ ਲਾਹੌਰ ਉਤੇ ਕਬਜ਼ਾ ਕਰ ਲਿਆ। ਮਰਹੱਟਾ ਫ਼ੌਜਾਂ—ਸਣੇ ਮੁਲਤਾਨ—ਸਾਰੇ ਪੰਜਾਬ ਵਿਚ ਖਿੱਲਰ ਗਈਆਂ। ਉਹਨਾਂ ਮਿਰਜ਼ਾ ਅਹਿਮਦ ਖ਼ਾਂ ਨੂੰ ਲਾਹੌਰ ਦਾ ਸੂਬੇਦਾਰ ਬਣਾਇਆ ਤੇ ਸਾਲੇਹ ਖ਼ਾਂ ਨੂੰ ਮੁਲਤਾਨ ਦਾ। ਪੰਜਾਬ ਦਾ ਇਹ ਪਰਬੰਧ ਕਰ ਕੇ ਤੇ ਸੰਭਾ ਜੀ ਨੂੰ ਏਥੇ ਛੱਡ ਕੇ ਦੱਤਾ ਜੀ ਆਪ ਦਿੱਲੀ ਨੂੰ ਮੁੜ ਗਿਆ। ਅਮਲੀ ਤੌਰ 'ਤੇ ਦਿੱਲੀ ਉੱਤੇ ਉਸ ਵੇਲੇ ਮਰਹੱਟਿਆਂ ਦਾ ਕਬਜ਼ਾ ਸੀ।

ਅਹਿਮਦ ਖ਼ਾਂ ਸੂਬੇਦਾਰ ਲਾਹੌਰ

ਦਿੱਲੀ ਵਿਚ ਦੋ ਧੜੇ ਸਨ। ਇਕ ਦਾ ਮੋਢੀ ਵਜ਼ੀਰ ਗ਼ਾਜ਼ੀਉੱਦੀਨ ਇਮਾਦੁਲ ਮੁਲਕ ਸੀ ਤੇ ਦੂੱਜੇ ਦਾ ਆਗੂ ਨਜੀਬੁੱਦੌਲਾ ਰੁਹੇਲਾ ਸੈਨਾਪਤੀ। ਮਗਰਲੇ ਨੂੰ ਅਹਿਮਦ ਸ਼ਾਹ ਅਬਦਾਲੀ ਦੀ ਮਦਦ ਹਾਸਲ ਸੀ। ਸੋ ਵਜ਼ੀਰ ਨੇ ਮਰਹੱਟਿਆਂ ਨੂੰ ਮਦਦ ਵਾਸਤੇ ਬੁਲਾ ਲਿਆ। ਮਰਹੱਟੇ ਦਿੱਲੀ ਵਿਚ ਆ ਗਏ, ਤਾਂ ਨਜੀਬੁੱਦੌਲਾ ਨੱਸ ਕੇ ਸ਼ੁਕਰਤਾਲ ਜਾ ਵੜਿਆ। ਮਰਹੱਟਾ ਫ਼ੌਜ ਨੇ ਉਸ ਨੂੰ ਸ਼ੁਕਰਤਾਲ ਵਿਚ ਘੇਰ ਲਿਆ। ਓਥੋਂ ਨਜੀਬੁੱਦੌਲਾ ਨੇ ਅਬਦਾਲੀ ਨੂੰ ਮਦਦ ਵਾਸਤੇ ਚਿੱਠੀ ਲਿਖੀ। ਦਿੱਲੀ ਤੋਂ ਬਾਦਸ਼ਾਹ ਆਲਮਗੀਰ ਸਾਨੀ (ਦੂੱਜਾ) ਨੇ ਵੀ ਅਬਦਾਲੀ ਨੂੰ ਲਿਖਿਆ, ਕਿ ਜੇ ਸਮੇਂ ਸਿਰ ਆਪ ਨੇ ਸਹਾਇਤਾ ਨਾ ਕੀਤੀ, ਤਾਂ ਮੈਨੂੰ ਵਜ਼ੀਰ ਕਤਲ ਕਰ ਦੇਵੇਗਾ।

ਮਰਹੱਟੇ ਦਿੱਲੀ ਵਿਚ

ਅਬਦਾਲੀ ਨੂੰ ਸੱਦਾ

ਸ਼ਹਿਜ਼ਾਦਾ ਤੈਮੂਰ ਨੂੰ ਮਰਹੱਟਿਆਂ ਨੇ ਪੰਜਾਬ ਵਿਚੋਂ ਕੱਢ ਦਿੱਤਾ ਸੀ। ਏਸ ਗੱਲ ਦਾ ਅਬਦਾਲੀ ਨੂੰ ਬੜਾ ਗ਼ੁੱਸਾ ਸੀ। ਉਹਨੇ ਆਪਣੇ ਜਰਨੈਲ ਜਹਾਨ ਖ਼ਾਂ ਨੂੰ ਫ਼ੌਜ ਦੇ ਕੇ ਭੇਜਿਆ ਸੀ, ਪਰ ਉਹ ਮਰਹੱਟਿਆਂ ਤੇ ਸਿੱਖਾਂ ਤੋਂ ਹਾਰ ਕੇ ਮੁੜ ਗਿਆ ਸੀ। ਸੋ ਗ਼ੁੱਸਾ ਖਾ ਕੇ ਅਹਿਮਦ ਸ਼ਾਹ ਅਬਦਾਲੀ ਆਪ ਸੱਠ ਹਜ਼ਾਰ ਫ਼ੌਜ ਲੈ ਕੇ ਚੜ੍ਹਿਆ। ਮਰਹੱਟੇ ਜਰਨੈਲ ਉਸਦੇ ਪਹੁੰਚਣ ਤੋਂ ਪਹਿਲਾਂ ਹੀ ਪੰਜਾਬ ਛੱਡ ਕੇ

ਅਬਦਾਲੀ ਦਾ ਪੰਜਵਾਂ ਹਮਲਾ

---

†ਸਿੱਖ ਇਤਿਹਾਸ, ਗੁਪਤਾ, ਹਿੱਸਾ ਦੂੱਜਾ, ਪੰਨਾ ੧੨੮।

**ਅਬਦਾਲੀ ਲਾਹੌਰ ਪੁੱਜਾ**

**ਕਰੀਮਦਾਦ ਖ਼ਾਂ ਸੂਬੇਦਾਰ**

ਦਿੱਲੀ ਨੂੰ ਚਲੇ ਗਏ। ਖ਼ਾਲੀ ਲਾਹੌਰ ਉੱਤੇ ਅਬਦਾਲੀ ਨੇ ਅਕਤੂਬਰ (੧੭੫੯ ਈ.) ਵਿਚ ਕਬਜ਼ਾ ਆ ਕੀਤਾ। ਲਾਹੌਰ ਦਾ ਸੂਬੇਦਾਰ ਉਸਨੇ ਆਪਣੇ ਵਜ਼ੀਰ ਸ਼ਾਹਵਲੀ ਖ਼ਾਂ ਦੇ ਭਤੀਜੇ ਕਰੀਮਦਾਦ ਖ਼ਾਂ ਨੂੰ ਬਣਾਇਆ। ਜਲੰਧਰ ਦੀ ਫ਼ੌਜਦਾਰੀ ਰਾਜਾ ਘੁਮੰਡ ਚੰਦ ਕਾਂਗੜੇ ਵਾਲੇ ਦੇ ਹਵਾਲੇ ਕੀਤੀ ਗਈ।

**ਦਿੱਲੀ ਦਾ ਬਾਦਸ਼ਾਹ ਕਤਲ**

**ਤਰਾਵੜੀ ਦੀ ਲੜਾਈ**

ਪੰਜਾਬ ਦਾ ਇਹ ਪਰਬੰਧ ਕਰ ਕੇ ਅਬਦਾਲੀ ਦਿੱਲੀ ਵੱਲ ਤੁਰਿਆ ਤੇ ੨੭ ਨਵੰਬਰ ਨੂੰ ਸਰਹਿੰਦ ਜਾ ਪੁੱਜਾ। ਏਸੇ ਵੇਲੇ ਦਿੱਲੀ ਦੇ ਵਜ਼ੀਰ ਗ਼ਾਜ਼ੀਉੱਦੀਨ ਨੇ ਬਾਦਸ਼ਾਹ ਆਲਮਗੀਰ (੨੯ ਨਵੰਬਰ) ਤੇ ਇੰਤਜ਼ਾਮੁੱਦੌਲਾ (੩੦ ਨਵੰਬਰ)—ਦੋਹਾਂ—ਨੂੰ ਕਤਲ ਕਰ ਦਿੱਤਾ। ਤਖ਼ਤ ਉੱਤੇ ਸ਼ਾਹੀ ਘਰਾਣੇ ਦੇ ਇਕ ਸ਼ਹਿਜ਼ਾਦੇ ਨੂੰ ਬਿਠਾ ਦਿੱਤਾ। ਨਜੀਬੁੱਦੌਲਾ ਦਾ ਪਿੱਛਾ ਛੱਡ ਕੇ ਦੱਤਾ ਜੀ ਅਬਦਾਲੀ ਵੱਲ ਵਧਿਆ। ੨੪ ਦਸੰਬਰ ਨੂੰ ਅਬਦਾਲੀ ਤਰਾਵੜੀ ਜਾ ਪੁੱਜਾ। ਏਥੇ ਮਰਹੱਟਿਆਂ ਨਾਲ ਉਸ ਦੀ ਪਹਿਲੀ ਮੁਠਭੇੜ ਹੋਈ। ਲਗਭਗ ਚਾਰ ਸੌ ਮਰਹੱਟੇ ਮਾਰੇ ਗਏ ਤੇ ਬਾਕੀ ਹਾਰ ਕੇ ਪਿਛੇ ਹਟ ਗਏ।

**ਅਬਦਾਲੀ ਜਮਨਾ ਤੋਂ ਪਾਰ**

**ਬਰਾਰੀਘਾਟ ਦੀ ਲੜਾਈ**

**ਸਕੰਦਰਾਬਾਦ ਦੀ ਲੜਾਈ**

ਅਬਦਾਲੀ ਜਮਨਾ ਤੋਂ ਪਾਰ ਹੋਇਆ, ਤਾਂ ਸਹਾਰਨਪੁਰ ਉਸ ਨੂੰ ਨਜੀਬੁੱਦੌਲਾ ਵੀ ਆ ਮਿਲਿਆ। ਫਿਰ ਸਹਿਜ-ਸਹਿਜ ਹਾਫ਼ਿਜ਼ ਰਹਿਮਤ ਖ਼ਾਂ, ਦੂੰਦੇ ਖ਼ਾਂ, ਸੈਦੁੱਲਾ ਖ਼ਾਂ, ਆਦਿ ਸਰਦਾਰ ਅਬਦਾਲੀ ਨਾਲ ਆ ਮਿਲੇ। ੯ ਜਨਵਰੀ, ੧੭੬੦ ਈ. ਦਿੱਲੀ ਦੇ ਨੇੜੇ ਜਮਨਾ ਦੇ ਬਰਾਰੀ ਘਾਟ ਉਤੇ ਦੁਰਾਨੀਆਂ ਤੇ ਮਰਹੱਟਿਆਂ ਵਿਚ ਫੇਰ ਲੜਾਈ ਹੋਈ, ਜਿਸ ਵਿਚ ਦੱਤਾ ਜੀ ਮਾਰਿਆ ਗਿਆ ਤੇ ਉਸਦਾ ਭਤੀਜਾ ਜਨਕੋਜੀ ਜ਼ਖ਼ਮੀ ਹੋਇਆ। ੧੪ ਮਾਰਚ, ੧੭੬੦ ਈ. ਨੂੰ ਸਕੰਦਰਾਬਾਦ ਕੋਲ ਮਲਹਾਰ ਰਾਉ ਦੁਰਾਨੀਆਂ ਨਾਲ ਲੜ ਕੇ ਹਾਰ ਗਿਆ।

ਏਥੋਂ ਅਬਦਾਲੀ ਅਲੀਗੜ੍ਹ ਜਾ ਬੈਠਾ ਤੇ ਲੱਗਾ ਮੁਸਲਮ ਹਾਕਮਾਂ ਨੂੰ ਆਪਣੇ ਨਾਲ ਮਿਲਾਕੇ ਆਪਣੀ ਤਾਕਤ ਵਧਾਉਣ। ਏਥੇ ਉਸਨੂੰ ਲਖਨਊ

ਦਾ ਹਾਕਮ ਸ਼ੁਜਾਅਉੱਦੌਲਾ ਚਾਲੀ ਹਜ਼ਾਰ ਫ਼ੌਜ ਸਣੇ ਆ ਮਿਲਿਆ। ਉਧਰ

**ਮਰਹੱਟਾ ਭਾਊ ਦਿੱਲੀ ਵਿਚ**

ਪੇਸ਼ਵਾ ਦਾ ਭਰਾ 'ਸਦਾ ਸ਼ਿਵ ਭਾਊ' ਬੜੀ ਭਾਰੀ ਮਰਹੱਟਾ ਫ਼ੌਜ ਲੈ ਕੇ ਆ ਗਿਆ। ੨੨ ਜੁਲਾਈ ਨੂੰ ਉਹਨੇ ਸ਼ਹਿਰ ਦਿੱਲੀ ਉੱਤੇ ਕਬਜ਼ਾ ਕਰ ਲਿਆ ਤੇ ਦੋ ਅਗਸਤ ਨੂੰ ਦਿੱਲੀ ਦਾ ਕਿਲ੍ਹਾ ਮੱਲ ਲਿਆ। ੧੭ ਅਕਤੂਬਰ ਨੂੰ ਭਾਊ ਨੇ ਕੁੰਜਪੁਰਾ ਮੱਲ ਲਿਆ ਤੇ ਅਬਦੁੱਸਮੱਦ ਖ਼ਾਂ ਤੇ ਨਜਾਬਤ ਖ਼ਾਂ ਕਤਲ ਕਰ ਦਿੱਤੇ।

ਯੂ. ਪੀ. ਤੇ ਪੰਜਾਬ ਦੇ ਸਾਰੇ ਮੁਸਲਮਾਨ ਫ਼ੌਜਦਾਰਾਂ ਨੂੰ ਨਾਲ ਲੈ ਕੇ ਅਬਦਾਲੀ ੨੩ ਅਕਤੂਬਰ ਨੂੰ ਜਮਨਾ ਟੱਪ ਕੇ ੨੪ ਨੂੰ ਪਾਨੀਪਤ ਆ ਬੈਠਾ।

**ਪਾਨੀਪਤ ਦੀ ਤਿੱਜੀ ਲੜਾਈ**

ਮਰਹੱਟਾ ਜਰਨੈਲ ਭਾਊ ਵੀ ਪਾਨੀਪਤ ਦੀ ਦੂਸਰੀ ਬਾਹੀ ਆ ਬੈਠਾ। ਦੋਹਾਂ ਦਲਾਂ ਦੀ ਗਿਣਤੀ ਬਰਾਬਰ (ਸੱਤ ਲਖ ਦੇ ਲਗਭਗ) ਸੀ। ਤਿੰਨ ਮਹੀਨੇ ਦੋਵੇਂ ਫ਼ੌਜਾਂ ਆਮ੍ਹੋ-ਸਾਮ੍ਹਣੇ ਬੈਠੀਆਂ ਰਹੀਆਂ। ਆਏ ਦਿਨ ਛੋਟੀਆਂ-ਛੋਟੀਆਂ ਝੜਪਾਂ ਹੁੰਦੀਆਂ ਰਹੀਆਂ। ਅੰਤ ੧੪ ਜਨਵਰੀ, ੧੭੬੧ ਈ. ਨੂੰ ਪਾਨੀਪਤ ਦੀ ਪਰਸਿੱਧ ਤਿੱਜੀ ਲੜਾਈ ਹੋਈ, ਜਿਸ ਵਿਚ ਮਰਹੱਟੇ ਹਾਰ ਗਏ। ਮਰਹੱਟਿਆਂ ਦਾ ਸੈਨਾਪਤੀ ਸਦਾਸ਼ਿਵ ਭਾਊ, ਜਨਕੋਰਾਉ, ਅੰਤਾਜੀ ਮਾਨਕੇਸਵਰ ਆਦਿ ਕਈ ਨਾਮਵਰ ਜਰਨੈਲ ਮਾਰੇ ਗਏ। ਪੇਸ਼ਵਾ ਦਾ ਪੁੱਤਰ ਵਿਸ਼ਵਾਸ ਰਾਓ ਜ਼ਖ਼ਮੀ ਹੋਇਆ। ਸੱਠ-ਸੱਤਰ ਹਜ਼ਾਰ ਮਰਹੱਟੇ ਕਤਲ ਹੋ ਗਏ। ਕਈਆਂ ਨੇ ਮਰਨ ਵਾਲਿਆਂ ਦੀ ਗਿਣਤੀ ਇਕ ਲੱਖ ਤਕ ਲਿਖੀ ਹੈ। ਏਸੇ ਗ਼ਮ ਨਾਲ ਮਰਹੱਟਾ ਪੇਸ਼ਵਾ ਛੇ ਮਹੀਨੇ ਬੀਮਾਰ ਰਹਿ ਕੇ ਮਰ ਗਿਆ। ਮਰਹੱਟਿਆਂ ਉੱਤੇ ਇਹ ਅਜੇਹੀ ਸੱਟ ਸੀ, ਜਿਸ ਪਿਛੋਂ ਉਹ ਫਿਰ ਉਸ ਤਾਕਤ ਵਿਚ ਨਾ ਆ ਸਕੇ। ਏਸੇ ਲੜਾਈ ਵਿਚੋਂ ੨੨ ਹਜ਼ਾਰ ਮਰਹੱਟਾ ਇਸਤਰੀਆਂ, ਬੱਚੇ ਤੇ ਮਰਦ ਦੁਰਾਨੀਆਂ ਕੈਦ ਕਰ ਲਏ। ਕਰੋੜਾਂ ਰੁਪਏ ਦਾ ਮਾਲ ਅਬਦਾਲੀ ਦੇ ਕਾਬੂ ਆਇਆ।

**ਅਬਦਾਲੀ ਦਿੱਲੀ ਵਿਚ**

੨੯ ਜਨਵਰੀ ਨੂੰ ਅਬਦਾਲੀ ਦਿੱਲੀ ਵਿਚ ਦਾਖ਼ਲ ਹੋਇਆ ਤੇ ੨੧ ਮਾਰਚ ਤਕ ਸ਼ਹਿਰ ਤੇ ਇਲਾਕਾ ਦਿਲ ਖੋਲ੍ਹ ਕੇ ਲੁੱਟਿਆ। ੨੨ ਮਾਰਚ, ੧੭੬੧ ਈ. ਨੂੰ ਉਹ ਦਿੱਲੀ ਤੋਂ ਕਾਬਲ ਨੂੰ ਰਵਾਨਾ ਹੋਇਆ।

ਦਿੱਲੀ ਨੂੰ ਜਾਂਦਾ ਹੋਇਆ ਅਬਦਾਲੀ ਲਾਹੌਰ ਦਾ ਸੂਬੇਦਾਰ ਕਰੀਮਦਾਦ

ਖ਼ਾਂ ਨੂੰ ਬਣਾ ਗਿਆ ਸੀ। ਉਹ ਨਵੰਬਰ, ੧੭੫੯ ਤੋਂ ਮਾਰਚ, ੧੭੬੦ ਤਕ ਲਾਹੌਰ ਵਿਚ ਰਿਹਾ। ਮਾਰਚ ਵਿਚ ਅਬਦਾਲੀ ਨੇ ਕਰੀਮਦਾਦ ਖ਼ਾਂ ਤੇ ਜ਼ੈਨ ਖ਼ਾਂ (ਸਰਹਿੰਦ) ਨੂੰ ਆਪਣੇ ਕੋਲ ਬੁਲਾ ਲਿਆ। ਸੋ ਪੰਜਾਬ ਦੀ ਸੂਬੇਦਾਰੀ ਸਰਬੁਲੰਦ ਖ਼ਾਂ ਨੂੰ ਦਿੱਤੀ ਗਈ। ਉਹ ਏਨਾ ਦਲੇਰ ਸੀ ਕਿ ਸਿੱਖਾਂ ਤੋਂ ਡਰਦਾ ਜਲੰਧਰ ਹੀ ਬਹਿ ਰਿਹਾ, ਲਾਹੌਰ ਪਹੁੰਚਣ ਦਾ ਹੌਂਸਲਾ ਹੀ ਨਾ ਕੀਤਾ। ਉਹਨੇ ਆਪਣੇ ਵੱਲੋਂ ਸਆਦਤਯਾਰ ਖ਼ਾਂ ਨੂੰ ਨਾਇਬ ਸੂਬੇਦਾਰ ਬਣਾ ਕੇ ਲਾਹੌਰ ਭੇਜ ਦਿੱਤਾ। ਏਸੇ ਸਮੇਂ ਰੁਸਤਮ ਖ਼ਾਂ ਨੂੰ ਚਾਰ ਮੁਹਾਲ (ਸਿਆਲਕੋਟ) ਦਾ ਤੇ ਸਮੱਦ ਖ਼ਾਂ ਨੂੰ ਸਰਹਿੰਦ ਦਾ ਫ਼ੌਜਦਾਰ ਬਣਾਇਆ ਗਿਆ।

**ਸਆਦਤਯਾਰ ਖ਼ਾਂ ਸੂਬੇਦਾਰ ਲਾਹੌਰ**

ਏਸ ਸਮੇਂ ਸਿੰਘਾਂ ਨੇ ਆਪੋ ਆਪਣੇ ਇਲਾਕੇ ਫੇਰ ਮੱਲ ਲਏ ਤੇ ਇਲਾਕਿਆਂ ਵਿਚ ਥਾਂ ਥਾਂ ਕਿਲ੍ਹੇ ਬਣਾ ਲਏ†। ਸ: ਚੜ੍ਹਤ ਸਿੰਘ ਨੇ ਗੁਜਰਾਂਵਾਲੇ ਵਿੱਚ ਕਿਲ੍ਹਾ ਬਣਾ ਲਿਆ ਤੇ ਟਾਕਰੇ ਲਈ ਉਸਨੂੰ ਚੰਗੀ ਤਰ੍ਹਾਂ ਪੱਕਾ ਕਰ ਲਿਆ। ਇਲਾਕਿਆਂ ਦੇ ਇਲਾਕੇ ਸਿੱਖਾਂ ਦੇ ਕਬਜ਼ੇ ਵਿਚ ਚਲੇ ਗਏ। ਪਿੰਡਾਂ ਦੇ ਜ਼ਿਮੀਂਦਾਰ ਬਹੁਤੇ ਆਪ ਸਿੱਖ ਬਣ ਗਏ ਤੇ ਰਹਿੰਦਿਆਂ ਨੇ ਸਿੱਖਾਂ ਦੀ ਈਨ ਮੰਨ ਲਈ। ਪਠਾਣਾਂ ਦਾ ਰਾਜ ਕੇਵਲ ਸ਼ਹਿਰਾਂ ਦੀਆਂ ਕੰਧਾਂ ਦੇ ਅੰਦਰ-ਅੰਦਰ ਹੀ ਰਹਿ ਗਿਆ ਸੀ। ਬਾਹਰ ਪਿੰਡਾਂ ਵਿਚ ਸਾਰੇ ਸਿੱਖਾਂ ਦਾ ਰਾਜ ਕਾਇਮ ਹੋ ਗਿਆ ਸੀ। ਕੋਈ ਹਾਕਮ ਦਲੇਰੀ ਕਰਕੇ ਸ਼ਹਿਰੋਂ ਬਾਹਰ ਨਿਕਲਦਾ ਵੀ, ਤਾਂ ਉਸ ਨੂੰ ਆਪਣੀ ਭੁੱਲ ਉਤੇ ਜ਼ਰੂਰ ਪਛਤਾਉਣਾ ਪੈਂਦਾ। ਸਿਆਲਕੋਟ ਦੇ ਫ਼ੌਜਦਾਰ ਰੁਸਤਮ ਖ਼ਾਂ ਨੇ ਅਜੇਹੀ ਭੁੱਲ ਕੀਤੀ। ਅਕਤੂਬਰ, ੧੭੬੦ ਈ. ਵਿਚ ਉਹ ਫ਼ੌਜ ਲੈ ਕੇ ਸਿੱਖਾਂ ਦੇ ਮਗਰ ਪਿਆ। ਲੜਾਈ ਵਿਚ ਉਹਦੀ ਫ਼ੌਜ ਹਾਰ ਗਈ ਤੇ ਉਹ ਸਿੱਖਾਂ ਦੇ ਕਾਬੂ ਆ ਗਿਆ। ਅੰਤ ਉਹਨੇ ਨਜ਼ਰਾਨਾ ਦੇ ਕੇ ਸਿੱਖਾਂ ਤੋਂ ਰਿਹਾਈ ਪਾਈ।

**ਰੁਸਤਮ ਖ਼ਾਂ ਸਿੱਖਾਂ ਦੇ ਕਾਬੂ**

ਸਾਰਾ ਉਦਾਲਾ ਮੱਲ ਕੇ ਸਿੱਖ ਲਾਹੌਰ ਦੇ ਨੇੜੇ ਆ ਢੁਕੇ। ਉਹਨਾਂ ਸ਼ਹਿਰ ਦੀਆਂ ਕੰਧਾਂ ਤਕ ਛਾਪੇ ਮਾਰ-ਮਾਰ ਕੇ ਸੂਬੇਦਾਰ ਦਾ ਨੱਕ ਦਮ ਕਰ ਦਿੱਤਾ। ਬਾਹਰ ਨਿਕਲ ਕੇ ਸਿੱਖਾਂ ਦਾ ਟਾਕਰਾ ਕਰਨ ਦੀ ਸਆਦਤਯਾਰ ਖ਼ਾਂ ਵਿਚ ਹਿੰਮਤ ਨਹੀਂ ਸੀ। ਸੋ, ਉਹਨੇ ਤੰਗ ਆ ਕੇ ਲਾਹੌਰ ਦੀ ਹਕੂਮਤ ਵੱਲੋਂ

---

†ਕਨਿੰਘਮ, ਪੰਨਾ ੧੦੦।

ਆਪਣਾ ਤਿਆਗ-ਪੱਤਰ (ਇਸਤੀਫ਼ਾ) ਸਰ ਬੁਲੰਦ ਖ਼ਾਂ ਦੀ ਸੇਵਾ ਵਿਚ ਭੇਜ ਦਿੱਤਾ।

**ਦੀਵਾਨ ਸੂਰਤ ਸਿੰਘ ਸੂਬੇਦਾਰ ਲਾਹੌਰ**

ਪਰ ਸਦਕੇ ਆਖੋ ਸਰਬੁਲੰਦ ਖ਼ਾਂ ਦੇ, ਉਹ ਫੇਰ ਵੀ ਜਲੰਧਰੋਂ ਬਾਹਰ ਨਾ ਨਿਕਲਿਆ। ਉਹਨੇ ਓਥੇ ਬੈਠੇ ਹੀ ਲਾਹੌਰ ਦੀ ਹਕੂਮਤ ਦੀਵਾਨ ਸੂਰਤ ਸਿੰਘ (ਹਿੰਦੂ) ਦੇ ਨਾਮ ਲਿਖ ਭੇਜੀ। ਦੀਵਾਨ ਇਹ ਕੰਮ ਸੰਭਾਲਣ ਵਾਸਤੇ ਤਿਆਰ ਨਹੀਂ ਸੀ, ਪਰ ਕੁਛ ਚਿਰ ਵਾਸਤੇ ਬਦੋਬਦੀ ਇਹ ਅਹੁਦਾ ਉਹਦੇ ਮੱਥੇ ਮੜ੍ਹਿਆ ਗਿਆ। ਅੰਤ ਮੀਰ ਮੁਹੰਮਦ ਖ਼ਾਂ ਨੂੰ ਲਾਹੌਰ ਦਾ ਹਾਕਮ ਬਣਾ ਕੇ ਭੇਜਿਆ ਗਿਆ।

**ਮੀਰ ਮੁਹੰਮਦ ਖ਼ਾਂ ਸੂਬੇਦਾਰ ਲਾਹੌਰ**

ਦੀਵਾਲੀ ਉੱਤੇ (ਨਵੰਬਰ, ੧੭੬੦ ਈ.) ਸਿੰਘ ਅੰਮ੍ਰਿਤਸਰ ਕੱਠੇ ਹੋਏ, ਤਾਂ ਉਹਨਾਂ ਲਾਹੌਰ ਉੱਤੇ ਹਮਲਾ ਕਰਨ ਦਾ ਗੁਰਮਤਾ ਕੀਤਾ। ਕੁਛ ਦਿਨਾਂ ਪਿੱਛੋਂ ਹੀ ੧੫ ਹਜ਼ਾਰ ਸਿੰਘਾਂ‡ ਨੇ ਜਾ ਕੇ ਲਾਹੌਰ ਨੂੰ ਘੇਰਾ ਪਾ ਲਿਆ। ਮੀਰ ਮੁਹੰਮਦ ਖ਼ਾਂ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ ਤੇ ਆਪ ਕਿਲ੍ਹੇ ਵਿਚ ਜਾ ਲੁਕਿਆ। ਸਿੰਘਾਂ ਨੇ ਦਰਵਾਜ਼ਿਆਂ ਤੋਂ ਬਾਹਰਲੀਆਂ ਵਸਤੀਆਂ ਲੁੱਟ ਲਈਆਂ। ਸੂਬੇਦਾਰ ਨੇ ਕਿਲ੍ਹਿਓਂ ਬਾਹਰ ਝਾਤੀ ਤਕ ਨਾ ਪਾਈ। ਸਿੰਘਾਂ ਨੇ ਸ਼ਹਿਰ ਦੇ ਦਰਵਾਜ਼ੇ ਤੋੜਨ ਦੀ ਧਮਕੀ ਦਿੱਤੀ; ਤਾਂ ਸੂਬੇਦਾਰ ਨੇ ਸ਼ਹਿਰ ਦੇ ਚੌਧਰੀਆਂ ਹੱਥੀਂ ਤੀਹ ਲੱਖ ਨਜ਼ਰਾਨੇ ਵਜੋਂ ਸਿੰਘਾਂ ਦੀ ਭੇਟਾ ਕਰ ਦਿੱਤਾ। ਨਜ਼ਰਾਨਾ ਲੈ ਕੇ ਸਿੰਘ ਵਾਪਸ ਅੰਮ੍ਰਿਤਸਰ ਆ ਗਏ।

**ਸਿੰਘਾਂ ਨੇ ਲਾਹੌਰ ਨੂੰ ਘੇਰ ਕੇ ਨਜ਼ਰਾਨਾ ਲਿਆ**

ਏਸੇ ਸਮੇਂ ਸਿੰਘਾਂ ਦੇ ਇਕ ਜੱਥੇ ਨੇ ਹਮਲਾ ਕਰਕੇ ਕਲਾਨੌਰ ਲੁੱਟ ਲਿਆ ਤੇ ਓਥੋਂ ਦਾ ਸੱਯਦ ਹਸਨ ਅਲੀ ਕਤਲ ਕਰ ਦਿੱਤਾ। ਇਸ ਵੇਲੇ ਸਿੰਘਾਂ ਦੀ ਤਾਕਤ ਬਹੁਤ ਵਧ ਗਈ ਸੀ। ਅਬਦਾਲੀ ਦਿੱਲੀ ਵਿਚ ਬੈਠਾ ਸੀ ਤੇ ਸਤਲੁਜ ਤੋਂ ਲੈ ਕੇ ਝਨਾਂ ਪਾਰ ਤਕ ਦਾ ਸਾਰਾ ਇਲਾਕਾ ਸਿੰਘਾਂ ਨੇ ਮੱਲਿਆ ਹੋਇਆ ਸੀ।

**ਕਲਾਨੌਰ ਦਾ ਹਸਨ ਅਲੀ ਕਤਲ**

੨੨ ਮਾਰਚ, ੧੭੬੧ ਈ. ਨੂੰ ਅਬਦਾਲੀ ਦਿੱਲੀਓਂ ਤੁਰਕੇ ਸਰਹਿੰਦ ਆ ਬੈਠਾ। ਪਾਨੀਪਤ ਦੀ ਲੜਾਈ ਵਿਚ ਸ: ਆਲਾ ਸਿੰਘ ਪਟਿਆਲਾ ਨੇ ਮਰਹੱਟਿਆਂ ਦੀ ਮਦਦ ਕੀਤੀ। ਸੋ, ਅਬਦਾਲੀ ਨੇ ਉਸਦੇ ਫੜਨ ਵਾਸਤੇ ਬਰਨਾਲੇ

---

‡ਪੰਥ ਪ੍ਰਕਾਸ਼, ਪੰਨਾ ੭੬੧, ਤੀਹ ਹਜ਼ਾਰ ਸਿੰਘ ਲਿਖਦਾ ਹੈ।

**ਆਲਾ ਸਿੰਘ ਨੂੰ ਰਾਜੇ ਦਾ ਖ਼ਿਤਾਬ**

ਵੱਲ ਫ਼ੌਜ ਭੇਜੀ, ਪਰ ਉਹ ਫ਼ੌਜ ਪਹੁੰਚਣ ਤੋਂ ਪਹਿਲਾਂ ਆਪ ਹੀ ਹਾਜ਼ਰ ਹੋ ਗਿਆ। ਅਬਦਾਲੀ ਨੇ ਆਲਾ ਸਿੰਘ ਨੂੰ ਕੈਦ ਕਰ ਲਿਆ। ਉਸਦੀ ਪਰਸਿੱਧ ਰਾਣੀ ਫੱਤੋ ਨੇ ਵਜ਼ੀਰ ਸ਼ਾਹ ਅਲੀ ਖ਼ਾਂ ਰਾਹੀਂ ਤਿੰਨ ਲੱਖ ਨਜ਼ਰਾਨਾ ਅਬਦਾਲੀ ਨੂੰ ਤਾਰ ਦਿੱਤਾ ਤੇ ਆਪਣੇ ਪਤੀ (ਸ: ਆਲਾ ਸਿੰਘ) ਨੂੰ ਛੁਡਾ ਲਿਆ। ਅਬਦਾਲੀ ਨੇ ਖ਼ੁਸ਼ ਹੋ ਕੇ ਸ: ਆਲਾ ਸਿੰਘ ਨੂੰ 'ਰਾਜੇ' ਦਾ ਖ਼ਿਤਾਬ ਦਿਤਾ*।

**ਸਿੰਘਾਂ ਨੇ ਅਬਦਾਲੀ ਦੀ ਫ਼ੌਜ ਲੁੱਟੀ**

ਜ਼ੈਨ ਖ਼ਾਂ ਨੂੰ ਸਰਹਿੰਦ ਦਾ ਸੂਬੇਦਾਰ ਛੱਡ ਕੇ ਅਬਦਾਲੀ ਲਾਹੌਰ ਨੂੰ ਤੁਰਿਆ ਉਹ (ਅਪ੍ਰੈਲ ਵਿਚ) ਸਤਲੁਜ ਟਪਿਆ, ਤਾਂ ਸਿੰਘਾਂ ਵੀ ਦਰਸ਼ਨ ਦਿੱਤੇ। ਸਤਲੁਜ ਦੇ ਕੰਢਿਆਂ ਉਤੋਂ ਹੀ ਸਿੰਘਾਂ ਨੇ ਅਬਦਾਲੀ ਦੀ ਫ਼ੌਜ ਲੁੱਟਣੀ ਸ਼ੁਰੂ ਕਰ ਦਿੱਤੀ। ਦੁਰਾਨੀ ਫ਼ੌਜ ਲੁੱਟ ਦੇ ਮਾਲ ਨਾਲ ਲੱਦੀ ਹੋਈ ਸੀ। ਇਸ ਵਾਸਤੇ ਉਹ ਸਿੰਘਾਂ ਦਾ ਪਿੱਛਾ ਨਹੀਂ ਸੀ ਕਰ ਸਕਦੀ। ਸਿੰਘ ਛੋਟੇ-ਛੋਟੇ ਜੱਥੇ ਬਣਾ ਕੇ ਰਾਤ ਨੂੰ ਚੁਫੇਰਿਓਂ ਛਾਪੇ ਮਾਰਦੇ ਤੇ ਦੁਰਾਨੀਆਂ ਨੂੰ ਲੁਟ ਮਾਰ ਕੇ ਦਿਨੇ ਦੂਰ ਜੰਗਲਾਂ ਵਿਚ ਜਾ ਲੁਕਦੇ। ਇਹ ਖੇਡ ਰੋਜ਼ ਹੁੰਦੀ ਰਹਿੰਦੀ। ਜਦ ਗੋਇੰਦਵਾਲ ਦੇ ਪੱਤਣ ਤੋਂ ਅਬਦਾਲੀ ਬਿਆਸ ਟੱਪਣ ਲੱਗਾ, ਸਿੰਘਾਂ ਨੇ ਹੱਲਾ ਕਰਕੇ ਲੱਖਾਂ ਰੁਪੈ ਦਾ ਮਾਲ ਲੁੱਟਿਆ ਤੇ ਹਜ਼ਾਰਾਂ ਇਸਤਰੀਆਂ ਪੁਰਸ਼ ਦੁਰਾਨੀਆਂ ਦੀ ਕੈਦ 'ਚੋਂ

**ਢੱਕਾਂ ਛੁਡਾਈਆਂ**

ਛੁਡਾ ਲਏ। ਉਹਨਾਂ ਨੂੰ ਪੱਲਿਓਂ ਖ਼ਰਚ ਦੇ ਕੇ ਸਿੰਘਾਂ ਨੇ ਉਹਨਾਂ ਦੇ ਘਰੀਂ ਪੁਚਾ ਦਿੱਤਾ†।

ਲਾਹੌਰ ਪਹੁੰਚ ਕੇ ਅਬਦਾਲੀ ਨੇ ਸਿੰਘਾਂ ਮਗਰ ਫ਼ੌਜ ਚੜ੍ਹਾਈ, ਪਰ ਆਪਣੇ ਕੰਮ ਵਿਚ ਉਸਨੂੰ ਬਹੁਤੀ ਸਫ਼ਲਤਾ ਨਾ ਹੋਈ। ਉਹ ਫ਼ੌਜ ਪਿੰਡਾਂ ਵਿਚੋਂ ਥੋੜ੍ਹੇ ਜਿਹੇ ਸਿੰਘ ਫੜ ਕੇ ਲਿਆਈ, ਜਿੰਨ੍ਹਾਂ ਵਿਚ ਪਿੰਡ ਕਾਹਨੇ ਦਾ

**ਹਾਠੂ ਸਿੰਘ ਦੀ ਸ਼ਹੀਦੀ**

ਸ. ਹਾਠੂ ਸਿੰਘ ਵੀ ਸੀ। ਇਸਲਾਮ ਨਾ ਮੰਨਣ ਉਤੇ ਹਾਠੂ ਸਿੰਘ ਦੀਆਂ ਲੱਤਾਂ ਨੂੰ ਸੰਗਲ ਪਾ ਕੇ ਦੋ ਹਾਥੀਆਂ ਦੇ ਪੈਰਾਂ ਨਾਲ ਬੰਨ੍ਹਕੇ, ਤੇ ਉਹਨਾਂ ਨੂੰ ਵੱਖ-ਵੱਖ ਪਾਸੀਂ ਤੋਰਕੇ ਸਿੰਘ ਨੂੰ ਵਿਚੋਂ ਚੀਰ ਕੇ ਮਰਵਾ ਦਿੱਤਾ‡।

---

*ਪੰਥ ਪ੍ਰਕਾਸ਼, ਪੰਨੇ ੭੩੭-੩੮।
†ਪੰਥ ਪ੍ਰਕਾਸ਼, ਪੰਨੇ ੭੫੯-੬੦।
‡ਭੰਗੂ, ਪੰਨੇ ੩੩੬-੩੭।

ਉਬੇਦ ਖ਼ਾਂ
ਸੂਬੇਦਾਰ ਲਾਹੌਰ

ਤੁਰਨ ਤੋਂ ਪਹਿਲਾਂ ਅਬਦਾਲੀ ਨੇ ਹਾਕਮਾਂ ਦੀ ਵੰਡ ਇਉਂ ਕੀਤੀ : ਉਬੇਦ ਖ਼ਾਂ ਲਾਹੌਰ ਦਾ ਸੂਬੇਦਾਰ, ਸਰਬੁਲੰਦ ਖ਼ਾਂ ਮੁਲਤਾਨ ਦਾ ਸੂਬੇਦਾਰ, ਰਾਜਾ ਘੁਮੰਡ ਚੰਦ ਜਲੰਧਰ ਦਾ ਫ਼ੌਜਦਾਰ ਤੇ ਸਆਦਤ ਖ਼ਾਂ ਤੇ ਸਦੀਕ ਖ਼ਾਂ ਅਫ਼ਰੀਦੀ ਰਾਜੇ ਦੇ ਨਾਇਬ ਬਣਾਏ। ਸਾਰਿਆਂ ਹਾਕਮਾਂ ਨੂੰ ਸਿੱਖਾਂ ਦੀ ਤਬਾਹੀ ਦਾ ਹੁਕਮ ਦੇ ਕੇ ਮਈ (੧੭੬੧) ਵਿਚ ਅਬਦਾਲੀ ਲਾਹੌਰੋਂ ਦੇਸ ਨੂੰ ਤੁਰਿਆ। ਉਹ ਸ਼ਹਿਰੋਂ ਬਾਹਰ ਹੋਇਆ, ਤਾਂ ਸਿੰਘਾਂ ਫੇਰ ਆਪਣਾ ਕੰਮ ਆਰੰਭ ਦਿੱਤਾ।

ਜਿਹਲਮ ਕੰਢੇ ਲੜਾਈ
ਸਿੰਘਾਂ ਢੱਕਾਂ ਛੁਡਾਈਆਂ

ਸਿੰਘ ਡਟਵਾਂ ਹਮਲਾ ਕਰਕੇ ਲੜਨ ਦੀ ਥਾਂ ਛਾਪੇ ਮਾਰਦੇ ਤੇ ਲੁੱਟ ਦਾ ਮਾਲ ਖੋਹ ਕੇ ਨੱਸ ਜਾਂਦੇ। ਜਿਹਲਮ ਕੰਢੇ ਸਿੰਘਾਂ ਨੇ ਬੜਾ ਮਾਰੂ ਹੱਲਾ ਕੀਤਾ। ਇਸ ਲੜਾਈ ਦੇ ਮੋਢੀ ਸ. ਜੱਸਾ ਸਿੰਘ ਆਹਲੂਵਾਲੀਆ ਤੇ ਸ. ਚੜ੍ਹਤ ਸਿੰਘ ਸੁਕਰਚੱਕੀਆ ਸਨ। ਏਥੇ ਦੁਰਾਨੀਆਂ ਦਾ ਬੜਾ ਨੁਕਸਾਨ ਹੋਇਆ। ਸਿੰਘਾਂ ਨੇ ਬਾਕੀ ਢੱਕਾਂ ਵੀ ਦੁਰਾਨੀਆਂ ਤੋਂ ਛੁਡਾ ਲਈਆਂ ਤੇ ਖ਼ਰਚ ਦੇ ਕੇ ਘਰੋ ਘਰੀ ਪੁਚਾ ਦਿੱਤੀਆਂ। ਇਸ ਨੇਕੀ ਬਦਲੇ ਸਿੰਘਾਂ ਦਾ ਜੱਸ ਸਾਰੇ ਦੇਸ ਵਿਚ ਖਿਲਰ ਗਿਆ। ਸਿੰਘਾਂ ਅਜੇ ਵੀ ਅਬਦਾਲੀ ਦਾ ਪਿੱਛਾ ਨਾ ਛੱਡਿਆ। ਉਹ ਉਸ ਨੂੰ ਅਟਕੋਂ ਪਾਰ ਕਰ ਕੇ ਮੁੜੇ।

ਜੂਨ, ੧੭੬੧ ਈ. ਵਿਚ ੪੦ ਹਜ਼ਾਰ ਸਿੰਘ ਅਬਦਾਲੀ ਦਾ ਪਿੱਛਾ ਛੱਡ ਕੇ ਮੁੜੇ, ਤਾਂ ਉਹਨਾਂ ਗੁਜਰਾਤ ਤੇ ਵਜ਼ੀਰਾਬਾਦ ਲੁੱਟ ਲਏ*। ਏਥੋਂ ਉਹ ਸਿਆਲਕੋਟ ਵੱਲ ਵਧੇ। ਓਥੋਂ ਦਾ ਫ਼ੌਜਦਾਰ ਖ਼ਵਾਜਾ ਮਿਰਜ਼ਾ ਖ਼ਾਂ ਟਾਕਰੇ ਵਾਸਤੇ ਆਇਆ, ਜੋ ਪਹਿਲੇ ਹੱਲੇ ਵਿਚ ਹੀ ਮਾਰਿਆ ਗਿਆ। ਸਿੰਘਾਂ ਨੇ ਸ਼ਹਿਰ ਲੁੱਟ ਲਿਆ। ਰਾਵੀ ਟੱਪ ਕੇ ਸਾਰਾ ਜੱਥਾ ਰਿਆੜਕੀ ਵਿਚ ਆ ਵੜਿਆ। ਆਕੀ ਇਲਾਕੇ ਸੋਧੇ ਤੇ ਆਪਣੀ ਰਾਖੀ ਵਿਚ ਆਏ ਹੋਏ ਇਲਾਕੇ ਪੱਕੇ ਕਰ ਕੇ ਉਹ ਦੁਆਬਾ ਜਲੰਧਰ ਵਿਚ ਜਾ ਵੜੇ। ਓਥੋਂ ਦੇ ਹਾਕਮ ਸਆਦਤ ਖ਼ਾਂ ਤੇ ਸਦੀਕ ਖ਼ਾਂ ਅਫਰੀਦੀ ਟਾਕਰੇ ਵਾਸਤੇ ਆਏ, ਪਰ ਹਾਰ ਕੇ ਦੁਆਬਾ ਛਡ ਕੇ ਹੀ ਨੱਸ ਗਏ।

ਖ਼ਵਾਜਾ ਮਿਰਜ਼ਾ
ਕਤਲ

ਜਲੰਧਰ ਦੇ ਹਾਕਮ
ਨੱਸ ਗਏ

---

*ਪੰਥ ਪ੍ਰਕਾਸ਼, ਪਰੰਨਾ ੭੬੨।

ਸਿੰਘਾਂ ਨੂੰ ਪਤਾ ਲੱਗਾ, ਕਿ ਜ਼ੈਨ ਖ਼ਾਂ ਸਰਹਿੰਦ ਵਿਚੋਂ ਬਾਹਰ ਗਿਆ ਹੋਇਆ ਹੈ। ਸ: ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਵਿਚ ਸਿੰਘ ਰਾਤੋ ਰਾਤ ਧਾਈ ਕਰ ਕੇ ਸਰਹਿੰਦ ਜਾ ਵੜੇ। ਉਸ ਵੇਲੇ ਮਲੇਰਕੋਟਲੇ ਵਾਲਾ ਭੀਖਣ ਖ਼ਾਂ ਸਰਹਿੰਦ ਵਿਚ ਸੀ। ਉਹਨੇ ਕਿਲ੍ਹਾ ਤਾਂ ਲੁੱਟੇ ਜਾਣ ਤੋਂ ਬਚਾ ਲਿਆ, ਪਰ ਬਾਕੀ ਦਾ ਸ਼ਹਿਰ ਸਿੰਘਾਂ ਨੇ ਲੁੱਟ ਲਿਆ। ਖ਼ਬਰ ਸੁਣ ਕੇ ਜ਼ੈਨ ਖ਼ਾਂ ਵਾਪਸ ਸਰਹਿੰਦ ਨੂੰ ਮੁੜਿਆ। ਪਰ ਉਹਦੇ ਆਉਣ ਤੋਂ ਪਹਿਲਾਂ ਹੀ ਸਿੰਘ ਦੂਰ ਨਿਕਲ ਗਏ। ਜੱਥੇ ਨਾਲੋਂ ਵਿਛੜੇ ਹੋਏ ਚਾਰ-ਪੰਜ ਸਿੰਘ ਵੈਰੀ ਦੇ ਕਾਬੂ ਆ ਗਏ, ਜੋ ਸਰਹਿੰਦ ਵਿਚ ਕੈਦ ਕਰ ਦਿੱਤੇ ਗਏ।

**ਸਰਹਿੰਦ ਲੁੱਟੀ**

ਜ਼ੈਨ ਖ਼ਾਂ ਦੀ ਬੇਗ਼ਮ ਨੇ ਉਸਨੂੰ ਕਿਹਾ, ਕਿ ਮੈਂ ਸਿੰਘ ਕਦੇ ਨਹੀਂ ਵੇਖੇ। ਉਸਦਾ ਚਾਅ ਪੂਰਾ ਕਰਨ ਬਦਲੇ ਕੈਦੀ ਸਿੰਘਾਂ ਨੂੰ ਸ਼ਸਤਰ ਸਜਾ ਕੇ (ਪੈਰੀਂ ਬੇੜੀਆਂ ਪਾ ਕੇ) ਉਸ ਦੇ ਸਾਮ੍ਹਣੇ ਕੀਤਾ ਗਿਆ। ਸਿੰਘਾਂ ਦੇ ਦਰਸ਼ਨ ਕਰਦਿਆਂ ਹੀ ਬੇਗਮ ਡਰ ਨਾਲ ਬੇਹੋਸ਼ ਹੋ ਕੇ ਡਿਗ ਪਈ*। ਸਰਹਿੰਦੋਂ ਨਿਕਲ ਕੇ ਸਿੰਘਾਂ ਨੇ ਮਲੇਰ ਕੋਟਲਾ ਆ ਲੁੱਟਿਆ। ਏਥੋਂ ਵਿਹਲੇ ਹੋ ਕੇ ਸਿੰਘ ਪੱਟੀ ਵੱਲ ਵਧੇ। ਜਦ ਅਬਦਾਲੀ

**ਜ਼ੈਨ ਖ਼ਾਂ ਦੀ ਬੇਗਮ ਤੇ ਸਿੰਘ**

ਲਾਹੌਰ ਵਿਚ ਸੀ, ਪੱਟੀ ਦੇ ਮੀਰ ਮੁਹੰਮਦ ਨੇ ਪਿੰਡਾਂ ਵਿਚੋਂ ਕੁਛ ਸਿੰਘਣੀਆਂ ਬੰਨ੍ਹ ਲਿਆਂਦੀਆਂ ਸਨ। ਜੇਲ੍ਹ ਵਿਚ ਉਹਨਾਂ ਨੂੰ ਬੜੇ ਕਸ਼ਟ ਦਿੱਤੇ ਗਏ। ਉਹਨਾਂ ਦੀਆਂ ਗੋਦੀਆਂ ਵਿਚੋਂ ਦੁੱਧ ਚੁੰਘਦੇ ਬਾਲ ਕਤਲ ਕੀਤੇ ਗਏ ਤੇ ਬੋਟੀਆਂ ਦੇ ਹਾਰ ਪਰੋ ਕੇ ਮਾਂਵਾਂ ਦੇ ਗਲਾਂ ਵਿਚ ਪਾਏ ਗਏ। ਇਹ ਖ਼ਬਰ ਦਲ ਖ਼ਾਲਸੇ ਵਿਚ ਪੁੱਜੀ, ਤਾਂ ਉਹ ਦਰਿਆ ਟੱਪ ਕੇ ਪੱਟੀ ਉੱਤੇ ਆ ਪਏ। ਮੀਰ ਮੁਹੰਮਦ ਕਤਲ ਕਰ ਕੇ ਸਾੜ ਦਿੱਤਾ ਗਿਆ ਤੇ ਸਿੰਘਣੀਆਂ ਜੇਲ੍ਹ ਵਿਚੋਂ ਕਢ ਕੇ ਘਰੋ ਘਰੀ ਪੁਚਾਈਆਂ ਗਈਆਂ†।

**ਪੱਟੀ ਵਿਚੋਂ ਕੈਦ ਸਿੰਘਣੀਆਂ ਛੁਡਾਈਆਂ**

ਸਿੰਘਾਂ ਨੂੰ ਖ਼ਬਰ ਮਿਲੀ, ਕਿ ਅਬਦਾਲੀ ਦਾ ਭੇਜਿਆ ਹੋਇਆ ਜਰਨੈਲ ਨੂਰੁੱਦੀਨ ਫ਼ੌਜ ਲੈ ਕੇ ਪੰਜਾਬ ਵਿਚ ਆ ਵੜਿਆ ਹੈ। ਸ: ਚੜ੍ਹਤ ਸਿੰਘ ਸੁਕਰਚੱਕੀਏ ਨੇ ਕੁਛ ਹੋਰ ਮਿਸਲਾਂ ਦੇ ਸਰਦਾਰਾਂ ਨੂੰ ਨਾਲ ਲੈ ਕੇ ਨੂਰੁੱਦੀਨ

**ਨੂਰੁੱਦੀਨ ਨੂੰ ਸ਼ਕਸਤ ਦਿੱਤੀ**

---

*ਪੰਥ ਪ੍ਰਕਾਸ਼, ਪੰਨਾ ੭੭੪।

†ਪੰਥ ਪ੍ਰਕਾਸ਼, ਪੰਨੇ ੭੭੪ ਤੋਂ ੭੭੭।

ਨੂੰ ਝਨਾਂ ਕੰਢੇ ਜਾ ਰੋਕਿਆ। ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਨੂਰੁੱਦੀਨ ਹਾਰ ਕੇ ਸਿਆਲਕੋਟ ਜਾ ਵੜਿਆ। ਸ: ਚੜ੍ਹਤ ਸਿੰਘ ਨੇ ਉਸ ਨੂੰ ਉਥੇ ਜਾ ਘੇਰਿਆ। ਨੂਰੁੱਦੀਨ ਇਕ ਰਾਤ ਫ਼ਕੀਰੀ ਭੇਸ ਵਿਚ ਨੱਸ ਗਿਆ ਤੇ ਉਸਦੀ ੧੨ ਹਜ਼ਾਰ ਦੁਰਾਨੀ ਫ਼ੌਜ ਨੇ ਹਥਿਆਰ ਸੁੱਟ ਦਿੱਤੇ। ਇਹ ਘਟਨਾ ਅਗਸਤ ੧੭੬੧ ਈ. ਦੀ ਹੈ। ਸ: ਚੜ੍ਹਤ ਸਿੰਘ ਨੇ ਸਿਆਲਕੋਟ ਲੁੱਟ ਲਿਆ। ਦੁਰਾਨੀ ਫ਼ੌਜ ਦਾ ਜੰਗੀ ਸਾਮਾਨ ਉਸਦੇ ਕਾਬੂ ਆ ਗਿਆ, ਜੋ ਉਹ ਗੁੱਜਰਾਂਵਾਲੇ ਆਪਣੇ ਕਿਲ੍ਹੇ ਵਿਚ ਲੈ ਆਇਆ।

ਇਸ ਵੇਲੇ ਸ: ਚੜ੍ਹਤ ਸਿੰਘ ਸੁਕਰਚੱਕੀਏ ਦੀ ਤਾਕਤ ਚੰਗੀ ਵਧ ਗਈ ਸੀ। ਉਹਨੇ ਗੁਜਰਾਂਵਾਲੇ ਦੇ ਕਿਲ੍ਹੇ ਨੂੰ ਤਕੜਾ ਕਰ ਲਿਆ। ਲਾਹੌਰ ਦੇ ਏਨੇ ਨੇੜੇ ਸਿੱਖਾਂ ਦੀ ਵਧਦੀ ਤਾਕਤ ਵੇਖ ਕੇ ਸੂਬੇਦਾਰ ਉਬੇਦ ਖ਼ਾਂ ਸੜ ਬਲ ਗਿਆ। ਉਹਨੇ ਵੀਹ ਹਜ਼ਾਰ ਫ਼ੌਜ ਤੇ ਤੋਪਖ਼ਾਨਾ ਲੈ ਕੇ ਗੁਜਰਾਂਵਾਲੇ ਵਿਚ ਸ: ਚੜ੍ਹਤ ਸਿੰਘ ਨੂੰ ਜਾ ਘੇਰਿਆ। ੧੩ ਦਿਨ ਘੇਰਾ‡ ਰਿਹਾ। ਬਾਕੀ ਸਿੰਘਾਂ ਨੂੰ ਪਤਾ ਲੱਗਾ, ਤਾਂ ਸ: ਜੱਸਾ ਸਿੰਘ ਆਹਲੂ-ਵਾਲੀਏ, ਸ: ਹਰੀ ਸਿੰਘ ਭੰਗੀ, ਸ: ਗੁੱਜਰ ਸਿੰਘ, ਸ: ਜੈ ਸਿੰਘ ਕਨ੍ਹਈਆ, ਸ: ਲਹਿਣਾ ਸਿੰਘ, ਸ: ਸੋਭਾ ਸਿੰਘ, ਆਦਿ ਫ਼ੌਜ ਲੈ ਕੇ ਗੁਜਰਾਂਵਾਲੇ ਆ ਗਏ। ਉਹਨਾਂ ਉਬੇਦ ਖ਼ਾਂ ਨੂੰ ਘੇਰੇ ਵਿਚ ਲੈ ਲਿਆ ਤੇ ਅਗਲੇ ਦਿਨ ਧਾਵਾ ਬੋਲਣ ਦਾ ਮਤਾ ਪਕਾਇਆ। ਉਬੇਦ ਖ਼ਾਂ ਸਿੰਘਾਂ ਤੋਂ ਡਰਦਾ ਰਾਤੋ ਰਾਤ ਡੇਰਾ ਛੱਡ ਕੇ ਨੱਸ ਗਿਆ ਤੇ ਸ਼ਰਕਪੁਰ ਰਾਹੀਂ ਲਾਹੌਰ ਜਾ ਵੜਿਆ। ਨਖਸਮੀ ਫ਼ੌਜ ਦਾ ਜਿਸ ਪਾਸੇ ਮੂੰਹ ਹੋਇਆ, ਨੱਸ ਗਈ। ਉਸ ਦਾ ਡੇਰਾ ਸਿੰਘਾਂ ਨੇ ਲੁੱਟ ਲਿਆ। ਹਜ਼ਾਰਾਂ ਰੁਪੈ ਦੇ ਸਾਮਾਨ ਸਣੇ ਕੋਈ ਤੋਪਾਂ ਸ: ਚੜ੍ਹਤ ਸਿੰਘ ਦੇ ਹੱਥ ਆਈਆਂ, ਜੋ ਉਸ ਨੇ ਗੁਜਰਾਂਵਾਲੇ ਦੇ ਕਿਲ੍ਹੇ ਦੀਆਂ ਕੰਧਾਂ ਉੱਤੇ ਜਾ ਬੀੜੀਆਂ।

ਉਬੇਦ ਖ਼ਾਂ ਨੇ ਗੁਜਰਾਂ-ਵਾਲਾ ਘੇਰ ਲਿਆ

ਉਬੇਦ ਖ਼ਾਂ ਨੱਸ ਗਿਆ

੨੨ ਅਕਤੂਬਰ, ੧੭੬੧ ਈ. ਨੂੰ ਦੀਵਾਲੀ ਸੀ। ਸਾਰਾ ਪੰਥ ਅੰਮ੍ਰਿਤਸਰ ਕੱਠਾ ਹੋਇਆ। ਅਕਾਲ ਤਖ਼ਤ ਗੁਰਮਤਾ ਪਾਸ ਕੀਤਾ ਗਿਆ ਕਿ ਲਾਹੌਰ ਉੱਤੇ ਕਬਜ਼ਾ ਕੀਤਾ ਜਾਵੇ ਤੇ ਜੰਡਿਆਲੀਏ ਗੁਰੂ ਆਕਲਦਾਸ ਨੂੰ ਸਜ਼ਾ ਦਿੱਤੀ ਜਾਵੇ। ਗੁਰਵਾਕ ਲੈ ਕੇ, ਸਿੰਘਾਂ ਨੇ ਲਾਹੌਰ ਨੂੰ ਘੇਰਾ ਜਾ ਪਾਇਆ।

---

‡ ਪੰਥ ਪ੍ਰਕਾਸ਼, ਪੰਨਾ ੭੬੨।

ਉਬੇਦ ਖ਼ਾਂ ਟਾਕਰਾ ਕਰਨ ਦੀ ਥਾਂ ਕਿਲ੍ਹਾ ਬੰਦ ਹੋ ਬੈਠਾ। ਸ਼ਹਿਰ ਦੇ ਪਤਵੰਤਿਆਂ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨਾਲ ਫ਼ੈਸਲਾ ਕਰ ਕੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਹੁਣ ਲਾਹੌਰ ਵਿਚ ਦੋ ਹਾਕਮ ਸਨ : ਕਿਲ੍ਹੇ ਵਿਚ ਉਬੇਦ ਖਾਂ† ਤੇ ਸ਼ਹਿਰ ਵਿਚ ਸਿੱਖ‡। ਨਵਾਬ ਕਪੂਰ ਸਿੰਘ ਨੇ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਤਖ਼ਤ 'ਤੇ ਬਿਠਾ ਕੇ 'ਬਾਦਸ਼ਾਹ' ਦਾ ਖ਼ਿਤਾਬ ਦਿੱਤਾ। ਇਸ ਤੋਂ ਪਿਛੋਂ ਸਿੱਖ ਉਸਨੂੰ ਬਾਦਸ਼ਾਹ ਕਹਿੰਦੇ ਸਨ। ਸਿੱਖਾਂ ਨੇ ਸਰਕਾਰੀ ਟਕਸਾਲ 'ਤੇ ਕਬਜ਼ਾ ਕਰ ਲਿਆ ਤੇ ਸਿੱਕਾ ਚਾਲੂ ਕੀਤਾ। ਚਾਂਦੀ ਦੇ ਸਿੱਕੇ ਉੱਤੇ ਹੇਠ ਲਿਖਿਆ ਫ਼ਾਰਸੀ ਦਾ ਸ਼ਿਅਰ ਲਿਖਿਆ ਹੋਇਆ ਸੀ :

**ਸਿੰਘਾਂ ਲਾਹੌਰ ਵਿਚ ਸਿੱਕਾ ਚਲਾਇਆ**

ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲ ਅਕਾਲ।
ਮੁਲਕ ਅਹਿਮਦ ਗ੍ਰਿਫ਼ਤ ਜੱਸਾ ਕਲਾਲ।

ਸਿੱਖਾਂ ਨੇ ਲਾਹੌਰ ਉੱਤੇ ਕਬਜ਼ਾ ਤਾਂ ਕਰ ਲਿਆ; ਪਰ ਉਹਨਾਂ ਨੂੰ ਆਪਣੇ ਫ਼ੌਜੀ ਬਲ ਉੱਤੇ ਅਜੇ ਏਨਾ ਭਰੋਸਾ ਨਹੀਂ ਸੀ, ਕਿ ਉਹ ਆਪਣਾ ਕਬਜ਼ਾ ਕਾਇਮ ਰਖ ਸਕਣਗੇ। ਉਹ ਪਹਿਲਾਂ ਉਦਾਲੇ ਦੇ ਵਿਰੋਧੀਆਂ ਨੂੰ ਚੰਗੀ ਤਰ੍ਹਾਂ ਸੋਧਣਾ ਚਾਹੁੰਦੇ ਸਨ। ਸੋ ਉਹ ਲਾਹੌਰ ਛੱਡ ਕੇ ਜੰਡਿਆਲੇ 'ਤੇ ਚੜ੍ਹ ਆਏ।

ਆਕਲਦਾਸ ਜੰਡਿਆਲੀਆ ਮੁਸਲਮ ਸਰਕਾਰ ਦਾ ਵੱਡਾ ਚੁਗ਼ਲ ਤੇ ਸਿੱਖਾਂ ਦਾ ਵੈਰੀ ਸੀ। ਉਸ ਨੇ ਕਈ ਧਰਮਾਤਮਾ ਸਿੱਖ ਫੜਾਏ ਤੇ ਕਤਲ ਕਰਾਏ ਸਨ। ਲਾਹੌਰੋਂ ਹਟਕੇ ਸਿੱਖਾਂ ਨੇ ਜੰਡਿਆਲੇ ਨੂੰ ਆ ਘੇਰਾ ਪਾਇਆ। ਆਕਲ ਦਾਸ ਦਾ ਸਾਰਾ ਇਲਾਕਾ ਲੁੱਟ ਲਿਆ। ਇਹ ਘਟਨਾ ਜਨਵਰੀ, ੧੭੬੨ ਦੀ ਹੈ। ਆਕਲ ਦਾਸ ਨੇ ਅਹਿਮਦ ਸ਼ਾਹ ਅਬਦਾਲੀ ਕੋਲ ਮਦਦ ਵਾਸਤੇ ਅਰਜ਼ੀ ਲਿਖ ਭੇਜੀ। ਆਕਲ ਦਾਸ ਨੂੰ ਸਿੱਖਾਂ ਦੇ ਘੇਰੇ ਵਿਚੋਂ ਬਚ ਨਿਕਲਣ ਦੀ ਆਸ ਨਹੀਂ ਸੀ। ਉਹਨੇ ਆਪਣੇ ਮੁਸਲਮਾਨ ਨੌਕਰਾਂ ਕੋਲੋਂ ਗਾਂਈਂ ਮਰਵਾ ਕੇ ਕਿਲ੍ਹੇ ਦੀਆਂ ਕੰਧਾਂ ਤੋਂ ਬਾਹਰ ਸਿੱਖਾਂ ਦੇ

**ਸਿੱਖਾਂ ਜੰਡਿਆਲਾ ਘੇਰ ਲਿਆ**

---

†ਮਾਲੂਮ ਹੁੰਦਾ ਹੈ, ਕਿ ਇਸ ਘਟਨਾ ਤੋਂ ਪਿਛੋਂ ਛੇਤੀ ਉਬੇਦ ਖ਼ਾਂ ਮਰ ਗਿਆ ਸੀ। ਖ਼ਜ਼ਾਨਾ-ਇ-ਅਮੀਰਾਂ (ਪੰਨਾ ੧੧੪) ਦਾ ਕਰਤਾ ਲਿਖਦਾ ਹੈ, ਕਿ ਉਬੇਦ ਖ਼ਾਂ ਲੜ ਕੇ ਹਾਰ ਗਿਆ ਤੇ ਸ: ਜੱਸਾ ਸਿੰਘ ਆਹਲੂਵਾਲੀਏ ਹੱਥੋਂ ਕਤਲ ਹੋ ਗਿਆ।

‡ਪੰਥ ਪ੍ਰਕਾਸ਼, ਪੰਨੇ ੮੦੯-੧੦; ਸੋਹਨ ਲਾਲ, ਪੰਨੇ ੧੪੬-੪੭।

ਮੋਰਚਿਆਂ ਦੇ ਸਾਮ੍ਹਣੇ ਸੁਟਵਾਈਆਂ‡। ਇਹ ਪਾਪ ਹੁੰਦਾ ਵੇਖ ਕੇ ਸਿੱਖ ਜੰਡਿਆਲੇ ਦਾ ਘੇਰਾ ਉਠਾ ਕੇ ਮਲੇਰਕੋਟਲੇ ਨੂੰ ਚਲੇ ਗਏ।

ਜਦ ਵੀ ਅਬਦਾਲੀ ਹਿੰਦ ਵਿਚ ਆਇਆ, ਉਸ ਦੀ ਫ਼ੌਜ ਸਿੱਖਾਂ ਹੱਥੋਂ ਲੁੱਟੀ ਜਾਂਦੀ ਰਹੀ। ਹਿੰਦ ਦੀਆਂ ਬਾਕੀ ਸਭ ਤਾਕਤਾਂ ਅਬਦਾਲੀ ਸਾਮ੍ਹਣੇ ਝੁਕ ਗਈਆਂ ਸਨ। ਹੁਣ ਕੇਵਲ ਸਿੱਖ ਹੀ ਉਸ ਦੀਆਂ ਅੱਖਾਂ ਵਿਚ ਰੜਕਦੇ ਸਨ। ਸੋ, ਅਬਦਾਲੀ ਸਿੱਖਾਂ ਨੂੰ ਮਲੀਆ-ਮੇਟ ਕਰਨ ਵਾਸਤੇ ਛੇਵੀਂ ਵਾਰ ਪੰਜਾਬ ਉਤੇ ਚੜ੍ਹ ਆਇਆ। ਉਹ ਰੁਹਤਾਸ ਪੁੱਜਾ, ਤਾਂ ਉਸਨੂੰ ਜੰਡਿਆਲੀਏ ਦੇ ਆਦਮੀ ਮਿਲੇ। ਉਹ ਰੁਹਤਾਸ ਤੋਂ ਚੱਲ ਕੇ ਚਾਰ ਦਿਨਾਂ ਵਿਚ ਲਾਹੌਰ ਆ ਪੁੱਜਾ।

**ਅਬਦਾਲੀ ਦਾ ਛੇਵਾਂ ਹਮਲਾ**

ਅੱਗੇ ਲਾਹੌਰ ਖ਼ਾਲੀ ਪਿਆ ਸੀ। ਅਗਲੇ ਦਿਨ ਉਹ ਜੰਡਿਆਲੇ ਪੁੱਜਾ, ਤਾਂ ਸਿੱਖ ਓਥੋਂ ਵੀ ਜਾ ਚੁੱਕੇ ਸਨ। ਆਕਲਦਾਸ ਤੋਂ ਨਜ਼ਰਾਂ ਲੈ ਕੇ ਅਬਦਾਲੀ ਫਿਰ ਲਾਹੌਰ ਆ ਗਿਆ ਤੇ ਸਿੱਖਾਂ ਦੀ ਸੂਹ ਕੱਢਣ ਵਾਸਤੇ ਆਦਮੀ ਭੇਜੇ।

**ਅਬਦਾਲੀ ਲਾਹੌਰ ਵਿਚ**

ਜੰਡਿਆਲੇ ਤੋਂ ਉਠ ਕੇ ਸਿੰਘ ਮਲੇਰ ਕੋਟਲੇ ਦੇ ਇਲਾਕੇ ਵਿਚ ਆ ਵੜੇ। ਖ਼ਾਲਸਾ ਫ਼ੌਜ ਉਸ ਵੇਲੇ ਪੰਜਾਹ ਹਜ਼ਾਰ ਦੇ ਲਗਭਗ ਸੀ। ਇਸ ਵਾਰ ਸਿੰਘਾਂ ਦਾ 'ਵਹੀਰ' (ਬਾਲ ਬੱਚਾ ਤੇ ਸਾਮਾਨ) ਵੀ ਨਾਲ ਹੀ ਸੀ। ਮਲੇਰ ਕੋਟਲੇ ਤੋਂ ਛੇ ਮੀਲ ਦੂਰ ਦਲ ਖ਼ਾਲਸਾ ਫ਼ੌਜ ਪਿੰਡ ਕੁੱਪ ਵਿਚ ਬੈਠੀ ਸੀ। ਉਸ ਤੋਂ ਚਾਰ ਮੀਲ ਦੂਰ ਪਿੰਡ 'ਗੁਰਮਾ' ਵਿਚ ਸਿੰਘਾਂ ਦਾ ਡੇਰਾ ਤੇ 'ਵਹੀਰ' ਸੀ। ਜ਼ੈਨ ਖ਼ਾਂ ਫ਼ੌਜਦਾਰ, ਸਰਹਿੰਦ ਵੀ ਉਸ ਵੇਲੇ ਮਲੇਰ ਕੋਟਲੇ ਵਿਚ ਸੀ। ਉਹ ਤੇ ਮਲੇਰਕੋਟਲੀਆ ਭੀਖਣ ਖ਼ਾਂ ਸਿੱਖਾਂ ਨਾਲ ਲੜ ਰਹੇ ਸਨ। ਇਹ ਖ਼ਬਰ ਲਾਹੌਰ ਅਬਦਾਲੀ ਨੂੰ ਪੁੱਜੀ, ਤਾਂ ਉਹ ਦੋ ਦਿਨਾਂ ਵਿਚ ਪੰਧ ਮੁਕਾ ਕੇ ਪੰਜ ਫ਼ਰਵਰੀ, ੧੭੬੨ ਈ. ਦਾ ਸੂਰਜ ਚੜ੍ਹਨ ਤੋਂ ਪਹਿਲਾਂ ਮਲੇਰ ਕੋਟਲੇ ਜਾ ਪੁੱਜਾ।

**ਸਿੱਖਾਂ ਦਾ ਡੇਰਾ ਪਿੰਡ ਕੁੱਪ ਵਿਚ**

ਅਬਦਾਲੀ ਨੇ ਅੱਧੀ ਫ਼ੌਜ ਆਪ ਰਖੀ ਤੇ ਅੱਧੀ ਆਪਣੇ ਵਜ਼ੀਰ ਸ਼ਾਹ ਵਲੀ ਖ਼ਾਂ ਨੂੰ ਦੇ ਕੇ ਸਿੱਖਾਂ ਦੇ 'ਵਹੀਰ' ਉਤੇ ਹਮਲਾ ਕਰਨ ਦਾ ਹੁਕਮ ਦਿੱਤਾ। ਜ਼ੈਨ ਖ਼ਾਂ, ਭੀਖਣ ਖ਼ਾਂ ਤੇ ਲਛਮੀ ਨਾਰਾਇਣ ਨੂੰ ਵੀ ਸ਼ਾਹ

**ਵੱਡਾ ਘੱਲੂਘਾਰਾ**

‡ਗੁਪਤਾ, ਸਿੱਖ ਇਤਿਹਾਸ, ਹਿੱਸਾ ਪਹਿਲਾ, ਪੰਨਾ ੧੫੯।

ਵਲੀ ਦੀ ਮਦਦ ਵਾਸਤੇ ਤੋਰ ਦਿੱਤਾ। ਸਿੰਘਾਂ ਨੂੰ ਪਤਾ ਓਦੋਂ ਲੱਗਾ, ਜਦ ਅਬਦਾਲੀ ਮਲੇਰ ਕੋਟਲੇ ਆ ਪੁੱਜਾ। ਸਿੰਘਾਂ ਦੀ ਲੜਾਕੀ ਫ਼ੌਜ ਵੈਰੀ ਦੇ ਚੌਥੇ ਹਿੱਸੇ ਵਿਚ ਸੀ, ਤੇ ਤੋਪਖ਼ਾਨਾ ਕੋਈ ਨਹੀਂ ਸੀ। ਅਬਦਾਲੀ ਕੋਲ ਬੜਾ ਭਾਰੀ ਤੋਪਖ਼ਾਨਾ ਸੀ।

ਸਿੰਘ ਆਪਣਾ 'ਵਹੀਰ' ਬਚਾਉਣ ਵਾਸਤੇ ਪਿੰਡ ਗੁਰਮੇ ਵੱਲ ਭੱਜੇ, ਜਾਂ ਦੁਰਾਨੀਆਂ ਨੇ ਚੁਫੇਰਿਓਂ ਹੱਲਾ ਬੋਲ ਦਿੱਤਾ। ਸਭ ਤੋਂ ਪਹਿਲਾਂ ਕਾਸਮ ਖ਼ਾਂ ਨੇ ਧਾਵਾ ਕੀਤਾ, ਜੋ ਸਿੱਖਾਂ ਤੋਂ ਮਾਰ ਖਾ ਕੇ ਪਿਛੇ ਹਟਿਆ। ਫਿਰ ਅਹਿਮਦ ਸ਼ਾਹ ਨੇ ਆਪਣੇ ਦੋਹਾਂ ਨਾਮਵਰ ਜਰਨੈਲਾਂ—ਜਹਾਨ ਖ਼ਾਂ ਤੇ ਸਰਬੁਲੰਦ ਖ਼ਾਂ—ਸਣੇ ਆਪ ਹਮਲਾ ਕੀਤਾ। ਖ਼ਾਲਸੇ ਨੇ ਤਿੰਨਾਂ ਮਲਵਈ ਸਰਦਾਰਾਂ (ਸ: ਆਲਾ ਸਿੰਘ ਦਾ ਵਕੀਲ ਸੇਖੂ ਸਿੰਘ ਹੰਭਲਵਾਲ, ਸੰਗੂ ਸਿੰਘ ਭਾਈਕਾ, ਬੁਢਾ ਸਿੰਘ ਭਾਈਕਾ) ਨਾਲ ਵਹੀਰ ਨੂੰ ਬਰਨਾਲੇ ਵੱਲ ਤੋਰ ਦਿੱਤਾ ਤੇ ਆਪ ਅਬਦਾਲੀ ਨਾਲ ਲੜਨ ਲੱਗੇ। ਸ: ਚੜ੍ਹਤ ਸਿੰਘ ਸੁਕਰਚੱਕੀਆ ਤੇ ਸ: ਜੱਸਾ ਸਿੰਘ ਆਹਲੂਵਾਲੀਆ ਬੜੀ ਬਹਾਦਰੀ ਨਾਲ ਲੜੇ। ਦੂਜੇ ਪਾਸੇ ਸ਼ਾਹਵਲੀ ਨੇ 'ਵਹੀਰ' ਉੱਤੇ ਹਮਲਾ ਕਰਕੇ ਹਜ਼ਾਰਾਂ ਇਸਤ੍ਰੀਆਂ ਤੇ ਬੱਚੇ ਕਤਲ ਕੀਤੇ। ਸ: ਜੱਸਾ ਸਿੰਘ ਨੂੰ ਖ਼ਬਰ ਪਹੁੰਚੀ, ਤਾਂ ਉਹਨੇ ਸ: ਸ਼ਾਮ ਸਿੰਘ, ਸ: ਕਰੋੜਾ ਸਿੰਘ, ਸ: ਕਰਮ ਸਿੰਘ, ਸ: ਨਾਹਰ ਸਿੰਘ ਆਦਿ ਨੂੰ ਵਹੀਰ ਵੱਲੇ ਭੇਜਿਆ। ਵਜ਼ੀਰ ਸ਼ਾਹਵਲੀ ਨੇ ਵਹੀਰ ਵਿਚੋਂ ਹਜ਼ਾਰਾਂ ਇਸਤਰੀਆਂ ਤੇ ਬੱਚੇ ਕੈਦੀ ਬਣਾ ਲਏ ਸਨ। ਸਿੰਘਾਂ ਨੇ ਹੱਲਾ ਕਰ ਕੇ ਆਪਣੀਆਂ ਢੱਕਾਂ ਛੁਡਾ ਲਈਆਂ ਤੇ ਸ਼ਾਹ ਵਲੀ ਦੀ ਫ਼ੌਜ ਦਾ ਬੜਾ ਨੁਕਸਾਨ ਕੀਤਾ। ਸਿੰਘਾਂ ਦੀ ਤਲਵਾਰ ਤੋਂ ਤੰਗ ਆ ਕੇ ਵਜ਼ੀਰ 'ਵਹੀਰ' ਨੂੰ ਛੱਡ ਕੇ ਪਿਛੇ ਹਟ ਗਿਆ।

ਓਧਰ ਸ: ਚੜ੍ਹਤ ਸਿੰਘ ਹੱਥੋਂ ਅਬਦਾਲੀ ਦਾ ਜਰਨੈਲ ਸਰਬੁਲੰਦ ਖ਼ਾਂ ਜ਼ਖ਼ਮੀ ਹੋ ਕੇ ਪਿਛੇ ਹਟਿਆ ਹੀ ਸੀ, ਜਾਂ ਦੂਜੇ ਪਾਸਿਓਂ ਜਹਾਨ ਖ਼ਾਂ ਨੇ ਹੱਲਾ ਕਰ ਦਿੱਤਾ। ਉਹ ਸ: ਜੱਸਾ ਸਿੰਘ ਹੱਥੋਂ ਜ਼ਖ਼ਮੀ ਹੋ ਗਿਆ। ਏਸ ਤਰ੍ਹਾਂ ਦੋਵੇਂ ਦਲ ਲਹੂ ਦੀ ਹੋਲੀ ਖੇਡਦੇ ਪਿੰਡ ਗਹਿਲ ਵਿਚ ਜਾ ਪੁੱਜੇ। ਅੱਗੋਂ ਪਿੰਡ ਵਾਲਿਆਂ ਨੇ ਬੂਹੇ ਬੰਦ ਕਰ ਲਏ ਤੇ ਅਬਦਾਲੀ ਤੋਂ ਡਰਦਿਆਂ ਸਿੰਘਾਂ ਨੂੰ ਆਸਰਾ ਨਾ ਦਿੱਤਾ। ਕੁਛ ਬਿਰਧ ਸਿੰਘ ਤੇ ਸਿੰਘਣੀਆਂ ਸੁੱਕੇ ਹੋਏ ਬਾਜਰੇ ਦੇ ਮੁਨਾਰਿਆਂ ਵਿਚ ਲੁਕ ਗਏ। ਦੁਰਾਨੀਆਂ ਨੇ ਅੱਗ ਲਾ ਕੇ ਉਹ ਜਿਉਂਦੇ ਹੀ ਸਾੜ ਦਿੱਤੇ।

ਸਿੰਘ ਲੜਦੇ-ਲੜਦੇ ਬਰਨਾਲੇ ਵੱਲ ਤੁਰੇ ਜਾ ਰਹੇ ਸਨ। ਤਕਾਲਾਂ ਪੈਂਦੀਆਂ ਨੂੰ ਸਿੰਘ ਪਿੰਡ 'ਕੁਤਬੇ' ਜਾ ਪੁੱਜੇ। ਓਥੇ ਪਾਣੀ ਦੀ ਢਾਬ ਭਰੀ

ਹੋਈ ਸੀ, ਜੋ ਸਿੰਘਾਂ ਨੇ ਰੋਕ ਲਈ। ਦੁਰਾਨੀ ਵੀ ਪਾਣੀ ਵਲ ਵਧੇ। ਏਥੇ ਫਿਰ ਬੜੀ ਘਮਸਾਣ ਦੀ ਲੜਾਈ ਹੋਈ। ਸਿੰਘਾਂ ਨੇ ਤਦ ਤਕ ਵੈਰੀ ਨੂੰ ਰੋਕੀ ਰਖਿਆ, ਜਦ ਤਕ 'ਵਹੀਰ' ਪਾਣੀ ਪੀ ਕੇ ਚਲਾ ਨਾ ਗਿਆ। ਫਿਰ ਸਿੰਘਾਂ ਵੀ ਪਾਣੀ ਪੀਤਾ ਤੇ 'ਵਹੀਰ' ਦੇ ਮਗਰ ਹੋ ਤੁਰੇ। ਦੁਰਾਨੀ ਫ਼ੌਜ ਵੀ ਤਿਹਾਈ ਮਰੀ ਪਈ ਸੀ। ਉਹ ਪਾਣੀ ਉੱਤੇ ਟੁੱਟ ਪਈ। ਏਨੇ ਚਿਰ ਨੂੰ ਸਿੰਘ 'ਵਹੀਰ' ਸਣੇ ਦੂਰ ਨਿਕਲ ਗਏ। ਅਬਦਾਲੀ ਨੇ ਬਰਨਾਲੇ ਤਕ ਸਿੰਘਾਂ ਦਾ ਪਿਛਾ ਕੀਤਾ। ਏਨੇ ਚਿਰ ਨੂੰ ਚੋਖਾ ਹਨ੍ਹੇਰਾ ਹੋ ਚੁੱਕਾ ਸੀ। ਸੋ ਅਬਦਾਲੀ ਨੇ ਓਥੇ ਹੀ ਡੇਰਾ ਲਾ ਦਿੱਤਾ ਤੇ ਸਿੰਘ ਕੋਟਕਪੂਰੇ, ਫ਼ਰੀਦਕੋਟ ਵੱਲ ਨਿਕਲ ਗਏ। ਕੁੱਪ ਤੋਂ ਬਰਨਾਲੇ ਤਕ—ਪੰਝੀ ਮੀਲ ਵਿਚ—ਲੋਥਾਂ ਹੀ ਲੋਥਾਂ ਖਿਲਰੀਆਂ ਪਈਆਂ ਸਨ। ਸਿੱਖ ਇਤਿਹਾਸ ਵਿਚ ਇਸ ਨੂੰ 'ਵੱਡਾ ਘਲੂਘਾਰ' ਕਹਿੰਦੇ ਹਨ।

ਇਸ ਘਲੂਘਾਰੇ ਵਿਚ ਸਿੱਖਾਂ ਦਾ ਬੜਾ ਨੁਕਸਾਨ ਹੋਇਆ, ਸਿੱਖਾਂ ਦੇ ਹਾਰਨ ਦਾ ਸਭ ਤੋਂ ਵੱਡਾ ਕਾਰਨ ਉਹਨਾਂ ਦੇ 'ਵਹੀਰ' ਦਾ ਨਾਲ ਹੋਣਾ ਸੀ। ਉਹਨਾਂ ਨੂੰ ਬਹੁਤੀ ਚਿੰਤਾ 'ਵਹੀਰ' ਦੇ ਬਚਾਉਣ ਦੀ ਸੀ। ਦੂੱਜਾ ਕਾਰਨ ਅਬਦਾਲੀ ਕੋਲ ਤੋਪਖ਼ਾਨਾ ਸੀ, ਤੇ ਸਿੰਘਾਂ ਕੋਲ ਉੱਕਾ ਹੀ ਹੈ ਨਹੀਂ ਸੀ। ਸਿੰਘਾਂ ਦੀ ਲੜਾਕੀ ਫ਼ੌਜ ੪੦-੫੦ ਹਜ਼ਾਰ ਹੀ ਸੀ, ਜਦੋਂ ਕਿ ਅਬਦਾਲੀ ਦੀ ਫ਼ੌਜ ਇਸ ਤੋਂ ਚਾਰ ਗੁਣਾ (ਦੋ ਲੱਖ ਦੇ ਲਗਭਗ) ਸੀ। ਲੜਾਕੇ ਸਿਪਾਹੀਆਂ ਦਾ ਨੁਕਸਾਨ ਦੋਹੀਂ ਪਾਸੀਂ ਇਕੋ ਜਿਹਾ ਸੀ। ਦਸ-ਬਾਰਾਂ ਹਜ਼ਾਰ ਸਿੱਖ ਸਿਪਾਹੀ ਸ਼ਹੀਦ ਹੋਏ ਸਨ ਤੇ ਏਨੇ ਕੁ ਹੀ ਦੁਰਾਨੀ ਸਿਪਾਹੀ। ਪਰ ਸਿੱਖਾਂ ਦੇ ਬਾਲ ਬੱਚੇ ਤੇ ਇਸਤਰੀਆਂ ਅਠਾਰਾਂ-ਵੀਹ ਹਜ਼ਾਰ ਕਤਲ ਕੀਤੇ ਗਏ ਸਨ। ਸੋ ਸਿੱਖਾਂ ਦਾ ਕੁੱਲ ਨੁਕਸਾਨ ਤੀਹ ਹਜ਼ਾਰ ਦੇ ਲਗਭਗ ਸੀ*।

---

*ਭੰਗੂ ; ਲੋਕ ਕਹੈਂ ਸਿੰਘ ਇਕ ਲਖ ਸਾਰਾ। ਪਚਾਸ ਬਚਿਓ, ਔਰ ਸਭ ਗਯੋ ਮਾਰਾ। ਪਿਤਾ ਹਮਾਰੇ ਤੀਸ ਬਤਾਏ। ਰਹੇ ਸੁ ਮਰ ਔਰ ਬਚ ਕਰ ਆਏ।

ਵੱਖੋ ਵੱਖ ਇਤਿਹਾਸਕਾਰਾਂ ਦੀ ਰਾਏ ਸਿੱਖਾਂ ਦੇ ਨੁਕਸਾਨ ਬਾਰੇ ਇਊਂ ਹੈ: ਮਸਕੀਨ, ੨੫ ਹਜ਼ਾਰ; ਖ਼ਜ਼ਾਨਾ-ਇ-ਅਮੀਰਾਂ, ੨੯ ਹਜ਼ਾਰ; ਤਾਰੀਖੇ ਮੁਜ਼ੱਫ਼ਰੀ, ੨੨ ਹਜ਼ਾਰ; ਤਾਰੀਖ਼ ਹੁਸੈਨ ਸ਼ਾਹੀ, ੩੦ ਹਜ਼ਾਰ; ਤਾਰੀਖ਼ੇ ਅਹਿਮਦ, ੩੦ ਹਜ਼ਾਰ; ਤਾਰੀਖ਼ੇ ਅਲੀ, ੨੦ ਹਜ਼ਾਰ; ਤਾਰੀਖ਼ੇ ਸੁਲਤਾਨੀ ੨੦ ਹਜ਼ਾਰ; ਅਹਿਮਦ ਸ਼ਾਹ, ੧੭ ਹਜ਼ਾਰ; ਗਨੇਸ਼ ਦਾਸ, ੩੦ ਹਜ਼ਾਰ; ਅਲੀਉੱਦੀਨ, ੩੦ ਹਜ਼ਾਰ; ਪੰਥ ਪ੍ਰਕਾਸ਼ , ੩੦ ਹਜ਼ਾਰ ਸਾਰੇ (ਵਿਚੋਂ ਤੇਰਾਂ ਹਜ਼ਾਰ ਫ਼ੌਜੀ ਸਿੰਘ) ; ਕਰਮ ਸਿੰਘ, ੧੩ ਹਜ਼ਾਰ; ਗੁਪਤਾ ੧੨ ਹਜ਼ਾਰ; ਜਾਦੂ ਨਾਥ ਸਰਕਾਰ, ੧੦ ਹਜ਼ਾਰ; ਫ਼ਾਰਸਟਰ, ੨੫ ਹਜ਼ਾਰ; ਮੈਲਕਮ ੨੦ ਹਜ਼ਾਰ ਤੋਂ ਵਧ; ਪ੍ਰਿੰਸਪ, ੨੫ ਤੋਂ ੩੦ ਹਜ਼ਾਰ; ਮੈਕਗ੍ਰੇਗਰ, ੧੭ ਹਜ਼ਾਰ; ਕਨਿੰਘਮ, ੧੨ ਤੋਂ ੨੫ ਹਜ਼ਾਰ; ਹਯੂਗਲ, ੨੦ ਤੋਂ ੩੦ ਹਜ਼ਾਰ; ਲਤੀਫ਼, ੧੨ ਤੋਂ ੩੦ ਹਜ਼ਾਰ।

ਸਿੱਖਾਂ ਦਾ ਸਾਰਾ ਸਾਮਾਨ ਲੁੱਟਿਆ ਗਿਆ। ਗੁਰੂ ਗ੍ਰੰਥ ਸਾਹਿਬ ਦੀਆਂ ਦੋ ਪੁਰਾਤਨ ਬੀੜਾਂ (ਅੰਮ੍ਰਿਤਸਰ ਵਾਲੀ ਤੇ ਦਮਦਮਾ ਸਾਹਿਬ ਵਾਲੀ) ਅਬਦਾਲੀ ਦੇ ਹੱਥ ਆਈਆਂ†। ਚੜ੍ਹਤ ਸਿੰਘ, ਜੱਸਾ ਸਿੰਘ ਤੇ ਸ਼ਾਮ ਸਿੰਘ ਨੂੰ ਕੋਈ ਕੋਈ ਫੱਟ ਲੱਗੇ। ਇਕ ਵੀ ਸਿੱਖ ਸਿਪਾਹੀ ਨਾ ਬਚਿਆ, ਜਿਸ ਨੂੰ ਕੋਈ ਫੱਟ ਨਾ ਲੱਗਾ ਹੋਵੇ। ਪਰ ਸਦਕੇ ਉਹਨਾਂ ਮਰਦਾਂ ਦੇ, ਓਸ ਰਾਤ ਇਕ ਨਿਹੰਗ ਸਿੰਘ ਕਹਿ ਰਿਹਾ ਸੀ : ਖੋਟ ਨਿਕਲ ਗਿਆ ਹੈ, ਤੇ ਹੁਣ ਨਿਰੋਲ ਤੱਤ ਖ਼ਾਲਸਾ ਰਹਿ ਗਿਆ ਹੈ‡। ਏਥੋਂ ਬਚੇ ਸਿੰਘ ਜੈਤੋ, ਅਬੂਲ, ਮਹਿਮਾ, ਭਗਤੂ, ਬਿਝੂਕੇ, ਕਾਉਣੀ, ਚੜਿੱਕ, ਘੋਲੀਆ, ਚੁਬਾਰਾ, ਫ਼ਰੀਦਕੋਟ ਆਦਿ ਥਾਵਾਂ 'ਤੇ ਜਾ ਟਿਕੇ।

ਸ: ਆਲਾ ਸਿੰਘ ਪਟਿਆਲਾ ਨੇ ਏਸ ਯੁੱਧ ਵਿਚ ਕਿਸੇ ਧਿਰ ਦੀ ਵੀ ਖੁੱਲ੍ਹ ਕੇ ਮਦਦ ਨਹੀਂ ਕੀਤੀ ਸੀ। ਉਹ ਪਟਿਆਲੇ ਤੋਂ ਸਤਾਰਾਂ ਮੀਲ ਦੂਰ ਧੰਧੋਟਾ ਚਲਾ ਗਿਆ ਸੀ। ਅਬਦਾਲੀ ਨੇ ਏਸ ਗ਼ੁੱਸੇ ਵਿਚ, ਕਿ ਆਲਾ ਸਿੰਘ ਹਾਜ਼ਰ ਕਿਉਂ ਨਹੀਂ ਹੋਇਆ, ਬਰਨਾਲੇ ਦਾ ਕਿਲ੍ਹਾ ਢਾਹ ਦਿੱਤਾ ਤੇ ਇਲਾਕਾ ਲੁੱਟ ਲਿਆ।

ਅਬਦਾਲੀ ਬਰਨਾਲੇ

ਉਸ ਨੇ ਆਲਾ ਸਿੰਘ ਨੂੰ ਫੜਨ ਵਾਸਤੇ ਫ਼ੌਜ ਘੱਲੀ, ਪਰ ਉਹ ਆਪ ਹੀ ਹਾਜ਼ਰ ਹੋ ਗਿਆ। ਅਬਦਾਲੀ ਨੇ ਸ. ਆਲਾ ਸਿੰਘ ਨੂੰ ਕੈਦ ਕਰ ਲਿਆ ਤੇ ਕੇਸ ਕਤਲ ਕਰਾਉਣ ਦਾ ਹੁਕਮ ਦਿੱਤਾ। ਮਗਰਲੇ ਨੇ ਸਵਾ ਲੱਖ ਬਦਲੇ ਆਪਣੇ ਕੇਸ ਖ਼ਰੀਦ ਲਏ, ਭਾਵ : ਅਬਦਾਲੀ ਨੂੰ ਸਵਾ ਲਖ ਨਜ਼ਰਾਨਾ ਦੇ ਦਿੱਤਾ ਤੇ ਕੇਸ ਕਤਲ ਨਾ ਕਰਾਏ। ਬਰਨਾਲੇ ਤੋਂ ਅਬਦਾਲੀ ਸਰਹਿੰਦ ਜਾ ਬੈਠਾ। ਏਥੇ ਵਜ਼ੀਰ ਸ਼ਾਹ ਵਲੀ ਰਾਹੀਂ ਸ: ਆਲਾ ਸਿੰਘ ਨੇ ਪੰਜ ਲੱਖ ਖ਼ਰਾਜ ਤਾਰ ਕੇ ਰਿਹਾਈ ਪਾਈ।

ਆਲਾ ਸਿੰਘ
ਕੈਦ ਤੇ ਰਿਹਾਂ

੧੫ ਫ਼ਰਵਰੀ ਨੂੰ ਅਬਦਾਲੀ ਸਰਹਿੰਦੋਂ ਤੁਰਿਆ ਤੇ ਅੰਮ੍ਰਿਤਸਰ ਕਿਲ੍ਹਾ ਰਾਮਗੜ੍ਹ ਵਿਚ ਆ ਬੈਠਾ। ਹਰਿਮੰਦਰ ਸਾਹਿਬ ਦੀਆਂ ਨੀਹਾਂ ਥੱਲੇ ਬਾਰੂਦ ਦੇ ਕੁੱਪੇ ਦੱਬ ਕੇ ਉਡਾ ਦਿੱਤਾ। ਇਕ ਇੱਟ ਉਡ ਕੇ ਅਬਦਾਲੀ ਦੇ ਨੱਕ 'ਤੇ ਵੱਜੀ। ਉਸ ਦੇ ਜ਼ਖ਼ਮ ਵਿਚ ਕੈਂਸਰ ਹੋ ਗਈ ਤੇ ਉਹ ਜ਼ਖ਼ਮ ਮੌਤ ਤੋਂ

ਅਬਦਾਲੀ ਨੇ
ਹਰਿਮੰਦਰ ਢਾਹਿਆ

†ਭੰਗੂ, ਪੰਨਾ ੩੫੫।
‡ਭੰਗੂ, ਪੰਨਾ ੩੫੮।

ਪਹਿਲਾਂ ਚੰਗਾ ਨਾ ਹੋਇਆ। ਉਹਨੇ ਸ਼ਹਿਰ ਵਿਚਲੇ ਸਾਰੇ ਗੁਰਦੁਆਰੇ ਢਾਹ ਦਿੱਤੇ ਤੇ ਸਰੋਵਰ ਪੂਰ ਦਿੱਤੇ। ਅੰਮ੍ਰਿਤ ਸਰੋਵਰ ਵਿਚ ਢੱਠੇ ਮਕਾਨਾਂ ਦਾ ਮਲਬਾ ਤੇ ਘੋੜਿਆਂ ਦੀ ਲਿੱਦ ਪਾ ਕੇ ਪੂਰ ਕੇ ਵਿਚ ਜੌਂ ਬੀਜ ਦਿੱਤੇ। ਸਰੋਵਰ ਵਿਚ ਗਾਂਈਂ ਮਾਰੀਆਂ ਗਈਆਂ*।

ਅਬਦਾਲੀ ਲਾਹੌਰ

ਤਿੰਨ ਮਾਰਚ ਨੂੰ ਅਬਦਾਲੀ ਲਾਹੌਰ ਜਾ ਪੁੱਜਾ। ਘੱਲੂਘਾਰੇ ਵਿਚ ਕਤਲ ਹੋਏ ਸਿੰਘਾਂ ਦੇ ਸਿਰਾਂ ਦੇ ਉਹ ਪੰਜਾਹ ਗੱਡੇ ਭਰ ਕੇ ਨਾਲ ਲੈ ਆਇਆ ਸੀ। ਲਾਹੌਰ ਦੇ ਦਰਵਾਜ਼ਿਆਂ ਉੱਤੇ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਉਸਾਰੇ ਗਏ ਤੇ ਲਹੂ ਨਾਲ ਮਸੀਤਾਂ ਧੋਤੀਆਂ ਗਈਆਂ†।

ਅਬਦਾਲੀ ਪੰਜਾਬ ਵਿਚ ਰਿਹਾ

ਅਬਦਾਲੀ ਇਹ ਵੇਖਣ ਵਾਸਤੇ, ਕਿ ਸਿੱਖ ਫੇਰ ਸਿਰ ਉਠਾਉਂਦੇ ਹਨ, ਜਾਂ ਨਹੀਂ, ਨੌਂ ਮਹੀਨੇ ਹੋਰ ਪੰਜਾਬ ਵਿਚ ਰਿਹਾ। ਬਾਦਸ਼ਾਹ ਦਿਲੀ ਦੇ ਰਾਜਦੂਤ ਨਜੀਬੁੱਦੌਲਾ ਤੇ ਯਾਕੂਬ ਅਲੀ ਖ਼ਾਂ, ਮਰਹੱਟਿਆਂ ਦੇ ਰਾਜਦੂਤ 'ਬਾਪੂ' ਤੇ ਪਰਸ਼ੋਤਮ ਮਹਾਂਦੇਵ ਲਾਹੌਰ ਪੁੱਜੇ ਤੇ ਅਬਦਾਲੀ ਦੀ ਭੇਟਾ ਨਜ਼ਰਾਨੇ ਧਰੇ। ਅਬਦਾਲੀ ਨੇ ਨਜੀਬੁੱਦੌਲਾ ਤੇ ਰਜ਼ਾ ਕੁਲੀ ਖ਼ਾਂ 'ਮਨੀਰੁੱਦੌਲਾ' ਦੇ ਹੱਥ ਸ਼ਾਹੀ ਸੰਨਦ ਭੇਜੀ, ਜਿਸ ਵਿਚ ਉਸ ਨੇ ਸ਼ਾਹ ਆਲਮ ਨੂੰ ਦਿੱਲੀ ਦਾ ਬਾਦਸ਼ਾਹ ਤੇ ਸ਼ੁਜਾਉੱਦੌਲਾ ਨੂੰ ਵਜ਼ੀਰ ਪਰਵਾਨ ਕੀਤਾ। ਇਸ ਬਦਲੇ ਚਾਲੀ ਲੱਖ ਸਾਲਾਨਾ ਖ਼ਰਾਜ ਨੀਯਤ ਹੋਇਆ।

ਸੁਖਜੀਵਨ ਮੱਲ ਕਤਲ

ਕਸ਼ਮੀਰ ਦਾ ਸੂਬੇਦਾਰ ਸੁਖਜੀਵਨ ਮੱਲ ਬਾਗ਼ੀ ਹੋ ਗਿਆ ਸੀ। ਅਬਦਾਲੀ ਨੇ ਨੂਰੁੱਦੀਨ ਨੂੰ ਫ਼ੌਜ ਦੇ ਕੇ ਭੇਜਿਆ, ਜਿਸ ਨੇ ਸੁਖਜੀਵਨ ਮੱਲ ਨੂੰ ਫੜ ਲਿਆ ਤੇ ਅੰਨ੍ਹਾ ਕਰ ਕੇ ਲਾਹੌਰ ਭੇਜ ਦਿੱਤਾ, ਜਿਥੇ ਉਹ ਕਤਲ ਕਰ ਦਿੱਤਾ ਗਿਆ‡। ਨਵਾਬ ਸਰਬੁਲੰਦ ਖ਼ਾਂ

---

*ਭੰਗੂ, ਪੰਨਾ ੩੪੭; ਗੁਪਤਾ, ਸਿੱਖ ਇਤਿਹਾਸ, ਹਿੱਸਾ ਪਹਿਲਾ, ਪੰਨਾ ੧੬੭; ਕਈ ਇਤਿਹਾਸਕਾਰਾਂ ਦੇ ਹਵਾਲੇ ਸਹਿਤ। ਲਤੀਫ਼, ਪੰਨਾ ੨੮੪।

†ਖ਼ਜ਼ਾਨਾ-ਇ-ਅਮੀਰਾਂ, ਪੰਨਾ ੧੧੪; ਖ਼ੁਸ਼ਵਕਤ ਰਾਏ, ਪੰਨਾ ੯੫; ਫ਼ਾਰਸਟਰ,ਪੰਨਾ ੩੨੦; ਮੈਲਕਮ, ਪੰਨਾ ੯੮।

‡ਲਤੀਫ਼, ਪੰਨਾ ੨੮੪।

ਨੂੰ ਕਸ਼ਮੀਰ ਦਾ ਸੂਬੇਦਾਰ ਬਣਾ ਦਿੱਤਾ ਗਿਆ। ਲਾਹੌਰ ਵਿਚ ਗਰਮੀ ਦਾ ਜ਼ੋਰ ਹੋ ਜਾਣ ਕਰਕੇ ਜੁਲਾਈ ਤੇ ਅਗਸਤ ਦੋ ਮਹੀਨੇ ਅਬਦਾਲੀ ਕਲਾਨੌਰ ਜਾ ਰਿਹਾ ਤੇ ਫਿਰ ਲਾਹੌਰ ਆ ਗਿਆ। ਏਥੋਂ ਉਹ ਓਦੋਂ ਨਿਕਲਿਆ, ਜਦ ਸਿੱਖਾਂ ਨੇ ਮਾਰ ਕੇ ਕਢਿਆ।

**ਘਲੂਘਾਰੇ ਦਾ ਸਿੰਘਾਂ ਉੱਤੇ ਅਸਰ**

ਪੰਜ ਫ਼ਰਵਰੀ, ੧੭੬੨ ਈ. ਨੂੰ ਸਿੱਖ ਘਲੂਘਾਰੇ ਵਿਚ ਹਾਰੇ ਸਨ, ਪਰ ਉਹਨਾਂ ਦੇ ਹੌਸਲੇ ਸਗੋਂ ਵਧ ਗਏ ਸਨ। ਜਿਹੜਾ ਉਹਨਾਂ ਦੇ ਦਿਲਾਂ ਤੇ ਅਬਦਾਲੀ ਦਾ ਡਰ ਪਿਆ ਹੋਇਆ ਸੀ, ਉਹ ਲਹਿ ਗਿਆ। ਉਹਨਾਂ ਦੀ ਇਹ ਹਾਰ, ਜਿੱਤ ਨਾਲੋਂ ਵੀ ਚੰਗੀ ਸੀ। ਉਹਨਾਂ ਤਿੰਨ-ਕੁ ਮਹੀਨੇ ਬਰਾੜਾਂ ਦੇ ਪਿੰਡਾਂ ਵਿਚ ਕੱਟੇ। ਜ਼ਰਾ-ਕੁ ਸਰੀਰ ਦੇ ਫੱਟ ਆਠਰੇ, ਤਾਂ ਉਹ ਗੁਰਮਤਾ ਕਰਨ ਵਾਸਤੇ ਇਕ ਥਾਂ ਕੱਠੇ ਹੋਏ। ਫ਼ੈਸਲਾ ਇਹ ਹੋਇਆ, ਕਿ ਘਲੂਘਾਰੇ ਦੀ ਹਾਰ ਦਾ ਅਬਦਾਲੀ ਤੋਂ ਬਦਲਾ ਲਿਆ ਜਾਵੇ। ਸਰਦਾਰਾਂ ਅੱਗੇ ਔਖਾ ਸਵਾਲ ਇਹ ਸੀ, ਕਿ ਅਬਦਾਲੀ ਦੇ ਟਾਕਰੇ ਵਾਸਤੇ ਜੰਗੀ ਸਾਮਾਨ ਕਿੱਥੋਂ ਮਿਲੇ ? ਪਿਛਲਾ ਸਭ ਸਾਮਾਨ ਘਲੂਘਾਰੇ ਵਚਿ ਲੁੱਟਿਆ ਗਿਆ ਸੀ। ਪੱਕੀ ਹੋਈ, ਕਿ ਵੈਰੀ ਨੂੰ ਮਾਰਨ ਵਾਸਤੇ ਵੈਰੀ ਕੋਲੋਂ ਹੀ ਸਾਮਾਨ ਖੋਹਿਆ ਜਾਵੇ।

**ਸਿੰਘਾਂ ਦਾ ਸਰਹਿੰਦ ਉੱਤੇ ਹਮਲਾ**

ਮਈ, ੧੭੬੨ ਈ. ਵਿਚ ਅਚਨਚੇਤ ਹੀ ਸਿੰਘਾਂ ਨੇ ਸਰਹਿੰਦ ਉੱਤੇ ਹਮਲਾ ਕਰ ਦਿੱਤਾ। ਟਾਕਰੇ ਦੀ ਸਮਰਥਾ ਨਾ ਵੇਖ ਕੇ ਜ਼ੈਨ ਖ਼ਾਂ ਨੇ ਪੰਜਾਹ ਹਜ਼ਾਰ ਦੇ ਕੇ ਸਿੰਘਾਂ ਨਾਲ ਸੁਲ੍ਹਾ ਕਰ ਲਈ। ਸਿੰਘ ਨਜ਼ਰਾਨੇ ਲੈ ਕੇ ਵਾਪਸ ਪਟਿਆਲੇ ਨੂੰ ਮੁੜ ਪਏ। ਉਹ ਬਹਾਦਰ ਗੜ੍ਹ ਕੋਲ ਪੁੱਜੇ, ਤਾਂ ਪਿਛੋਂ ਜ਼ੈਨ ਖ਼ਾਂ ਤੇ ਉਸ ਦੇ ਦੀਵਾਨ ਲਛਮੀ ਨਾਰਾਇਣ ਨੇ ਹਮਲਾ ਕਰ ਦਿੱਤਾ। ਸਿੰਘਾਂ ਨੇ ਉਹਨਾਂ ਪੈਰਾਂ ਤੋਂ ਹੀ ਪਰਤ ਕੇ ਅਜੇਹਾ ਜਵਾਬੀ ਹਮਲਾ ਕੀਤਾ, ਕਿ ਜ਼ੈਨ ਖ਼ਾਂ ਤੇ ਲਛਮੀ ਨਾਰਾਇਣ ਪਿੜ ਵਿਚੋਂ ਹਾਰ ਕੇ ਨੱਸ ਗਏ। ਦੋਹਾਂ ਦੇ ਡੇਰੇ ਸਿੰਘਾਂ ਲੁੱਟ ਲਏ। ਏਸ ਤਰ੍ਹਾਂ ਹਜ਼ਾਰਾਂ ਰੁਪੈ ਦਾ ਜੰਗੀ ਤੇ ਹੋਰ ਲੋੜੀਂਦਾ ਸਾਮਾਨ ਸਿੰਘਾਂ ਦੇ ਹੱਥ ਆਇਆ।

**ਸਿੰਘ ਮਾਝੇ ਵਿਚ**

ਜੁਲਾਈ ਵਿਚ ਸਿੰਘ ਹਜ਼ਾਰ-ਹਜ਼ਾਰ ਦੇ ਜੱਥੇ ਬਣਾ ਕੇ ਅੰਮ੍ਰਿਤਸਰ ਜਾਣ ਲਗ ਪਏ। ਉਹਨਾਂ ਦੇ ਹੌਸਲੇ ਏਨੇ ਵਧੇ ਹੋਏ ਸਨ,

ਕਿ ਉਹ ਲਾਹੌਰ ਦੀਆਂ ਕੰਧਾਂ ਤਕ ਮਾਰਾਂ ਮਾਰਨ ਲੱਗੇ। ਦੁਰਾਨੀ ਫ਼ੌਜ ਦੇ ਦਸਤੇ ਡਰਦੇ ਸਿੰਘਾਂ ਦੇ ਸਾਮ੍ਹਣੇ ਨਾ ਹੁੰਦੇ। ਅਬਦਾਲੀ ਆਪ ਫ਼ੌਜ ਲੈ ਕੇ ਚੜ੍ਹਿਆ, ਤਾਂ ਸਿੰਘ ਜੰਗਲਾਂ ਵਿਚ ਜਾ ਵੜੇ।

**ਸਿੰਘਾਂ ਨੇ ਦੁਆਬਾ ਲੁੱਟਿਆ**

ਅਗਸਤ ਵਿਚ ਸ: ਜੱਸਾ ਸਿੰਘ ਆਹਲੂਵਾਲੀਏ ਦੀ ਜਥੇਦਾਰੀ ਹੇਠ ਸਿੰਘ ਦੁਆਬਾ ਜਲੰਧਰ ਵਿਚ ਜਾ ਵੜੇ। ਪੰਥ ਵਿਰੋਧੀਆਂ ਦੇ ਘਰ ਸਾੜੇ, ਲੁੱਟੇ ਤੇ ਸਾਰਾ ਇਲਾਕਾ ਲੁੱਟ ਕੇ ਸਿੰਘ ਮਾਲਵੇ ਜਾ ਪੁੱਜੇ।

**ਸਿੰਘ ਕਰਨਾਲ ਰਹੇ**

੨੫ ਅਗਸਤ ਤੋਂ ੨੪ ਸਤੰਬਰ ਤੱਕ—ਇਕ ਮਹੀਨਾ—ਸਿੰਘ ਪਾਨੀਪਤ ਤੇ ਕਰਨਾਲ ਦੇ ਵਿਚਕਾਰ ਡੇਰੇ ਲਾਈ ਬੈਠੇ ਰਹੇ ਤੇ ਦੂਰੋਂ ਨੇੜਿਓਂ ਹਥਿਆਰ ਤੇ ਹੋਰ ਲੋੜੀਂਦਾ ਸਾਮਾਨ ਖ਼ਰੀਦ ਕੇ ਸਿੰਘ ਅੰਮ੍ਰਿਤਸਰ ਨੂੰ ਤੁਰ ਪਏ।

ਅਕਤੂਬਰ ਚੜ੍ਹਦਿਆਂ ਹੀ ਸਿੰਘ ਮਾਝੇ ਵਿਚ ਆ ਪੁੱਜੇ। ਅਬਦਾਲੀ ਲਾਹੌਰ ਬੈਠਾ ਸੀ ਤੇ ਉਸ ਦੇ ਡੇਰੇ ਤੋਂ ਚਾਰ-ਪੰਜ ਮੀਲ ਦੀ ਵਿੱਥ ਤਕ ਸਿੰਘ ਧਾੜੇ ਮਾਰਦੇ ਫਿਰਦੇ ਸਨ। ਉਹ ਘਲੂਘਾਰੇ ਦੇ ਦਾਗ ਲਾਹੁਣਾ ਚਾਹੁੰਦੇ ਸਨ।

**ਦੀਵਾਲੀ ਉੱਤੇ ਸਿੰਘ ਅੰਮ੍ਰਿਤਸਰ**

ਦੀਵਾਲੀ ਤੋਂ ਪਹਿਲਾਂ-ਪਹਿਲਾਂ ਸੱਠ ਹਜ਼ਾਰ ਸਿੰਘ ਅੰਮ੍ਰਿਤਸਰ ਆ ਕੱਠੇ ਹੋਏ। ਜਿੱਥੇ ਸਿੱਖਾਂ ਦੇ ਹੌਸਲੇ ਵਧ ਗਏ ਸਨ, ਓਥੇ ਅਬਦਾਲੀ ਉਹਨਾਂ ਨਾਲ ਲੜਨ ਤੋਂ ਘਬਰਾ ਰਿਹਾ ਸੀ।

**ਅਬਦਾਲੀ ਨੇ ਸੁਲ੍ਹਾ ਕਰਨ ਵਾਸਤੇ ਕਿਹਾ ਪਰ ਸਿੱਖ ਨਾ ਮੰਨੇ**

ਲੜਨ ਦੀ ਥਾਂ ਉਸ ਨੇ ਨੀਤੀ ਤੋਂ ਕੰਮ ਲੈਣਾ ਚਾਹਿਆ। ਉਹਨੇ ਪੰਥ ਨਾਲ ਸੁਲ੍ਹਾ ਕਰਨ ਵਾਸਤੇ ਆਪਣੇ ਰਾਜਦੂਤ ਅੰਮ੍ਰਿਤਸਰ ਭੇਜੇ। ਸਿੰਘਾਂ ਨੇ ਉਹਨਾਂ ਨਾਲ ਸੁਲ੍ਹਾ ਦੀ ਗੱਲ ਬਾਤ ਕਰਨ ਦੀ ਥਾਂ, ਉਹਨਾਂ ਦਾ ਸਾਮਾਨ ਲੁੱਟ ਲਿਆ ਤੇ ਉਨ੍ਹਾਂ ਨੂੰ ਵਾਪਸ ਮੋੜ ਦਿੱਤਾ। ਹੁਣ ਅਬਦਾਲੀ ਵਾਸਤੇ ਲੜਾਈ ਬਿਨਾਂ ਹੋਰ ਕੋਈ ਰਾਹ ਨਹੀਂ ਸੀ ਰਹਿ ਗਿਆ। ਉਹ ਇਕ ਲੱਖ ਦੇ ਲਗਭਗ ਫ਼ੌਜ ਲੈ ਕੇ ੧੬ ਅਕਤੂਬਰ ਦੀ ਸ਼ਾਮ ਨੂੰ ਅੰਮ੍ਰਿਤਸਰ ਦੇ ਨੇੜੇ ਆ ਉਤਰਿਆ। ਅਗਲੇ ਦਿਨ (੧੭ ਅਕਤੂਬਰ, ੧੭੬੨ ਈ.) ਦੀਵਾਲੀ ਸੀ। ਉਸ ਦਿਨ ਪੂਰਾ ਸੂਰਜ-ਗ੍ਰਹਿਣ ਸੀ।

**ਜੰਗ ਪਿਪਲੀ ਸਾਹਿਬ**

ਦੀਵਾਲੀ ਵਾਲੇ ਦਿਨ ਸਵੇਰੇ ਹੀ ਸਿੰਘਾਂ ਨੇ ਚੌਫੇਰਿਓਂ ਅਬਦਾਲੀ ਦੀ ਫ਼ੌਜ ਉੱਤੇ ਹੱਲਾ

ਬੋਲ ਦਿੱਤਾ। ਪਿਪਲੀ ਸਾਹਿਬ ਕੋਲ ਸਾਰਾ ਦਿਨ ਬੜਾ ਘੋਰ ਯੁੱਧ ਹੋਇਆ। ਸ਼ਾਮ ਨੂੰ ਅਬਦਾਲੀ ਪੂਰੀ ਤਰ੍ਹਾਂ ਹਾਰ ਗਿਆ ਤੇ ਰਾਤ ਦੇ ਹਨੇਰੇ ਵਿਚ ਨੱਸ ਕੇ ਲਾਹੌਰ ਜਾ ਵੜਿਆ‡। ਏਸ ਲੜਾਈ ਵਿਚ ਕਈ ਹਜ਼ਾਰ ਦੁਰਾਨੀ ਸਿੰਘਾਂ ਨੇ ਕੈਦੀ ਬਣਾ ਲਏ। ਪੂਰੇ ਹੋਏ ਸਰੋਵਰ ਵਿਚੋਂ ਉਹਨਾਂ ਦੁਰਾਨੀਆਂ ਦੇ ਹੱਥੋਂ ਸਿੰਘਾਂ ਨੇ ਮਲਬਾ ਕਢਾਇਆ। ਇਹ ਕੰਮ ਮੁਕਾ ਕੇ ਸਿੰਘਾਂ ਨੇ ਕੈਦੀ ਛੱਡ ਦਿੱਤੇ ਤੇ ਆਪ ਲੱਖੀ ਜੰਗਲ ਵਿਚ ਜਾ ਵੜੇ।

ਨਵੰਬਰ ਵਿਚ ਕਸ਼ਮੀਰ ਵਾਲੀ ਫ਼ੌਜ ਵੀ ਵਾਪਸ ਆ ਗਈ ਤੇ ਪੰਜਾਬੀ ਮੁਸਲਮ ਹਾਕਮਾਂ ਦੀ ਫ਼ੌਜ ਵੀ ਅਬਦਾਲੀ ਨੇ ਕੱਠੀ ਕਰ ਲਈ। ਏਸ ਤਰ੍ਹਾਂ

**ਅਬਦਾਲੀ ਸਿੰਘਾਂ ਮਗਰ ਲੱਖੀ ਜੰਗਲ ਵਿਚ**

ਫ਼ੌਜ ਦੀ ਗਿਣਤੀ ਵਧਾਕੇ ਅਬਦਾਲੀ ਲੱਖੀ ਜੰਗਲ ਵਿਚ ਸਿੱਖਾਂ ਦੇ ਮਗਰ ਚੜ੍ਹਿਆ (ਨਵੰਬਰ, ੧੭੬੨ ਈ.)। ਏਥੇ ਸਿਧੀ ਲੜਾਈ ਲੜਨ ਦੀ ਥਾਂ ਸਿੰਘ ਛੋਟੇ-ਛੋਟੇ ਜੱਥੇ ਬਣਾ ਕੇ ਲੜਨ ਲਗੇ। ਇਕ ਜੱਥਾ ਇਕ ਪਾਸਿਓਂ ਹਮਲਾ ਕਰਦਾ। ਦੁਰਾਨੀ ਫ਼ੌਜ ਉਸ ਦੇ ਟਾਕਰੇ ਲਈ ਵਧਦੀ, ਤਾਂ ਸਿੰਘ ਭਜ ਕੇ ਜੰਗਲ ਵਿਚ ਜਾ ਵੜਦੇ। ਦੁਰਾਨੀ ਅਜੇ ਸੁਰਤ ਵੀ ਨਾ ਸੰਭਾਲਦੇ, ਜਾਂ ਓਨੇ ਚਿਰ ਨੂੰ ਸਿੰਘਾਂ ਦਾ ਹੋਰ ਜੱਥਾ ਦੂਜੇ ਪਾਸਿਓਂ ਆ ਧਾਵਾ ਬੋਲਦਾ। ਦੁਰਾਨੀ ਉਸ ਪਾਸੇ ਹੁੰਦੇ, ਤਾਂ ਉਹ ਵੀ ਪਹਿਲੇ ਜੱਥੇ ਵਾਂਗ ਜੰਗਲ ਵਿਚ ਜਾ ਲੁਕਦੇ ਤੇ ਤਿੱਜਾ ਜਥਾ ਹੋਰ ਪਾਸਿਓਂ ਹੱਲਾ ਬੋਲ ਦੇਂਦਾ। ਲੜਾਈ ਦੇ ਏਸ ਢੰਗ ਨੇ ਅਬਦਾਲੀ ਦਾ ਨੱਕ ਦਮ ਕਰ ਦਿੱਤਾ। ਇਕ ਦਿਨ ਅਬਦਾਲੀ ਨੂੰ ਵੇਖ ਕੇ ਇਕ ਸਿੰਘ (ਇਕੱਲਾ ਹੀ) ਘੋੜਾ ਭਜਾ ਕੇ ਉਸ ਉੱਤੇ ਆ ਪਿਆ। ਉਹ ਸਿੰਘ ਤਾਂ ਅਬਦਾਲੀ ਦੀ ਸਰੀਰ-ਰਖਿਅਕ ਫ਼ੌਜ ਹੱਥੋਂ ਮਾਰਿਆ ਗਿਆ, ਪਰ ਇਸ ਘਟਨਾ ਨੇ ਅਬਦਾਲੀ ਦੇ ਦਿਲ ਉੱਤੇ ਐਨਾ ਅਸਰ ਪਾਇਆ, ਕਿ ਉਹ ਸਣੇ ਫ਼ੌਜ ਵਾਪਸ ਲਾਹੌਰ

**ਕਾਬਲੀ ਮੱਲ ਸੂਬੇਦਾਰ ਲਾਹੌਰ ਬਣਿਆ**

ਆ ਬੈਠਾ। ਅਬਦਾਲੀ ਨੇ ਸਾਰੇ ਪੰਜਾਬ ਦਾ ਸੂਬੇਦਾਰ ਕਾਬਲੀ ਮੱਲ ਨੂੰ ਬਣਾਇਆ। ਉਸ ਦੇ ਮਾਤਹਿਤ ਮੁਰਾਦ ਖ਼ਾਂ ਬਾਰੀ ਦੁਆਬ ਦਾ,

---

‡ਫਾਰਸਟਰ, ਪੰਨੇ ੩੨੧-੨੨; ਬਰਾਊਨ, ਹਿੱਸਾ ਦੂਜਾ, ਪੰਨੇ ੨੫-੨੬; ਅਲੀਉੱਦੀਨ, ਪੰਨੇ ੧੨੫-੨੬।

#### ਸਿੰਘਾਂ ਨੇ ਰਾਵੀ ਕੰਢੇ ਅਬਦਾਲੀ 'ਤੇ ਹਮਲਾ ਕੀਤਾ

ਜਹਾਨ ਖ਼ਾਂ ਰਾਵੀ ਤੋਂ ਅਟਕ ਤੱਕ ਦਾ, ਸਆਦਤ ਯਾਰ ਖ਼ਾਂ ਜਲੰਧਰ ਦਾ ਤੇ ਜ਼ੈਨ ਖ਼ਾਂ ਸਰਹਿੰਦ ਦਾ ਹਾਕਮ ਬਣਿਆ। ੧੨ ਦਸੰਬਰ, ੧੭੬੨ ਈ. ਨੂੰ ਅਬਦਾਲੀ ਲਾਹੌਰੋਂ ਕਾਬਲ ਵੱਲ ਤੁਰਿਆ। ਇਸ ਵੇਲੇ ਸਿੰਘ ਏਨੇ ਦਲੇਰ ਹੋ ਗਏ ਸਨ, ਕਿ ਉਹਨਾਂ ਰਾਵੀਓਂ ਟੱਪਦੀ ਫ਼ੌਜ ਉੱਤੇ ਹਮਲਾ ਕੀਤਾ‡। ਅਬਦਾਲੀ ਪੱਤਣ ਉੱਤੇ ਖਲੋਤਾ ਵੇਖ ਰਿਹਾ ਸੀ, ਤੇ ਸਿੰਘ ਉਹਦੀ ਫ਼ੌਜ ਨੂੰ ਲੁੱਟ ਰਹੇ ਸਨ।

#### ਬੁੱਢਾ ਦਲ

ਅਬਦਾਲੀ ਦੇ ਜਾਣ ਦੀ ਦੇਰ ਸੀ ਜਾਂ ਸਿੰਘ ਫੇਰ ਅੰਮ੍ਰਿਤਸਰ ਕੱਠੇ ਆ ਹੋਏ। ਸਰਬ ਸੰਮਤੀ ਨਾਲ ਏਥੇ ਪੰਥ ਦੇ ਦੋ ਜੱਥੇ ਬਣਾਏ ਗਏ : ਬੁੱਢਾ ਦਲ ਤੇ ਤਰਨਾ ਦਲ। ਬੁੱਢੇ ਦਲ ਦਾ ਜੱਥੇਦਾਰ ਸ: ਜੱਸਾ ਸਿੰਘ ਆਹਲੂਵਾਲੀਆ ਬਣਿਆ। ਇਸ ਵਿਚ ਛੇ ਮਿਸਲਾਂ ਸ਼ਾਮਲ ਹੋਈਆਂ : ਆਹਲੂਵਾਲੀਆਂ ਦੀ, ਸਿੰਘਪੁਰੀਆਂ ਦੀ, ਡੱਲੇਵਾਲੀਆਂ ਦੀ, ਕਰੋੜਾ ਸਿੰਘੀਆਂ ਦੀ, ਨਸ਼ਾਨਾ ਵਾਲੀ ਤੇ ਸ਼ਹੀਦਾਂ ਦੀ।

#### ਤਰਨਾ ਦਲ

ਇਸ ਦਲ ਨੂੰ ਮੁਲਕ ਵਿਚ ਲੁੱਟ ਮਾਰ ਕਰਨ ਤੇ ਵੈਰੀਆਂ ਨੂੰ ਸਜ਼ਾ ਦੇਣ ਦਾ ਕੰਮ ਸੌਂਪਿਆ ਗਿਆ। ਤਰਨਾ ਦਲ ਦਾ ਜੱਥੇਦਾਰ ਸ: ਹਰੀ ਸਿੰਘ ਭੰਗੀ ਬਣਿਆ। ਇਸ ਵਿਚ ਪੰਜ ਮਿਸਲਾਂ ਸ਼ਾਮਲ ਸਨ : ਭੰਗੀਆਂ ਵਾਲੀ, ਰਾਮਗੜ੍ਹੀਆਂ ਦੀ, ਕਨ੍ਹਈਆਂ ਦੀ, ਸੁਕਰਚੱਕੀਆਂ ਦੀ ਤੇ ਨਕਈਆਂ ਦੀ। ਇਸ ਦਲ ਨੂੰ ਅੰਮ੍ਰਿਤਸਰ ਦੇ ਗੁਰਧਾਮਾਂ ਦੀ ਸੇਵਾ ਬਖ਼ਸ਼ੀ ਗਈ।

ਬੁੱਢਾ ਦਲ ਲਾਹੌਰ ਉਦਾਲੇ ਚੱਕਰ ਲਾ ਰਿਹਾ ਸੀ, ਜਾਂ ਦੁਰਾਨੀ ਫ਼ੌਜ ਦਾ ਇਕ ਦਸਤਾ ਉਸ ਦੇ ਕਾਬੂ ਆ ਗਿਆ। ਦੁਰਾਨੀਆਂ ਹਥਿਆਰ ਸੁੱਟ ਦਿੱਤੇ। ਸਿੰਘ ਉਹਨਾਂ ਨੂੰ ਫੜ ਕੇ ਅੰਮ੍ਰਿਤਸਰ ਲੈ ਆਏ ਤੇ ਸਰੋਵਰ ਵਿਚੋਂ ਗਾਰ ਕਢਾ ਕੇ ਛੱਡ ਦਿੱਤੇ।

੧੦ ਅਪ੍ਰੈਲ, ੧੭੬੩ ਈ. ਨੂੰ ਵਿਸਾਖੀ ਉੱਤੇ ਤਰਨਾ ਦਲ ਦੇ ਸਿੰਘ ਅੰਮ੍ਰਿਤਸਰ ਕੱਠੇ ਹੋਏ। ਬੁੱਢਾ ਦਲ ਉਸ ਵੇਲੇ ਬਿਆਸ ਤੋਂ ਪਾਰ ਫਿਰ ਰਿਹਾ

---

‡ ਪੰਜਾਬ ਮੁਗ਼ਲ, ਪੰਨਾ ੧੯੫।

**ਕਸੂਰ ਦੇ ਪੰਡਤ ਦੀ ਫ਼ਰਿਯਾਦ**

ਸੀ*। ਕਸੂਰ ਦੇ ਪੰਡਤ ਨੇ ਅਕਾਲ ਤਖ਼ਤ ਆ ਕੇ ਫ਼ਰਿਯਾਦ ਕੀਤੀ, ਕਿ ਉਸਮਾਨ ਖ਼ਾਂ ਕਸੂਰੀ ਨੇ ਮੇਰੀ ਪੰਡਤਾਣੀ ਖੋਹ ਲਈ ਹੈ। ਕਸੂਰ ਦੇ ਪਠਾਣਾਂ ਦੇ ਅਤਿਆਚਾਰ ਉਹਨੇ ਵਿਸਥਾਰ ਨਾਲ ਸਿੰਘਾਂ ਅੱਗੇ ਦੱਸੇ। ਕਸੂਰ ਵਿਚ ਪਠਾਣਾਂ ਦੇ ਬਾਰ੍ਹਾਂ ਕਿਲ੍ਹੇ ਸਨ। ਪਠਾਣ ਬਜ਼ਾਰਾਂ ਵਿਚ ਗਾਈਂ ਮਾਰਦੇ ਤੇ ਖੂਹਾਂ ਤੇ ਤਲਾਵਾਂ ਵਿਚ ਹੱਡੀਆਂ ਸੁੱਟਦੇ। ਜੇ ਕਿਸੇ ਹਿੰਦੂ ਦੀ ਗਾਂ ਬੀਮਾਰ ਹੋ ਜਾਂਦੀ, ਤਾਂ ਕਾਜ਼ੀ ਉਸ ਹਿੰਦੂ ਦੇ ਘਰ ਵਿਚ ਜਾ ਕੇ ਹਲਾਲ ਕਰਦਾ। ਜਿਹੜਾ ਹਿੰਦੂ ਆਪਣੇ ਮਰਦੇ ਪਸੂ ਦਾ ਪਤਾ ਨਾ ਦੇਂਦਾ, ਉਸ ਨੂੰ ਸਜ਼ਾ ਦਿੱਤੀ ਜਾਂਦੀ†।

ਕਸੂਰ ਵਿਚ ਪਠਾਣਾਂ ਦੀ ਬੜੀ ਭਾਰੀ ਫ਼ੌਜੀ ਤਾਕਤ ਸੀ। ਸੋ ਬਹੁਤੇ ਸਿੱਖ ਸਰਦਾਰ ਕਸੂਰ ਉੱਤੇ ਹਮਲਾ ਕਰਨ ਦੇ ਹੱਕ ਵਿਚ ਨਹੀਂ ਸਨ, ਕਿਉਂਕਿ ਬੁੱਢਾ ਦਲ ਉਸ ਵੇਲੇ ਨਾਲ ਨਹੀਂ ਸੀ। ਪਰ ਸ: ਹਰੀ ਸਿੰਘ ਭੰਗੀ ਨੇ ਕਿਹਾ, ਕਿ ਗੁਰੂ ਮਹਾਰਾਜ ਨੇ ਪੰਥ ਸਾਜਿਆ ਹੀ ਦੁਖੀਆਂ ਦੀ ਮਦਦ ਵਾਸਤੇ ਹੈ, ਸੋ ਪੰਥ ਦੀ ਸ਼ਰਨ ਆਏ ਪੰਡਤ ਨੂੰ ਨਿਰਾਸ ਨਹੀਂ ਮੋੜਿਆ ਜਾਵੇਗਾ। ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈ ਕੇ ਸ: ਹਰੀ ਸਿੰਘ ਭੰਗੀ ਤਿਆਰ ਹੋ ਪਿਆ। ਉਸ ਦੇ ਮਗਰ ਸ: ਚੜ੍ਹਤ ਸਿੰਘ ਸੁਕਰਚੱਕੀਆ ਆਪਣੀ ਮਿਸਲ ਸਣੇ ਲਗ ਤੁਰਿਆ। ਫੇਰ ਬਾਕੀ ਤਿੰਨੇ ਮਿਸਲਾਂ (ਰਾਮਗੜ੍ਹੀਏ, ਕਨ੍ਹਈਏ ਤੇ ਨਕਈ) ਵੀ ਸਾਥ ਹੋ ਪਈਆਂ। ਪੰਜ ਹਜ਼ਾਰ ਸਿਪਾਹੀ ਭੰਗੀ ਮਿਸਲ ਦੇ ਸਨ ਤੇ ਦਸ ਹਜ਼ਾਰ ਬਾਕੀ ਚੌਹਾਂ ਮਿਸਲਾਂ ਦੇ। ਇਹ ਪੰਦਰਾਂ ਹਜ਼ਾਰ ਸਿੰਘ ਅੰਮ੍ਰਿਤਸਰੋਂ ਤੁਰੇ, ਜੋ ਕਸੂਰ ਜਾਂਦਿਆਂ ਤਕ ੨੪ ਹਜ਼ਾਰ ਹੋ ਗਏ‡। ਓਦੋਂ ਰੋਜ਼ਿਆਂ ਦੇ ਦਿਨ (ਜੇਠ=ਮਈ, ੧੭੬੩ ਈ.) ਸਨ। ਸੋ ਸਿੰਘ ਦੋਪਹਿਰੇ ਖੁੱਲ੍ਹੇ ਬੂਹੀਂ ਕਸੂਰ ਵਿਚ ਜਾ ਵੜੇ। ਗਰਮੀ ਦੇ ਮਾਰੇ ਪਠਾਣ ਉਸ ਵੇਲੇ ਭੋਰਿਆਂ (ਸਰਦ-ਖ਼ਾਨਿਆਂ) ਵਿਚ ਸੁੱਤੇ ਪਏ ਸਨ।

**ਕਸੂਰ ਉੱਤੇ ਚੜ੍ਹਾਈ**

---

* ਭੰਗੂ, ਪੰਨਾ ੩੭੧।

† ਪੰਥ ਪ੍ਰਕਾਸ਼, ਪੰਨੇ ੭੯੭-੯੮।

‡ ਭੰਗੂ, ਪੰਨਾ ੩੭੪।

ਉਸਮਾਨ ਖ਼ਾਂ ਕਤਲ

ਦਰਵਾਜ਼ਿਆਂ ਉੱਤੇ ਆਪਣੀ ਫ਼ੌਜ ਖਲ੍ਹਾਰ ਕੇ ਸਿੰਘਾਂ ਸ਼ਹਿਰ ਵਿਚ ਕਤਲਾਮ ਸ਼ੁਰੂ ਕਰ ਦਿੱਤੀ। ਉਸਮਾਨ ਖ਼ਾਂ ਪੰਜ ਸੌ ਸਿਪਾਹੀਆਂ ਸਣੇ ਕਤਲ ਕਰ ਦਿੱਤਾ ਗਿਆ। ਫ਼ਰਯਾਦੀ ਪੰਡਤ ਦੀ ਪੰਡਤਾਣੀ ਉਸ ਦੇ ਹਵਾਲੇ ਕੀਤੀ ਗਈ। ਗ਼ੁਲਾਮ ਮਹੀਯੁੱਦੀਨ ਖ਼ਾਂ ਲੜ ਕੇ ਕਤਲ ਹੋਇਆ। ਉਸ ਦਾ ਭਤੀਜਾ ਹਮੀਦ ਖ਼ਾਂ ਸ: ਝੰਡਾ ਸਿੰਘ ਦੇ ਪੈਰੀਂ ਢਹਿ ਪਿਆ ਤੇ ਚਾਰ ਲੱਖ ਨਜ਼ਰਾਨਾ ਦੇ ਕੇ ਜਾਨ ਬਚਾ ਲਈ।

ਕਸੂਰ ਲੁੱਟਿਆ

ਪਠਾਣਾਂ ਦੇ ਹਾਰ ਜਾਣ 'ਤੇ ਸਿੰਘਾਂ ਨੇ ਸ਼ਹਿਰ ਵਿਚ ਲੁੱਟ ਮਚਾ ਦਿੱਤੀ। ਤਿੰਨ ਦਿਨ ਸ਼ਹਿਰ ਲੁੱਟੀਂਦਾ ਰਿਹਾ। ਕਰੋੜਾਂ ਰੁਪੈ ਦਾ ਸੋਨਾ, ਚਾਂਦੀ, ਗਹਿਣੇ, ਹੀਰੇ, ਮੋਤੀ, ਸਿੰਘਾਂ ਦੇ ਹੱਥ ਲੱਗਾ। ਕਸੂਰ ਦੀ ਲੁੱਟ ਨਾਲ ਸਿੰਘ ਮਾਲਾ ਮਾਲ ਹੋ ਗਏ।

ਕਸੂਰ ਦਾ ਦਿਲੇ ਰਾਮ ਸ਼ਾਹਜਹਾਨ ਦੀ ਬੇਗਮ ਦਾ ਦੀਵਾਨ ਰਿਹਾ ਸੀ। ਉਸ ਨੇ ਕਰੋੜਾਂ ਰੁਪੈ ਤੇ ਬੇਗਮ ਦਾ ਗਹਿਣਾ ਕਸੂਰ ਵਿਚ ਦੱਬਿਆ ਹੋਇਆ ਸੀ। ਉਸ ਵੇਲੇ ਉਸ ਦਾ ਪੋਤਰਾ ਹਿਰਦੇ ਰਾਮ ਓਥੇ ਮਾਲਕ ਸੀ। ਉਸ ਦੀ

ਹਿਰਦੇ ਰਾਮ ਤੇ ਮਾਲੀ ਸਿੰਘ

ਹਵੇਲੀ ਨੂੰ ਮਾਲੀ ਸਿੰਘ (ਸ: ਜੱਸਾ ਸਿੰਘ ਰਾਮਗੜ੍ਹੀਏ ਦਾ ਭਰਾ) ਨੇ ਘੇਰ ਲਿਆ ਤੇ ਹਿਰਦੇ ਰਾਮ ਨੂੰ ਫੜ ਲਿਆ। ਉਸ ਨੇ ਇਹ ਬਚਨ ਲੈ ਕੇ, ਕਿ ਮਾਲੀ ਸਿੰਘ ਉਸ ਨੂੰ ਕਤਲ ਨਹੀਂ ਕਰੇਗਾ, ਪੌੜੀਆਂ ਹੇਠੋਂ ਇਕ ਸੰਦੂਕੜੀ ਕੱਢ ਕੇ ਦਿੱਤੀ, ਜਿਸ ਵਿਚ ਹੀਰੇ ਜਵਾਹਰ ਤੇ ਬੇਗਮ ਦੇ ਗਹਿਣੇ ਸਨ, ਜਿੰਨ੍ਹਾਂ ਦੀ ਕੀਮਤ ਪੰਜਾਹ ਲੱਖ ਤੋਂ ਉਪਰ ਦੱਸਦੇ ਹਨ।

ਰਾਮਗੜ੍ਹੀਆਂ ਤੇ ਕਨ੍ਹਈਆਂ ਵਿਚ ਵਿਗਾੜ

ਰਾਮਗੜ੍ਹੀਏ ਤੇ ਕਨ੍ਹਈਏ ਕੱਠੇ ਰਹਿੰਦੇ ਸਨ ਤੇ ਲੁੱਟ ਦਾ ਮਾਲ ਅੱਧੋ ਅੱਧ ਕਰ ਲਿਆ ਕਰਦੇ ਸਨ। ਮਾਲੀ ਸਿੰਘ ਧਨ ਵੇਖ ਕੇ ਡੋਲ ਗਿਆ। ਉਹ ਇਕੱਲਾ ਹੀ ਸੰਦੂਕੜੀ ਆਪਣੇ ਡੇਰੇ ਲੈ ਗਿਆ। ਕਨ੍ਹਈਆਂ ਨੂੰ ਪਤਾ ਲਗਾ, ਤਾਂ ਉਹਨਾਂ ਉਸ ਧਨ ਵਿਚੋਂ ਹਿੱਸਾ ਮੰਗਿਆ। ਮਾਲੀ ਸਿੰਘ ਹਿੱਸਾ ਦੇਣ ਵਾਸਤੇ ਤਿਆਰ ਨਾ ਹੋਇਆ, ਤਾਂ ਕਨ੍ਹਈਏ ਲੜਨ ਵਾਸਤੇ ਤਿਆਰ ਹੋ ਗਏ। ਮਾਲੀ ਸਿੰਘ ਨੇ ਹਿਰਦੇ ਰਾਮ ਨਾਲ ਵੀ ਧ੍ਰੋਹ ਕੀਤਾ ਤੇ ਉਸ ਨੂੰ ਏਸ ਡਰ ਵਜੋਂ ਮਾਰ ਦਿੱਤਾ, ਕਿ ਉਹ ਸੰਦੂਕੜੀ ਬਾਰੇ ਕਿਸੇ ਨੂੰ ਦੱਸ ਨਾ ਦੇਵੇ। ਬਾਕੀ ਸਰਦਾਰਾਂ (ਖ਼ਾਸ ਕਰ ਚੜ੍ਹਤ

ਸਿੰਘ) ਨੇ ਵਿਚ ਪੈ ਕੇ ਸੁਲ੍ਹਾ ਕਰਾ ਦਿੱਤੀ ਤੇ ਕੁਛ ਹਿੱਸਾ ਕਨ੍ਹਈਆਂ ਨੂੰ ਦੁਆ ਦਿੱਤਾ। ਮਾਲੀ ਸਿੰਘ ਦੇ ਮਰਨ ਪਿਛੋਂ ਉਹ ਧਨ ਕਿਸੇ ਢੰਗ ਨਾਲ ਸ: ਚੜ੍ਹਤ ਸਿੰਘ ਦੇ ਕਾਬੂ ਆ ਗਿਆ*। ਕਸੂਰ ਲੁੱਟ ਕੇ, ਸਿੰਘ ਫ਼ਤਹਿ ਦੇ ਵਾਜੇ ਵਜਾਉਂਦੇ ਅੰਮ੍ਰਿਤਸਰ ਆ ਪੁੱਜੇ।

**ਬੁੱਢਾ ਦਲ ਦੁਆਬੇ ਵਿਚ**

ਬੁੱਢੇ ਦਲ ਦੀਆਂ ਛੀਏ ਮਿਸਲਾਂ ਦੁਆਬਾ ਜਲੰਧਰ ਉੱਤੇ ਜਾ ਪਈਆਂ। ਜਲੰਧਰ ਦਾ ਫ਼ੌਜਦਾਰ ਸਆਦਤਯਾਰ ਖ਼ਾਂ ਸਿੰਘਾਂ ਤੋਂ ਡਰਦਾ ਸ਼ਹਿਰੋਂ ਬਾਹਰ ਨਹੀਂ ਸੀ ਨਿਕਲਦਾ। ਸਾਰਾ ਇਲਾਕਾ ਸਿੱਖ ਸਰਦਾਰਾਂ ਨੇ ਮੱਲ ਲਿਆ। ਆਕੀਆਂ ਨੂੰ ਚੰਗੀ ਤਰ੍ਹਾਂ ਨੁਆਇਆ ਤੇ ਵਿਰੋਧੀਆਂ ਤੋਂ ਬਦਲੇ ਲਏ। ਜੂਨ ਤੋਂ ਸਤੰਬਰ ਤਕ ਬੁੱਢਾ ਦਲ ਏਥੇ ਹੀ ਰਿਹਾ।

**ਜਾਅਫਰ ਬੇਗ**

ਦੀਨਾ ਨਗਰ ਦਾ ਮਾਲਕ ਓਦੋਂ ਅਦੀਨਾ ਬੇਗ ਦਾ ਪੁੱਤਰ ਜਾਅਫਰ ਬੇਗ ਸੀ। ਸਿੰਘਾਂ ਦੀ ਚੜ੍ਹਦੀ ਕਲਾ ਵੇਖ ਕੇ ਉਸਨੂੰ ਫ਼ਿਕਰ ਪੈ ਗਿਆ ਤੇ ਉਹ ਲੜਾਈ ਦੀ ਤਿਆਰੀ ਕਰਨ ਲੱਗਾ। ਉਸ ਨੇ ਆਪਣੀ ਮਦਦ ਵਾਸਤੇ ਪਸਰੂਰ ਦੇ ਖ਼ਾਨ ਮੁਹੰਮਦ ਤੇ ਕਲਾਨੌਰ ਦੇ ਨੂਰਦੀਨ ਨੂੰ ਬੁਲਾ ਲਿਆ। ਉਸਦਾ ਵੱਡਾ ਸਲਾਹਕਾਰ ਉਸਦਾ ਦੀਵਾਨ ਸ਼ਿਵ ਦਿਆਲ (ਪੁਰਾਣੇ ਦੀਵਾਨ ਬਿਸ਼ੰਭਰ ਦਾਸ ਦਾ ਪੁੱਤਰ) ਸੀ। ਉਹਨਾਂ ਦੀ ਖ਼ਬਰ ਅੰਮ੍ਰਿਤਸਰ ਪੁੱਜੀ, ਤਾਂ ਤਰਨਾ ਦਲ ਤਿਆਰ ਹੋ ਪਿਆ। ਸਾਵਣ ਦੇ ਮਹੀਨੇ ਦੋਹਾਂ ਦਲਾਂ ਦਾ ਬਟਾਲੇ ਕੋਲ ਟਾਕਰਾ ਹੋ ਗਿਆ।

**ਬਟਾਲੇ ਦੀ ਲੜਾਈ**

ਬੜੀ ਲਹੂ ਡੋਲ੍ਹਵੀਂ ਲੜਾਈ ਹੋਈ। ਸ: ਚੜ੍ਹਤ ਸਿੰਘ ਹੱਥੋਂ ਨੂਰਦੀਨ ਤੇ ਸ: ਪਹਾੜਾ ਸਿੰਘ ਦੇ ਹੱਥੋਂ ਦੀਵਾਨ ਸ਼ਿਵ ਦਿਆਲ ਕਤਲ ਹੋ ਗਏ। ਖ਼ਾਨ ਮੁਹੰਮਦ ਵੀ ਏਸੇ ਲੜਾਈ ਵਿਚ ਮਰਿਆ ਗਿਆ। ਜਾਅਫ਼ਰ ਬੇਗ ਲੜਾਈ ਵਿਚ ਹਾਰ ਕੇ ਤੇ ਜਾਨ ਬਚਾ ਕੇ ਨੱਸ ਗਿਆ। ਸਿੰਘਾਂ ਨੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ†।

ਚਾਰ ਨਵੰਬਰ, ੧੭੬੩ ਈ. ਨੂੰ ਦੀਵਾਲੀ ਸੀ। ਦੋਵੇਂ ਦਲ ਅੰਮ੍ਰਿਤਸਰ ਕੱਠੇ ਆ ਹੋਏ। ਸਰੋਵਰ ਸਾਫ਼ ਹੋ ਚੁੱਕਾ ਸੀ, ਤੇ ਹਰਿਮੰਦਰ ਸਾਹਿਬ ਦੀਆਂ

---

*ਭੰਗੂ, ਪੰਨੇ ੩੭੮ ਤੋਂ ੩੮੩; ਪੰਥ ਪ੍ਰਕਾਸ਼, ਪੰਨੇ ੮੦੫-੬।

†ਪੰਥ ਪ੍ਰਕਾਸ਼, ਪੰਨੇ ੮੦੭ ਤੋਂ ੮੦੯।

ਨੀਹਾਂ ਰੱਖਣ ਦੀਆਂ ਸਲਾਹੀਂ ਹੋ ਰਹੀਆਂ ਸਨ। ਕਈਆਂ ਸਰਦਾਰਾਂ ਦੀ ਸਲਾਹ ਸੀ, ਕਿ ਅਬਦਾਲੀ ਦਾ ਇਕ ਹਮਲਾ ਹੋਰ ਵੇਖ ਕੇ ਹੀ ਹਰਿਮੰਦਰ ਸਾਹਿਬ ਬਣਾਇਆ ਜਾਵੇ, ਪਰ ਬਾਕੀ ਸਰਦਾਰਾਂ ਨੇ ਸਲਾਹ ਦਿੱਤੀ, ਕਿ ਕੰਮ ਆਰੰਭ ਦੇਣਾ ਚਾਹੀਦਾ ਹੈ।

ਸਰੋਵਰ ਨੂੰ ਇਸ ਤੋਂ ਪਹਿਲਾਂ ਵੀ ਕਈ ਵਾਰ ਨੁਕਸਾਨ ਪੁਚਾਇਆ ਗਿਆ ਸੀ, ਪਰ ਹਰਿਮੰਦਰ ਸਾਹਿਬ ਨੂੰ ਨੀਹਾਂ ਤਕ ਅਬਦਾਲੀ ਨੇ ਹੀ ਇਸ ਵਾਰ ਢਾਹਿਆ ਸੀ। ਸਾਰੇ ਪੰਥ ਨੇ ਅਰਦਾਸਾ ਕਰਕੇ ਕੱਤਕ ਸੁਦੀ ਤੇਰਾਂ (੧੭ ਨਵੰਬਰ, ੧੭੬੩ ਈ.) ਨੂੰ ਹਰਿਮੰਦਰ ਸਾਹਿਬ ਦੀ ਨੀਂਹ ਧਰੀ। ਨਵਾਬ ਕਪੂਰ ਸਿੰਘ ਨੇ ਇੱਟ ਰੱਖੀ ਤੇ ਸ: ਜੱਸਾ ਸਿੰਘ ਆਹਲੂਵਾਲੀਏ ਨੇ ਚੂਨਾ ਪਾਇਆ। ਸਾਰੇ ਸਰਦਾਰਾਂ ਨੇ ਹਰਿਮੰਦਰ ਸਾਹਿਬ ਵਾਸਤੇ ਯਥਾ ਸ਼ਕਤ ਭੇਟਾ ਚੜ੍ਹਾਈ‡। ਐਨ ਏਸ ਵੇਲੇ ਖ਼ਬਰ ਮਿਲੀ, ਕਿ ਦੁਰਾਨੀ ਜਰਨੈਲ ਜਹਾਨ ਖ਼ਾਂ ਸਣੇ ਫ਼ੌਜ ਅਟਕ ਟੱਪ ਪਿਆ ਹੈ। ਹਰਿਮੰਦਰ ਸਾਹਿਬ ਦੇ ਉਸਾਰਨ ਦੀ ਸੇਵਾ ਭਾਈ ਦੇਸ ਰਾਜ ਸੁਰਸਿੰਘ ਵਾਲੇ ਨੂੰ ਸੌਂਪ ਕੇ ਸਿੰਘ ਦੁਰਾਨੀ ਦੇ ਟਾਕਰੇ ਵਾਸਤੇ ਉਸ ਪਾਸੇ ਹੋ ਤੁਰੇ।

**ਹਰਿਮੰਦਰ ਦੀ ਨੀਹ ਰੱਖੀ**

ਬਿਨਾਂ ਟਾਕਰੇ ਜਹਾਨ ਖ਼ਾਂ ਵਜ਼ੀਰਾਬਾਦ ਆ ਪੁੱਜਾ। ਏਨੇ ਚਿਰ ਨੂੰ ਸਿੰਘ ਵੀ ਜਾ ਪਹੁੰਚੇ। ਉਹਨਾਂ ਚੌਫੇਰਿਓਂ ਹੀ ਦੁਰਾਨੀ ਉੱਤੇ ਹਮਲਾ ਕੀਤਾ। ਏਸ ਲੜਾਈ ਵਿਚ ਜਹਾਨ ਖ਼ਾਂ ਹਿੱਕ ਡਾਹਕੇ ਖਲੋ ਨਾ ਸਕਿਆ। ਉਹ ਆਪਣੀ ਫ਼ੌਜ ਦਾ ਚੋਖਾ ਨੁਕਸਾਨ ਕਰਾ ਕੇ ਤੇ ਪੂਰੀ ਤਰ੍ਹਾਂ ਹਾਰ ਕੇ ਕਾਬਲ ਨੂੰ ਨੱਸ ਗਿਆ। ਸਿੰਘ ਫ਼ਤਹਿ ਦੇ ਜੈਕਾਰੇ ਛੱਡਦੇ ਅੰਮ੍ਰਿਤਸਰ ਆ ਪੁੱਜੇ। ਇਹ ਘਟਨਾ ਨਵੰਬਰ (੧੭੬੩ ਈ.) ਦੇ ਅਖ਼ੀਰ ਵਿਚ ਹੋਈ।

**ਜਹਾਨ ਖ਼ਾਂ ਹਾਰ ਕੇ ਮੁੜ ਗਿਆ**

ਅੰਮ੍ਰਿਤਸਰ ਸਿੰਘਾਂ ਨੇ ਗੁਰਮਤਾ ਕੀਤਾ, ਕਿ ਸੂਬਾ ਸਰਹਿੰਦ ਨੂੰ ਸੋਧਿਆ ਜਾਵੇ। ਇਸ ਹਮਲੇ ਵਿਚ ਬਾਰਾਂ ਮਿਸਲਾਂ ਹੀ ਸ਼ਾਮਲ ਸਨ। ਸਾਰੇ ਦਲ ਦਾ ਲੀਡਰ ਸ: ਜੱਸਾ ਸਿੰਘ ਆਹਲੂਵਾਲੀਆ ਸੀ। ਦਸੰਬਰ, ੧੭੬੩ ਈ. ਵਿਚ ਖ਼ਾਲਸੇ ਨੇ ਮਲੇਰ ਕੋਟਲੇ ਨੂੰ ਘੇਰਾ ਪਾ ਲਿਆ। ਨਵਾਬ ਭੀਖਣ ਖ਼ਾਂ ਬਾਹਰ

‡ਪੰਥ ਪ੍ਰਕਾਸ਼, ਪਨੇ ੮੩੫-੩੬।

ਮਲੇਰ ਕੋਟਲਾ ਮਾਰਿਆ

ਆ ਕੇ ਲੜਿਆ ਤੇ ਛਾਤੀ ਵਿਚ ਗੋਲੀ ਖਾ ਕੇ ਮਰ ਗਿਆ। ਸਿੰਘਾਂ ਨੇ ਮਲੇਰ ਕੋਟਲਾ ਲੁੱਟ ਲਿਆ ਤੇ ਤਬਾਹ ਕਰ ਦਿੱਤਾ*।

ਪਿੰਡ ਖੇੜੀ ਲੁਟਿਆ

ਏਥੋਂ ਚੱਲ ਕੇ ਸਿੰਘ ਪਿੰਡ ਖੇੜੀ ਉਤੇ ਜਾ ਪਏ। ਏਸੇ ਪਿੰਡ ਦੇ ਗੰਗੂ ਬ੍ਰਹਿਮਣ ਨੇ ਦਸਮੇਸ਼ ਜੀ ਦੇ ਛੋਟੇ ਸਾਹਿਬਜ਼ਾਦੇ ਫੜਾਏ ਸਨ। ਕੀਤੇ ਦਾ ਫਲ ਭੁਗਤਦਾ ਹੋਇਆ ਪਾਪੀ ਗੰਗੂ ਤਾਂ ਓਸੇ ਵੇਲੇ ਮੁਸਲਮਾਨ ਹਾਕਮਾਂ ਹੱਥੋਂ ਹੀ ਮਾਰਿਆ ਗਿਆ ਸੀ†। ਉਹਦੇ ਪਰਵਾਰ ਦੇ ਬਹੁਤ ਸਾਰੇ ਬੰਦੇ ਇਸ ਹਮਲੇ ਵਿਚ ਸਿੰਘਾਂ ਹੱਥੋਂ ਮਾਰੇ ਗਏ। ਉਸਦਾ ਪਿੰਡ ਵੀ ਸਿੰਘਾਂ ਨੇ ਲੁੱਟ ਲਿਆ।

ਮੁਰੰਡਾ ਮਾਰਿਆ

ਜਨਵਰੀ, ੧੭੬੪ ਈ. ਵਿਚ ਸਿੰਘਾਂ ਨੇ ਮੁਰੰਡੇ ਨੂੰ ਜਾ ਘੇਰਾ ਪਾਇਆ। ਉਹ, ਜਾਨੀ ਖ਼ਾਂ ਮਾਨੀ ਖ਼ਾਂ ਤੋਂ ਬਦਲਾ ਲੈਣਾ ਚਾਹੁੰਦੇ ਸਨ। ਰੰਘੜਾਂ ਨੇ ਸ਼ਹਿਰ ਦੇ ਬੂਹੇ ਬੰਦ ਕਰ ਲਏ ਤੇ ਅੰਦਰ ਆਕੀ ਹੋ ਬੈਠੇ। ਸਿੰਘਾਂ ਨੇ ਉਦਾਲੇ ਦਾ ਇਲਾਕਾ ਲੁੱਟ ਲਿਆ। ਫੇਰ ਸ਼ਹਿਰ ਉੱਤੇ ਧਾਵਾ ਕਰਕੇ ਬੂਹੇ ਤੋੜ ਕੇ ਅੰਦਰ ਜਾ ਵੜੇ। ਸਾਰੇ ਸ਼ਹਿਰ ਵਿਚ ਕਤਲਾਮ ਸ਼ੁਰੂ ਹੋ ਗਈ।

ਜਾਨੀ ਖ਼ਾਂ ਮਾਨੀ ਖ਼ਾਂ ਮਾਰੇ

ਇਸਤਰੀਆਂ ਤੇ ਬੱਚੇ ਛੱਡ ਕੇ ਬਾਕੀ ਜਿਹੜਾ ਬੰਦਾ ਨਜ਼ਰ ਆਉਂਦਾ, ਕਤਲ ਕੀਤਾ ਜਾਂਦਾ। ਜਾਨੀ ਖ਼ਾਂ ਮਾਨੀ ਖ਼ਾਂ ਸਣੇ ਪਰਵਾਰ ਮਾਰੇ ਗਏ। ਏਸ ਤਰ੍ਹਾਂ ਸਾਹਿਬਜ਼ਾਦਿਆਂ ਦਾ ਬਦਲਾ ਲਿਆ ਗਿਆ। ਸਾਰਾ ਸ਼ਹਿਰ ਲੁੱਟ ਲਿਆ ਗਿਆ‡।

ਲਛਮੀ ਨਾਰਾਇਣ ਨੂੰ ਲੁਟਿਆ

ਸਿੰਘਾਂ ਨੂੰ ਪਤਾ ਲੱਗਾ, ਕਿ ਜ਼ੈਨ ਖ਼ਾਂ ਦਾ ਦੀਵਾਨ, ਲਛਮੀ ਨਾਰਾਇਣ ਮਾਮਲਾ ਉਗਰਾਹ ਰਿਹਾ ਹੈ ਤੇ ਇਸ ਵੇਲੇ ਪਿੰਡ ਕੁਰਾਲੀ ਬੈਠਾ ਹੈ। ਸਿੰਘਾਂ ਨੇ ਹਮਲਾ ਕਰਕੇ ਪਿੰਡ ਲੁੱਟ ਲਿਆ। ਦੀਵਾਨ ਜਾਨ ਬਚਾ ਕੇ ਨੱਸ ਗਿਆ। ਉਹਦਾ ਡੇਰਾ ਸਿੰਘਾਂ ਨੇ ਲੁੱਟ ਲਿਆ।

---

*ਬਖ਼ਤ ਮੱਲ, ਪੰਨੇ ੯੯–੧੦੦; ਸੋਹਣ ਲਾਲ, ਪੰਨੇ ੧੬੦–੧; ਬਰਾਊਨ ਹਿੱਸਾ ਦੂਜਾ, ਪੰਨਾ ੨੪; ਪੰਥ ਪ੍ਰਕਾਸ਼, ਪੰਨਾ ੮੩੨।

†ਵੇਖੋ ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ।

‡ਭੰਗੂ, ਪੰਨੇ ੩੬੮–੯; ਪੰਥ ਪ੍ਰਕਾਸ਼, ਪੰਨੇ ੮੩੨ ਤੋਂ ੮੩੪।

ਜ਼ੈਨ ਖ਼ਾਂ ਦੀ ਸੁਲ੍ਹਾ ਦੀ ਬੇਨਤੀ ਸਿੰਘਾਂ ਨਾ ਮੰਨੀ

ਜ਼ੈਨ ਖ਼ਾਂ ਸਰਹਿੰਦ ਹੀ ਸੀ, ਪਰ ਉਹ ਡਰਦਾ ਸ਼ਹਿਰੋਂ ਬਾਹਰ ਨਹੀਂ ਸੀ ਨਿਕਲਦਾ। ਸਿੱਖਾਂ ਨੇ ਸਾਰਾ ਇਲਾਕਾ ਲੁੱਟ ਲਿਆ। ਜ਼ੈਨ ਖ਼ਾਂ ਸਮਝ ਰਿਹਾ ਸੀ, ਕਿ ਸਿੱਖਾਂ ਦੇ ਟਾਕਰੇ ਦੀ ਉਸ ਵਿਚ ਸਮਰਥਾ ਨਹੀਂ ਹੈ। ਉਸਨੇ ਆਪਣਾ ਦੂਤ ਸ: ਆਲਾ ਸਿੰਘ ਕੋਲ ਭੇਜਿਆ, ਕਿ ਸਿੱਖ ਸੁਲ੍ਹਾ ਕਰ ਲੈਣ ਤੇ ਜਾਗੀਰਾਂ ਲੈ ਲੈਣ। ਸ: ਆਲਾ ਸਿੰਘ ਨੇ ਨਾਨੂ ਸਿੰਘ ਗਰੇਵਾਲ ਨੂੰ ਦਲ ਖ਼ਾਲਸਾ ਦੇ ਸਰਦਾਰਾਂ ਕੋਲ ਭੇਜਿਆ। ਸਿੱਖ ਸਰਦਾਰਾਂ ਨੇ ਇਹ ਸਲਾਹ ਨਾ ਮੰਨੀ। ਉਹਨਾਂ ਕਿਹਾ, ਕਿ ਗੁਰੂ ਮਹਾਰਾਜ ਨੇ ਸਾਨੂੰ ਬਾਦਸ਼ਾਹੀ ਬਖ਼ਸ਼ੀ ਹੈ, ਤੇ ਅਸੀਂ ਤੁਰਕਾਂ ਕੋਲੋਂ ਜਾਗੀਰਾਂ ਲੈ ਕੇ ਅਧੀਨਗੀ ਮੰਨ ਲਈਏ† ? ਸੋ ਸਿੰਘਾਂ ਨੇ

ਰਾਜ ਕਰੇਗਾ ਖ਼ਾਲਸਾ

ਦੇ ਨਾਅਰੇ ਲਾ ਕੇ ਸਰਹਿੰਦ ਉੱਤੇ ਚੜ੍ਹਾਈ ਕਰ ਦਿੱਤੀ।

ਸਰਹਿੰਦ 'ਤੇ ਚੜ੍ਹਾਈ

ਸਿੰਘ ਤਿੰਨਾਂ ਪਾਸਿਆਂ ਤੋਂ ਸਰਹਿੰਦ ਵੱਲ ਵਧੇ। ਬੁੱਢਾ ਦਲ ਭਾਗਨਪੁਰ ਜਾ ਬੈਠਾ। ਤਰਨਾ ਦਲ ਨਨਹੇੜੇ ਪਿੰਡ ਡੇਰਾ ਲਾਈ ਬੈਠਾ ਸੀ, ਤੇ ਮਿਸਲ ਫੂਲਕੀਆਂ ਪਟਿਆਲੇ। ਖ਼ਾਲਸਾ ਫ਼ੌਜਾਂ ਦੀ ਗਿਣਤੀ ਤੀਹ ਹਜ਼ਾਰ ਅਸਵਾਰ ਤੇ ਵੀਹ ਹਜ਼ਾਰ ਪੈਦਲ ਸੀ। ਤਰਨਾ ਦਲ ਅੱਗੇ ਵਧ ਕੇ—ਸਰਹਿੰਦ ਤੋਂ ਸੱਤ ਮੀਲ ਦੂਰ—ਪੀਰ ਜ਼ੈਨ ਖ਼ਾਂ ਮਨਿਆਰਾ ਕੋਲ ਆ ਬੈਠਾ। ੧੪ ਜਨਵਰੀ, ੧੭੬੪ ਈ. ਨੂੰ ਜ਼ੈਨ ਖ਼ਾਂ ਨੇ ਸ਼ਹਿਰੋਂ ਬਾਹਰ ਨਿਕਲ ਕੇ ਤਰਨਾ ਦਲ ਉੱਤੇ ਹਮਲਾ ਕੀਤਾ। ਏਸੇ ਦਿਨ ਸਿੱਖਾਂ ਦੇ ਤਿੰਨਾਂ ਦਲਾਂ ਨੇ ਸਰਹਿੰਦ ਉੱਤੇ ਹਮਲਾ ਕਰਨ ਦਾ ਮਤਾ ਪਕਾਇਆ ਹੋਇਆ ਸੀ। ਸੋ ਉਹ ਪਹਿਲਾਂ ਹੀ ਤਿਆਰ ਬੈਠੇ ਸਨ। ਤਰਨਾ ਦਲ ਉੱਤੇ ਹਮਲੇ ਦੀ ਖ਼ਬਰ ਸੁਣ ਕੇ ਬੁੱਢਾ ਦਲ ਤੇ ਫੂਲਕੇ ਵੀ ਆ ਪਏ। ਜ਼ੈਨ ਖ਼ਾਂ ਸਿੰਘਾਂ ਦੇ ਘੇਰੇ ਵਿਚ ਆ ਗਿਆ। ਉਹ ਸਰਹਿੰਦ ਵੱਲ ਵਧਣ ਨੂੰ ਜ਼ੋਰ ਲਾਉਣ ਲੱਗਾ। ਤਰਨਾ ਦਲ ਨੇ ਹੱਲਾ ਕਰਕੇ ਜ਼ੈਨ ਖ਼ਾਂ ਦਾ ਡੇਰਾ ਲੁੱਟ ਲਿਆ। ਬੁੱਢਾ ਦਲ ਨੇ ਸਰਹਿੰਦ ਵੱਲੋਂ ਰਾਹ ਰੋਕ ਲਿਆ। ਦੁਰਾਨੀਆਂ ਦੇ ਨੱਸਣ ਨੂੰ ਕੋਈ ਵੀ ਰਾਹ ਨਾ ਰਹਿ ਗਿਆ। ਥੋੜ੍ਹਾ ਸਮਾਂ ਘੋਰ ਯੁੱਧ ਹੋਇਆ। ਅੰਤ (ਚਾਰ ਮਾਘ, ਸੰਮਤ ੧੯੨੦

---

†ਭੰਗੂ, ਪੰਨਾ ੩੭੧, ਪੰਥ ਪ੍ਰਕਾਸ਼ ਪੰਨਾ ੯੩੪।

ਜ਼ੈਨ ਖ਼ਾਂ ਮਰਿਆ

ਬਿ.=੧੪ ਜਨਵਰੀ, ੧੭੬੪ ਈ.† ) ਸ: ਜੱਸਾ ਸਿੰਘ ਆਹਲੂ ਦੀ ਗੋਲੀ ਨਾਲ ਜ਼ੈਨ ਖ਼ਾਂ ਮਾਰਿਆ ਗਿਆ। ਭਾਈ ਮਨੀ ਸਿੰਘ ਜੀ ਦੇ ਭਤੀਜੇ ਥਰਾਜ ਸਿੰਘ ਨੇ ਜ਼ੈਨ ਖ਼ਾਂ ਦਾ ਸਿਰ ਵੱਢ ਕੇ ਨਵਾਬ ਕਪੂਰ ਸਿੰਘ ਅੱਗੇ ਜਾ ਰਖਿਆ। ਸੈਦ ਖ਼ਾਂ ਤੇ ਯਾਰ ਮੁਹੰਮਦ ਖ਼ਾਂ ਵੀ ਮਾਰੇ ਗਏ। ਦੁਰਾਨੀ ਫ਼ੌਜ ਹਥਿਆਰ ਸੁੱਟ ਕੇ ਜਿਧਰ ਮੂੰਹ ਹੋਇਆ, ਨੱਸ ਉਠੀ। ਬਹੁਤੀ ਫ਼ੌਜ ਏਸ ਲੜਾਈ ਵਿਚ ਤਬਾਹ ਹੋ ਗਈ। ਜੇਤੂ ਸਿੱਖ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਛੱਡਦੇ ਸਰਹਿੰਦ ਜਾ ਵੜੇ। ਸਾਰਾ ਸ਼ਹਿਰ ਲੁੱਟਿਆ ਤੇ ਸਾੜਿਆ ਗਿਆ। ਇਸਤਰੀਆਂ ਤੇ ਬੱਚੇ ਛੱਡ ਕੇ ਬਾਕੀ ਸਭ ਕਤਲ ਕੀਤੇ ਗਏ। ਘਰਾਂ ਦੇ ਫ਼ਰਸ਼ ਪੁੱਟੇ ਤੇ ਛੱਤਾਂ ਸਭ ਢਾਹੀਆਂ ਗਈਆਂ। ਵਸਦਾ ਸ਼ਹਿਰ ਥੇਹਿਆਂ ਵਿਚ ਬਦਲ ਗਿਆ। ਸਰਹਿੰਦ ਦਾ ਕਿਲ੍ਹਾ ਢਾਹ ਕੇ ਉਪਰ ਗਧਿਆਂ ਦਾ ਹਲ ਚਲਾਇਆ ਗਿਆ। ਬੁੱਢਿਆਂ ਆਦਮੀਆਂ ਤੋਂ ਪੁੱਛ ਕੇ, ਜਿਸ ਥਾਂ ਸਾਹਿਬਜ਼ਾਦੇ ਸ਼ਹੀਦ ਕੀਤੇ ਗਏ ਸਨ, ਓਥੇ ਗੁਰਦੁਆਰਾ 'ਫ਼ਤਹਿਗੜ੍ਹ' ਸਾਹਿਬ ਬਣਾਇਆ ਗਿਆ ਤੇ ਗ੍ਰੰਥੀ ਥਾਪਿਆ ਗਿਆ*।

ਗੁ. ਫ਼ਤਹਿਗੜ੍ਹ ਬਣਾਇਆ

ਦਲ ਖ਼ਾਲਸੇ ਨੇ ਕਿਲ੍ਹਾ ਸ਼ਰਹਿੰਦ ਸ: ਬੁੱਢਾ ਸਿੰਘ() ਭਾਈ ਕੇ ਨੂੰ ਦਿੱਤਾ ਤੇ ਉਸਨੇ ਵੀਹ ਹਜ਼ਾਰ ਲੈ ਕੇ ਸ: ਆਲਾ ਸਿੰਘ ਨੂੰ ਦੇ ਦਿੱਤਾ। ਸਰਹਿੰਦ ਦਾ ਤੋਪਖ਼ਾਨਾ ਪਟਿਆਲੀਏ ਦੇ ਕਾਬੂ ਆ ਗਿਆ।

ਸੂਬਾ ਸਰਹਿੰਦ ਦੀਆਂ ਹੱਦਾਂ

ਸੂਬਾ ਸਰਹਿੰਦ, ਬਵੰਜਾ ਲੱਖ ਦਾ ਇਲਾਕਾ ਸਿੰਘਾਂ ਦੇ ਕਬਜ਼ੇ ਆ ਗਿਆ। ਇਹ ਸੂਬਾ ੨੨੦ ਮੀਲ ਲੰਮਾ ਤੇ ੧੬੦ ਮੀਲ ਚੌੜਾ ਸੀ। ਇਸ ਦੀ ਹੱਦ ਚੜ੍ਹਦੇ ਪਾਸੇ ਦਰਿਆ ਜਮਨਾ, ਪਹਾੜ ਦੀ ਬਾਹੀ ਦਰਿਆ ਸਤਲੁਜ, ਲਹਿੰਦੇ ਪਾਸੇ ਰਿਆਸਤ ਬਹਾਵਲਪੁਰ ਤੇ ਦੱਖਣੀ ਪਾਸੇ ਹਰਿਆਣਾ ਤੇ ਰੁਹਤਕ ਨਾਲ ਲਗਦੀ ਸੀ। ਅੱਠਾਂ ਮਿਸਲਾਂ (ਆਹਲੂਵਾਲੀਆਂ,

---

†ਭੰਗੂ, ਪੰਨਾ ੩੯੩।

*ਭੰਗੂ, ਪੰਨੇ ੩੯੧ ਤੋਂ ੩੯੬; ਪੰਥ ਪ੍ਰਕਾਸ਼, ਪੰਨੇ ੮੪੧ ਤੋਂ ੮੫੨।

()ਭਾਈ ਫ਼ਤਹਿ ਸਿੰਘ (ਪਿੰਡ ਝਬੇਵਾਲ) ਦਾ ਪੋਤਰਾ। ਏਸ ਫ਼ਤਹਿ ਸਿੰਘ ਨੂੰ ਬਾਬਾ ਬੰਦਾ ਸਿੰਘ ਨੇ ਨਵਾਬ ਬਣਾਇਆ ਸੀ।

ਸਿੰਘਪੁਰੀਆਂ, ਭੰਗੀਆਂ, ਡੱਲੇਵਾਲੀਆਂ, ਸ਼ਹੀਦਾਂ, ਕਰੋੜਾਸਿੰਘੀਆਂ, ਨਸ਼ਾਨਾਂਵਾਲੀਆਂ ਤੇ ਫੂਲਕਿਆਂ) ਦੇ ਸਰਦਾਰਾਂ ਨੇ ਸਾਰਾ ਇਲਾਕਾ ਆਪਸ ਵਿਚ ਵੰਡ ਲਿਆ।

**ਮੁਲਕ ਵੰਡਣ ਦਾ ਢੰਗ**

ਸਿੱਖਾਂ ਦਾ ਕਬਜ਼ਾ ਕਰਨ ਦਾ ਢੰਗ ਬੜਾ ਅਨੋਖਾ ਸੀ। ਜਿਸ ਪਿੰਡ ਵਿਚ ਕੋਈ ਸਿੰਘ ਜਾਂਦਾ, ਓਥੋਂ ਦੇ ਚੌਧਰੀ (ਨੰਬਰਦਾਰ) ਨੂੰ ਆਪਣੀ ਕੋਈ ਨਿਸ਼ਾਨੀ (ਢਾਲ, ਮਿਆਨ, ਬਰਛਾ, ਜਾਂ ਕੋਈ ਤਨ ਦਾ ਲੀੜਾ) ਦੇ ਕੇ ਉਹ ਅਗਲੇ ਪਿੰਡ ਚਲਾ ਜਾਂਦਾ। ਉਥੇ ਕੋਈ ਨਿਸ਼ਾਨੀ ਛੱਡ ਕੇ ਉਹ ਅਗਲਾ ਪਿੰਡ ਜਾ ਮੱਲਦਾ। ਕਿਸੇ ਪਿੰਡ ਢਾਲ, ਕਿਸੇ ਪਿੰਡ ਮਿਆਨ, ਕਿਤੇ ਭੂਰਾ, ਕਿਤੇ ਪਟਕਾ, ਕਿਤੇ ਘੋੜੇ ਦੀ ਕਾਠੀ ਤੇ ਕਿਤੇ ਰਕਾਬਾਂ ਨਿਸ਼ਾਨੀ ਵਜੋਂ ਛਡੀਆਂ ਗਈਆਂ, ਏਥੋਂ ਤਕ ਕਿ ਅਸਵਾਰ ਤੇ ਘੋੜਾ ਸਰੀਰੋਂ ਨੰਗੇ ਹੀ ਰਹਿ ਗਏ। ਜਿਸ ਪਿੰਡ ਉੱਤੇ ਇਕ ਸਿੱਖ ਕਬਜ਼ਾ ਕਰ ਲੈਂਦਾ, ਦੂੱਜਾ (ਭਾਵੇਂ ਕੋਈ ਵੱਡਾ ਸਰਦਾਰ ਵੀ ਹੋਵੇ) ਉਸ ਉੱਤੇ ਆਪਣਾ ਹੱਕ ਨਾ ਜਮਾਉਂਦਾ। ਏਸੇ ਇਲਾਕੇ ਵਿਚ ਪਹਿਲਾਂ ਬਾਬਾ ਬੰਦਾ ਸਿੰਘ ਨੇ ਸਿੱਖ ਰਾਜ ਕਾਇਮ ਕੀਤਾ ਸੀ ਤੇ ਏਸੇ ਇਲਾਕੇ ਵਿਚ ਸਿੱਖ ਮਿਸਲਾਂ ਨੇ। ਛੋਟੇ ਵੱਡੇ ਸਰਦਾਰਾਂ ਨੇ ਸਾਰੇ ਪਿੰਡ ਆਪਸ ਵਿਚ ਵੰਡ ਲਏ।

**ਮੁਲਕ ਦੀ ਵੰਡ**

ਹੇਠ ਲਿਖੇ ਇਲਾਕੇ ਵੱਖੋ ਵਖ ਮਿਸਲਾਂ ਨੇ ਮੱਲ ਲਏ।

੧. ਭੰਗੀ ਮਿਸਲ :— ਬੂੜੀਆਂ, ਦਿਆਲਗੜ੍ਹ, ਜਗਾਧਰੀ, ਦਾਦੂਪੁਰ, ਖਰਵਾਨ, ਦਾਮਲਾ, ਫ਼ੀਰੋਜ਼ਪੁਰ, ਖਾਈ, ਵਾਂ, ਵਜੀਦਪੁਰ ਆਦਿ।

੨. ਕਰੋੜਾਸਿੰਘੀਆਂ ਦੀ ਮਿਸਲ :— ਸ਼ਾਮ ਸਿੰਘ ਵਾਲਾ, ਧੀਨ, ਗਦੌਲੀ, ਨਾਗਲਾ, ਲਾਲਪੁਰ, ਮੁਸੀਮਵਾਲ, ਕਬੂਤਰਖ਼ਾਨਾ, ਬਲਚੂਪੁਰ, ਤਲਾਕੌਰ, ਬਸੂੜ, ਕਲਾਵਾਰ, ਕਲਸੀਆ, ਲੀਦਾ, ਸਢੌਰਾ, ਬਿਲਾਸਪੁਰ, ਕੋਟਰੂ, ਮਛਰੌਲੀ, ਮਾਈ ਰਾਜਾਂ, ਸੈਦੋ, ਖਤਰਾਨੀ, ਰਾਜਕੌਰ, ਧਨੌੜਾ, ਰਾਡੌਰ, ਜੈਨਪੁਰ, ਭੇੜੀ, ਛਛਰੌਲੀ, ਚੜਿੱਕ, ਕੋਟ, ਕਿਨੌੜੀ, ਜਮੀਤਗੜ੍ਹ, ਛਲੌਦੀ ਆਦਿ।

੩. ਮਿਸਲ ਸ਼ਹੀਦਾਂ :— ਸ਼ਾਹਜ਼ਾਦਪੁਰ, ਕੇਸਰੀ, ਮਾਜਰਾ, ਟਿਪਲਾ, ਸੁਥਕਾ, ਮਾਜਰੂ, ਤੰਗੌੜ, ਤਰਾਵੜੀ, ਜੜੌਲੀ, ਰਣੀਆਂ, ਦਮਦਮਾ ਸਾਹਿਬ ਆਦਿ।

੪. ਮਿਸਲ ਡੱਲੇਵਾਲੀਆਂ :— ਛੋਆ, ਸਾਰਨ, ਮੁਸਤਫ਼ਾਬਾਦ, ਬਿਜਰਾਲ, ਚਾਪੁਰ, ਧੁਮਸੀ, ਗੜ੍ਹੀ, ਜਾਮਾਰਾਈਆਂ, ਹੈਬਤਪੁਰ, ਖੇੜਾ, ਚੂੰਨੀਆਂ, ਲਾਡਵਾ, ਇੰਧਰੀ, ਸ਼ਾਮਗੜ੍ਹ, ਪਹੋਆ, ਕਹੋਦ, ਸਿਕੰਦਰਾ, ਸੀਕਰੀ, ਥਾਨੇਸਰ, ਸਿਆਲਬਾ, ਖੰਨਾ, ਧਰਮ ਸਿੰਘ ਵਾਲਾ, ਧਰਮਕੋਟ, ਮਾੜੀ, ਕੰਗ ਤਿਹਾੜਾ, ਲੋਹੀਆਂ, ਰੋਪੜ, ਅਵਾਨਕੋਟ, ਸੀਸਵਾਲ, ਕੁਰਾਲੀ, ਖ਼ਿਜ਼ਰਾਬਾਦ, ਡੇਰਾ, ਟੰਡਵਾਲਾ, ਆਰਨੌਲੀ, ਸਿੱਧੂਵਾਲ, ਬਾਂਗਰ, ਆਮਲੂ, ਕੁਲਰਖੜਿਆਲ, ਅਕਾਲਗੜ੍ਹ, ਬਰਾੜਾ ਆਦਿ।

੫. ਨਸ਼ਾਨਾਂਵਾਲੀ ਮਿਸਲ :— ਅੰਬਾਲਾ, ਬੋਹਾ, ਬਾਬਯਾਲ, ਪੰਜੋਖਰਾ ਬਿੜਵਾ, ਸ਼ਾਹਾਬਾਦ, ਲਿਧੜਾਂ, ਸਰਾਏ ਲਸ਼ਕਰੀ ਖ਼ਾਂ, ਸਿੰਘਾਂ ਵਾਲਾ, ਸਾਹਨੇਵਾਲ, ਦੁਰਾਹਾ, ਸੌਂਤੀ, ਜ਼ੀਰਾ, ਲੁਧੜ, ਖੇੜੀ, ਇਸਮਾਈਲਾਬਾਦ, ਮਨਸੂਰਵਾਲ ਆਦਿ।

੬. ਮਿਸਲ ਆਹਲੂਵਾਲੀਆਂ :— ਨਾਰਾਇਣਗੜ੍ਹ, ਭੜੋਗ, ਬਰਵਾਲੀਆਂ, ਜਗਰਾਉਂ, ਫ਼ਤਹਿਗੜ੍ਹ ਆਦਿ।

੭. ਮਿਸਲ ਸਿੰਘਪੁਰੀਆਂ :— ਅਬੋਹਰ, ਆਦਮਪੁਰ, ਛੱਤ, ਬਨੂੜ, ਮਨੌਲੀ, ਘਨੌਲੀ, ਭਰਤਗੜ੍ਹ, ਕੰਧੌਲਾ, ਚੂਨੀ ਮਛਲੀ, ਭਰੇਲੀ ਆਦਿ।

ਮਿਸਲ ਫੂਲਕਿਆਂ—ਪਟਿਆਲਾ, ਸੁਨਰ, ਜੀਂਦ, ਸਫ਼ੈਦੋਂ, ਪਾਨੀਪਤ, ਕਰਨਾਲ, ਕੈਥਲ, ਨਾਭਾ, ਸਰਹਿੰਦ, ਨੀਲੂਖਗਰੀ, ਪਾਇਲ, ਬਸੀ, ਲਟਬਾਰਾ, ਈਸੜੂ, ਬਹਾਰਸੋ, ਅਮਲੋਹ, ਵੀਰੂ; ਭਾਗਣ, ਮਲੋਦ, ਰੁਹਤਕ ਆਦਿ‡।

---

‡ਵੱਖੋ ਵੱਖ ਵੇਰਵਾ 'ਸਿੱਖ ਮਿਸਲਾਂ' ਵਿਚ ਵੇਖੋ।

# ਛੇਵਾਂ ਕਾਂਡ

ਸਰਹਿੰਦ ਫ਼ਤਹਿ ਕਰਕੇ ਤਰਨਾ ਦਲ ਤਾਂ ਮਾਝੇ ਨੂੰ ਚਲਾ ਗਿਆ ਤੇ ਬੁੱਢਾ ਦਲ ਸ. ਜੱਸਾ ਸਿੰਘ ਆਹਲੂ ਦੀ ਜਥੇਦਾਰੀ ਥੱਲੇ (ਅੱਧ ਫ਼ਰਵਰੀ, ੧੭੬੪ ਈ.) ਬੁੜੀਆ ਘਾਟ ਤੋਂ ਜਮਨਾ ਟੱਪ ਪਿਆ। ਸ. ਜੱਸਾ ਸਿੰਘ ਆਹਲੂ ਸ. ਖ਼ੁਸ਼ਹਾਲ ਸਿੰਘ, ਸ. ਬਘੇਲ ਸਿੰਘ, ਸ. ਕਰੋੜਾ ਸਿੰਘ, ਸ: ਸ਼ਾਮ ਸਿੰਘ, ਸ: ਤਾਰਾ ਸਿੰਘ ਘੇਬਾ, ਸ: ਗੁਰਬਖ਼ਸ਼ ਸਿੰਘ, ਸ: ਭੰਗਾ ਸਿੰਘ, ਸ: ਕਰਮ ਸਿੰਘ, ਸ: ਰਾਏ ਸਿੰਘ ਆਦਿ ਦੀ ਸਰਦਾਰੀ ਵਿਚ ਇਹ ਚਾਲੀ ਹਜ਼ਾਰ ਸਿੰਘਾਂ ਦਾ ਜੱਥਾ ਸੀ। ੨੦ ਫ਼ਰਵਰੀ, ੧੭੬੪ ਈ. ਨੂੰ ਸਿੰਘਾਂ ਨੇ ਸਹਾਰਨਪੁਰ ਜਾ ਲੁੱਟਿਆ। ਫਿਰ ਸ਼ਾਮਲੀ, ਕੰਦੇਲਾ, ਅੰਬਲੀ, ਮੀਰਾਂਪੁਰ, ਦੇਵਬੰਦ, ਮੁਜ਼ੱਫ਼ਰ ਨਗਰ, ਜਵਾਲਾਪੁਰ, ਕਨਖਲ ਲੰਢੌਰਾ, ਨਜੀਬਾਬਾਦ, ਨਗੀਨਾ, ਮੁਰਾਦਾਬਾਦ, ਚੰਦੋਸੀ, ਅਨੂਪ ਸ਼ਹਿਰ, ਗੜ੍ਹ ਮੁਕਤੇਸ਼ਰ, ਆਦਿ ਲੁੱਟੇ ਗਏ। ਇਸ ਬਾੜੇ ਦੇ ਸੱਜਦਾਂ ਦੇ ਇਲਾਕੇ ਵਿਚ ਲੱਖਾਂ ਰੁਪੈ ਦਾ ਮਾਲ ਸਿੰਘਾਂ ਲੁੱਟ ਲਿਆਂਦਾ। ਨਾਲ ਹੀ ਬਹੁਤ ਸਾਰੇ ਨਾਮਵਰ ਆਦਮੀ ਫੜ ਕੇ ਲਿਆਂਦੇ, ਜੋ ਨਜ਼ਰਾਨੇ ਲੈ ਕੇ ਛੱਡੇ। ਇਹ ਇਲਾਕਾ ਨਜੀਬੁੱਦੌਲਾ ਦਾ ਸੀ। ਉਹ ਖ਼ਬਰ ਸੁਣ ਕੇ ਸਿੰਘਾਂ ਦੇ ਟਾਕਰੇ 'ਤੇ ਆਇਆ। ਕਿਤੇ-ਕਿਤੇ ਮਾਮੂਲੀ ਝੜਪਾਂ ਹੋਈਆਂ। ਸ: ਸ਼ਾਮ ਸਿੰਘ ਦਾ ਮੁਖ਼ਤਿਆਰ—ਕਰੋੜਾ ਸਿੰਘ—ਵੈਰੀ ਦੀ ਗੋਲੀ ਨਾਲ ਮਾਰਿਆ ਗਿਆ*। ਸਿੰਘ ਵਾਪਸ ਫੇਰ ਸਰਹਿੰਦ ਆ ਬੈਠੇ ਤੇ ਲੱਗੇ ਗੁਰੂ-ਮਾਰੀ ਦੀਆਂ ਨੀਂਹਾਂ ਪੁੱਟਣ।

**ਬੁੱਢਾ ਦਲ ਦਾ ਜਮਨਾ ਪਾਰ ਹਮਲਾ**

**ਅਮਰ ਸਿੰਘ ਨੇ ਅੰਮ੍ਰਿਤ ਛਕਿਆ**

ਏਥੇ ਸ: ਆਲਾ ਸਿੰਘ ਪਟਿਆਲਾ ਆਪਣੇ ਪੋਤਰੇ— ਅਮਰ ਸਿੰਘ— ਨੂੰ ਲੈ ਕੇ ਹਾਜ਼ਰ ਹੋਇਆ। ਸ: ਜੱਸਾ ਸਿੰਘ ਆਹਲੂ ਕੋਲੋਂ ਅਮਰ ਸਿੰਘ ਨੇ ਅੰਮ੍ਰਿਤ ਛਕਿਆ। ਇਸ ਖ਼ੁਸ਼ੀ ਵਿਚ ਸ: ਆਲਾ ਸਿੰਘ

---

*ਭੰਗੂ, ਪੰਨਾ ੩੯੮।

ਨੇ ਈਸੜੂ ਦਾ ਪਰਗਣਾ ਸ: ਜੱਸਾ ਸਿੰਘ ਦੀ ਭੇਟਾ ਕੀਤਾ†।

ਤਰਨਾ ਦਲ ਦੁਆਬਾ ਵਿਚ

ਤਰਨਾ ਦਲ, ਸਰਹਿੰਦ ਫ਼ਤਹਿ ਕਰ ਕੇ, ਦੁਆਬਾ, ਜਲੰਧਰ ਵਿਚ ਆ ਵੜਿਆ। ਇਲਾਕੇ ਦਾ ਹਾਕਮ ਨੱਸ ਗਿਆ ਤੇ ਸਿੰਘਾਂ ਨੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ। ਏਥੋਂ ਸਿੱਧੇ ਚੱਲ ਕੇ ਤਰਨਾ ਦਲ ਨੇ ਲਾਹੌਰ ਨੂੰ ਜਾ ਘੇਰਾ ਪਾਇਆ

ਲਾਹੌਰ ਨੂੰ ਘੇਰਾ

(ਫ਼ਰਵਰੀ, ੧੭੬੪ ਈ.)। ਲਾਹੌਰ ਦਾ ਸਾਰਾ ਉਦਾਲਾ ਸਿੰਘਾਂ ਨੇ ਲੁੱਟ ਲਿਆ, ਪਰ ਸੂਬੇਦਾਰ ਕਾਬਲੀ ਮੱਲ ਸ਼ਹਿਰੋਂ ਬਾਹਰ ਨਾ ਨਿਕਲਿਆ, ਸਗੋਂ ਉਸ ਨੇ ਸ਼ਹਿਰ ਦੇ ਦਰਵਾਜ਼ੇ ਇੱਟਾਂ ਨਾਲ ਬੰਦ ਕਰ ਦਿੱਤੇ। ਸਿੰਘਾਂ ਨੇ ਕਾਬਲੀ ਮੱਲ ਅੱਗੇ ਤਿੰਨ ਸ਼ਰਤਾਂ ਰਖੀਆਂ : (੧) ਸ਼ਹਿਰ ਦੇ ਸਾਰੇ ਬੁੱਚੜ (ਗਾਂਈਂ ਮਾਰਨ ਵਾਲੇ) ਸਾਡੇ ਹਵਾਲੇ ਕਰੋ, (੨) ਅੱਗੇ ਵਾਸਤੇ ਗਊ-ਹੱਤਿਆ ਬੰਦ ਕਰੋ ਤੇ (੩) ਪੰਥ ਨੂੰ ਨਜ਼ਰਾਨਾ ਦਿਓ। ਕਾਬਲੀ ਮੱਲ ਨਾ ਮੰਨਿਆ, ਤਾਂ ਸਿੰਘ ਦਿੱਲੀ ਦਰਵਾਜ਼ਾ ਤੋੜ ਕੇ ਅੰਦਰ ਜਾ ਵੜੇ ਤੇ ਸ਼ਹਿਰ ਦਾ ਉਹ ਹਿੱਸਾ ਲੁੱਟ ਲਿਆ।

ਕਾਬਲੀ ਮੱਲ ਨੇ ਸਿੱਖਾਂ ਦੀਆਂ ਸ਼ਰਤਾਂ ਮੰਨ ਲਈਆਂ

ਕਾਬਲੀ ਮੱਲ ਨੇ ਡਰ ਕੇ ਸਿੱਖਾਂ ਦੀਆਂ ਤਿੰਨੇ ਸ਼ਰਤਾਂ ਮੰਨ ਲਈਆਂ ਤੇ ਸੁਲ੍ਹਾ ਕਰ ਲਈ। ਉਹਨੇ ਕੁਛ ਬੁੱਚੜ, ਸਿੱਖਾਂ ਦੇ ਹਵਾਲੇ ਕਰ ਦਿਤੇ ਤੇ ਨਜ਼ਰਾਨਾ ਤਾਰ ਦਿੱਤਾ। ਤਰਨਾ ਦਲ ਦੇ ਜੱਥੇਦਾਰ ਸ: ਹਰੀ ਸਿੰਘ ਭੰਗੀ ਨੇ ਆਪਣਾ ਨੁਮਾਇੰਦਾ—ਟੇਕ ਚੰਦ—ਲਾਹੌਰ ਦਰਬਾਰ ਵਿਚ ਨੀਯਤ ਕਰ ਦਿੱਤਾ, ਜੋ ਸਰਕਾਰੋਂ ਦਸ ਰੁਪੈ ਰੋਜ਼ ਲੈਂਦਾ ਤੇ ਕਾਬਲੀ ਮੱਲ ਨੂੰ ਹਰ ਕੰਮ ਵਿਚ ਸਲਾਹ ਦੇਂਦਾ। ਇਹ ਪ੍ਰਬੰਧ ਕਰ ਕੇ ਸਿੱਖਾਂ ਨੇ ਲਾਹੌਰ ਦਾ ਘੇਰਾ ਉਠਾ ਲਿਆ।

ਸੋਭਾ ਸਿੰਘ ਨੇ ਨਿਆਜ਼ ਬੇਗ ਮੱਲ ਲਿਆ

ਏਸੇ ਸਮੇਂ ਸ: ਸੋਭਾ ਸਿੰਘ ਨੇ ਪਰਗਣਾ ਨਿਆਜ਼ ਬੇਗ (ਲਾਹੌਰੋਂ ਅੱਠ ਮੀਲ) ਮੱਲ ਲਿਆ। ਉਹ ਉਸ ਪਾਸਿਓਂ ਆਉਣ ਵਾਲਾ ਮਾਲ ਲੁੱਟ ਲੈਂਦਾ। ਕਾਬਲੀ ਮੱਲ ਨੇ ਪਰਵਾਨ ਕਰ ਲਿਆ, ਕਿ ਸ: ਸੋਭਾ ਸਿੰਘ ਮਾਲ ਨਾ ਲੁੱਟੇ ਤੇ ਸ਼ਾਹਾਲਮੀ ਦਰਵਾਜ਼ੇ ਅੱਗੇ ਆਪਣਾ ਨੁਮਾਇੰਦਾ ਬਿਠਾ ਕੇ ਮਸੂਲ ਲੈ ਲਵੇ।

---

†ਪੰਥ ਪ੍ਰਕਾਸ਼, ਪੰਨਾ ੮੫੮।

ਇਹ ਸਾਰੀਆਂ ਖ਼ਬਰਾਂ ਅਹਿਮਦ ਸ਼ਾਹ ਅਬਦਾਲੀ ਨੂੰ ਪੁੱਜੀਆਂ, ਤਾਂ ਉਹ ਪੰਜਾਬ ਵੱਲ ਫੇਰ ਤਿਆਰ ਹੋ ਪਿਆ (ਫ਼ਰਵਰੀ, ੧੭੬੪ ਈ.)। ਉਹਨੇ ਆਪਣੇ ਜਰਨੈਲ ਜਹਾਨ ਖ਼ਾਂ ਨੂੰ ਅੱਗੇ ਤੋਰਿਆ। ਜਹਾਨ ਖ਼ਾਂ ਸਿਆਲਕੋਟ ਪੁੱਜਾ, ਤਾਂ ਸਿੰਘਾਂ ਨੇ ਉਸ ਨੂੰ ਘੇਰਾ ਪਾ ਲਿਆ। ਲੜਾਈ ਵਿਚ ਜਹਾਨ ਖ਼ਾਂ ਦਾ ਘੋੜਾ ਗੋਲੀ ਨਾਲ ਮਰ ਗਿਆ ਤੇ ਸਣੇ ਅਸਵਾਰ ਭੋਏਂ 'ਤੇ ਡਿਗ ਪਿਆ। ਸਿੰਘਾਂ ਸਮਝਿਆ, ਕਿ ਜਹਾਨ ਖ਼ਾਂ ਮਰ ਗਿਆ ਹੈ। ਸੋ ਉਹ ਜੈਕਾਰੇ ਛੱਡਦੇ ਤਲਵਾਰਾਂ ਧੂਹ ਕੇ ਵੈਰੀ ਉੱਤੇ ਟੁੱਟ ਪਏ। ਜਹਾਨ ਖ਼ਾਂ ਤਾਂ ਜਾਨ ਬਚਾ ਕੇ ਪਿਸ਼ਾਵਰ ਨੂੰ ਨੱਸ ਗਿਆ, ਪਰ ਉਹਦੀ ਬਹੁਤ ਸਾਰੀ ਫ਼ੌਜ ਸਿੰਘਾਂ ਦੀ ਤਲਵਾਰ ਭੇਟਾ ਹੋ ਗਈ। ਸਿੰਘਾਂ ਨੇ ਵੈਰੀ ਦਾ ਡੇਰਾ ਲੁੱਟ ਲਿਆ।

**ਜਹਾਨ ਖ਼ਾਂ ਹਾਰ ਕੇ ਮੁੜ ਗਿਆ**

ਅਬਦਾਲੀ ਦੀ ਚੜ੍ਹਾਈ ਦੀ ਖ਼ਬਰ ਮਿਲ ਗਈ ਸੀ। ਸੋ ਸਿੰਘਾਂ ਨੇ ਆਪਣੇ ਪਰਵਾਰ ਜੰਮੂ ਭੇਜ ਦਿੱਤੇ ਤੇ ਆਪ ਵੈਰੀ ਦੇ ਟਾਕਰੇ ਲਈ ਤਿਆਰ ਹੋ ਪਏ।

**ਅਬਦਾਲੀ ਦਾ ਸੱਤਵਾਂ ਹਮਲਾ**

ਜਹਾਨ ਖ਼ਾਂ ਹਾਰ ਕੇ ਮੁੜਿਆ ਵੇਖ ਕੇ ਅਬਦਾਲੀ ਨੂੰ ਅੱਗ ਲੱਗ ਉਠੀ। ਉਹ ਸਿਆਲਕੋਟ, ਪਸਰੂਰ ਦੇ ਰਾਹ ਸਿੱਧਾ ਚੱਲ ਕੇ ਕਲਾਨੌਰ ਜਾ ਪੁੱਜਾ। ਓਥੋਂ ਅੱਗੇ ਵਧਿਆ, ਤਾਂ ਦੀਨਾ ਨਗਰ ਕੋਲ ਸਿੱਖਾਂ ਨੇ ਉਸ ਉਤੇ ਹਮਲਾ ਕੀਤਾ। ਸਿੱਖ ਏਨੇ ਦਲੇਰ ਹੋ ਚੁੱਕੇ ਸਨ, ਕਿ ਹੁਣ ਉਹ ਬਦੋਬਦੀ ਅਬਦਾਲੀ ਨਾਲ ਖਹਿਣ ਦਾ ਸਮਾਂ ਭਾਲਦੇ ਸਨ।

**ਬਟਾਲੇ ਦੀ ਲੜਾਈ ਵਿਚ ਅਬਦਾਲੀ ਹਾਰ ਗਿਆ**

ਏਥੋਂ ਅਬਦਾਲੀ ਲਾਹੌਰ ਨੂੰ ਹੋ ਤੁਰਿਆ। ਬਟਾਲੇ ਕੋਲ ਉਸਨੂੰ ਸਰਬੁਲੰਦ ਖ਼ਾਂ ਅੱਠ ਹਜ਼ਾਰ ਫ਼ੌਜ ਸਣੇ ਆ ਮਿਲਿਆ। ਏਥੇ ਸਿੱਖਾਂ ਨੇ ਫੇਰ ਅਬਦਾਲੀ 'ਤੇ ਹਮਲਾ ਕੀਤਾ। ਲੜਾਈ ਵਿਚ ਸਰਬੁਲੰਦ ਖ਼ਾਂ ਜ਼ਖ਼ਮੀ ਹੋ ਗਿਆ ਤੇ ਅਬਦਾਲੀ ਪੂਰੀ ਤਰ੍ਹਾਂ ਹਾਰ ਕੇ ਜੰਡਿਆਲੇ ਆਕਲਦਾਸ ਕੋਲ ਜਾ ਲੁਕਿਆ। ਇਹ ਘਟਨਾ ਮਾਰਚ, ੧੭੬੪ ਈ. ਵਿਚ ਹੋਈ। ਖ਼ਾਲਸੇ ਨੇ ਜੰਡਿਆਲੇ ਕੋਲ ਅਬਦਾਲੀ ਦੀ ਫ਼ੌਜ ਉੱਤੇ ਹਮਲਾ ਕੀਤਾ। ਲੜਾਈ ਵਿਚ ਰਹੀਮ ਖ਼ਾਂ ਬਖ਼ਸ਼ੀ ਮਾਰਿਆ ਗਿਆ ਤੇ ਦੁਰਾਨੀ ਫ਼ੌਜ ਹਾਰ ਕੇ ਕਿਲ੍ਹੇ ਜੰਡਿਆਲੇ ਵਿਚ ਜਾ ਵੜੀ।

**ਜੰਡਿਆਲੇ, ਰਹੀਮ ਖ਼ਾਂ ਕਤਲ**

**ਅਬਦਾਲੀ ਲਾਹੌਰ**

ਜੰਡਿਆਲੇ ਵਿਚ ਖ਼ਾਲਸੇ ਨੇ ਅਬਦਾਲੀ ਨੂੰ ਟਿਕਣ ਨਾ ਦਿੱਤਾ। ਉਹ ਡਰਦਾ ਓਥੋਂ ਉਠ ਕੇ ਲਾਹੌਰ ਕਿਲ੍ਹੇ ਵਿਚ ਜਾ ਲੁਕਿਆ। ਸਿੱਖ ਏਥੇ ਵੀ ਦੁਰਾਨੀ ਬਾਦਸ਼ਾਹ ਨੂੰ ਆ ਧਮਕਾਉਣ ਲੱਗੇ। ਉਹ ਜੱਥੇ ਬਣਾ ਕੇ ਲਾਹੌਰ ਦੇ ਬਾਹਰ ਫਿਰਦੇ ਤੇ ਕਿਸੇ ਦੁਰਾਨੀ ਨੂੰ ਸ਼ਹਿਰੋਂ ਬਾਹਰ ਨਾ ਨਿਕਲਣ ਦੇਂਦੇ। ਦੋ ਸਤਵਾਰੇ ਲਾਹੌਰ ਵਿਚ ਰਹਿ ਕੇ ਅਬਦਾਲੀ ਵਾਪਸ ਕਾਬਲ ਨੂੰ ਤੁਰ ਪਿਆ।

**ਰਾਵੀ ਕੰਢੇ ਸਿੰਘਾਂ ਫੇਰ ਹਮਲਾ ਕੀਤਾ**

ਜਦ ਉਹ ਰਾਵੀ ਟੱਪ ਰਿਹਾ ਸੀ, ਸਿੰਘਾਂ ਨੇ ਉਸ ਦੀ ਫ਼ੌਜ ਉੱਤੇ ਹਮਲਾ ਕੀਤਾ। ਸਿੱਖ ਦੁਰਾਨੀ ਫ਼ੌਜ ਨੂੰ ਲੁੱਟ-ਮਾਰ ਰਹੇ ਸਨ, ਤੇ ਅਬਦਾਲੀ ਸਾਮ੍ਹਣੇ ਖਲੋਤਾ ਵੇਖ ਰਿਹਾ ਸੀ। ਜਿਨੀ-ਕੁ ਫ਼ੌਜ—ਰੱਬ ਕਰਾਏ ਦੀ—ਬਚੀ, ਅਬਦਾਲੀ ਓਹਾ ਲੈ ਕੇ ਕਾਬਲ ਨੂੰ ਚਲਦਾ ਬਣਿਆ। ਇਹ ਓਹਾ ਅਬਦਾਲੀ ਹੈ, ਜੋ ਪਿਛਲੇ ਹਮਲੇ ਵਿਚ (ਘਲੂਘਾਰੇ ਸਮੇਂ) ਕਹਿੰਦਾ ਸੀ, ਕਿ ਮੈਂ ਹਿੰਦ ਵਿਚੋਂ ਸਿੱਖਾਂ ਦਾ ਖ਼ਾਤਮਾ ਕਰ ਚੱਲਿਆ ਹਾਂ, ਜਿਸ ਨੇ ਪਿਛਲੇਰੇ ਸਾਲ (ਪਾਨੀਪਤ ਦੀ ਤਿੱਜੀ ਲੜਾਈ ਵਿਚ) ਮਰਹੱਟਿਆਂ ਨੂੰ ਹਰਾਇਆ ਸੀ। ਅੱਜ ਓਹਾ ਅਬਦਾਲੀ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਸਿੰਘਾਂ ਤੋਂ ਡਰਦਾ ਘਰ ਨੂੰ ਭੌਜਿਆ ਜਾ ਰਿਹਾ ਸੀ। ਇਹ ਉਹਦਾ ਸੱਤਵਾਂ ਹਮਲਾ ਸੀ‡।

**ਚੜ੍ਹਤ ਸਿੰਘ ਅਬਦਾਲੀ ਦੇ ਮਗਰ**

ਸ: ਹਰੀ ਸਿੰਘ ਭੰਗੀ ਦਾ ਜੱਥਾ ਲਾਹੌਰ ਉਦਾਲੇ ਆ ਹੋਇਆ ਤੇ ਸ: ਚੜ੍ਹਤ ਸਿੰਘ ਸੁਕਰਚੱਕੀਆ ਅਬਦਾਲੀ ਦੇ ਮਗਰ ਲੱਗ ਪਿਆ। ਇਸ ਵਾਰ ਅਬਦਾਲੀ ਆਪਣੀ ਫ਼ੌਜ ਦੇ ਅੱਗੇ ਅੱਗੇ ਜਾ ਰਿਹਾ ਸੀ, ਤੇ ਉਸ ਦੀ ਫ਼ੌਜ ਦੇ ਪਿਛਲੇ ਹਿੱਸੇ ਉੱਤੇ ਸ: ਚੜ੍ਹਤ ਸਿੰਘ ਛਾਪੇ ਮਾਰਦਾ ਜਾਂਦਾ ਸੀ। ਇਹ ਖੇਡ ਜਿਹਲਮ ਦੇ ਕੰਢਿਆਂ ਤਕ ਹੁੰਦੀ ਗਈ। ਅਬਦਾਲੀ ਕਾਬਲ ਚਲਾ ਗਿਆ ਤੇ ਚੜ੍ਹਤ ਸਿੰਘ ਨੇ ਕਿਲ੍ਹਾ ਰੁਹਤਾਸ ਨੂੰ ਘੇਰਾ ਪਾ ਲਿਆ।

**ਸਰਫ਼ਰਾਜ਼ ਖ਼ਾਂ ਨਾਲ ਲੜਾਈ**

ਓਥੋਂ ਦਾ ਦੁਰਾਨੀ ਹਾਕਮ ਸਰਫ਼ਰਾਜ਼ ਖ਼ਾਂ ਕਿਲ੍ਹੇ ਵਿਚੋਂ ਗੋਲੇ ਵਰ੍ਹਾਉਣ ਲੱਗ ਪਿਆ। ਸ: ਚੜ੍ਹਤ ਸਿੰਘ ਏਸ ਤਰ੍ਹਾਂ ਆਪਣੀ ਫ਼ੌਜ ਦਾ ਨੁਕਸਾਨ ਹੁੰਦਾ ਵੇਖ ਕੇ ਘੇਰਾ ਉਠਾ ਕੇ ਤੁਰ ਪਿਆ। ਸਰਫ਼ਰਾਜ਼

---

‡ਗੁਪਤਾ, ਸਿੱਖ ਇਤਿਹਾਸ, ਹਿੱਸਾ ਪਹਿਲਾ, ਪੰਨਾ ੨੦੧-੨।

ਖਾਂ, ਸਿੰਘਾਂ ਦੀ ਏਸ ਚਾਲ ਵਿਚ ਆ ਗਿਆ। ਉਹਨੇ ਕਿਲ੍ਹਿਉਂ ਬਾਹਰ ਨਿਕਲ ਕੇ ਸਿੰਘਾਂ ਦਾ ਪਿਛਾ ਕੀਤਾ। ਜਦ ਉਹ ਕਿਲ੍ਹਿਉਂ ਦੂਰ ਬਾਹਰ ਗਿਆ, ਤਾਂ ਸ: ਚੜ੍ਹਤ ਸਿੰਘ ਨੇ ਪਿਛੇ ਪਰਤ ਕੇ ਧਾਵਾ ਬੋਲ ਦਿੱਤਾ।

**ਚੜ੍ਹਤ ਸਿੰਘ ਨੇ ਕਿਲ੍ਹਾ ਰੁਹਤਾਸ ਮੱਲ ਲਿਆ**

ਸਰਫ਼ਰਾਜ਼ ਖ਼ਾਂ ਪੂਰੀ ਤਰ੍ਹਾਂ ਹਾਰ ਗਿਆ। ਸ: ਚੜ੍ਹਤ ਸਿੰਘ ਨੇ ਉਸ ਨੂੰ—ਸਣੇ ਹਾਰੇ ਹੋਏ ਸਿਪਾਹੀਆਂ—ਚਲੇ ਜਾਣ ਦੀ ਆਗਿਆ ਦਿੱਤੀ ਤੇ ਆਪ ਕਿਲ੍ਹਾ ਰੁਹਤਾਸ ਉਤੇ ਕਬਜ਼ਾ ਕਰ ਲਿਆ।

ਜਦ ਅਬਦਾਲੀ ਆਇਆ ਸੀ, ਉਹਨੇ ਕਸ਼ਮੀਰ ਦੇ ਸੂਬੇਦਾਰ ਸਰਬੁਲੰਦ ਖ਼ਾਂ ਨੂੰ ਮਦਦ ਵਾਸਤੇ ਬੁਲਾਇਆ ਸੀ। ਅਬਦਾਲੀ ਹਾਰ ਕੇ ਮੁੜ ਗਿਆ, ਤਾਂ

**ਸਰਬੁਲੰਦ ਖ਼ਾਂ ਕੈਦ ਤੇ ਰਿਹਾ**

ਸਰਬੁਲੰਦ ਖ਼ਾਂ ਨੇ ਵੀ ਬਾਰਾਂ ਹਜ਼ਾਰ ਫ਼ੌਜ ਸਣੇ ਆ ਸਿਰ ਕਢਿਆ। ਸ. ਚੜ੍ਹਤ ਸਿੰਘ ਨੇ ਰੁਹਤਾਸ ਤੋਂ ਉਠ ਕੇ ਉਸ ਉੱਤੇ ਹਮਲਾ ਕੀਤਾ। ਏਸ ਲੜਾਈ ਵਿਚ ਵੀ ਦੁਰਾਨੀ ਹਾਰ ਗਏ। ਸਰਬੁਲੰਦ ਖ਼ਾਂ ਫੜਿਆ ਗਿਆ। ਉਸਦੀ ਬਹੁਤ ਸਾਰੀ ਫ਼ੌਜ ਮਾਰੀ ਗਈ। ਉਸ ਨੂੰ ਰੁਹਤਾਸ ਦੇ ਕਿਲ੍ਹੇ ਵਿਚ ਕੁਛ ਦਿਨ ਕੈਦ ਰਖਿਆ ਗਿਆ ਤੇ ਫਿਰ ਰਿਹਾ ਕਰ ਕੇ ਕਾਬਲ ਨੂੰ ਤੋਰ ਦਿੱਤਾ‡। ਦਰਿਆ ਅਟਕ ਤੇ ਜਿਹਲਮ ਦਾ ਵਿਚਲਾ ਸਾਰਾ ਇਲਾਕਾ (ਧੰਨੀ, ਪੋਠੋਹਾਰ, ਚਕਵਾਲ, ਜਲਾਲਪੁਰ, ਸਈਦਪੁਰ, ਪਿੰਡ ਦਾਦਨ ਖ਼ਾਂ

**ਚੜ੍ਹਤ ਸਿੰਘ ਨੇ ਮੁਲਕ ਮੱਲਿਆ**

ਮਿਆਣੀ—ਲੂਣ ਦੀ ਖਾਣ) ਸ. ਚੜ੍ਹਤ ਸਿੰਘ ਨੇ ਮੱਲ ਲਿਆ। ਉਹਨੇ ਆਪਣੇ ਵੱਲੋਂ ਸ. ਬੁਧ ਸਿੰਘ ਤੇ ਕੌਰ ਸਿੰਘ ਉਸ ਇਲਾਕੇ ਦੇ ਫ਼ੌਜਦਾਰ ਥਾਪੇ।

ਅਪ੍ਰੈਲ, ੧੭੬੪ ਈ. ਵਿਚ ਭੰਗੀ ਤੇ ਨਕਈ ਅਬਦਾਲੀ ਦਾ ਪਿਛਾ ਛੱਡ

**ਨਕਈਆਂ ਤੇ ਭੰਗੀਆਂ ਮੁਲਕ ਮੱਲਿਆ**

ਕੇ ਲਾਹੌਰ ਵੱਲ ਮੁੜ ਪਏ ਸਨ। ਸ. ਹੀਰਾ ਸਿੰਘ ਨਕਈ ਨੇ ਇਲਾਕਾ ਨੱਕਾ ਤੇ ਲੰਮਾ ਮੱਲ ਲਿਆ। ਸ. ਹਰੀ ਸਿੰਘ ਭੰਗੀ ਨੇ ਮੁਲਤਾਨ ਮੱਲਿਆ। ਏਥੇ ਹੀ ਬੱਸ ਨਹੀਂ, ਭੰਗੀਆਂ ਨੇ ਦਰਿਆ ਅਟਕ ਟੱਪ ਕੇ ਡੇਰਾਜਾਤ ਵੀ ਜਾ ਲੁੱਟੇ। ਓਧਰੋਂ ਮੁੜ

---

‡ਭੰਗੂ, ਪੰਨੇ ੩੮੯-੯੯।

ਕੇ ਭੰਗੀ ਮਿਸਲ ਨੇ ਝੰਗ ਉੱਤੇ ਹਮਲਾ ਕੀਤਾ। ਸਿਆਲ ਲੜ ਕੇ ਹਾਰ ਗਏ। ਸ. ਝੰਡਾ ਸਿੰਘ ਭੰਗੀ ਨੇ ਝੰਗ, ਖ਼ੁਸ਼ਾਬ, ਚਨਿਓਟ, ਆਦਿ ਮੱਲ ਲਏ ਤੇ ਆਪਣੇ ਵੱਲੋਂ ਇਲਾਕੇ ਦਾ ਫ਼ੌਜਦਾਰ ਸ. ਕਰਮ ਸਿੰਘ ਦੂੱਲੂ ਨੂੰ ਬਣਾਇਆ। ਇਹ ਸਭ ਕੁਛ ਤਿੰਨ-ਕੁ ਮਹੀਨਿਆਂ ਵਿਚ ਹੋ ਗਿਆ।

**ਰਿਆੜਕੀ ਤੇ ਦੁਆਬਾ**

ਗੁਰਦਾਸਪੁਰ ਤੇ ਪਸਰੂਰ ਦਾ ਇਲਾਕਾ ਕਨ੍ਹਈਆਂ ਨੇ ਕਬਜ਼ੇ ਕਰ ਕੇ ਆਪਣੇ ਠਾਣੇ ਬਿਠਾ ਦਿੱਤੇ। ਪਰਗਣਾ ਹਰਿਗੋਬਿੰਦਪੁਰਾ ਤੇ ਦਰਿਆ ਬਿਆਸ ਦੇ ਦੋਹੀਂ ਪਾਸੀਂ ਰਾਮਗੜ੍ਹੀਆ ਮਿਸਲ ਨੇ ਮੁਲਕ ਮੱਲ ਲਿਆ। ਦੁਆਬਾ ਜਲੰਧਰ, ਡੱਲੇਵਾਲੀ ਤੇ ਆਹਲੂਵਾਲੀ ਮਿਸਲਾਂ ਨੇ ਕਾਬੂ ਕਰ ਲਿਆ।

**ਅਟਕ ਤੋਂ ਜਮਨਾ ਤੱਕ**

ਸ਼ਹਿਰ ਲਾਹੌਰ ਤੇ ਜਲੰਧਰ ਛੱਡ ਕੇ, ਦਰਿਆ ਅਟਕ ਤੇ ਜਮਨਾ ਦੇ ਵਿਚਲਾ ਸਾਰਾ ਮੁਲਕ ਇਸ ਵੇਲੇ ਸਿੰਘਾਂ ਦੇ ਕਾਬੂ ਆ ਗਿਆ ਸੀ†।

੨੫ ਦਸੰਬਰ, ੧੭੬੩ ਈ. ਨੂੰ ਨਜੀਬੁੱਦੌਲਾ ਨੇ ਇਕ ਲੜਾਈ ਵਿਚ ਭਰਤਪੁਰ ਦੇ ਜਾਟ ਰਾਜਾ ਸੂਰਜ ਮੱਲ ਨੂੰ ਕਤਲ ਕਰ ਦਿੱਤਾ ਸੀ। ਉਸ ਦੇ ਪੁੱਤਰ ਜਵਾਹਰ ਮੱਲ ਨੇ ਬਦਲਾ ਲੈਣ ਵਾਸਤੇ ਤਿਆਰੀ ਕੀਤੀ ਤੇ ਮਰਹੱਟਿਆਂ ਨੂੰ ਮਦਦ ਵਾਸਤੇ ਬੁਲਾ ਲਿਆ।

**ਜਵਾਹਰ ਮੱਲ ਤੇ ਨਜੀਬੁੱਦੌਲਾ**

ਨਵੰਬਰ, ੧੭੬੪ ਈ. ਵਿਚ ਜਵਾਹਰ ਮੱਲ ਨੇ ਨਜੀਬੁੱਦੌਲਾ ਨੂੰ ਦਿੱਲੀ ਵਿਚ ਘੇਰ ਲਿਆ। ਏਧਰੋਂ ਬੁੱਢਾ ਦਲ ਵੀ ਸ. ਜੱਸਾ ਸਿੰਘ ਆਹਲੂ ਦੀ ਜਥੇਦਾਰੀ ਹੇਠ ਬੂੜੀਆ ਘਾਟ ਤੋਂ ਜਮਨਾ ਟੱਪ ਪਿਆ।

**ਬੁੱਢਾ ਦਲ ਦਾ ਜਮਨਾ ਪਾਰ ਹਮਲਾ**

ਉਹਨਾਂ ਨਜੀਬੁੱਦੌਲਾ ਦੇ ਇਲਾਕੇ ਵਿਚ ਲੁੱਟ ਮਾਰ ਮਚਾ ਦਿੱਤੀ। ਹਾਫਿਜ਼ ਰਹਿਮਤ ਖ਼ਾਂ ਛੇ ਹਜ਼ਾਰ ਫ਼ੌਜ ਸਣੇ ਟਾਕਰੇ 'ਤੇ ਆਇਆ, ਪਰ ਹਾਰ ਕੇ ਨੱਸ ਗਿਆ। ਸਿੱਖਾਂ ਨੇ ਸਾਰਾ ਇਲਾਕਾ ਲੁੱਟ ਲਿਆ।

**ਸਿੱਖ, ਜਵਾਹਰ ਮੱਲ ਦੀ ਮਦਦ ਉੱਤੇ**

ਮਹੀਨਾ, ਡੇਢ ਮਹੀਨਾ ਦਿੱਲੀ ਦੇ ਘੇਰੇ ਨੂੰ ਹੋ ਗਿਆ, ਪਰ ਲੜਾਈ ਦਾ ਫ਼ੈਸਲਾ ਕੋਈ ਨਾ ਹੋਇਆ। ਸ਼ੁਰੂ ਜਨਵਰੀ, (੧੭੬੫ ਈ.) ਵਿਚ ਜਵਾਹਰ ਮੱਲ ਬੁੱਢੇ ਦਲ ਦੀ ਸ਼ਰਣ ਆਇਆ ਤੇ ਨਜ਼ਰਾਨਾ ਭੇਟ ਕੀਤਾ।

---

†ਪੰਥ ਪ੍ਰਕਾਸ਼, ਪੰਨਾ ੯੬੦।

ਬੁੱਢਾ ਦਲ ਉਸ ਦੀ ਮਦਦ ਵਾਸਤੇ ਚੜ੍ਹ ਪਿਆ। ਜਵਾਹਰ ਮੱਲ ਨੇ ਸਿੰਘਾਂ ਦਾ ਡੇਰਾ ਸਬਜ਼ੀ ਮੰਡੀ (ਦਿੱਲੀ) ਕਰਾਇਆ। ੨੫ ਜਨਵਰੀ, ੧੭੬੫ ਈ. ਨੂੰ ਨਜੀਬੁੱਦੌਲਾ ਨੇ ਬਾਹਰ ਨਿਕਲ ਕੇ ਸਿੰਘਾਂ ਦੇ ਡੇਰੇ ਉੱਤੇ ਹਮਲਾ ਕੀਤਾ। ਬੜੀ ਸਖ਼ਤ ਲੜਾਈ ਹੋਈ ਤੇ ਦੋਹਾਂ ਧਿਰਾਂ ਦੇ ਕੇਈ ਜੁਆਨ ਮਾਰੇ ਗਏ। ਨਜੀਬੁੱਦੌਲਾ ਫੇਰ ਸ਼ਹਿਰ ਵਿਚ ਜਾ ਵੜਿਆ।

ਨਜੀਬੁੱਦੌਲਾ ਨੇ ਅਬਦਾਲੀ ਨੂੰ ਮਦਦ ਵਾਸਤੇ ਬੁਲਾ ਘਲਿਆ ਸੀ, ਪਰ ਉਹਦੇ ਆਉਣ ਵਿਚ ਦੇਰ ਹੋ ਗਈ ਸੀ। ਏਧਰ ਮਰਹੱਟਿਆਂ, ਸਿੱਖਾਂ ਤੇ ਜਾਟਾਂ ਨੇ ਜ਼ੋਰ ਪਾਇਆ, ਤਾਂ ਨਜੀਬੁੱਦੌਲਾ ਨੇ ਜਵਾਹਰ ਮੱਲ ਨਾਲ ਸੁਲ੍ਹਾ ਕਰ ਲਈ। ਸੁਲ੍ਹਾ ਦੀ ਸਭ ਤੋਂ ਵੱਡੀ ਸ਼ਰਤ ਇਹ ਸੀ, ਕਿ ਨਜੀਬੁੱਦੌਲਾ ਨੇ ਲੱਖਾਂ ਰੁਪੈ ਦੇ ਦਾਜ ਸਣੇ ਆਪਣੀ ਲੜਕੀ ਦਾ ਡੋਲਾ ਜਵਾਹਰ ਮੱਲ ਨੂੰ ਦਿੱਤਾ*। ਮਗਰਲੇ ਨੇ ਦੋ ਲੱਖ ਨਜ਼ਰਾਨਾ ਦੇ ਕੇ ਸਿੱਖਾਂ ਨੂੰ ਵਿਦਿਆ ਕੀਤਾ। ਇਸ ਵੇਲੇ ਤਕ ਅਬਦਾਲੀ ਪੰਜਾਬ ਦੀ ਹੱਦ ਅੰਦਰ ਆ ਵੜਿਆ ਸੀ। ਸਿੰਘ ਉਸ ਦੇ ਟਾਕਰੇ ਵਾਸਤੇ ਮਾਝੇ ਨੂੰ ਆ ਗਏ।

ਨਜੀਬ ਨੇ ਜਵਾਹਰਮੱਲ ਨੂੰ ਡੋਲਾ ਦਿੱਤਾ

ਪੰਜਾਬ ਉਤੇ ਸਿੱਖਾਂ ਦੇ ਕਬਜ਼ੇ ਦੀਆਂ ਖ਼ਬਰਾਂ ਗਈਆਂ ਤੇ ਨਜੀਬੁੱਦੌਲਾ ਦਾ ਦੂਤ ਮਦਦ ਵਾਸਤੇ ਪੁੱਜਾ, ਤਾਂ ਅਬਦਾਲੀ ਅਖ਼ੀਰ ੧੭੬੪ ਈ. ਵਿਚ ਪੰਜਾਬ ਉੱਤੇ ਚੜ੍ਹ ਆਇਆ। ਉਹ ਏਮਨਾਬਾਦ ਤੋਂ ਅਗ੍ਹਾਂ ਲੰਘਿਆ, ਤਾਂ ਨਾਸਰ ਖ਼ਾਂ ਬਲੋਚ (ਕੂਲਾਤ ਵਾਲਾ) ਸਣੇ ਫ਼ੌਜ ਉਹਨੂੰ ਆ ਮਿਲਿਆ। ਉਸ ਦੇ ਨਾਲ 'ਜੰਗਨਾਮਾ' ਦਾ ਕਰਤਾ ਕਾਜ਼ੀ ਨੂਰ ਮੁਹੰਮਦ ਵੀ ਸੀ। ਉਹ ਦਸੰਬਰ ਵਿਚ ਲਾਹੌਰ ਪੁੱਜੇ। ਸਿੱਖ ਉਸ ਦੇ ਆਉਣ ਤੋਂ ਪਹਿਲਾਂ ਹੀ ਜੰਗਲਾਂ ਨੂੰ ਨੱਸ ਗਏ ਸਨ। ਅਬਦਾਲੀ ਦਾ ਸਾਮਾਨ ਖ਼ੁਰਾਕ ਦਾ ਡੇਰਾ ਸ਼ਹਿਰੋਂ ਬਾਹਰ ਸੀ, ਜਿਸ ਦੀ ਰਾਖੀ ਅਹਿਮਦ ਖ਼ਾਂ ਤੇ ਗੁਹਰਾਮ ਖ਼ਾਂ ਕਰ ਰਹੇ ਸਨ। ਸਿੱਖਾਂ ਦੇ ਇਕ ਜੱਥੇ ਨੇ ਹਮਲਾ ਕਰ ਕੇ ਅਹਿਮਦ ਖ਼ਾਂ ਨੂੰ ਕਤਲ ਕਰ ਦਿੱਤਾ ਤੇ ਬਹੁਤ ਸਾਰਾ ਸਾਮਾਨ ਲੁੱਟਿਆ। ਖ਼ਬਰ ਪਾ ਕੇ ਨਾਸਰ ਖ਼ਾਂ ਬਲੋਚ ਵੀ ਆ ਪੁੱਜਾ, ਜੋ ਸ: ਚੜ੍ਹਤ ਸਿੰਘ ਦੇ ਜੱਥੇ ਨਾਲ ਸਾਰਾ ਦਿਨ

ਅਬਦਾਲੀ ਦਾ ਅੱਠਵਾਂ ਹਮਲਾ

ਚੜ੍ਹਤ ਸਿੰਘ ਨੇ ਡੇਰਾ ਲੁੱਟਿਆ

---

* ਭੰਗੂ, ਪੰਨਾ ੪੧੪; ਪੰਥ ਪ੍ਰਕਾਸ਼, ਪੰਨਾ ੯੭੮।

ਲੜਦਾ ਰਿਹਾ। ਰਾਤ ਪਈ, ਤਾਂ ਸਿੰਘ ਜੰਗਲਾਂ ਨੂੰ ਚਲੇ ਗਏ ਤੇ ਨਾਸਰ ਖ਼ਾਂ ਵਾਪਸ ਮੁੜ ਗਿਆ।

**ਅਬਦਾਲੀ ਦਾ ਅੰਮ੍ਰਿਤਸਰ 'ਤੇ ਧਾਵਾ**

ਡੇਰਾ ਲਾਹੌਰ ਛੱਡ ਕੇ ਅਬਦਾਲੀ ਨੇ ਅੰਮ੍ਰਿਤਸਰ 'ਤੇ ਧਾਵਾ ਕੀਤਾ। ਉਸ ਦੇ ਆਉਣ ਤੋਂ ਪਹਿਲਾਂ ਹੀ ਸਿੱਖ ਓਥੋਂ ਚਲੇ ਗਏ ਸਨ। ਕਿਲ੍ਹਾ ਰਾਮ ਗੜ੍ਹ ਵਿਚ ਕੇਵਲ ਤੀਹ ਸਿੰਘ ਰਹਿ ਗਏ ਸਨ। ਜਦ ਦੁਰਾਨੀ ਫ਼ੌਜਾਂ ਨੇੜੇ ਪੁੱਜੀਆਂ, ਉਹਨਾਂ ਤੀਹਾਂ ਨੇ ਹੀ 'ਸਤਿ ਸ੍ਰੀ ਅਕਾਲ' ਤੇ 'ਰਾਜ ਕਰੇਗਾ ਖ਼ਾਲਸਾ' ਦੇ ਜੈਕਾਰੇ ਛੱਡ ਕੇ ਵੈਰੀ ਉੱਤੇ ਧਾਵਾ ਬੋਲ ਦਿੱਤਾ। ਕਿੰਨੀ ਨਿਡਰਤਾ ਤੇ ਦਲੇਰੀ ਸੀ ਉਹਨਾਂ ਸੂਰਮਿਆਂ ਵਿਚ, ਜੋ ਸ਼ਹੀਦੀ ਪ੍ਰਾਪਤ ਕਰਨ ਵਾਸਤੇ, ਹਜ਼ਾਰਾਂ ਵੈਰੀਆਂ, ਤੇ ਸਮੇਂ ਦੇ ਵੱਡੇ ਜਰਨੈਲ—ਅਹਿਮਦ ਸ਼ਾਹ ਅਬਦਾਲੀ—ਨਾਲ ਟਾਕਰਾ ਕਰਨ ਵਾਸਤੇ ਛਾਤੀਆਂ ਡਾਹ ਖਲੇ। ਉਹ ਤੀਹੇ ਸਿੰਘ—ਕਈਆਂ ਨੂੰ ਮਾਰ ਕੇ—ਸ਼ਹੀਦ ਹੋ ਗਏ, ਪਰ ਵੈਰੀ ਦੇ ਦਿਲ ਉੱਤੇ ਸਿੱਖਾਂ ਦੀ ਬਹਾਦਰੀ ਦੀ ਮੋਹਰ ਲਾ ਗਏ।

ਘਲੂਘਾਰੇ ਦਾ ਤਬਾਹ ਕੀਤਾ ਹੋਇਆ ਅੰਮ੍ਰਿਤਸਰ, ਸਿੱਖਾਂ ਨੇ ਕੁਛ ਥੋੜ੍ਹਾ ਜਿਹਾ ਬਣਾਇਆ ਸੀ, ਜੋ ਅਬਦਾਲੀ ਨੇ ਦੁਬਾਰਾ ਤਬਾਹ ਕਰ ਦਿੱਤਾ ਤੇ ਵਾਪਸ ਲਾਹੌਰ ਆ ਗਿਆ।

**ਅਬਦਾਲੀ ਬਟਾਲੇ ਪੁੱਜਾ**

ਸਣੇ ਡੇਰੇ ਅਬਦਾਲੀ ਲਾਹੌਰੋਂ ਬਟਾਲੇ ਨੂੰ ਤੁਰਿਆ ਤੇ ਪੰਦਰਾਂ ਦਿਨਾਂ ਵਿਚ—ਛਪੰਜਾ ਮੀਲ ਪੰਧ ਕਰ ਕੇ—ਬਟਾਲੇ ਪੁੱਜਾ। ਉਸ ਨੇ ਫ਼ੌਜ ਨੂੰ ਹੁਕਮ ਦਿੱਤਾ, ਕਿ ਇਹ ਮੁਲਕ ਕਾਫ਼ਰਾਂ ਦਾ ਹੈ, ਸੋ ਚੰਗੀ ਤਰ੍ਹਾਂ ਲੁੱਟੋ। ਹੁਕਮ ਦੀ ਦੇਰ ਸੀ, ਸਾਰਾ ਮੁਲਕ ਤਬਾਹ ਕਰ ਦਿੱਤਾ ਗਿਆ। ਪਿੰਡਾਂ ਦੇ ਲੋਕ ਘਰ ਘਾਟ ਛੱਡ ਕੇ ਪਹਾੜਾਂ ਨੂੰ ਨੱਸ ਗਏ।

ਕੁਛ ਦਿਨ ਬਟਾਲੇ ਰਹਿ ਕੇ ਅਬਦਾਲੀ ਬਿਆਸ ਤੋਂ ਪਾਰ ਟਪਿਆ। ਉਹ

**ਜਹਾਨ ਖ਼ਾਂ ਉੱਤੇ ਸਿੱਖਾਂ ਦਾ ਹਮਲਾ**

ਦੁਬਾਰਾ ਜਲੰਧਰ ਵਿਚ ਵੜਿਆ ਹੀ ਸੀ, ਜਾਂ ਉਸ ਦੀ ਹਰਾਵਲ ਫ਼ੌਜ ਉੱਤੇ ਸਿੰਘਾਂ ਆ ਹਮਲਾ ਕੀਤਾ। ਜਹਾਨ ਖ਼ਾਂ ਸਿੰਘਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਅੱਗੇ ਵਧਣ ਦੀ ਥਾਂ ਆਪਣੇ ਪੈਰਾਂ 'ਤੇ ਖਲੋਤਾ ਕੇਵਲ ਆਪਣਾ ਆਪ ਬਚਾਉਣ ਬਦਲੇ ਲੜਦਾ ਰਿਹਾ। ਨਾਸਰ ਖ਼ਾਂ ਬਲੋਚ ਵੀ ਉਸ ਦੀ ਮਦਦ ਵਾਸਤੇ ਪਹੁੰਚ ਗਿਆ, ਪਰ ਫੇਰ ਵੀ ਉਹ ਜਵਾਬੀ ਹਮਲਾ

ਕਰਨ ਦੀ ਦਲੇਰੀ ਨਾ ਕਰ ਸਕੇ। ਸਾਰਾ ਦਿਨ ਲੜਾਈ ਹੁੰਦੀ ਰਹੀ। ਰਾਤ ਦੇ ਹਨੇਰੇ ਨੇ ਦੋਹਾਂ ਧਿਰਾਂ ਨੂੰ ਆਰਾਮ ਕਰਨ ਵਾਸਤੇ ਡੇਰਿਆਂ ਵਿਚ ਭੇਜ ਦਿੱਤਾ।

ਤਿੰਨਾਂ ਦਿਨਾਂ ਵਿਚ ਅਬਦਾਲੀ ਦੁਆਬਿਓਂ ਪਾਰ ਹੋਇਆ, ਤੇ ਮਾਛੀਵਾੜੇ ਦੇ ਪੱਤਣੋਂ ਸਤਲੁਜ ਟਪਿਆ। ਜਦ ਉਹ ਦਰਿਆਓਂ ਪਾਰ ਹੋ ਰਿਹਾ ਸੀ, ਸਿੰਘ ਫੇਰ ਆ ਪਏ। ਅਬਦਾਲੀ ਨੇ ਫ਼ੌਜ ਨੂੰ ਸਖ਼ਤ ਹੁਕਮ ਦਿੱਤਾ, ਕਿ ਕੋਈ ਅੱਗੇ ਵਧ ਕੇ ਸਿੱਖਾਂ ਉੱਤੇ ਵਾਰ ਨਾ ਕਰੇ, ਸਗੋਂ ਆਪਣੀ ਥਾਂ ਉੱਤੇ ਖਲੋ ਕੇ ਵਾਰ ਰੋਕੋ ਤੇ ਜਾਨ ਬਚਾਓ। ਦਰਿਆਓਂ ਪਾਰਲੇ ਪਾਸੇ ਰਾਤ ਕੱਟ ਕੇ ਦੁਰਾਨੀ ਪਿੰਜੌਰ ਆ ਬੈਠੇ ਤੇ ਕੁਛ ਦਿਨ ਰਹਿ ਕੇ, ਫ਼ਰਵਰੀ ਦੇ ਅਖ਼ੀਰ ਵਿਚ ਕੁੰਜਪੁਰੇ ਆ ਡੇਰੇ ਲਾਏ। ਏਥੇ ਉਸਨੂੰ ਪਤਾ ਲੱਗਾ, ਕਿ ਉਸ ਨੂੰ ਉਡੀਕ-ਉਡੀਕ ਕੇ ਨਜੀਬੁੱਦੌਲਾ, ਜਵਾਹਰ ਮੱਲ ਨਾਲ ਸੁਲ੍ਹਾ ਕਰ ਚੁੱਕਾ ਹੈ। ਸੋ ਅਬਦਾਲੀ ਅੱਗੇ ਜਾਣ ਦੀ ਥਾਂ ਵਾਪਸ ਸਰਹਿੰਦ ਆ ਬੈਠਾ।

ਅਬਦਾਲੀ ਕੁੰਜਪੁਰੇ

ਅਬਦਾਲੀ ਨੇ ਮਲੇਰਕੋਟਲੀਏ ਬੁਲਾਏ, ਕਿ ਸਰਹਿੰਦ ਦੀ ਸੂਬੇਦਾਰੀ ਸੰਭਾਲੋ, ਪਰ ਸਿੱਖਾਂ ਤੋਂ ਡਰਦਾ ਸਰਹਿੰਦ ਦਾ ਹਾਕਮ ਕੋਈ ਨਾ ਬਣੇ*। ਫਿਰ ਉਸ ਨੇ ਸ: ਆਲਾ ਸਿੰਘ ਪਟਿਆਲਾ ਨੂੰ ਬੁਲਾ ਕੇ ਸਰਹਿੰਦ ਦੀ ਸੂਬੇਦਾਰੀ ਦਿੱਤੀ। ਸਾਢੇ ਤਿੰਨ ਲੱਖ ਸਾਲ ਦਾ ਖ਼ਰਾਜ ਪੱਕਾ ਹੋਇਆ ਤੇ ਪਹਿਲੇ ਸਾਲ ਦਾ ਖ਼ਰਾਜ ਮਾਫ਼ ਕੀਤਾ ਗਿਆ। ਨਾਲ ਹੀ ਉਸ ਨੂੰ 'ਮਹਾਰਾਜੇ' ਦਾ ਖ਼ਿਤਾਬ ਅਤੇ ਨਗਾਰਾ ਦਿਤਾ‡। ਅਬਦਾਲੀ ਨੇ ਠੀਕਰੀਵਾਲੇ ਬੁੱਢਾ ਦਲ ਕੋਲ ਵੀ ਆਪਣਾ ਰਾਜਦੂਤ ਭੇਜਿਆ, ਕਿ ਈਨ ਮੰਨ ਲਵੋ ਤੇ ਮੁਲਕ ਸੰਭਾਲ ਲਵੋ, ਪਰ ਸਿੰਘ ਇਹ ਸ਼ਰਤ ਮੰਨਣ ਵਾਸਤੇ ਤਿਆਰ ਨਾ ਹੋਏ†।

ਆਲਾ ਸਿੰਘ ਨੂੰ ਸਰਹਿੰਦ ਦਿੱਤੀ

---

*ਭੰਗੂ, ਪੰਨਾ ੪੧੫; ਪੰਥ ਪ੍ਰਕਾਸ਼, ਪੰਨਾ ੮੭੯।

‡ਸ: ਆਲਾ ਸਿੰਘ ਨੇ ਅਹਿਮਦ ਸ਼ਾਹ ਅਬਦਾਲੀ ਦੀ ਈਨ ਮੰਨ ਕੇ ਸਰਹਿੰਦ ਦੀ ਸੂਬੇਦਾਰੀ ਲੈ ਲਈ ਸੀ। ਏਸ ਗੱਲੋਂ ਪੰਥ ਨੇ ਨਾਰਾਜ਼ ਹੋ ਕੇ ਪਟਿਆਲੀਏ 'ਤੇ ਹਮਲਾ ਕਰ ਦਿੱਤਾ। ਏਸ ਲੜਾਈ ਵਿਚ ਸ: ਹਰੀ ਸਿੰਘ ਭੰਗੀ ਮਾਰਿਆ ਗਿਆ। ਸ: ਜੱਸਾ ਸਿੰਘ ਆਹਲੂਵਾਲੀਏ ਨੇ ਖ਼ਾਨਾ-ਜੰਗੀ ਤੋਂ ਡਰਦੇ ਵਿਚ ਪੈ ਕੇ ਸੁਲ੍ਹਾ ਕਰਾ ਦਿੱਤੀ ਤੇ ਸ: ਆਲਾ ਸਿੰਘ ਨੂੰ ਏਸ ਭੁੱਲ ਬਦਲੇ ਤਨਖ਼ਾਹ ਲਾਈ, ਜੋ ਸ: ਆਲਾ ਸਿੰਘ ਨੇ ਪੰਥ ਪਾਸੋਂ ਬਖ਼ਸ਼ਾ ਲਈ।

†ਪੰਥ ਪ੍ਰਕਾਸ਼, ਪੰਨਾ ੮੮੦।

ਅਬਦਾਲੀ ਵਾਪਸ ਮੁੜਿਆ

ਸਰਹਿੰਦ ਆਲਾ ਸਿੰਘ ਦੇ ਮੱਥੇ ਮੜ੍ਹ ਕੇ ਅਬਦਾਲੀ ਕਾਬਲ ਨੂੰ ਤਿਆਰ ਹੋ ਪਿਆ। ਏਸ ਹਮਲੇ ਵਿਚ ਉਹਨੇ ਕਿਤੇ ਵੀ ਅੱਗੇ ਵਧ ਕੇ ਸਿੱਖਾਂ ਉੱਤੇ ਹਮਲਾ ਨਹੀਂ ਕੀਤਾ, ਸਗੋਂ ਜਾਨ ਬਚਾਉਂਦਾ ਰਿਹਾ ਤੇ ਸਿੱਖਾਂ ਦੇ ਵਾਰ ਰੋਕਦਾ ਰਿਹਾ। ਉਹ ਸਮਝ ਗਿਆ ਸੀ, ਕਿ ਸਿੱਖਾਂ ਦੇ ਟਾਕਰੇ ਦੀ ਉਸ ਵਿਚ ਸ਼ਕਤੀ ਨਹੀਂ ਰਹੀ। ਉਹ (ਮਾਰਚ, ੧੭੬੫ ਈ.) ਰੋਪੜ ਕੋਲੋਂ ਦਰਿਆ ਸਤਲੁਜ ਟਪਿਆ। ਅੱਗੇ ਬੁੱਢਾ ਦਲ ਤੇ ਤਰਨਾ ਦਲ—ਰਲ ਕੇ—ਉਸ ਦਾ ਰਾਹ ਰੋਕੀ ਖਲੋ ਸਨ। ਦੁਰਾਨੀ ਅਜੇ ਮੀਲ ਵੀ ਅੱਗੇ ਨਹੀਂ ਸਨ ਵਧੇ, ਜਾਂ ਸਿੱਖਾਂ ਨੇ ਸਾਮ੍ਹਣੇ ਪਾਸਿਓਂ ਉਹਨਾਂ 'ਤੇ ਹਮਲਾ ਕਰ ਦਿੱਤਾ*। ਦੁਰਾਨੀ ਫ਼ੌਜ ਦੇ ਜਰਨੈਲ ਸ਼ਾਹ ਵਲੀ ਖ਼ਾਂ, ਜਹਾਨ ਖ਼ਾਂ, ਸ਼ਾਹ ਪਸੰਦ ਖ਼ਾਂ ਤੇ ਨਾਸਰ ਖ਼ਾਂ ਸਨ। ਖ਼ਾਲਸਾ ਫ਼ੌਜ ਦੇ ਪਰਸਿੱਧ ਸਰਦਾਰ ਜੱਸਾ ਸਿੰਘ ਆਹਲੂ, ਜੱਸਾ ਸਿੰਘ ਰਾਮਗੜ੍ਹੀਆ, ਚੜ੍ਹਤ ਸਿੰਘ ਸੁਕਰਚੱਕੀਆ, ਝੰਡਾ ਸਿੰਘ, ਲਹਿਣਾ ਸਿੰਘ, ਜੈ ਸਿੰਘ, ਹਰੀ ਸਿੰਘ ਭੰਗੀ, ਗੁਲਾਬ ਸਿੰਘ ਤੇ ਗੁੱਜਰ ਸਿੰਘ ਸਨ। ਅਬਦਾਲੀ ਨੇ ਆਪਣੀ ਫ਼ੌਜ ਨੂੰ ਹੁਕਮ ਦਿੱਤਾ, ਕਿ ਕੋਈ ਸਿਪਾਹੀ ਆਪਣੇ ਥਾਂ ਤੋਂ ਨਾ ਹਿੱਲੇ।

ਸਿੱਖਾਂ ਦਾ ਹਮਲਾ

ਚੜ੍ਹਤ ਸਿੰਘ ਤੇ ਨਾਸਰ ਖ਼ਾਂ ਦੀ ਲੜਾਈ

ਸਿੱਖਾਂ ਨੇ ਅਬਦਾਲੀ ਦੇ ਸੱਜੇ ਪਾਸੇ ਉੱਤੇ ਬੜਾ ਜ਼ੋਰ ਪਾਇਆ। ਅਬਦਾਲੀ ਨੇ ਨਾਸਰ ਖ਼ਾਂ ਨੂੰ ਉਸ ਪਾਸੇ ਭੇਜਿਆ। ਸ: ਚੜ੍ਹਤ ਸਿੰਘ ਨੇ ਉਸ ਨੂੰ ਵੰਗਾਰਿਆ। ਨਾਸਰ ਖ਼ਾਂ ਅੱਗੇ ਵਧਿਆ, ਤਾਂ ਸ: ਚੜ੍ਹਤ ਸਿੰਘ ਦਾ ਜੱਥਾ ਮੈਦਾਨ ਛੱਡ ਕੇ ਭੱਜ ਉਠਿਆ। ਨਾਸਰ ਖ਼ਾਂ ਏਸ ਚਾਲ ਦਾ ਜਾਣੂ ਨਹੀਂ ਸੀ। ਉਹ ਆਪਣੀ ਫ਼ੌਜ ਲੈ ਕੇ ਸਿੱਖਾਂ ਦੇ ਮਗਰ ਵਧਿਆ। ਉਹ ਅਬਦਾਲੀ ਦੀ ਫ਼ੌਜ ਤੋਂ ਜ਼ਰਾ ਦੂਰ ਹੋਇਆ, ਤਾਂ ਸ: ਚੜ੍ਹਤ ਸਿੰਘ ਨੇ ਭੌਂ ਕੇ ਉਸ ਉੱਤੇ ਹਮਲਾ ਕਰ ਦਿੱਤਾ। ਨਾਸਰ ਖ਼ਾਂ ਸਿੰਘਾਂ ਦੇ ਕਾਬੂ ਆ ਗਿਆ। ਉਸ ਦੀ ਕਿਸਮਤ ਚੰਗੀ ਸੀ, ਕਿ ਉਹ ਜਾਨ ਬਚਾ ਕੇ ਅਬਦਾਲੀ ਦੀ ਫ਼ੌਜ ਨਾਲ ਆ ਮਿਲਿਆ, ਪਰ ਉਹਦੀ ਫ਼ੌਜ ਦਾ ਬਹੁਤਾ ਹਿੱਸਾ ਸਿੰਘਾਂ ਦੀ ਤਲਵਾਰ ਦੀ ਭੇਟਾ ਹੋ ਗਿਆ।

---

*'ਜੰਗਨਾਮਾ' ਦਾ ਕਰਤਾ ਕਾਜ਼ੀ ਨੂਰ ਮੁਹੰਮਦ ਨਾਸਰ ਖ਼ਾਂ ਦੇ ਨਾਲ ਸੀ। ਉਹ ਫ਼ਾਰਸੀ ਕਵਿਤਾ ਵਿਚ ਹਮਲੇ ਦੇ ਹਾਲ ਬੜੇ ਵਿਸਥਾਰ ਨਾਲ ਲਿਖਦਾ ਹੈ।

ਸਿੰਘਾਂ ਦੇ ਲਗਾਤਾਰ ਹਮਲੇ

ਏਧਰੋਂ ਦੁਰਾਨੀ ਅਜੇ ਸੰਭਲੇ ਹੀ ਸਨ, ਜਾਂ ਸਿੰਘਾਂ ਦੀ ਦੂਜੀ ਮਿਸਲ ਨੇ ਦੂਜੇ ਪਾਸਿਓਂ ਹਮਲਾ ਕਰ ਦਿੱਤਾ। ਰਾਤ ਪਈ, ਹਨੇਰਾ ਹੋ ਗਿਆ, ਤਾਂ ਲੜਾਈ ਬੰਦ ਹੋਈ।

ਅਗਲੇ ਦਿਨ ਅਬਦਾਲੀ ਤਿੰਨ ਮੀਲ ਹੀ ਗਿਆ ਸੀ, ਜਾਂ ਸਿੰਘਾਂ ਨੇ ਤਿੰਨਾਂ ਪਾਸਿਆਂ ਤੋਂ ਹਮਲਾ ਕੀਤਾ। ਅੱਗੇ ਸਿੰਘ ਅਬਦਾਲੀ ਦੀ ਫ਼ੌਜ ਦੇ ਪਿਛਲੇ ਹਿੱਸੇ ਉੱਤੇ ਹਮਲਾ ਕਰਦੇ ਹੁੰਦੇ ਸਨ ਤੇ ਟਾਕਰਾ ਕਰਨ ਦੀ ਥਾਂ ਲੁੱਟ ਮਾਰ ਕਰ ਕੇ ਭੱਜ ਜਾਂਦੇ ਸਨ, ਪਰ ਇਸ ਵਾਰ ਉਹ ਦੁਰਾਨੀਆਂ ਦਾ ਅੱਗੋਂ ਰਾਹ ਰੋਕ ਕੇ ਖਲੋਂਦੇ ਸਨ ਤੇ ਵੰਗਾਰ ਕੇ ਆਪ ਹਮਲਾ ਕਰਦੇ ਸਨ। ਉਹ ਸਾਮ੍ਹਣੇ ਪਾਸਿਓਂ ਤੇ ਸੱਜੇ ਖੱਬੇ ਤੋਂ ਹਮਲਾ ਕਰਦੇ, ਕਿ ਅਬਦਾਲੀ ਅੱਗੇ ਤੁਰ ਨਾ ਸਕੇ। ਇਕ ਮਿਸਲ ਦੂਰੋਂ ਘੋੜੇ ਭਜਾ ਕੇ ਆਉਂਦੀ ਤੇ ਆਪਣੀਆਂ ਭਰੀਆਂ ਹੋਈਆਂ ਬੰਦੂਕਾਂ ਖ਼ਾਲੀ ਕਰਕੇ ਪਿੱਛੇ ਹਟ ਜਾਂਦੀ। ਉਹਦੀ ਥਾਂ ਦੂਜੀ ਮਿਸਲ ਦੇ ਸਿਪਾਹੀ ਆ ਜਾਂਦੇ ਤੇ ਗੋਲੀਆਂ ਚਲਾ ਕੇ ਪਿੱਛੇ ਹਟ ਜਾਂਦੇ। ਉਹਨਾਂ ਦੀ ਥਾਂ ਤਿੱਜੀ ਮਿਸਲ ਆ ਮੱਲਦੀ। ਏਸੇ ਤਰ੍ਹਾਂ ਸਾਰਾ ਦਿਨ ਹੁੰਦਾ ਰਹਿੰਦਾ। ਸਿੱਖ ਸਰਦਾਰ ਦੁਰਾਨੀ ਜਰਨੈਲਾਂ ਨੂੰ ਅੱਗੇ ਵਧ ਕੇ ਲੜਨ ਵਾਸਤੇ ਲਲਕਾਰਦੇ, ਪਰ ਉਹ ਇਸ ਲਲਕਾਰੇ ਨੂੰ ਪਾਣੀ ਵਾਂਗ ਪੀ ਜਾਂਦੇ ਤੇ ਇਕ ਕਦਮ ਵੀ ਅੱਗੇ ਵਧਣ ਦੀ ਹਿੰਮਤ ਨਾ ਕਰਦੇ। ਉਹ ਸੁੱਖਾਂ ਸੁੱਖਦੇ, ਕਿ ਅੱਲਾ ਛੇਤੀ ਰਾਤ ਪਾਵੇ, ਤਾਂ ਸਿੱਖਾਂ ਹੱਥੋਂ ਛੁਟਕਾਰਾ ਮਿਲੇ।

ਬਟਾਲੇ ਕੋਲ ਹਮਲਾ

ਏਸ ਤਰ੍ਹਾਂ ਸੱਤ ਦਿਨ—ਰੋਜ਼—ਲੜਾਈ ਹੁੰਦੀ ਰਹੀ। ਨੂਰ ਮਹਿਲ ਤੇ ਕਪੂਰਥਲੇ ਦੋ ਲੜਾਈਆਂ ਬੜੀਆਂ ਭਾਰੀਆਂ ਹੋਈਆਂ। ਕਪੂਰਥਲੇ ਤੋਂ ਲਾਹੌਰ ਦਾ ਰਾਹ ਛੱਡ ਕੇ ਅਬਦਾਲੀ ਬਟਾਲੇ ਨੂੰ ਹੋ ਤੁਰਿਆ। ਬਟਾਲੇ ਕੋਲ ਸ: ਜੱਸਾ ਸਿੰਘ ਆਹਲੂ, ਸ: ਹਰੀ ਸਿੰਘ ਭੰਗੀ, ਸ: ਬਘੇਲ ਸਿੰਘ ਦੀ ਜੱਥੇਦਾਰੀ ਹੇਠਾਂ ਤੀਹ ਹਜ਼ਾਰ ਸਿੰਘਾਂ ਨੇ ਆ ਹੱਲਾ ਕੀਤਾ*। ਏਥੋਂ ਪੂਰੀ ਤਰ੍ਹਾਂ ਹਾਰ ਕੇ ਅਬਦਾਲੀ ਰਾਵੀ ਜਾ ਟਪਿਆ। ਰਾਵੀਓਂ ਪਾਰ ਸਿੰਘਾਂ ਫੇਰ ਹਮਲਾ ਜਾ ਕੀਤਾ। ਮੁਕਦੀ ਗੱਲ, ਸਿੰਘ ਗੁਜਰਾਤ ਤਕ ਅਬਦਾਲੀ ਨੂੰ ਤੋਰ ਕੇ ਆਏ†। ਮੁੜਦੀ ਵਾਰੀ ਅਬਦਾਲੀ ਲਾਹੌਰ ਨਹੀਂ ਗਿਆ‡।

---

*ਭੰਗੂ, ਪੰਨਾ ੪੧੭; ਪੰਥ ਪ੍ਰਕਾਸ਼, ਪੰਨੇ ੮੮੩-੮੪।

†ਪੰਥ ਪ੍ਰਕਾਸ਼, ਪੰਨਾ ੮੮੬।

‡ਭੰਗੂ, ਪੰਨਾ ੪੧੮।

**ਅਬਦਾਲੀ ਰੁਹਤਾਸ**

... ... ਮਾਰਚ ਦੇ ਅਖ਼ੀਰ ਵਿਚ ਅਬਦਾਲੀ ਰੁਹਤਾਸ ਜਾ ਪੁੱਜਾ ਤੇ ਸਿੱਖ ਵਿਸਾਖੀ ਮਨਾਉਣ ਵਾਸਤੇ ਅੰਮ੍ਰਿਤਸਰ ਨੂੰ ਮੁੜ ਆਏ। ਰੁਹਤਾਸ ਤੋਂ ਅਬਦਾਲੀ ਨੇ ਨਾਸਰ ਖ਼ਾਂ ਨੂੰ ਵਿਦਿਆ ਕੀਤਾ। ਪਹਿਲੇ ਨੇ ਮਗਰਲੇ ਨੂੰ ਝਨਾਂ ਤੋਂ ਲਹਿੰਦੇ ਪਾਸੇ ਦਾ ਸਾਰਾ ਮੁਲਕ ਦੇਣਾ ਚਾਹਿਆ, ਪਰ ਉਹ ਸਿੰਘਾਂ ਤੋਂ ਡਰਦਾ ਨਾ ਮੰਨਿਆ। ਉਸ ਨੇ ਕੋਇਟਾ ਅਬਦਾਲੀ ਤੋਂ ਮੰਗਿਆ, ਜੋ ਪਰਵਾਨ ਕਰ ਲਿਆ ਗਿਆ। ਏਥੋਂ ਅਬਦਾਲੀ ਕਾਬਲ ਦੇ ਤੇ ਨਾਸਰ ਖ਼ਾਂ ਕੁਲਾਤ ਦੇ ਰਾਹੇ ਪੈ ਗਿਆ।

**ਉਸ ਵੇਲੇ ਸਿੰਘਾਂ ਦੇ ਕਬਜ਼ੇ**

'ਜੰਗ ਨਾਮੇ' ਦੇ ਕਰਤਾ ਕਾਜ਼ੀ ਨੂਰ ਮੁਹੰਮਦ ਦੀ ਲਿਖਤ ਅਨੁਸਾਰ ਉਸ ਹਮਲੇ ਸਮੇਂ ਹੇਠ ਲਿਖੇ ਇਲਾਕੇ ਇਹਨਾਂ ਸਿੱਖ ਸਰਦਾਰਾਂ ਦੇ ਕਬਜ਼ੇ ਵਿਚ ਸਨ: ਚਨਿਓਟ ਸ: ਝੰਡਾ ਸਿੰਘ ਭੰਗੀ ਦੇ ਕਬਜ਼ੇ ਵਿਚ; ਝੰਗ ਸ: ਹਰੀ ਸਿੰਘ ਭੰਗੀ ਦੇ, ਵਰਪਾਲ ਕਰਮ ਸਿੰਘ ਦੇ, ਪੜੋਲ ਜੈ ਸਿੰਘ ਦੇ, ਕਲਾਨੌਰ ਜੱਸਾ ਸਿੰਘ ਰਾਮਗੜ੍ਹੀਏ ਦੇ, ਜਲੰਧਰ ਜੱਸਾ ਸਿੰਘ ਆਹਲੂਵਾਲੀਏ* ਦੇ, ਬਟਾਲਾ ਜੱਸਾ ਸਿੰਘ ਰਾਮਗੜ੍ਹੀਏ ਦੇ, ਵਣੀਕੇ ਗੁੱਜਰ ਸਿੰਘ ਤੇ ਲਹਿਣਾ ਸਿੰਘ ਦੇ, ਪਿੰਡ ਸੱਯਦਾਂ ਤੇ ਚੰਮਿਆਰੀ ਅਘੜ ਸਿੰਘ ਤੇ ਸਾਂਵਲ ਸਿੰਘ ਦੇ, ਦੀਨਾ ਨਗਰ ਵਸਾਵਾ ਸਿੰਘ ਦੇ, ਰੁਹਤਾਸ ਚੜ੍ਹਤ ਸਿੰਘ ਦੇ, ਦੀਪਾਲਪੁਰ ਨੱਥਾ ਸਿੰਘ ਦੇ। ਸਰਹਿੰਦ, ਲਾਹੌਰ, ਮੁਲਤਾਨ ਤੇ ਡੇਰਾਜਾਤ ਤਕ ਸਾਰਾ ਮੁਲਕ ਸਿੱਖਾਂ ਨੇ ਮੱਲਿਆ ਹੋਇਆ ਸੀ। ਇਹ ਇਲਾਕੇ ਅਬਦਾਲੀ ਦੇ ਆਉਣ ਤੋਂ ਪਹਿਲਾਂ ਹੀ ਸਿੱਖਾਂ ਦੇ ਕੋਲ ਸਨ। ਉਸ ਦੇ ਮੁੜਨ ਪਿਛੋਂ ਉਹਨਾਂ ਬਾਕੀ ਮੁਲਕ ਵੀ ਮੱਲ ਲਿਆ।

**ਵਿਸਾਖੀ ਮਨਾਈ ਤੇ ਗੁਰਦੁਆਰੇ ਬਣਾਏ**

ਅਬਦਾਲੀ ਦਾ ਪਿੱਛਾ ਛੱਡ ਕੇ ਸਿੱਖ ਅੰਮ੍ਰਿਤਸਰ ਵਿਸਾਖੀ ਮਨਾਉਣ ਵਾਸਤੇ ਆ ਕੱਠੇ ਹੋਏ, ਜੋ ੧੦ ਅਪ੍ਰੈਲ, ੧੭੬੫ ਈ. ਨੂੰ ਸੀ। ਸਿੱਖਾਂ ਸਮਝ ਲਿਆ ਸੀ, ਕਿ ਹੁਣ ਉਹ ਅਬਦਾਲੀ ਨਾਲੋਂ ਤਕੜੇ ਹਨ, ਤੇ ਜੇ ਅਬਦਾਲੀ ਨੇ ਫੇਰ ਹਮਲਾ ਕੀਤਾ,

---

* ਇਹਨਾਂ ਦੋਹਾਂ ਨਾਂਵਾਂ ਦਾ ਕਾਜ਼ੀ ਭੁਲੇਖਾ ਖਾਂਦਾ ਹੈ।

ਤਾਂ ਉਹ ਉਸ ਨੂੰ ਸ਼ਕਸਤ ਦੇ ਸਕਣਗੇ। ਉਹ ਇਕ ਮਹੀਨਾ ਅੰਮ੍ਰਿਤਸਰ ਰਹੇ। ਅਬਦਾਲੀ ਦੇ ਢਾਹੇ ਹੋਏ ਗੁਰਦੁਆਰੇ ਫੇਰ ਬਣਾਏ ਗਏ। ਸਾਰੇ ਸਰਦਾਰਾਂ ਨੇ ਗੁਰਮਤਾ ਕੀਤਾ, ਕਿ ਸਾਰੇ ਮੁਲਕ ਉੱਤੇ ਕਬਜ਼ਾ ਕੀਤਾ ਜਾਵੇ। ਅਰਦਾਸਾ ਸੋਧ ਕੇ ਸਾਰੇ ਸਰਦਾਰ ਆਪੋ ਆਪਣੇ ਇਲਾਕਿਆਂ ਉੱਤੇ ਕਬਜ਼ਾ ਕਰਨ ਵਾਸਤੇ ਤੁਰ ਪਏ।

### ਸਿੱਖਾਂ ਦਾ ਲਾਹੌਰ ਉੱਤੇ ਕਬਜ਼ਾ

ਲਾਹੌਰ ਦਾ ਸੂਬੇਦਾਰ ਕਾਬਲੀ ਮੱਲ ਅਹਿਮਦ ਸ਼ਾਹ ਅਬਦਾਲੀ ਨੂੰ ਤੋਰਨ ਗਿਆ ਹੋਇਆ ਸੀ। ਪਿਛੇ ਲਾਹੌਰ ਦਾ ਹਾਕਮ ਉਸ ਦਾ ਭਤੀਜਾ ਅਮੀਰ ਸਿੰਘ ਸੀ। ਸ: ਲਹਿਣਾ ਸਿੰਘ ਤੇ ਗੁੱਜਰ ਸਿੰਘ (ਭੰਗੀ ਸਰਦਾਰ) ਦੋ ਹਜ਼ਾਰ ਫ਼ੌਜ ਲੈ ਕੇ ਬਗਵਾਨ ਪੁਰੇ ਜਾ ਬੈਠੇ। ਓਥੋਂ ਦੇ ਅਰਾਈਂ— ਮਿਹਰ ਸੁਲਤਾਨ, ਗ਼ੁਲਾਮ ਰਸੂਲ, ਅਸ਼ਰਫ਼, ਚੰਨੂੰ, ਬਾਕਰ—ਕਿਲ੍ਹੇ ਵਿਚ ਮਾਲੀ ਦਾ ਕੰਮ ਕਰਦੇ ਸਨ। ਭੰਗੀ ਸਰਦਾਰਾਂ ਨੇ ਉਹਨਾਂ ਨੂੰ ਆਪਣੇ ਨਾਲ ਗੰਢ ਲਿਆ। ਅਰਾਈਆਂ ਦੇ ਦੱਸੇ ਥਾਂ ਤੋਂ ਰਾਤ ਕਿਲ੍ਹੇ ਦੀ ਕੰਧ ਪਾੜ ਕੇ ਸ: ਲਹਿਣਾ ਸਿੰਘ ਤੇ ਗੁੱਜਰ ਸਿੰਘ ਅੰਦਰ ਜਾ ਵੜੇ। ਅਮੀਰ ਸਿੰਘ ਮਹਿਲਾਂ ਵਿਚ ਨਾਚ ਵੇਖ ਰਿਹਾ ਸੀ। ਸਿੰਘਾਂ ਨੇ ਉਸਨੂੰ ਫੜ ਲਿਆ ਤੇ ਮੁਜੰਗ ਵਿਚ ਕੈਦ ਕਰ ਦਿੱਤਾ। ਅਗਲੇ ਦਿਨ (੧੬ ਮਈ, ੧੭੬੫ ਈ.) ਨਿਆਜ਼ ਬੇਗ ਵਾਲਾ ਸ: ਸੋਭਾ ਸਿੰਘ ਵੀ ਦੋ ਸੌ ਅਸਵਾਰ ਸਣੇ ਆ ਗਿਆ। ਤਿੰਨਾਂ ਸਰਦਾਰਾਂ ਨੇ ਸ਼ਹਿਰ ਤੇ ਕਿਲ੍ਹੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਸ਼ਹਿਰ ਦੇ ਪਤਵੰਤੇ—ਜਿਨ੍ਹਾਂ ਵਿਚ ਇਹ ਪਰਸਿਧ ਸਨ: ਚੌਧਰੀ ਰੂਪਾ, ਮੀਰ ਨੱਥੂ ਸ਼ਾਹ, ਮੀਆਂ ਮੁਹੰਮਦ ਆਸ਼ਕ, ਹਾਫ਼ਿਜ਼ ਕਾਦਰ ਬਖ਼ਸ਼ ਤੇ ਦੀਵਾਨ ਸੂਰਤ ਸਿੰਘ ਦੇ ਲੜਕੇ ਲਾਲਾ ਬਿਸ਼ਨ ਸਿੰਘ ਤੇ ਮਹਾਰਾਜ ਸਿੰਘ—ਪਰ੍ਹੇ (ਡੈਪੂਟੇਸ਼ਨ) ਬਣ ਕੇ ਸਿੱਖ ਸਰਦਾਰਾਂ ਕੋਲ ਗਏ, ਕਿ ਸ਼ਹਿਰ ਵਿਚ ਅਮਨ ਦਾ ਰਾਜ ਕਾਇਮ ਕੀਤਾ ਜਾਏ। ਸਿੱਖ ਸਰਦਾਰਾਂ ਨੇ ਸ਼ਹਿਰ ਵਿਚ ਆਪ ਫਿਰ ਕੇ ਅਮਨ ਕੀਤਾ ਤੇ ਲੁੱਟ ਮਾਰ ਕਰਨ ਵਾਲੇ ਨੂੰ ਸਖ਼ਤ ਸਜ਼ਾ ਦੇਣ ਦਾ ਹੁਕਮ ਸੁਣਾਇਆ। ਕਾਬਲੀ ਮੱਲ ਦਾ ਪਰਵਾਰ ਸਿੰਘਾਂ ਨੇ ਕੈਦ ਕਰ ਲਿਆ ਸੀ, ਜੋ ਪਿਛੋਂ ਤੀਹ ਹਜ਼ਾਰ ਲੈ ਕੇ ਛੱਡ ਦਿੱਤਾ। ਕਾਬਲੀ ਮੱਲ ਜੰਮੂੰ ਚਲਾ ਗਿਆ ਸੀ, ਮਗਰੇ ਉਸ ਦਾ ਪਰਵਾਰ ਚਲਾ ਗਿਆ‡।

---

‡ਪੰਥ ਪ੍ਰਕਾਸ਼, ਪੰਨਾ ੮੯੧।

**ਨਾਨਕ ਸ਼ਾਹੀ ਸਿੱਕਾ**

ਸਿੱਖ ਸਰਦਾਰਾਂ ਨੇ ਲਾਹੌਰ ਵਿਚ ਅਮਨ ਦਾ ਰਾਜ ਕਾਇਮ ਕਰਕੇ ਸਿੱਕਾ ਚਾਲੂ ਕੀਤਾ, ਜਿਸ ਨੂੰ 'ਨਾਨਕਸ਼ਾਹੀ' ਸਿੱਕਾ ਕਹਿੰਦੇ ਹਨ। ਉਸ ਉਤੇ ਫ਼ਾਰਸੀ ਅੱਖਰਾਂ ਵਿਚ ਲਿਖਿਆ ਹੋਇਆ ਸੀ :

'ਦੇਗ਼ ਉ ਤੇਗ਼ ਉ ਫ਼ਤਹਿ ਉ ਨੁਸਰਤ ਬੇਦਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।'

**ਲਾਹੌਰ ਦੇ ਤਿੰਨ ਹਿੱਸੇ**

ਫਿਰ ਤਿੰਨਾਂ ਸਰਦਾਰਾਂ ਨੇ ਸ਼ਹਿਰ ਨੂੰ ਤਿੰਨਾਂ ਹਿੱਸਿਆਂ ਵਿਚ ਵੰਡ ਲਿਆ। ਸ਼ਹਿਰ ਦਾ ਚੜ੍ਹਦਾ ਹਿੱਸਾ ਸ਼ਾਲਾਮਾਰ ਬਾਗ਼ ਤੱਕ ਸ: ਗੁੱਜਰ ਸਿੰਘ ਦੇ ਹਿੱਸੇ ਆਇਆ। ਉਸ ਨੇ ਕਿਲ੍ਹਾ ਗੁੱਜਰ ਸਿੰਘ ਬਣਾ ਕੇ ਉਸ ਵਿਚ ਆਪਣਾ ਤਖ਼ਤ ਬਣਾਇਆ। ਸ਼ਹਿਰ ਦਾ ਵਿਚਲਾ ਹਿੱਸਾ ਸ਼ਾਹੀ ਕਿਲ੍ਹਾ, ਕਸ਼ਮੀਰੀ, ਖ਼ਿਜ਼ਰੀ ਰੌਸ਼ਨੀ ਤੇ ਮਸਤੀ ਦਰਵਾਜ਼ੇ ਦੇ ਅੰਦਰਲਾ ਇਲਾਕਾ ਸ: ਲਹਿਣਾ ਸਿੰਘ ਨੂੰ ਮਿਲਿਆ। ਸ਼ਹਿਰ ਦਾ ਦੱਖਣੀ ਤੇ ਪੱਛਮੀ ਹਿੱਸਾ, ਮੁਜ਼ੰਗ, ਕੋਟ ਅਬਦੁੱਲਾ ਸ਼ਾਹ, ਇਛਰਾ, ਚੌਬੁਰਜੀ ਸ: ਸੋਭਾ ਸਿੰਘ ਦੇ ਹਿੱਸੇ ਆਏ। ਉਸਨੇ ਜ਼ੇਬਿੰਦਾ ਬੇਗਮ (ਪਰਸਿਧ ਜ਼ੇਬੁੰਨਿਸਾ=ਔਰੰਗਜ਼ੇਬ ਦੀ ਲੜਕੀ) ਦੇ ਬਾਗ਼ ਦੇ ਉਦਾਲੇ ਕੰਧ ਪੱਕੀ ਕਰ ਕੇ, ਉਸ ਨੂੰ ਕਿਲ੍ਹੇ ਵਾਂਗ ਬਣਾ ਲਿਆ ਤੇ ਉਸ ਦਾ ਨਾਮ 'ਨਵਾਂ ਕੋਟ' ਰੱਖ ਕੇ ਆਪਣਾ ਤਖ਼ਤ (ਹੈੱਡ ਕੁਆਟਰਜ਼) ਬਣਾਇਆ।

**ਤੋਪ ਜ਼ਮਾਜ਼ਮਾ ਚੜ੍ਹਤ ਸਿੰਘ ਨੂੰ ਮਿਲੀ**

ਇਹ ਖ਼ਬਰਾਂ ਸ: ਚੜ੍ਹਤ ਸਿੰਘ ਸੁਕਰਚੱਕੀਏ ਨੂੰ ਮਿਲੀਆਂ, ਤਾਂ ਉਹ ਵੀ ਦੋ ਹਜ਼ਾਰ ਫ਼ੌਜ ਲੈ ਕੇ ਲਾਹੌਰ ਆ ਗਿਆ। ਉਹਨੇ ਵੀ ਆਪਣਾ ਹਿੱਸਾ ਮੰਗਿਆ। ਭੰਗੀ ਸਰਦਾਰਾਂ ਨੇ ਉਸ ਨੂੰ ਤੋਪ ਜ਼ਮਜ਼ਮਾ (ਭੰਗੀਆਂ ਵਾਲੀ ਤੋਪ) ਦੇ ਦਿੱਤੀ। ਉਹ ਹੋਰ ਹਿੱਸਾ ਨਾ ਮਿਲਦਾ ਵੇਖ ਕੇ ਓਹਾ ਤੋਪ ਹੀ ਸ਼ਾਹੀ ਬੁਰਜ ਤੋਂ ਚੁਕਵਾਕੇ ਗੁਜਰਾਂਵਾਲੇ ਲੈ ਗਿਆ।

**ਸਿੱਖਾਂ ਨੇ ਸਾਰੇ ਪੰਜਾਬ ਉੱਤੇ ਕਬਜ਼ਾ ਕਰ ਲਿਆ**

ਲਾਹੌਰ ਉੱਤੇ ਕਬਜ਼ਾ ਕਰ ਕੇ ਸਿੱਖਾਂ ਨੇ ਸਾਰੇ ਪੰਜਾਬ ਨੂੰ ਆਪਣੇ ਅਧੀਨ ਸਮਝ ਲਿਆ। ਸੋ ਦੋ ਮਹੀਨਿਆਂ ਵਿਚ ਹੀ (ਅੱਠ ਮਈ ਤੋਂ ਅੱਠ ਜੁਲਾਈ ਤਕ) ਉਹ ਸਾਰੇ ਪੰਜਾਬ ਉੱਤੇ ਛਾ ਗਏ। ਮਿਸਲਾਂ ਦੇ ਲੀਡਰਾਂ ਨੇ ਆਪਣੇ ਮਾਤਹਿਤ ਸਰਦਾਰਾਂ

ਨੂੰ ਕਿਹਾ, ਜਿੰਨੇ ਇਲਾਕੇ ਉੱਤੇ ਕੋਈ ਕਬਜ਼ਾ ਰੱਖ ਸਕਦਾ ਹੈ, ਓਨਾ ਮੱਲ ਲਵੇ। ਵੱਖ ਵੱਖ ਮਿਸਲਾਂ ਨੇ ਇਹ-ਇਹ ਇਲਾਕੇ ਮੱਲੇ :—

ਅੰਮ੍ਰਿਤਸਰ ਸਰਬੱਤ ਖ਼ਾਲਸੇ ਦਾ ਸਾਂਝਾ ਸ਼ਹਿਰ ਰਿਹਾ। ਓਥੇ ਸਭ ਸਰਦਾਰਾਂ ਦੇ ਵੱਖ ਵੱਖ ਕਟੜੇ ਸਨ, ਜੋ ਉਹਨਾਂ ਦੇ ਆਪਣੇ ਜਾਂ ਮਿਸਲ ਦੇ ਨਾਮ ਉੱਤੇ ਵਸਾਏ ਗਏ ਸਨ। ਅੰਮ੍ਰਿਤਸਰ ਵਿਚ ਆ ਕੇ ਸਾਰੇ ਸਰਦਾਰ ਭਰਾਵਾਂ ਵਾਂਗ ਮਿਲਦੇ ਤੇ ਰਹਿੰਦੇ ਸਨ।

**ਬਾਰੀ ਦੋਆਬ :** (ਰਾਵੀ ਤੇ ਬਿਆਸ ਦੇ ਵਿਚਕਾਰ)

ਮਿਸਲ ਭੰਗੀਆਂ : ਅੰਮ੍ਰਿਤਸਰ ਦਾ ਉਦਾਲਾ ਤੇ ਤਰਨ ਤਾਰਨ ਦਾ ਉਦਾਲਾ, ਖ਼ਾਸ ਕਰ ਤਰਨ ਤਾਰਨ ਦਾ ਦਖਣੀ ਹਿੱਸਾ ਤੇ ਕਸਬਾ ਤਰਨ ਤਾਰਨ। ਛੀਨਿਆਂ ਦਾ ਇਲਾਕਾ ਕਰਮ ਸਿੰਘ ਭੰਗੀ ਕੋਲ।

ਮਿਸਲ ਆਹਲੂਵਾਲੀਆਂ : ਦਰਿਆ ਬਿਆਸ ਦੇ ਨਾਲ-ਨਾਲ ਫ਼ਤਹਿਆਬਾਦ, ਗੋਇੰਦਵਾਲ, ਜੰਡਿਆਲਾ, ਬੁਤਾਲਾ, ਸਠਿਆਲਾ, ਬੰਡਾਲਾ ਮਤਾਬਕੋਟ, ਜਲਾਲਾਬਾਦ, ਵੈਰੋਵਾਲ, ਕੋਟ ਮੁਹੰਮਦ ਖ਼ਾਂ।

ਮਿਸਲ ਰਾਮਗੜ੍ਹੀਆਂ : ਸ੍ਰੀ ਹਰਿਗੋਬਿੰਦਪੁਰਾ, ਕਾਦੀਆਂ, ਮੱਤੇਵਾਲ।

ਮਿਸਲ ਕਨ੍ਹਈਆਂ : ਬਟਾਲੇ ਦਾ ਉਦਾਲਾ, ਫ਼ਤਹਿਗੜ੍ਹ, ਗਿਲਵਾਲੀ ਪੰਜਗਰਾਈਆਂ।

ਮਿਸਲ ਨਕਈਆਂ : ਨੱਕੇ ਤੇ ਲੰਮੇ ਦਾ ਬਹੁਤ ਸਾਰਾ ਇਲਾਕਾ।

ਮਿਸਲ ਸਿੰਘਪੁਰੀਆਂ : ਸਿੰਘਪੁਰਾ (ਫ਼ੈਜ਼ਲਾਪੁਰ) ਅੰਮ੍ਰਿਤਸਰ।

ਸ: ਜੋਧ ਸਿੰਘ : ਸੌੜੀਆਂ, ਜਗਦੇਉ, ਘੋਣੇਵਾਲ, ਕੜਿਆਲ।

ਸ: ਦੀਵਾਨ ਸਿੰਘ : ਸੈਂਸ੍ਰਾ।

**ਦੋਆਬਾ ਰਚਨਾ :** (ਰਾਵੀ ਤੇ ਬਿਆਸ ਦੇ ਵਿਚਕਾਰ) ਦਾ ਬਹੁਤਾ ਹਿੱਸਾ ਸ: ਚੜ੍ਹਤ ਸਿੰਘ ਸੁਕਰਚੱਕੀਏ ਨੇ ਜਿੱਤ ਕੇ ਆਪਣੇ ਮਾਤਹਿਤ ਸਰਦਾਰਾਂ ਨੂੰ ਦਿੱਤਾ‡।

ਸਹਾਏ ਸਿੰਘ ਤੇ ਸਾਹਿਬ ਸਿੰਘ ਨੇ (ਅੰਮ੍ਰਿਤਸਰ ਤੋਂ ਅੰਮ੍ਰਿਤ ਛਕ ਕੇ) ਲੁਬਾਣਿਆਂ ਕੋਲੋਂ ਸ਼ੇਖ਼ੂਪੁਰਾ ਖੋਹ ਲਿਆ।

ਭੰਗੀ ਮਿਸਲ : ਸ. ਹਰੀ ਸਿੰਘ ਨੇ ਕਾਲੇਵਾਲਾ, ਅਲਾਰ, ਪਨਵਾਨਾ, ਚੱਕ ਰਮਦਾਸ, ਚੋਬਾਰਾ ਤੇ ਕਈ ਹੋਰ ਪਿੰਡ ਮੱਲ ਲਏ। ਤਾਰਾ ਸਿੰਘ, ਜੀਵਨ

---

‡ ਪੂਰਾ ਹਾਲ ਵੇਖੋ 'ਸਿੱਖ ਰਾਜ ਤੇ ਸ਼ੇਰੇ-ਪੰਜਾਬ' ਵਿਚ।

ਸਿੰਘ ਤੇ ਸਾਹਿਬ ਸਿੰਘ (ਭੰਗੀ ਸਰਦਾਰਾਂ) ਨੇ ਪਠਾਣਾਂ ਤੋਂ ਕਿਲ੍ਹਾ ਸਿਆਲਕੋਟ ਖੋਹ ਲਿਆ ਤੇ ਬਹੁਤ ਸਾਰਾ ਇਲਾਕਾ ਮੱਲ ਲਿਆ। ਸ. ਕਰਮ ਸਿੰਘ ਭੰਗੀ ਨੇ ਫ਼ੀਰੋਜ਼ਕੇ, ਕਾਲੇਕੇ ਤੇ ਬਜਰਾ ਆਦਿ ਪਿੰਡ ਮੱਲ ਲਏ।

**ਦੋਆਬਾ ਚੱਜ :** (ਝਨਾਂ-ਚਨਾਬ ਤੇ ਜਿਹਲਮ ਦੇ ਵਿਚਕਾਰ) ਇਲਾਕੇ ਵਿਚ ਮੁਕੱਰਬ ਖ਼ਾਂ ਗੱਖੜ ਪਰਸਿੱਧ ਸੀ। ਸ: ਗੁੱਜਰ ਸਿੰਘ ਭੰਗੀ ਤੇ ਸ. ਚੜ੍ਹਤ ਸਿੰਘ ਸੁਕਰਚੱਕੀਏ ਨੇ ਮੁਕੱਰਬ ਖ਼ਾਂ ਨੂੰ ਸ਼ਕਸਤ ਦੇ ਕੇ ਉਸ ਦਾ ਕਿਲ੍ਹਾ ਗੁਜਰਾਤ ਤੇ ਇਲਾਕਾ ਮੱਲ ਲਿਆ। ਕਿਲ੍ਹਾ ਗੁਜਰਾਤ ਨੂੰ ਪੱਕਾ ਕਰ ਕੇ ਸ. ਗੁੱਜਰ ਸਿੰਘ ਨੇ ਆਪਣੀ ਰਾਜਧਾਨੀ ਬਣਾਇਆ। ਸਾਰਾ ਜ਼ਿਲ੍ਹਾ ਦੋਹਾਂ ਮਿਸਲਾਂ ਨੇ ਅੱਧੋ ਅੱਧ ਕਰਕੇ ਆਪਣੇ ਮਾਤਹਿਤ ਸਰਦਾਰਾਂ ਨੂੰ ਦੇ ਦਿੱਤਾ। ਗੁਜਰਾਤ ਤੇ ਵੜਾਇਚਾਂ ਦਾ ਇਲਾਕਾ ਭੰਗੀਆਂ ਨੇ ਮੱਲ ਲਿਆ ਤੇ ਕੁੰਜਾਹ ਤੋਂ ਮਿਆਣੀ ਤਕ (ਸਣੇ ਲੂਣ ਦੀ ਖਾਣ) ਸੁਕਰਚੱਕੀਆਂ।

ਮਿਢ ਤੇ ਮੂਸਾ ਚੂਹਾ ਸ. ਗੰਡਾ ਸਿੰਘ ਭੰਗੀ ਨੇ ਮੱਲ ਲਿਆ। ਪਿੰਡ ਮਿਆਣੀ ਸ. ਤਾਰਾ ਸਿੰਘ ਭੰਗੀ ਦੇ ਤੇ ਭੇਰਾ ਤੇ ਅਹਿਮਦਾਬਾਦ ਸ. ਮਾਨ ਸਿੰਘ ਦੇ ਕਬਜ਼ੇ ਆ ਗਿਆ।

ਦੁਆਬਾ ਜਲੰਧਰ ਤੇ ਮਾਲਵਾ ਪਹਿਲਾਂ ਹੀ ਸਿੱਖਾਂ ਦੇ ਕਬਜ਼ੇ ਵਿਚ ਸੀ। ਬਿਆਸ ਤੋਂ ਲਹਿੰਦੇ ਪਾਸੇ ਦੇ ਇਲਾਕਿਆਂ ਉੱਤੇ ਕਬਜ਼ੇ ਕਰਕੇ ਸਿੱਖ ਫੇਰ ਅੰਮ੍ਰਿਤਸਰ ਆ ਕੱਠੇ ਹੋਏ। ਏਥੇ ਗੁਰਮਤਾ ਸੋਧਿਆ ਗਿਆ, ਕਿ ਨਜੀਬੁੱਦੌਲਾ ਦਾ ਇਲਾਕਾ ਲੁੱਟਿਆ ਜਾਵੇ। ਸੋ ਸਤੰਬਰ, ੧੭੬੫ ਈ. ਵਿਚ ਸਿੰਘਾਂ ਨੇ ਚੜ੍ਹਦੇ ਨੂੰ ਚੜ੍ਹਾਈ ਕਰ ਦਿੱਤੀ। ਸਰਹਿੰਦ ਪਹੁੰਚ ਕੇ ਸਿੱਖਾਂ ਦੇ ਦੋਵੇਂ ਦਲ (ਬੁੱਢਾ ਤੇ ਤਰਨਾ) ਵੱਖੋ-ਵੱਖ ਹੋ ਗਏ। ਤਰਨਾ ਦਲ ਤਾਂ ਬੂੜੀਆ ਘਾਟ ਤੋਂ ਲੰਘ ਕੇ ਸਹਾਰਨਪੁਰ ਜਾ ਵੜਿਆ ਤੇ ਬੁੱਢਾ ਦਲ (ਸ. ਜੱਸਾ ਸਿੰਘ ਆਹਲੂ, ਸ. ਤਾਰਾ ਸਿੰਘ ਤੇ ਸ. ਸ਼ਾਮ ਸਿੰਘ ਦੀ ਜਥੇਦਾਰੀ ਥੱਲੇ ਪੰਝੀ ਹਜ਼ਾਰ ਫ਼ੌਜ) ਦਿੱਲੀ ਤੋਂ ਪਹਾੜ ਦੀ ਬਾਹੀ, ਨਜੀਬੁੱਦੌਲਾ ਦੀ ਜਾਗੀਰ ਲੁੱਟਣ ਲੱਗਾ। ਨਜੀਬੁੱਦੌਲਾ ਉਸ ਵੇਲੇ ਰੁਹਤਕ ਦੇ ਇਲਾਕੇ ਵਿਚ ਸੀ। ਉਹ ਸੁਣਦਿਆਂ ਸਾਰ ਫ਼ੌਜ ਲੈ ਕੇ ਚੜ੍ਹਿਆ ਪਰ ਉਹਦੇ ਆਉਣ ਤੋਂ ਪਹਿਲਾਂ ਹੀ ਸਿੰਘ ਲੁੱਟ ਮਾਰ ਕਰ ਕੇ ਅੰਮ੍ਰਿਤਸਰ ਨੂੰ ਪਰਤ ਆਏ । ੧੪ ਅਕਤੂਬਰ, ੧੭੬੫ ਈ. ਨੂੰ ਦੀਵਾਲੀ ਸੀ, ਜੋ ਖ਼ਾਲਸੇ ਨੇ ਬੜੀ ਧੂਮ ਧਾਮ ਨਾਲ ਮਨਾਈ।

ਚੜ੍ਹਦੇ ਵੱਲ ਚੜ੍ਹਾਈ
ਜਮਨਾ ਤੋਂ ਪਾਰ

ਦੀਵਾਲੀ ਤੋਂ ਵਿਹਲੇ ਹੋ ਕੇ (ਦਸੰਬਰ, ੧੭੬੫ ਈ.) ਸਿੱਖ ਫੇਰ ਨਜੀਬੁੱਦੌਲਾ ਦੇ ਇਲਾਕੇ ਵਿਚ ਜਾ ਵੜੇ। ਨਜੀਬੁੱਦੌਲਾ ਪਹਿਲਾਂ ਤੋਂ ਹੀ ਤਿਆਰੀ ਕਰੀ ਬੈਠਾ ਸੀ। ਸੋ ਸ਼ਾਮਲੀ ਕੋਲ ਦੋਹਾਂ ਧਿਰਾਂ ਵਿਚ ਕਈ ਦਿਨ ਲੜਾਈ ਹੁੰਦੀ ਰਹੀ। ਦੋ ਦਿਨ ਬੜਾ ਘੋਰ ਯੁੱਧ ਹੋਇਆ। ਰਾਤ ਲੜਾਈ ਬੰਦ ਹੋਈ ਤਾਂ ਸਿੱਖ ਰਾਤੋ ਰਾਤ ਜਮਨਾ ਟੱਪ ਕੇ ਏਸ ਪਾਸੇ ਆ ਗਏ।

**ਸ਼ਾਮਲੀ ਦੀ ਲੜਾਈ**

ਸ਼ਾਮਲੀ ਦੀ ਲੜਾਈ ਤੋਂ ਵਿਹਲੇ ਹੋ ਕੇ ਸਿੱਖ ਜਾਟ ਰਾਜਿਆਂ ਦੇ ਇਲਾਕੇ ਵੱਲ ਹੋ ਤੁਰੇ। ਜਨਵਰੀ, ੧੭੬੬ ਈ. ਨੂੰ ਦੋਵੇਂ ਦਲ ਭਰਤਪੁਰੀਏ ਦੇ ਇਲਾਕੇ ਵਿਚ ਜਾ ਵੜੇ। ਰਾਜਾ ਜਵਾਹਰ ਮੱਲ ਨੇ ਆਪਣਾ ਵਕੀਲ —ਰਾਮਕਸ਼ੇਪ ਅਹੀਰ—ਭੇਜ ਕੇ ਸੁਲ੍ਹਾ ਕਰ ਲਈ। ਉਸ ਨੇ ਸੱਤ ਲੱਖ ਨਜ਼ਰਾਨਾ ਏਸ ਵਾਸਤੇ ਦਿੱਤਾ, ਕਿ ਸਿੱਖ ਉਸਦੇ ਇਲਾਕੇ ਵਿਚ ਲੁੱਟ ਮਾਰ ਨਾ ਕਰਨ ਸਗੋਂ ਮਰਹੱਟਿਆਂ ਦੇ ਵਿਰੁੱਧ ਉਸ ਦੀ ਮਦਦ ਕਰਨ। ਬੁੱਢਾ ਦਲ ਤਾਂ ਓਥੇ ਜਵਾਹਰ ਮੱਲ ਦੀ ਮਦਦ ਵਾਸਤੇ ਰਿਹਾ, ਪਰ ਤਰਨਾ ਦਲ ਫਿਰ ਨਜੀਬੁੱਦੌਲਾ ਦੇ ਇਲਾਕੇ ਵਿਚ ਆ ਲੁੱਟ ਮਾਰ ਕਰਨ ਲੱਗਾ। ਨਜੀਬੁੱਦੌਲਾ ਫ਼ੌਜ ਲੈ ਕੇ ਚੜ੍ਹਿਆ, ਤਾਂ ਤਰਨਾ ਦਲ ਪੰਜਾਬ ਨੂੰ ਪਰਤ ਆਇਆ।

**ਸਿੱਖ ਤੇ ਜਵਾਹਰ ਮੱਲ**

ਜਵਾਹਰ ਮੱਲ ਤੇ ਸਿੱਖਾਂ ਨੇ ਰਾਜਾ ਮਾਧੋ ਸਿੰਘ ਜੈਪੁਰ ਦਾ ਇਲਾਕਾ ਲੁੱਟਣ ਦੀ ਸਲਾਹ ਬਣਾ ਲਈ, ਜੋ ਮਰਹੱਟਿਆਂ ਦਾ ਸਾਥੀ ਸੀ। ਰਾਤੋ ਰਾਤ ਬਤਾਲੀ ਮੀਲ ਸਫ਼ਰ ਕਰ ਕੇ ਸਿੱਖਾਂ ਨੇ ਸ਼ਹਿਰ ਰੀਵਾੜੀ ਜਾ ਲੁੱਟਿਆ।

**ਸਿੱਖਾਂ ਰੀਵਾੜੀ ਲੁੱਟੀ**

ਮਲਹਾਰ ਰਾਉ ਮਰਹੱਟਾ ਧੌਲਪੁਰ ਕੋਲ ਬੈਠਾ ਜਾਟ ਰਾਜੇ ਦਾ ਇਲਾਕਾ ਲੁੱਟ ਰਿਹਾ ਸੀ। ਜਵਾਹਰ ਮੱਲ ਤੇ ਸਿੱਖ ਫ਼ੌਜ ਨੇ ਮਰਹੱਟਾ ਫ਼ੌਜ 'ਤੇ ਧਾਵਾ ਕੀਤਾ। ੧੩-੧੪ ਮਾਰਚ, (੧੭੬੬ ਈ.) ਨੂੰ ਧੌਲਪੁਰ ਕੋਲ ਲੜਾਈ ਹੋਈ। ਮਰਹੱਟੇ ਹਾਰ ਕੇ ਨੱਸ ਉਠੇ ਤੇ ਧੌਲਪੁਰ ਜਾ ਲੁਕੇ। ਮਰਹੱਟਾ ਜਰਨੈਲ 'ਸੁਲਤਾਨ ਜੀ' ਜ਼ਖ਼ਮੀ ਪਿਆ ਫੜਿਆ ਗਿਆ। ਜਵਾਹਰ ਮੱਲ ਨੇ ਧੌਲਪੁਰ ਨੂੰ ਘੇਰਾ ਪਾ ਕੇ ਸਭ ਮਰਹੱਟੇ ਜਰਨੈਲ ਕੈਦ ਕਰ ਲਏ‡।

**ਸਿੱਖਾਂ ਤੇ ਮਰਹੱਟਿਆਂ ਦੀ ਲੜਾਈ**

---

‡ ਗੁਪਤਾ, ਸਿੱਖ ਇਤਿਹਾਸ, ਹਿੱਸਾ ਪਹਿਲਾ, ਪੰਨੇ ੨੪੩-੪੪।

**ਸਿੱਖ ਦਿੱਲੀ ਦੇ ਉਦਾਲੇ**

ਜਵਾਹਰ ਮੱਲ ਤੋਂ ਵਿਦਿਆ ਹੋ ਕੇ ਸਿੱਖ ਦਿੱਲੀ ਉਦਾਲੇ ਆ ਹੋਏ। ਨਜੀਬੁੱਦੌਲਾ ਦਾ ਨਾਇਕ ਅਫ਼ਜ਼ਲ ਖ਼ਾਂ ਉਸ ਵੇਲੇ ਦਿੱਲੀ ਵਿੱਚ ਸੀ। ਉਹਨੇ ਸਿੱਖਾਂ ਤੋਂ ਡਰਦਿਆਂ ਸ਼ਹਿਰ ਦੇ ਦਰਵਾਜ਼ੇ ਬੰਦ ਕਰ ਲਏ (ਅਪ੍ਰੈਲ)। ਸਿੱਖਾਂ ਨੇ ਪਰਤਾਪ ਗੰਜ ਦਾ ਇਲਾਕਾ ਲੁੱਟ ਲਿਆ। ਫਿਰ ਜਮਨਾ ਤੋਂ ਪਾਰ ਹੋ ਕੇ ਉਹਨਾਂ ਕੁਟਾਨਾ, ਝੰਝਾਨਾ ਤੇ

**ਨਜੀਬ ਨਾਲ ਲੜਾਈ**

ਬੁਢਾਨਾ ਲੁੱਟ ਲਏ। ਨਜੀਬੁੱਦੌਲਾ ਫ਼ੌਜ ਲੈ ਕੇ ਕੁਟਾਨਾ ਘਾਟ ਤੋਂ ਲੰਘਿਆ ਤੇ ਸਿੱਖਾਂ ਦੇ ਡੇਰੇ ਉੱਤੇ ਜਾ ਪਿਆ। ਸਿੱਖ ਉਸ ਵੇਲੇ ਉਦਾਲੇ ਦੇ ਪਿੰਡਾਂ ਵਿਚ ਲੁੱਟ ਮਾਰ ਕਰਨ ਗਏ ਹੋਏ ਸਨ। ਸੋ ਉਹਨਾਂ ਦਾ ਸੁੰਞਾ ਡੇਰਾ ਰੁਹੇਲਾ ਫ਼ੌਜ ਨੇ ਲੁੱਟ ਲਿਆ। ਰੌਲਾ ਸੁਣ ਕੇ ਸਿੱਖ ਵੀ ਕੱਠੇ ਹੋ ਗਏ, ਪਰ ਉਹਨਾਂ ਦਾ ਡੇਰਾ ਬਹੁਤ ਸਾਰਾ ਲੁੱਟਿਆ ਗਿਆ। ੧੬ ਤੋਂ ੨੦ ਅਪ੍ਰੈਲ (੧੭੬੬) ਤਕ ਦੋਹਾਂ ਧਿਰਾਂ ਵਿਚ ਲੜਾਈ ਹੁੰਦੀ ਰਹੀ, ਜਿਸ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। ਸਿੱਖ ਜਮਨਾ ਤੋਂ ਇਸ ਪਾਰ ਲੰਘ ਆਏ। ਉਹਨਾਂ ਨਜੀਬੁੱਦੌਲਾ ਦੇ ਇਸ ਪਾਸੇ ਦੇ ਜ਼ਿਲ੍ਹੇ ਲੁੱਟ ਲਏ। ਨਜੀਬੁੱਦੌਲਾ ਮਗਰੋਂ ਆਇਆ, ਪਰ ਸਿੱਖਾਂ ਹੱਥੋਂ ਬਹੁਤ ਨੁਕਸਾਨ ਉਠਾ ਕੇ ਵਾਪਸ ਮੁੜ ਗਿਆ।

**ਅਮਰ ਸਿੰਘ ਨਾਲ ਲੜਾਈ**

ਇਹਨਾਂ ਲੜਾਈਆਂ ਵਿਚ ਰਾਜਾ ਅਮਰ ਸਿੰਘ ਪਟਿਆਲਾ (ਸ. ਆਲਾ ਸਿੰਘ ਦਾ ਪੋਤਰਾ) ਨੇ ਨਜੀਬੁੱਦੌਲਾ ਦੀ ਮਦਦ ਕੀਤੀ ਸੀ। ਸੋ ਵਾਪਸੀ ਉੱਤੇ ਸਿੰਘਾਂ ਨੇ ਪਟਿਆਲੇ ਦੇ ਇਲਾਕੇ ਉੱਤੇ ਹਮਲਾ ਕਰ ਦਿੱਤਾ। ਰਾਜਾ ਅਮਰ ਸਿੰਘ ਨਾਲ ਲੜੇ ਤੇ ਉਹਦਾ ਇਲਾਕਾ ਲੁੱਟ ਲਿਆ।

**ਪਾਕਪਟਨ 'ਤੇ ਕਬਜ਼ਾ**

ਇਹਨਾਂ ਹੀ ਦਿਨਾਂ ਵਿਚ ਸ. ਹੀਰਾ ਸਿੰਘ ਨਕਈ ਨੇ ਪਾਕਪਟਨ ਦੇ ਇਲਾਕੇ ਉੱਤੇ ਹਮਲਾ ਕੀਤਾ। ਓਥੋਂ ਦੇ ਦੀਵਾਨ ਨਾਲ ਪਿੰਡ ਭੂਮਣ ਸ਼ਾਹ ਕੋਲ ਲੜਾਈ ਹੋਈ, ਜਿਸ ਵਿਚ ਸ. ਹੀਰਾ ਸਿੰਘ ਮਾਰਿਆ ਗਿਆ ਫਿਰ ਉਸ ਦਾ ਭਤੀਜਾ ਨਾਹਰ ਸਿੰਘ ਮਿਸਲ ਦਾ ਜਥੇਦਾਰ ਬਣਿਆ ਨਕਈ ਲੜਾਈ ਛੱਡ ਕੇ ਵਾਪਸ ਆ ਗਏ। ਕੁਛ ਚਿਰ ਪਿਛੋਂ ਭੰਗੀ ਸ ਝੰਡਾ ਸਿੰਘ ਤੇ ਗੰਡਾ ਸਿੰਘ ਨੇ ਪਾਕਪਟਨ 'ਤੇ ਚੜ੍ਹਾਈ ਕੀਤੀ। ਮੁਹੰਮਦ ਅਜ਼ੀਮ ਲੜ ਕੇ ਹਾਰ ਗਿਆ। ਭੰਗੀਆਂ ਨੇ ਪਾਟਪਟਨ ਤੇ ਉਦਾਲੇ ਦਾ ਇਲਾਕਾ ਮੱਲ ਲਿਆ।

ਡਿੱਗੇ ਹੋਏ ਵਕਾਰ ਨੂੰ ਕਾਇਮ ਕਰਨ ਤੇ ਖੁੱਸੇ ਹੋਏ ਮੁਲਕ ਨੂੰ ਫੇਰ ਕਬਜ਼ੇ ਕਰਨ ਵਾਸਤੇ ਅਹਿਮਦ ਸ਼ਾਹ ਅਬਦਾਲੀ ਬੜੀ ਭਾਰੀ ਫ਼ੌਜ ਲੈ ਕੇ ਇਕ ਵਾਰ ਫੇਰ ਪੰਜਾਬ ਉੱਤੇ ਚੜ੍ਹ ਆਇਆ। ਚੜ੍ਹੇ ਦਸੰਬਰ (੧੭੬੬ ਈ.) ਹੀ ਉਹ ਦਰਿਆ ਅਟਕ ਤੋਂ ਟੱਪ ਪਿਆ। ਰੁਹਤਾਸ ਦੇ ਇਲਾਕੇ ਵਿਚ ਉਸ ਵੇਲੇ ਸੱਤ-ਕੁ ਹਜ਼ਾਰ ਸਿੱਖ ਸਨ। ਉਹ ਨੌਂ-ਦਸ ਮੀਲ ਅੱਗੇ ਵਧ ਕੇ ਅਬਦਾਲੀ ਨੂੰ ਮਿਲੇ। ਦੁਰਾਨੀ ਫ਼ੌਜ ਦੀ ਗਿਣਤੀ ਸਿੱਖਾਂ ਨਾਲੋਂ ਅੱਠ-ਦਸ ਗੁਣਾ ਵਧੇਰੇ ਸੀ। ਸੋ ਏਸ ਲੜਾਈ ਵਿਚ ਸਿੱਖਾਂ ਦਾ ਬੜਾ ਨੁਕਸਾਨ ਹੋਇਆ। ਇਹ ਪਹਿਲੀ ਜਿੱਤ ਹਾਸਲ ਕਰ ਕੇ ਅਬਦਾਲੀ ਰੁਹਤਾਸ ਤੋਂ ਅਗ੍ਹਾਂ ਲੰਘਿਆ, ਤਾਂ ਗੁਜਰਾਤ ਦਾ ਸ਼ਾਹ ਦੌਲਾ ਤੇ ਹੋਰ ਕਈ ਮੁਸਲਮਾਨ ਸਰਦਾਰ ਉਸ ਨਾਲ ਆ ਮਿਲੇ। ਰੁਹਤਾਸ ਕੋਲ ਹਾਰੇ ਹੋਏ ਸਿੱਖਾਂ ਨੇ ਜਿਹਲਮ ਦੇ ਉਰਲੇ ਕੰਢੇ ਫੇਰ ਦੁਰਾਨੀ ਫ਼ੌਜ ਉੱਤੇ ਹਮਲਾ ਕੀਤਾ, ਪਰ ਗਿਣਤੀ ਬਹੁਤ ਥੋੜ੍ਹੀ ਹੋਣ ਕਰ ਕੇ ਫੇਰ ਹਾਰ ਗਏ। ਏਥੋਂ ਅਬਦਾਲੀ ਸਿਆਲਕੋਟ ਆ ਬੈਠਾ। ੧੦ ਦਸੰਬਰ ਨੂੰ ਓਥੋਂ ਚੱਲ ਕੇ ਉਹ ਅੱਠ ਮੀਲ 'ਤੇ ਆ ਬੈਠਾ। ਇਲਾਕੇ ਦੇ ਜ਼ਿਮੀਦਾਰਾਂ ਨੂੰ ਬੁਲਾ ਕੇ ਉਹਨੇ ਡੇਢ ਲੱਖ ਨਜ਼ਰਾਨਾ ਉਗਰਾਹਿਆ। ੧੫ ਦਸੰਬਰ ਨੂੰ ਅਬਦਾਲੀ ਡਸਕੇ ਪੁੱਜ ਪਿਆ। ਏਸ ਇਲਾਕੇ ਦੇ ਜ਼ਿਮੀਂਦਾਰਾਂ ਤੋਂ ਉਹਨੇ ਤਿੰਨ ਲੱਖ ਮਾਮਲਾ ਕੱਠਾ ਕੀਤਾ। ਏਥੋਂ ਚੱਲਕੇ ੨੧ ਦਸੰਬਰ ਨੂੰ ਅਬਦਾਲੀ ਫ਼ਾਜ਼ਲਅਬਾਦ (ਲਾਹੌਰ ਤੋਂ ਸੱਤ ਮੀਲ) ਆ ਪੁੱਜਾ।

ਅਬਦਾਲੀ ਦਾ ਨੌਂਵਾਂ ਹਮਲਾ

ਰੋਹਤਾਸ ਕੋਲ ਲੜਾਈ

ਲਾਹੌਰ ਵਿਚ ਉਸ ਵੇਲੇ ਸਿੱਖਾਂ ਦੀ ਅੱਠ ਹਜ਼ਾਰ ਫ਼ੌਜ ਸੀ। ਅਬਦਾਲੀ ਨੇੜੇ ਪੁੱਜਾ, ਤਾਂ ਸਿੱਖ ਸਰਦਾਰ—ਲਹਿਣਾ ਸਿੰਘ, ਗੁੱਜਰ ਸਿੰਘ, ਸੋਭਾ ਸਿੰਘ—ਸਣੇ ਫ਼ੌਜ ਲਾਹੌਰ ਖ਼ਾਲੀ ਕਰ ਕੇ ਚਲੇ ਗਏ। ਲਹਿਣਾ ਸਿੰਘ ਤੇ ਗੁੱਜਰ ਸਿੰਘ ਕਸੂਰ ਨੂੰ ਤੁਰ ਗਏ ਤੇ ਸੋਭਾ ਸਿੰਘ ਪਾਕਪਟਨ ਵੱਲ। ੨੨ ਦਸੰਬਰ ਨੂੰ ਅਬਦਾਲੀ ਲਾਹੌਰ ਵਿਚ ਦਾਖ਼ਲ ਹੋਇਆ। ਸ਼ਹਿਰ ਦੇ ਪਤਵੰਤੇ ਮੁਸਲਮਾਨ ਤੇ ਹਿੰਦੂ ਪਰ੍ਹੇ (ਡੈਪੂਟੇਸ਼ਨ) ਬਣ ਕੇ ਅਬਦਾਲੀ ਕੋਲ ਆਏ ਤੇ ਬੇਨਤੀ ਕੀਤੀ, ਕਿ ਜੇ ਸ਼ਹਿਰ ਵਾਸੀਆਂ ਦਾ ਭਲਾ ਚਾਹੁੰਦੇ ਹੋ, ਤਾਂ ਸ: ਲਹਿਣਾ ਸਿੰਘ ਨੂੰ ਬੁਲਾਕੇ ਸੂਬੇਦਾਰ ਬਣਾ ਦਿਓ, ਕਿਉਂਕਿ ਉਹ ਨੇਕ, ਨਿਆਂਕਾਰ ਤੇ ਸਾਰਿਆਂ ਦਾ ਸਾਂਝਾ ਹਾਕਮ ਹੈ। ਉਹ ਹਿੰਦੂ ਮੁਸਲਮਾਨ ਨੂੰ ਇਕੋ

ਸਿੱਖ ਲਾਹੌਰ ਖ਼ਾਲੀ ਕਰ ਗਏ

ਅਬਦਾਲੀ ਲਾਹੌਰ ਪੁੱਜਾ

ਜਿਹਾ ਜਾਣਦਾ ਹੈ। ਉਹਨੇ ਈਦ ਦੇ ਦਿਨ ਸ਼ਹਿਰ ਦੇ ਕਾਜ਼ੀਆਂ-ਮੁਲਾਣਿਆਂ ਨੂੰ ਪਗੜੀਆਂ ਦਿੱਤੀਆਂ ਸਨ*। ਉਹਨਾਂ ਇਹ ਵੀ ਕਿਹਾ, ਕਿ ਜੇ ਕਿਸੇ ਹੋਰ ਨੂੰ ਲਾਹੌਰ ਦਾ ਹਾਕਮ ਬਣਾਉਗੇ, ਤਾਂ ਸਿੱਖ ਉਸ ਨੂੰ ਰਾਜ ਕਰਨ ਨਹੀਂ ਦੇਣਗੇ।

**ਅਬਦਾਲੀ ਦਾ ਦੂਤ ਲਹਿਣਾ ਸਿੰਘ ਕੋਲ**

ਅਬਦਾਲੀ ਵੀ ਏਸ ਗੱਲ ਨੂੰ ਚੰਗੀ ਤਰ੍ਹਾਂ ਜਾਣ ਗਿਆ ਸੀ। ਉਹਨੇ ਪਿੰਡ 'ਮੰਦੇ' ਦੇ ਰਹਿਣ ਵਾਲੇ ਰਹਿਮਤੁੱਲਾਬੇਗ ਨੂੰ ਆਪਣੀ ਚਿੱਠੀ ਦੇਕੇ ਸ. ਲਹਿਣਾ ਸਿੰਘ ਕੋਲ ਭੇਜਿਆ, ਨਾਲ ਹੀ ਤੁਹਫ਼ੇ ਵਜੋਂ ਕਾਬਲ ਦੇ ਮੇਵੇ ਭੇਜੇ। ਚਿੱਠੀ ਵਿਚ ਸ. ਲਹਿਣਾ ਸਿੰਘ ਨੂੰ ਲਾਹੌਰ ਦੀ ਸੂਬੇਦਾਰੀ ਦੇਣ ਵਾਸਤੇ ਲਿਖਿਆ ਸੀ।

**ਲਹਿਣਾ ਸਿੰਘ ਦਾ ਉੱਤਰ**

ਅੱਗੋਂ ਲਹਿਣਾ ਸਿੰਘ ਨੇ ਮੇਵੇ ਮੋੜ ਘੱਲੇ ਤੇ ਨਮੂਨੇ ਵਜੋਂ ਕੁਛ ਛੋਲਿਆਂ ਦੇ ਦਾਣੇ ਘੱਲੇ। ਚਿੱਠੀ ਦੇ ਉੱਤਰ ਵਿਚ ਉਸਨੇ ਲਿਖਿਆ : "ਮੇਵੇ ਬਾਦਸ਼ਾਹਾਂ ਦੀ ਖ਼ੁਰਾਕ ਹੈ, ਤੇ ਮੈਂ ਇਕ ਸਿਪਾਹੀ ਹਾਂ, ਜੋ ਐਹੋ ਜੇਹੀ ਸਾਦਾ ਖ਼ੁਰਾਕ (ਛੋਲਿਆਂ) 'ਤੇ ਗੁਜ਼ਾਰਾ ਕਰ ਸਕਦਾ ਹਾਂ। ਬਾਕੀ ਗੱਲ ਰਹੀ ਸੂਬੇਦਾਰੀ ਦੀ। ਮੈਂ ਉਸ ਪੰਥ ਦਾ ਇਕ ਸਿਪਾਹੀ ਹਾਂ, ਜੋ ਗੁਰੂ ਗੋਬਿੰਦ ਸਿੰਘ ਤੋਂ ਬਿਨਾਂ, ਹੋਰ ਕਿਸੇ ਦਾ ਬਖ਼ਸ਼ਿਆ ਹੋਇਆ ਤ੍ਰੈਲੋਕੀ ਦਾ ਰਾਜ ਵੀ ਲੈਣ ਨੂੰ ਤਿਆਰ ਨਹੀਂ।" ਮੁਕਦੀ ਗੱਲ, ਸ. ਲਹਿਣਾ ਸਿੰਘ, ਅਬਦਾਲੀ ਦੇ ਸੁਲ੍ਹਾ ਦੇ ਜਾਲ ਵਿਚ ਨਾ ਫਸਿਆ।

**ਦਾਦਨ ਖ਼ਾਂ ਲਾਹੌਰ ਦਾ ਸੂਬੇਦਾਰ**

ਅਬਦਾਲੀ ਇਕ ਸਤਵਾਰਾ ਲਾਹੌਰ ਵਿਚ ਰਿਹਾ। ਨਗ ਪੂਰੇ ਕਰਨ ਵਾਸਤੇ ਉਹਨੇ ਦਾਦਨ ਖ਼ਾਂ (ਮੌਲਵੀ ਅਬਦੁੱਲਾ ਦੇ ਭਰਾ) ਨੂੰ ਲਾਹੌਰ ਦਾ ਸੂਬੇਦਾਰ ਤੇ ਰਹਿਮਤ ਖ਼ਾਂ ਰੁਹੇਲੇ ਨੂੰ ਉਸ ਦਾ ਨਾਇਬ ਥਾਪਿਆ†।

ਲਾਹੌਰ ਦਾ ਇਹ ਪਰਬੰਧ ਕਰਕੇ ਤੇ ਡੇਰਾ ਲਾਹੌਰ ਹੀ ਛੱਡ ਕੇ ਅਬਦਾਲੀ ਪੰਜਾਹ ਹਜ਼ਾਰ ਫ਼ੌਜ ਲੈ ਕੇ ਚੜ੍ਹਦੇ ਨੂੰ ਹੋ ਤੁਰਿਆ। ਉਸ ਕੋਲ ਸੱਤ ਹਜ਼ਾਰ ਜਜ਼ਾਇਰਚੀ (ਦੂਰ ਮਾਰੂ ਬੰਦੂਕਾਂ ਵਾਲੇ) ਤੇ ਕੁਛ ਤੋਪਾਂ ਵੀ ਸਨ। ਜਹਾਨ ਖ਼ਾਂ, ਫ਼ੈਜ਼ਤਲਬ ਖ਼ਾਂ, ਬਰਖ਼ੁਰਦਾਰ ਖ਼ਾਂ, ਦਰਵੇਸ਼ ਅਲੀ ਖ਼ਾਂ ਹਜ਼ਾਰਾ, ਆਦਿ ਜਰਨੈਲ ਉਸ ਦੇ ਨਾਲ ਸਨ।

**ਅਬਦਾਲੀ ਫ਼ਤਹਿਆਬਾਦ**

੨੯ ਦਸੰਬਰ ਨੂੰ ਅਬਦਾਲੀ ਨੇ ਫ਼ਤਹਿਆਬਾਦ ਉੱਤੇ ਹਮਲਾ

---

*ਅਲੀਉੱਦੀਨ, ਪੰਨਾ ੧੩੦;

†ਅਲੀਉੱਦੀਨ, ਪੰਨਾ ੧੩੦; ਖ਼ੁਸ਼ਵਕਤ ਰਾਏ, ਪੰਨਾ ੧੨੯।

ਕੀਤਾ। ਕਿਲ੍ਹੇ ਵਿਚਲੇ ਕੁਛ ਸਿੱਖ ਲੜ ਕੇ ਸ਼ਹੀਦ ਹੋ ਗਏ, ਤਾਂ ਅਬਦਾਲੀ ਨੇ ਪਿੰਡ ਤੇ ਇਲਾਕਾ ਲੁੱਟ ਲਿਆ।

ਉਸ ਵੇਲੇ ਸ: ਚੜ੍ਹਤ ਸਿੰਘ ਸੁਕਰਚੱਕੀਆ ਤੇ ਸ. ਜੱਸਾ ਸਿੰਘ ਆਹਲੂਵਾਲੀਆ ਵੀਹ ਹਜ਼ਾਰ ਫ਼ੌਜ ਸਣੇ ਪਿੰਡ ਖ਼ਾਸੇ ਕੋਲ ਬੈਠੇ ਸਨ। ਸ. ਤਾਰਾ ਸਿੰਘ, ਖ਼ੁਸ਼ਹਾਲ ਸਿੰਘ ਪਿੰਡ ਤਾਰਾ ਗੜ੍ਹ ਤੇ ਸ. ਲਹਿਣਾ ਸਿੰਘ ਗੁੱਜਰ ਸਿੰਘ ਪਿੰਡ ਕਾਹਨੇ ਕੋਲ। ਜਦ ਅਬਦਾਲੀ ਫ਼ਤਹਿਆਬਾਦ ਲੁੱਟ

**ਸਿੱਖਾਂ ਅਬਦਾਲੀ ਦਾ ਡੇਰਾ ਲੁੱਟਿਆ**

ਰਿਹਾ ਸੀ, ਓਦੋਂ ਚੜ੍ਹਤ ਸਿੰਘ ਤੇ ਲਹਿਣਾ ਸਿੰਘ ਨੇ ਹਮਲਾ ਕਰ ਕੇ (ਲਾਹੌਰ ਕੋਲ) ਅਬਦਾਲੀ ਦਾ ਡੇਰਾ ਲੁੱਟ ਲਿਆ। ਖ਼ਬਰ ਸੁਣ ਕੇ ਅਬਦਾਲੀ ਛੇਤੀ-ਛੇਤੀ ਲਾਹੌਰ ਨੂੰ ਪਰਤਿਆ ਤੇ ਪਹਿਲੀ ਜਨਵਰੀ, ੧੭੬੭ ਈ. ਨੂੰ ਮਹਿਮੂਦ ਬੂਟੀ (ਲਾਹੌਰ ਦੇ ਨੇੜੇ) ਆ ਪੁੱਜਾ। ਸਿੱਖ ਉਹਦੇ ਆਉਣ ਤੋਂ ਪਹਿਲਾਂ ਹੀ ਡੇਰਾ ਲੁੱਟ ਕੇ ਦੂਰ ਨਿਕਲ ਗਏ।

ਸ: ਚੜ੍ਹਤ ਸਿੰਘ ਸੁਕਰਚੱਕੀਆ, ਸ: ਲਹਿਣਾ ਸਿੰਘ, ਗੁੱਜਰ ਸਿੰਘ

**ਜਹਾਨ ਖ਼ਾਂ ਹਾਰ ਗਿਆ**

ਭੰਗੀ ਅੰਮ੍ਰਿਤਸਰ ਆ ਕੱਠੇ ਹੋਏ। ਜਹਾਨ ਖ਼ਾਂ ਨੇ ਪੰਦਰਾਂ ਹਜ਼ਾਰ ਫ਼ੌਜ ਨਾਲ ੧੭ ਜਨਵਰੀ ਨੂੰ ਉਹਨਾਂ ਉੱਤੇ ਹਮਲਾ ਕੀਤਾ। ਇਕ ਪਹਿਰ ਬੜੀ ਲਹੂ ਡੋਲ੍ਹਵੀਂ ਲੜਾਈ ਹੋਈ, ਜਿਸ ਵਿਚ ਛੇ ਹਜ਼ਾਰ ਦੁਰਾਨੀ ਕਤਲ ਹੋਏ। ਜਹਾਨ ਖ਼ਾਂ ਹਾਰ ਕੇ ਨੱਸ ਗਿਆ। ਅਬਦਾਲੀ ਆਪ ਫ਼ੌਜ ਲੈ ਕੇ ਗਿਆ, ਤਾਂ ਸਿੱਖ ਜੰਗਲ ਵਿਚ ਜਾ ਵੜੇ।

੧੭ ਜਨਵਰੀ ਨੂੰ ਅਬਦਾਲੀ ਬਿਆਸ ਟਪਿਆ ਤੇ ਅਗਲੇ ਦਿਨ ਸਹੇੜੀ

**ਹਿੰਦੀ ਹਾਕਮਾਂ ਦੇ ਦੂਤ ਪੇਸ਼ ਹੋਏ**

ਪਿੰਡ ਜਾ ਡੇਰਾ ਕੀਤਾ। ਏਥੇ ਨਜੀਬੁੱਦੌਲਾ ਦਾ ਵਕੀਲ ਰਾਏ ਮੇਘ ਰਾਜ, ਮੀਰ ਕਾਸਮ ਦਾ ਵਕੀਲ ਸੁਜਾਨ ਰਾਏ, ਰਾਜਾ ਜਵਾਹਰ ਮੱਲ ਦਾ ਵਕੀਲ ਲਾਹੌਰੀ ਮੱਲ, ਰਾਜਾ ਮਾਧੋ ਸਿੰਘ ਦਾ ਵਕੀਲ ਭੀਮ ਸਿੰਘ, ਰਾਜਾ ਅਮਰ ਸਿੰਘ ਪਟਿਆਲੇ ਦਾ ਵਕੀਲ ਤੇ ਰਾਏ ਕੱਲ੍ਹਾ ਦਾ ਵਕੀਲ ਅਬਦਾਲੀ ਦੇ ਪੇਸ਼ ਹੋਏ ਤੇ ਸਭ ਨੇ ਨਜ਼ਰਾਨੇ ਪੇਸ਼ ਕੀਤੇ। ਅਬਦਾਲੀ ਨੇ ਸਾਰੇ ਵਕੀਲਾਂ ਨੂੰ ਹੁਕਮ ਦਿੱਤਾ, ਆਪਣੇ ਮਾਲਕਾਂ ਨੂੰ ਕਹੋ, ਕਿ ਉਹ ਆਪ ਹਾਜ਼ਰ ਹੋਣ। ਰਾਜਾ ਪਟਿਆਲਾ ਅਬਦਾਲੀ ਨੂੰ ਨੂਰ ਮਹਿਲ ਆ ਮਿਲਿਆ। ਅਬਦਾਲੀ

ਨਾਸਰ ਖ਼ਾਂ ਹਾਰ ਗਿਆ

ਸਤਲੁਜ ਟੱਪ ਕੇ ਮਾਛੀਵਾੜੇ ਆ ਬੈਠਾ। ਏਥੇ ਸਿੱਖਾਂ ਨੇ ਚੁਫੇਰਿਉਂ ਉਸ ਉੱਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਇਕ ਦਿਨ ਨਾਸਰ ਖ਼ਾਂ ਬਲੋਚ, ਸਿੱਖਾਂ ਦੇ ਟਾਕਰੇ ਵਾਸਤੇ ਉਹਨਾਂ ਮਗਰ ਵਧਿਆ, ਪਰ ਬੁਰੀ ਤਰ੍ਹਾਂ ਹਾਰ ਖਾ ਕੇ ਮੁੜਿਆ।

ਅਮਰ ਸਿੰਘ ਨੂੰ ਸਰਹਿੰਦ ਤੇ ਖ਼ਿਤਾਬ

ਢੱਕਾਂ ਛੁਡਵਾਈਆਂ

ਅਬਦਾਲੀ ਇਸਮਾਈਲਾਬਾਦ (ਅੰਬਾਲੇ ਤੋਂ ਵੀਹ ਮੀਲ ਦੱਖਣ ਵੱਲ) ਜਾ ਪੁੱਜਾ। ਏਥੇ ਨੌਂ ਮਾਰਚ ਨੂੰ ਨਜੀਬੁੱਦੌਲਾ ਉਸ ਦੇ ਪੇਸ਼ ਹੋਇਆ ਤੇ ਦੋ ਲੱਖ ਨਜ਼ਰਾਨਾ ਤਾਰਿਆ। ਅਬਦਾਲੀ ੧੯ ਮਾਰਚ ਨੂੰ ਅੰਬਾਲੇ ਪੁੱਜਾ ਤੇ ਦੋ ਦਿਨ ਪਿਛੋਂ ਸਰਹਿੰਦ ਆ ਬੈਠਾ। ਏਥੇ ਰਾਜਾ ਅਮਰ ਸਿੰਘ ਪਟਿਆਲੇ ਨੇ ਤਿੰਨ ਲੱਖ ਖ਼ਰਾਜ ਤਾਰਿਆ। ਅਬਦਾਲੀ ਨੇ ਉਸ ਨੂੰ ਸਰਹਿੰਦ ਦੀ ਸੂਬੇਦਾਰੀ ਤੇ 'ਮਹਾਰਾਜਾ-ਇ-ਰਾਜਗਾਨ' ਦਾ ਖ਼ਿਤਾਬ ਦਿਤਾ‡। ਰਾਜਾ ਅਮਰ ਸਿੰਘ ਨੇ ਦੋ ਲੱਖ ਹੋਰ ਦੇ ਕੇ ਤੀਹ ਹਜ਼ਾਰ ਢੱਕਾਂ (ਜੋ ਅਬਦਾਲੀ ਨੇ ਅੰਬਾਲੇ ਦੇ ਇਲਾਕੇ ਵਿਚੋਂ ਬੱਧੀਆਂ ਸਨ) ਛੁਡਾ ਲਈਆਂ ਤੇ ਸਭ ਨੂੰ ਖ਼ਰਚ ਦੇ ਕੇ ਘਰੋ ਘਰੀ ਭੇਜ ਦਿੱਤਾ। ਇਸ ਨੇਕੀ ਬਦਲੇ ਲੋਕ ਉਸਨੂੰ 'ਬੰਦੀ ਛੋੜ' ਕਹਿਣ ਲੱਗ ਪਏ*। ਓਥੋਂ ਚੱਲ ਕੇ ਅਬਦਾਲੀ ਮਾਛੀਵਾੜੇ ਆ ਬੈਠਾ ਤੇ ਡੇਢ ਮਹੀਨਾ ਰਿਹਾ।

ਸਿੱਖਾਂ ਦਾ ਜਮਨਾ ਪਾਰ ਹਮਲਾ

ਏਸੇ ਸਮੇਂ ਸਿੱਖਾਂ ਦੇ ਇਕ ਦਲ ਨੇ ਜਮਨਾ ਤੋਂ ਪਾਰ ਟੱਪ ਕੇ ਨਜੀਬੁੱਦੌਲਾ ਦਾ ਇਲਾਕਾ ਜਾ ਲੁੱਟਿਆ। ਅੰਬੇਟਾ, ਨਨੌਤਾ (੧੪ ਮਈ) ਤੇ ਮੇਰਠ ਆਦਿ ਸ਼ਹਿਰ ਲੁੱਟੇ ਗਏ। ਜਹਾਨ ਖ਼ਾਂ ਦੁਰਾਨੀ ਨੂੰ ਨਾਲ ਲੈ ਕੇ ਨਜੀਬੁੱਦੌਲਾ ਸਿੱਖਾਂ ਦੇ ਟਾਕਰੇ 'ਤੇ ਗਿਆ। ਸ਼ਾਮਲੀ ਤੇ ਕੈਰਾਨਾ ਦੇ ਵਿਚਕਾਰ ਲੜਾਈ ਹੋਈ। ਸ. ਬਘੇਲ ਸਿੰਘ ਜ਼ਖ਼ਮੀ ਹੋ ਗਿਆ, ਤਾਂ ਸਿੱਖ ਫ਼ੌਜਾਂ ਮੈਦਾਨ 'ਚੋਂ ਖਿਸਕ ਗਈਆਂ।

---

‡ਕਨਿੰਘਮ, ਪੰਨਾ ੧੧੩।

*ਪੰਥ ਪ੍ਰਕਾਸ਼, ਪੰਨਾ ੯੯੩; ਖੁਸ਼ਵਕਤ ਰਾਏ, ਪੰਨਾ ੧੬੯।

ਅਬਦਾਲੀ ਵਾਪਸ

ਮਾਛੀਵਾੜੇ ਤੋਂ ਉਠ ਕੇ ਅਬਦਾਲੀ ਲਾਹੌਰ ਰਾਹੀਂ ਕਾਬਲ ਨੂੰ ਤੁਰ ਪਿਆ। ਉਹ ਲਾਹੌਰ ਦੇ ਨੇੜੇ ਪੁੱਜਾ, ਤਾਂ ਸਿੰਘਾਂ ਨੇ ਉਸ ਉੱਤੇ ਹਮਲਾ ਆ ਕੀਤਾ†। ਅਬਦਾਲੀ ਲਾਹੌਰ ਵਿਚ ਜਾ ਲੁਕਿਆ। ਏਥੋਂ ਤੁਰ ਕੇ ਉਹ ਸਿਆਲਕੋਟ ਜਾ ਬੈਠਾ। ਉਹਨੇ ਇਲਾਕਾ ਲੁੱਟ ਲਿਆ ਤੇ ਵੀਹ ਹਜ਼ਾਰ ਢੱਕਾਂ ਬੰਨ੍ਹ ਕੇ ਲੈ ਤੁਰਿਆ। ਸ. ਜੱਸਾ ਸਿੰਘ, ਸ. ਬਘੇਲ ਸਿੰਘ, ਸ. ਚੜ੍ਹਤ ਸਿੰਘ ਆਦਿ ਨੇ ਜਿਹਲਮ ਕੰਢੇ ਅਬਦਾਲੀ ਉੱਤੇ ਹਮਲਾ ਕਰਕੇ ਢੱਕਾਂ ਛੁਡਾ ਲਈਆਂ ਤੇ ਬਹੁਤ ਸਾਰਾ ਸਾਮਾਨ ਲੁੱਟ ਲਿਆ‡। ਏਥੇ ਬੜਾ ਨੁਕਸਾਨ ਉਠਾ ਕੇ ਅਬਦਾਲੀ ਘਰ ਨੂੰ ਗਿਆ। ਉਹ ਜਿਹਲਮੋਂ ਪਾਰ ਹੋਇਆ, ਤਾਂ ਸਿੱਖਾਂ ਨੇ ਪਰਤਕੇ ਆਪੋ ਆਪਣੇ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ।

ਜਿਹਲਮ ਕੰਢੇ ਹਮਲਾ ਕਰਕੇ ਸਿੱਖਾਂ ਢੱਕਾਂ ਛੁਡਾਈਆਂ

ਸ. ਲਹਿਣਾ ਸਿੰਘ, ਗੁੱਜਰ ਸਿੰਘ ਤੇ ਸੋਭਾ ਸਿੰਘ ਫ਼ੌਜ ਲੈ ਕੇ ਸ਼ਾਲਾਮਾਰ ਬਾਗ਼ ਵਿਚ ਜਾ ਬੈਠੇ। ਉਹਨਾਂ ਅਬਦਾਲੀ ਦੇ ਬਣਾਏ ਸੂਬੇਦਾਰ ਦਾਦਨ ਖ਼ਾਂ ਨੂੰ ਸੁਨੇਹਾ ਭੇਜਿਆ, ਕਿ ਜਾਂ ਲਾਹੌਰ ਖ਼ਾਲੀ ਕਰੋ, ਜਾਂ ਲੜਾਈ ਵਾਸਤੇ ਤਿਆਰ ਹੋ ਜਾਓ। ਦਾਦਨ ਖ਼ਾਂ ਵਿਚ ਸਿੰਘਾਂ ਦੇ ਟਾਕਰੇ ਦੀ ਹਿੰਮਤ ਕਿੱਥੇ ਸੀ ? ਉਹ ਸ਼ਹਿਰ ਦੇ ਪਤਵੰਤਿਆਂ—ਮੀਆਂ ਮੁਹੰਮਦ ਆਸ਼ਕ, ਮੀਰ ਨੱਥੂ ਸ਼ਾਹ, ਹਾਫ਼ਜ਼ ਕਾਦਰ ਬਖ਼ਸ਼, ਲਾਲਾ ਮਹਾਰਾਜ ਸਿੰਘ—ਨੂੰ ਨਾਲ ਲੈ ਕੇ ਸਿੱਖ ਸਰਦਾਰਾਂ ਦੇ ਪੇਸ਼ ਹੋਇਆ। ਉਹਨਾਂ ਦਾਦਨ ਖ਼ਾਂ ਦੀ ਬੜੀ ਇੱਜ਼ਤ ਕੀਤੀ। ਉਸ ਦਾ ਵੀਹ ਰੁਪੈ ਰੋਜ਼ ਭੱਤਾ ਲਾ ਦਿੱਤਾ। ਏਸ ਤਰ੍ਹਾਂ ਅਮਨ ਨਾਲ ਹੀ ਸਿੱਖਾਂ ਦਾ ਫੇਰ ਲਾਹੌਰ ਉੱਤੇ ਕਬਜ਼ਾ ਹੋ ਗਿਆ।

ਸਿੰਘਾਂ ਫੇਰ ਲਾਹੌਰ ਮੱਲ ਲਿਆ

ਪਹਿਲੇ ਕਬਜ਼ੇ ਬਹਾਲ ਕਰਕੇ ਸਿੱਖ ਸਰਦਾਰ ਨਵੇਂ ਇਲਾਕੇ ਮੱਲਣ ਲੱਗੇ। ਸ. ਗੁੱਜਰ ਸਿੰਘ ਨੇ ਰਾਵਲਪਿੰਡੀ ਤੇ ਉਦਾਲੇ ਦਾ ਗੱਖੜਾਂ ਦਾ ਇਲਾਕਾ ਮੱਲ ਕੇ ਆਪਣੇ ਵੱਲੋਂ ਓਥੋਂ ਦਾ ਹਾਕਮ ਸ. ਮਿਲਖਾ ਸਿੰਘ ਥੇਹਪੁਰੀਏ ਨੂੰ ਥਾਪਿਆ, ਜਿਸ ਨੇ ਆਪਣੀ ਰਾਜਧਾਨੀ ਰਾਵਲਪਿੰਡੀ ਬਣਾ

ਸਿੱਖਾਂ ਮੁਲਕ ਮੱਲਿਆ

† ਪੰਥ ਪ੍ਰਕਾਸ਼, ਪੰਨਾ ੯੯੩।

‡ ਪੰਥ ਪ੍ਰਕਾਸ਼, ਪੰਨੇ ੯੯੫-੬।

ਲਈ। ੧੭੬੭ ਈ. ਦੇ ਅਖ਼ੀਰ ਤਕ ਉਸਦੇ ਕਬਜ਼ੇ ਵਿਚ ਤਿੰਨ ਲੱਖ ਸਾਲਾਨਾ ਦਾ ਇਲਾਕਾ ਹੋ ਗਿਆ।

**ਜਲੰਧਰ 'ਤੇ ਕਬਜ਼ਾ**

ਏਸੇ ਸਮੇਂ ਸ. ਬੁਧ ਸਿੰਘ ਸਿੰਘਪੁਰੀਏ ਨੇ ਸ਼ੇਖ਼ ਨਜ਼ਾਮੁੱਦੀਨ ਨੂੰ ਸ਼ਕਸਤ ਦੇ ਕੇ ਜਲੰਧਰ ਮੱਲ ਲਿਆ। ਨਾਲ ਹੀ ਉਸਨੇ ਬੁਲੰਦਗੜ੍ਹ, ਬਹਿਰਾਮ ਪੁਰ, ਨੂਰਪੁਰ ਤੇ ਹੈਬਤਪੁਰ ਪੱਟੀ ਉੱਤੇ ਕਬਜ਼ਾ ਕਰ ਲਿਆ। ਇਹ ਸਾਰਾ ਤਿੰਨ-ਕੁ ਲੱਖ ਦਾ ਇਲਾਕਾ ਸੀ।

ਸ. ਗੁਰਬਖਸ਼ ਸਿੰਘ 'ਭਾਈਕੇ' ਦੇ ਪੁੱਤਰ ਦੇਸੂ ਸਿੰਘ ਨੇ ਭੀਖ ਬਖ਼ਸ਼ ਤੇ ਨਿਆਮਤ ਖ਼ਾਂ (ਦੋਵੇਂ ਭਰਾ) ਤੋਂ ਕੈਥਲ ਖੋਹ ਲਿਆ। ਨਿਆਮਤ ਖ਼ਾਂ ਨੇ ਸ. ਦੇਸੂ ਸਿੰਘ ਦੀ ਈਨ ਮੰਨ ਕੇ ਕਈ ਪਿੰਡ ਜਾਗੀਰ ਵਜੋਂ ਲੈ ਲਏ, ਪਰ ਭੀਖ ਬਖ਼ਸ਼ ਡਰਦਾ ਨੱਸ ਗਿਆ।

**ਕੈਥਲ 'ਤੇ ਕਬਜ਼ਾ**

**ਨਜੀਬ 'ਤੇ ਹਮਲਾ**

੧੭੬੭ ਈ. ਦੇ ਅਖ਼ੀਰ ਵਿਚ ਸਿੱਖ ਫੇਰ ਨਜੀਬੁੱਦੌਲਾ ਦਾ ਇਲਾਕਾ ਲੁੱਟਣ ਵਾਸਤੇ ਚੜ੍ਹ ਪਏ। ੧੯ ਦਸੰਬਰ ਨੂੰ ਖ਼ਾਲਸਾ ਫ਼ੌਜਾਂ ਦਿੱਲੀ ਕੋਲ ਆ ਪੁੱਜੀਆਂ। ਨਜੀਬੁੱਦੌਲਾ ਨੇ ਆਪਣੇ ਮਾਤਹਿਤ ਯਾਕੂਬ ਅਲੀ ਨੂੰ ਹੁਕਮ ਭੇਜਿਆ, ਕਿ ਤਕੜੇ ਹੋ ਕੇ ਦਿੱਲੀ ਦੀ ਰਾਖੀ ਕਰੋ। ਸਿੱਖ ਦਿੱਲੀ ਦਾ ਪਾਸਾ ਛੱਡ ਕੇ ਜਮਨਾ ਤੋਂ ਪਾਰ ਲੰਘ ਕੇ ਨਨੌਤੇ 'ਤੇ ਜਾ ਪਏ। ਨਜੀਬੁੱਦੌਲਾ ਵੀ ਫ਼ੌਜ ਲੈ ਕੇ ਜਾ ਪਿਆ। ਬੜੀ ਸਖ਼ਤ ਲੜਾਈ ਪਿਛੋਂ ਸਿੱਖ ਸਹਾਰਨਪੁਰ ਨੂੰ ਹਟ ਗਏ। ਇਸਲਾਮ ਨਗਰ ਕੋਲ ਫੇਰ ਲੜਾਈ ਹੋਈ (ਜਨਵਰੀ, ੧੭੬੮ ਈ.) ਸਿੱਖ ਰਾਜ ਘਾਟ ਤੋਂ ਜਮਨਾ ਟੱਪ ਕੇ ਆਪਣੇ ਇਲਾਕੇ ਵਿਚ ਆ ਗਏ।

ਮਾਰਚ, ੧੭੬੮ ਈ. ਵਿਚ ਸਿੱਖ ਫੇਰ ਨਜੀਬੁੱਦੌਲਾ ਦੇ ਇਲਾਕੇ ਲੁੱਟਣ ਜਾ ਪਏ। ਨਜੀਬੁੱਦੌਲਾ ਪਿੰਡ ਆਵਲੇ ਵਿਚ ਆਪਣੇ ਪੁੱਤਰ ਕਾਲੇ ਖ਼ਾਂ ਦੇ ਵਿਆਹ ਵਿਚ ਰੁੱਝਾ ਹੋਇਆ ਸੀ। ਸਿੱਖਾਂ ਨੇ ਪਾਨੀਪਤ ਤੇ ਕਰਨਾਲ ਲੁੱਟ ਲਿਆ। ਖ਼ਬਰ ਸੁਣ ਕੇ ਨਜੀਬੁੱਦੌਲਾ ਫ਼ੌਜ ਲੈਕੇ ਸਿੱਖਾਂ ਦੇ ਟਾਕਰੇ 'ਤੇ ਆਇਆ। ਲਗਾਤਾਰ ਕਈ ਦਿਨ ਲੜਾਈਆਂ ਹੋਈਆਂ, ਜਿਨ੍ਹਾਂ ਵਿਚ ਨਜੀਬੁੱਦੌਲਾ ਪੂਰੀ ਤਰ੍ਹਾਂ ਹਾਰ ਗਿਆ। ਉਸ ਨੂੰ ਪਿਛੋਂ ਕਢ ਕੇ ਸਿੱਖ ਦਿੱਲੀ ਉੱਤੇ ਜਾ ਧਮਕੇ। ਦਿੱਲੀ ਦੀ ਰਾਖੀ ਕਰਨ ਵਾਲਾ ਉਸ ਵੇਲੇ ਕੋਈ ਵੀ ਨਹੀਂ ਸੀ। ਬਾਦਸ਼ਾਹ ਸ਼ਾਹ ਆਲਮ ਸਾਨੀ (ਦੂਜਾ) ਆਪ ਦਿੱਲੀ ਤੋਂ ਬਾਹਰ ਸੀ।

**ਨਜੀਬ ਹਾਰ ਗਿਆ**

ਹਕੂਮਤ ਦਾ ਸਾਰਾ ਕੰਮ ਰਾਜਮਾਤਾ (ਬਾਦਸ਼ਾਹ ਦੀ ਮਾਂ) ਤੇ ਨਜੀਬੁੱਦੌਲਾ ਕਰਦੇ ਸਨ। ਮਗਰਲਾ ਸਿੱਖਾਂ ਤੋਂ ਪੂਰੀ ਤਰ੍ਹਾਂ ਹਾਰ ਚੁੱਕਾ ਸੀ। ਉਸ ਵਿਚ ਫੇਰ ਟਾਕਰਾ ਕਰਨ ਦੀ ਸ਼ਕਤੀ ਨਹੀਂ ਸੀ ਰਹੀ। ਉਸ ਨੇ ਦਿੱਲੀ ਵਿਚੋਂ ਆਪਣਾ ਮੁਖ਼ਤਿਆਰ (ਏਜੰਟ) ਸੁਲਤਾਨ ਖ਼ਾਂ—ਸਣੇ ਫ਼ੌਜ—ਬੁਲਾ ਲਿਆ ਤੇ ਰਾਜਮਾਤਾ ਕੋਲ ਆਪਣਾ ਅਸਤੀਫ਼ਾ ਭੇਜ ਦਿੱਤਾ, ਕਿ ਮੈਂ ਸਿੱਖਾਂ ਦੇ ਟਾਕਰੇ ਉਤੇ ਦਿੱਲੀ ਦੀ ਰਾਖੀ ਕਰਨ ਤੋਂ ਅਸਮਰਥ ਹਾਂ।

ਦਸੰਬਰ, ੧੭੬੯ ਈ. ਵਿਚ ਨਜੀਬੁੱਦੌਲਾ ਇਕ ਲੜਾਈ ਵਿਚ ਸਿੱਖਾਂ ਨਾਲ ਫੇਰ ਲੜਿਆ ਤੇ ਹਾਰ ਗਿਆ। ਇਸ ਤੋਂ ਪਿਛੋਂ ਦਰਿਆ ਜਮਨਾ ਤੋਂ ਪਾਰ ਸਿੱਖਾਂ ਦੇ ਹਮਲੇ ਆਮ ਹੋ ਗਏ। ਤੰਗ ਆ ਕੇ ਜਮਨਾ ਗੰਗਾ ਦੇ ਵਿਚਲੇ

**ਜਮਨਾ ਪਾਰ ਸਿੱਖਾਂ ਦਾ ਰਾਖੀ ਪ੍ਰਬੰਧ**

ਇਲਾਕੇ ਦੇ ਹਾਕਮਾਂ ਤੇ ਚੌਧਰੀਆਂ ਨੇ ਸਿੱਖਾਂ ਦੀ ਈਨ ਮੰਨ ਲਈ ਤੇ 'ਕਰ ਰਾਖੀ' (ਲੁੱਟ ਮਾਰ ਨਾ ਕਰਨ ਬਦਲੇ ਚੰਦਾ=ਨਜ਼ਰਾਨਾ ਭਰਨਾ) ਦੇਣਾ ਪਰਵਾਨ ਕਰ ਲਿਆ। ਹਰ ਛੇਮਾਹੀ ਦੋ ਤੋਂ ਪੰਜ ਰੁਪੈ ਜੀਂ ਪ੍ਰਤੀ ਲਿਆ ਜਾਂਦਾ। ਸਿੱਖ ਸਰਦਾਰਾਂ ਨੇ ਉਹ ਸਾਰਾ ਇਲਾਕਾ ਆਪਸ ਵਿਚ ਵੰਡ ਲਿਆ, ਜਿਸ ਨੂੰ ਪੱਤੀਦਾਰੀ ਆਖਦੇ ਸਨ। ਫ਼ਸਲ ਦੇ ਸਮੇਂ (ਛੇ ਮਹੀਨੇ ਪਿਛੋਂ) ਥੋੜ੍ਹੇ ਜੇਹੇ ਸਿੱਖ ਸਿਪਾਹੀ ਜਾਂਦੇ ਤੇ ਆਪੋ ਆਪਣੇ ਇਲਾਕੇ ਵਿਚੋਂ ਉਗਰਾਹੀ ਕਰ ਲਿਆਉਂਦੇ।

**ਸਿੱਖ ਰਾਜ ਕਾਇਮ ਹੋ ਗਿਆ**

੧੭੬੯ ਈ. ਦੇ ਅਖ਼ੀਰ ਤਕ ਸਾਰੇ ਪੰਜਾਬ ਉੱਤੇ ਸਿੱਖਰਾਜ ਕਾਇਮ ਹੋ ਚੁੱਕਾ ਸੀ। ਉਸ ਦੀ ਹੱਦ ਚੜ੍ਹਦੇ ਪਾਸੇ ਦਰਿਆ ਜਮਨਾ ਪਹਾੜਾਂ ਤੋਂ ਲੈ ਕੇ ਕਰਨਾਲ ਤਕ, ਲਹਿੰਦੇ ਪਾਸੇ ਦਰਿਆ ਸਿੰਧ ਸ਼ਹਿਰ ਅਟਕ ਤੋਂ ਭੱਖਰ ਤਕ, ਦੱਖਣ ਵੱਲ ਮੁਲਤਾਨ ਤੇ ਹਿੰਦੂ ਰਿਆਸਤਾਂ ਤੋਂ ਅੰਦਰ ਤੇ ਪਹਾੜ ਦੀ ਬਾਹੀ ਭਿੰਬਰ, ਜੰਮੂੰ ਤੇ ਕਾਂਗੜੇ ਤਕ ਸੀ। ਕਿਤੇ-ਕਿਤੇ ਕੁਛ ਇਲਾਕੇ ਮੁਸਲਮਾਨ ਚੌਧਰੀਆਂ ਦੇ ਕਬਜ਼ੇ ਵਿਚ ਸਨ।

ਸਿੱਖਾਂ ਨੂੰ ਏਸ ਸਮੇਂ ਤਿੰਨਾਂ ਤਾਕਤਾਂ ਨਾਲ ਘੋਲ ਕਰਨਾ ਪਿਆ। ਉਹਨਾਂ

**ਤਿੰਨਾਂ ਤਾਕਤਾਂ ਨਾਲ ਘੋਲ**

ਤਿੰਨਾਂ ਵਿਚੋਂ ਲਾਹੌਰ ਸਰਕਾਰ (ਮੁਸਲਮਾਨ ਸੂਬੇਦਾਰ) ਅਸਲੋਂ ਮੁੱਕ ਚੁੱਕੀ ਸੀ, ਦਿੱਲੀ ਸਰਕਾਰ ਵੀ ਮੈਦਾਨ ਵਿਚੋਂ ਨਿਕਲ ਗਈ ਸੀ ਤੇ ਅਹਿਮਦ ਸ਼ਾਹ ਅਬਦਾਲੀ ਨੇ ਹਾਰ ਕੇ ਵੀ ਅਜੇ ਹਾਰ ਮੰਨੀ ਨਹੀਂ ਸੀ। ਭਾਵ, ਤਿੰਨਾਂ ਵਿਰੋਧੀ ਪਹਿਲਵਾਨਾਂ ਵਿਚੋਂ ਦੋਹ ਦੀ ਕੰਡ ਲੱਗ ਚੁਕੀ ਸੀ ਤੇ ਤਿੱਜੇ ਦੀ ਲੱਗਣ ਵਾਲੀ ਸੀ।

ਅਬਦਾਲੀ ਦਾ ਦਸਵਾਂ ਹਮਲਾ

ਦਸੰਬਰ, ੧੭੬੮ ਈ. ਵਿਚ ਅਬਦਾਲੀ ਫੇਰ ਫ਼ੌਜ ਲੈ ਕੇ ਚੜ੍ਹ ਆਇਆ। ਸਿੱਖ ਉਸ ਦਾ ਟਾਕਰਾ ਕਰਨ ਵਾਸਤੇ ਤਿਆਰ ਹੋ ਖਲੋ। ਅਬਦਾਲੀ ਬਿਨਾਂ ਟਾਕਰੇ ਹੀ ਝਨਾਂ ਤੋਂ ਵਾਪਸ ਮੁੜ ਗਿਆ। ਉਸ ਨੇ ਅੱਗੇ ਵਧ ਕੇ ਸਿੱਖਾਂ ਨਾਲ ਟੱਕਰ ਲੈਣ ਦਾ ਹੌਸਲਾ ਨਾ ਕੀਤਾ।

ਅਬਦਾਲੀ ਦਾ ਯਾਹਰਵਾਂ ਹਮਲਾ

ਅਗਲੇ ਸਾਲ (ਦਸੰਬਰ, ੧੭੬੯ ਈ.) ਅਹਿਮਦ ਸ਼ਾਹ ਅਬਦਾਲੀ ਆਖ਼ਰੀ ਵਾਰ ਅਟਕ ਤੋਂ ਇਸ ਪਾਰ ਟਪਿਆ। ਇਸ ਵਾਰ ਜਿਹਲਮ ਤੋਂ ਲਹਿੰਦੇ ਪਾਸੇ ਕਿਲ੍ਹਾ ਰੁਹਤਾਸ ਵਿਚ ਸਿੱਖ, ਅਬਦਾਲੀ ਦਾ ਟਾਕਰਾ ਕਰਨ ਵਾਸਤੇ ਤਿਆਰ ਹੋ ਖਲੋ। ਜਿਸ ਅਬਦਾਲੀ ਤੋਂ ਸਾਰਾ ਹਿੰਦੁਸਤਾਨ ਕੰਬਦਾ ਸੀ, ਉਹ ਸਿੱਖਾਂ ਨਾਲ ਲੜਨ ਦੀ ਦਲੇਰੀ ਨਾ ਕਰ ਸਕਿਆ। ਜਿਹਲਮੋਂ ਪਾਰ ਹੀ ਕੁਛ ਦਿਨ ਰਹਿ ਕੇ ਉਹ ਬੁੱਢਾ ਜਰਨੈਲ ਵਾਪਸ ਕਾਬਲ ਨੂੰ ਮੁੜ ਗਿਆ। ਏਸ ਤਰ੍ਹਾਂ ਤਿੱਜੇ ਪਹਿਲਵਾਨ ਨੂੰ ਵੀ ਸਾਫ਼ ਕੰਡ ਲਾ ਕੇ ਸਿੱਖਾਂ ਨੇ ਪੰਜਾਬ ਵਿਚੋਂ ਕੱਢ ਦਿੱਤਾ।

ਅਹਿਮਦ ਸ਼ਾਹ ਅਬਦਾਲੀ ਦੇ ਨਾਲ ਉਸ ਦਾ ਲਾਇਕ ਜਰਨੈਲ ਜਹਾਨ ਖ਼ਾਂ ਹੋਇਆ ਕਰਦਾ ਸੀ। ਸਿੱਖਾਂ ਤੋਂ ਹਾਰ ਕੇ ਉਹ ਦੋਵੇਂ ਜੀਵਨ ਬਾਜ਼ੀ ਹੀ ਹਾਰ ਬੈਠੇ। ੧੪ ਮਾਰਚ, ੧੭੭੦ ਈ. ਨੂੰ ਜਹਾਨ ਖ਼ਾਂ ਮਰ ਗਿਆ ਤੇ ੧੪ ਅਪ੍ਰੈਲ ੧੭੭੨ ਈ. ਨੂੰ ਅਹਿਮਦ ਸ਼ਾਹ ਅਬਦਾਲੀ ਏਸ ਦੁਨੀਆਂ ਤੋਂ ਚਲਾਣਾ ਕਰ ਗਿਆ*। ਉਸਦੀ ਮੌਤ ਪਿੰਡ ਮੁਰਗ਼ਾ (ਸੁਲੇਮਾਨ ਪਹਾੜਾਂ ਵਿਚ) ਵਿਚ ਹੋਈ, ਤੇ ਉਹ ਸ਼ਹਿਰ ਕੰਧਾਰ ਵਿਚ ਦਫ਼ਨਾਇਆ ਗਿਆ। ਉਸ ਦੇ ਅੰਤਮ ਨਿਸ਼ਾਨ ਉਤੇ ਨੱਬੇ ਹਜ਼ਾਰ ਰੁਪੈ ਖ਼ਰਚ ਕੇ ਬੜਾ ਸੁੰਦਰ ਮਕਬਰਾ ਬਣਾਇਆ ਗਿਆ।

ਜਹਾਨ ਖ਼ਾਂ ਤੇ ਅਬਦਾਲੀ ਦੀ ਮੌਤ

ਮਿਸਲਾਂ ਦੀ ਫ਼ੌਜੀ ਤਾਕਤ

ਖ਼ਾਲਸੇ ਦੀ ਫ਼ੌਜੀ ਤਾਕਤ ਬਾਰੇ ਵਖੋ ਵੱਖ ਇਤਿਹਾਸਕਾਰਾਂ ਦੀ ਰਾਏ ਅੱਡ-ਅੱਡ ਹੈ। ਜਾਰਜ ਥਾਮਸ (George Thomas) ਲਿਖਦਾ

* ਵੱਡੇ ਘਲੂਘਾਰੇ ਸਮੇਂ ਉਸ ਨੇ ਹਰਿਮੰਦਰ ਸਾਹਿਬ ਢਾਹਿਆ ਸੀ। ਬਾਰੂਦ ਨਾਲ ਉਡ ਕੇ ਇਕ ਇੱਟ ਉਸ ਦੇ ਨੱਕ 'ਤੇ ਵੱਜੀ ਸੀ। ਉਸ ਜ਼ਖ਼ਮ ਵਿਚ ਕੈਂਸਰ ਹੋ ਗਈ ਸੀ, ਤੇ ਓਸੇ ਜ਼ਖ਼ਮ ਨਾਲ ਅੰਤ ਉਸ ਦੀ ਮੌਤ ਹੋਈ।

ਹੈ, ਸਿੱਖਾਂ ਦੀ ਲੜਾਕੀ ਫ਼ੌਜ ਦੀ ਗਿਣਤੀ ਸੱਠ ਹਜ਼ਾਰ ਅਸਵਾਰ ਤੇ ਪੰਜ ਹਜ਼ਾਰ ਪੈਦਲ ਸੀ। ਬਰਾਊਨ (Browne) ਲਿਖਦਾ ਹੈ ੭੩ ਹਜ਼ਾਰ ਅਸਵਾਰ ਤੇ ੨੫ ਹਜ਼ਾਰ ਪੈਦਲ ਸੀ। ਤੈਮੂਰ ਸ਼ਾਹ ਵਾਲੀਏ ਕਾਬਲ ਕੇਵਲ ੫੦ ਹਜ਼ਾਰ ਹੀ ਸਮਝਦਾ ਸੀ। ਫ਼ਾਰਸਟਰ (Forster) ੧੭੮੩ ਈ. ਵਿਚ ਲਿਖਦਾ ਹੈ, ਖ਼ਾਲਸਾ ਫ਼ੌਜ ਸਾਰੀ ਤਿੰਨ ਲੱਖ ਸੀ, ਜਿਸ ਵਿਚੋਂ ਦੋ ਲੱਖ ਮੈਦਾਨ ਵਿਚ ਜਾ ਸਕਦੀ ਸੀ। ਸਾਰਿਆਂ ਵਿਚੋਂ ਬਰਾਊਨ ਦੀ ਲਿਖਤ ਠੀਕ ਜਾਪਦੀ ਹੈ। ਸਿੱਖ ਮਿਸਲਾਂ ਦੀ ਉਸ ਫ਼ੌਜ ਦੀ ਗਿਣਤੀ—ਜੋ ਕੇਵਲ ਫ਼ੌਜੀ ਕੰਮ ਵਾਸਤੇ ਹੀ ਨੀਯਤ ਸੀ—ਇਕ ਲੱਖ ਤੋਂ ਵਧ ਨਹੀਂ ਸੀ। ਜਿੱਥੋਂ ਤਕ ਏਸ ਕੌਮ ਦੇ ਸੁਭਾਉ ਦਾ ਸਬੰਧ ਹੈ, ਹਰ ਇਕ ਪੱਗ ਬੰਨ੍ਹ ਸਿੱਖ ਸ਼ਸਤਰਧਾਰੀ ਹੁੰਦਾ ਸੀ ਤੇ ਲੋੜ ਵੇਲੇ ਚੰਗੇ ਸਿਪਾਹੀ ਵਾਂਗ ਲੜ ਸਕਦਾ ਸੀ। ਅਜੇਹੀ ਫ਼ੌਜੀ ਜਥੇਬੰਦੀ ਨੇ ਪੰਜਾਬ ਵਿਚ ਆਪਣਾ ਰਾਜ ਕਾਇਮ ਕਰ ਲਿਆ ਸੀ।

ਇਹ ਹੈ ਇਕ ਬੀਰਤਾ ਦੀ ਲੰਮੀ ਅਮਰ-ਕਹਾਣੀ ਜਿਸ ਤਰ੍ਹਾਂ

## ਸਿੱਖ ਰਾਜ ਬਣਿਆ।

ਲੁਧਿਆਣਾ
੨੯-੧-੫੦ ਈ.

ਸੋਹਣ ਸਿੰਘ
'ਸੀਤਲ'

ਅੰਤਕਾ-੧

## ਪਰਸਿੱਧ ਤਾਰੀਖ਼ਾਂ

ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੧੫ ਅਪ੍ਰੈਲ, ੧੪੬੯ ਈ. (੨੦ ਵਿਸਾਖ, ਵਿਸਾਖ ਸੁਦੀ ਤਿੰਨ, ੧੫੨੬ ਬਿ.) ਛਨਿਛਰਵਾਰ।

ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ ੩੦ ਮਈ, ੧੬੦੬ ਈ. (ਜੇਠ ਸੁਦੀ ਚਾਰ, ੨ ਹਾੜ, ੧੬੬੩ ਬਿ.) ਸ਼ੁਕਰਵਾਰ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸ਼ਹੀਦ ਹੋਏ ੧੧ ਨਵੰਬਰ, ੧੬੭੫ ਈ. (੧੨ ਮਘਰ, ਮਘਰ ਸੁਦੀ ਪੰਜ, ੧੭੩੨ ਬਿ.) ਵੀਰਵਾਰ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਵਤਾਰ ਧਾਰਿਆ ਛਨਿਛਰਵਾਰ, ੨੨ ਦਸੰਬਰ, ੧੬੬੬ ਈ. (ਪੋਹ ਸੁਦੀ ਸੱਤਵੀਂ, ੨੩ ਪੋਹ, ੧੭੨੩ ਬਿ.)।

ਹਜ਼ੂਰ ਗੁਰਗੱਦੀ 'ਤੇ ਬੈਠੇ ਵੀਰਵਾਰ, ੧੧ ਨਵੰਬਰ, ੧੬੭੫ ਈ. (ਮਘਰ ਸੁਦੀ ਪੰਜ, ੧੨ ਮਘਰ, ੧੭੩੨ ਬਿ.), ਜੋਤੀ ਜੋਤ ਸਮਾਏ ਵੀਰਵਾਰ, ੭ ਅਕਤੂਬਰ, ੧੭੦੮ ਈ. (ਕਤਕ ਸੁਦੀ ਪੰਜ, ੮ ਕਤਕ, ੧੭੬੫ ਬਿ.)।

ਪੰਜ ਪਿਆਰੇ ਸਾਜੇ ਤੇ ਅੰਮ੍ਰਿਤ ਛਕਾਇਆ ੩੦ ਮਾਰਚ, ੧੬੯੯ ਈ. (੧ ਵਿਸਾਖ, ੧੭੫੬ ਬਿ.)।

ਸ਼ਹੀਦੀ ਵੱਡੇ ਸਾਹਿਬਜ਼ਾਦੇ (ਚਮਕੌਰ ਯੁੱਧ) ੮ ਪੋਹ, ੧੭੬੧ ਬਿ. (ਦਸੰਬਰ, ੧੭੦੪ ਈ.)।

ਸ਼ਹੀਦੀ ਛੋਟੇ ਸਾਹਿਬਜ਼ਾਦੇ ੧੩ ਪੋਹ, ੧੭੬੧ ਬਿ. (ਦਸੰਬਰ, ੧੭੦੪ ਈ.)।

ਚਪੜ ਚਿੜੀ ਦੀ ਲੜਾਈ, ਬੰਦਾ ਸਿੰਘ ਨੇ ਸਰਹਿੰਦ ਫ਼ਤਹਿ ਕੀਤੀ, ੨੨ ਮਈ, ੧੭੧੦ ਈ.।

ਬੰਦਾ ਸਿੰਘ ਗ੍ਰਿਫ਼ਤਾਰ, ਗੁਰਦਾਸ ਨੰਗਲ ਵਿਚੋਂ, ੧੭ ਦਸੰਬਰ, ੧੭੧੫ ਈ.।

ਬੰਦਾ ਸਿੰਘ ਦੀ ਫ਼ੌਜ ਦਿੱਲੀ ਵਿਚ ਕਤਲ, ਪੰਜ ਤੋਂ ਯਾਰਾਂ ਮਾਰਚ, ੧੭੧੬ ਈ.) ਤਕ।

ਬੰਦਾ ਸਿੰਘ ਸ਼ਹੀਦ ਹੋਇਆ ੧੯ ਜੂਨ, ੧੭੧੬ ਈ. ਦਿੱਲੀ ਵਿਚ।

ਤੱਤ ਖ਼ਾਲਸੇ ਤੇ ਬੰਦਈਆਂ ਦਾ ਝਗੜਾ ਅਪ੍ਰੈਲ, ੧੭੨੧ ਈ. ਵਿਸਾਖੀ, ੧੭੭੮ ਬਿ.)

ਖ਼ਾਨ ਬਹਾਦਰ ਜ਼ਕਰੀਆ ਖ਼ਾਂ ਲਾਹੌਰ ਦਾ ਸੂਬੇਦਾਰ ੧੭੨੬ ਈ. ਤੋਂ ੧ ਜੁਲਾਈ, ੧੭੪੫ ਈ.।

ਸ਼ਹੀਦੀ ਭਾਈ ਤਾਰਾ ਸਿੰਘ ਜੀ 'ਵਾਂ' ਫੱਗਣ, ੧੭੫੨ ਬਿ. (੧੭੨੬ ਈ.)।

ਪੰਥ ਨੂੰ ਜਾਗੀਰ ਤੇ ਨਵਾਬੀ ਦਾ ਖ਼ਿਤਾਬ (ਕਪੂਰ ਸਿੰਘ ਨਵਾਬ ਬਣਿਆ) ੧੭੩੩ ਈ. (ਵਿਸਾਖ, ੧੭੯੦ ਬਿ.)।

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਮਘਰ ਸੁਦੀ ਪੰਜ, ੧੭੯੫ ਬਿ. (੧੭੩੮ ਈ.)।

ਹਕੀਕਤ ਰਾਏ ਦੀ ਸ਼ਹੀਦੀ, ਬਸੰਤ ਪੰਚਮੀ, ੧੭੯੧ ਬਿ. (੧੭੩੫ ਈ.)।

ਨਾਦਰ ਦਾ ਜਨਮ ੧੬੮੮ ਈ., ਹਿੰਦ 'ਤੇ ਹਮਲਾ ੧੨ ਦਸੰਬਰ, ੧੭੩੮ ਈ. ਤੋਂ ਮਈ, ੧੭੩੯ ਈ. ਤਕ। ਕਰਨਾਲ ਦੀ ਲੜਾਈ ੧੩ ਫ਼ਰਵਰੀ, ੧੭੩੯ ਈ.। ਦਿੱਲੀ ਵਿਚ ਰਿਹਾ ੯ ਮਾਰਚ ਤੋਂ ੫ ਮਈ, ੧੭੩੯ ਈ. ਤਕ। ਨਾਦਰ ਕਤਲ ਕੀਤਾ ੯ ਜੂਨ, ੧੭੪੭ ਈ.।

ਖ਼ਾਨ ਬਹਾਦਰ ਜ਼ਕਰੀਆ ਖ਼ਾਂ ਮਰਿਆ ੧ ਜੁਲਾਈ, ੧੭੪੫ ਈ.।

ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ੧ ਜੁਲਾਈ, ੧੭੪੫ ਈ. (੧੮੦੨ ਬਿ.)।

ਸਃ ਸਬੇਗ ਸਿੰਘ ਸ਼ਾਹਬਾਜ਼ ਸਿੰਘ ਜੀ ਦੀ ਸ਼ਹੀਦੀ ੧੦ ਮਾਰਚ, ੧੭੪੬ ਈ. (੧੩ ਚੇਤ, ੧੮੦੨ ਬਿ.) ਸੋਮਵਾਰ, ਅਮਾਵਸ।

ਛੋਟਾ ਘਲੂਘਾਰਾ (ਲਖਪਤ ਹੱਥੋਂ ਸਿੱਖਾਂ ਦੀ ਕਤਲਾਮ) ਮਾਰਚ ਤੋਂ ਜੂਨ (੧੭੪੬ ਈ.) ਤਕ।

ਮੀਰ ਮੰਨੂੰ ਲਾਹੌਰ ਦਾ ਸੂਬੇਦਾਰ ੯ ਅਪ੍ਰੈਲ, ੧੭੪੯ ਈ. ਤੋਂ ੪ ਨਵੰਬਰ, ੧੭੫੩ ਈ. ਤਕ।

ਮਿਸਲਾਂ ਬਣੀਆਂ—ਵਿਸਾਖੀ, ੨੯ ਮਾਰਚ, ੧੭੪੯ ਈ.। ਏਸੇ ਦਿਨ ਕਿਲ੍ਹਾ ਰਾਮ ਰਉਣੀ ਦੀ ਨੀਂਹ ਧਰੀ।

ਸੁੱਖਾ ਸਿੰਘ ਮਾੜੀ ਕੰਬੋਕੀ ਦੀ ਸ਼ਹੀਦੀ ਜਨਵਰੀ-ਫ਼ਰਵਰੀ ੧੭੫੨ ਈ.।

ਬਾਬਾ ਦੀਪ ਸਿੰਘ ਦੀ ਸ਼ਹੀਦੀ ੧੧ ਨਵੰਬਰ, ੧੭੫੭ ਈ.।

ਅਦੀਨਾ ਬੇਗ ਮਰਿਆ ੧੫ ਸਤੰਬਰ, ੧੭੫੮ ਈ.।

ਵੱਡਾ ਘਲੂਘਾਰਾ ਪੰਜ ਫ਼ਰਵਰੀ, ੧੭੬੨ ਈ.।

ਅਬਦਾਲੀ ਦੇ ਢਾਹੇ ਹਰਿਮੰਦਰ ਸਾਹਿਬ ਦੀ ਨੀਂਹ ਧਰੀ, ੧੭ ਨਵੰਬਰ, ੧੭੬੩ ਈ.।

ਲਹਿਣਾ ਸਿੰਘ, ਗੁੱਜਰ ਸਿੰਘ, ਸੋਭਾ ਸਿੰਘ ਨੇ ਲਾਹੌਰ ਉਤੇ ਕਬਜ਼ਾ ਕਰ ਕੇ 'ਨਾਨਕਸ਼ਾਹੀ' ਸਿੱਕਾ ਚਾਲੂ ਕੀਤਾ, ੧੬ ਮਈ, ੧੭੬੫ ਈ.।

ਸਾਰੇ ਪੰਜਾਬ ਵਿਚ ਸਿੱਖਾਂ ਦਾ ਕਬਜ਼ਾ ਹੋ ਗਿਆ, ੧੭੬੮ ਈ.।

## ਅੰਤਕਾ—੨

# ਦਿੱਲੀ ਦੇ ਮੁਗ਼ਲ ਬਾਦਸ਼ਾਹ

੧. ਬਾਬਰ—ਨਾਮ ਜ਼ਹੀਰੁੱਦੀਨ, ਲਕਬ ਬਾਬਰ, ਹਿੰਦ ਵਿਚ ਮੁਗ਼ਲ ਘਰਾਣੇ ਦਾ ਮੋਢੀ ੧੫੨੬ ਈ. ਤੋਂ ੧੫੩੦ ਈ.।

੨. ਹਮਾਯੂੰ—ਨਾਮ ਨਸੀਰੁੱਦੀਨ, ਲਕਬ ਹਮਾਯੂੰ, ਪਹਿਲਾ ਰਾਜ ੧੫੩੦ ਈ. ਤੋਂ ੧੫੪੦ ਈ.। ਫਿਰ ਸ਼ੇਰ ਸ਼ਾਹ ਨੇ ਹਿੰਦ ਵਿਚੋਂ ਕੱਢ ਦਿੱਤਾ। ੧੫੫੬ ਈ. ਵਿਚ ਹਮਾਯੂੰ ਨੇ ਫੇਰ ਹਿੰਦ ਫ਼ਤਹਿ ਕਰ ਲਿਆ ਤੇ ਛੇ ਮਹੀਨੇ ਰਾਜ ਕੀਤਾ।

੩. ਅਕਬਰ—ਨਾਮ ਜਲਾਲੁੱਦੀਨ, ਲਕਬ ਅਕਬਰ, ੧੫੫੬ ਈ. ਤੋਂ ੧੬੦੫ ਈ.।

੪. ਜਹਾਂਗੀਰ—ਨਾਮ ਨੂਰੁੱਦੀਨ, ਲਕਬ ਜਹਾਂਗੀਰ, ੧੬੦੫ ਈ. ਤੋਂ ੧੬੨੭ ਈ.।

੫. ਸ਼ਾਹ ਜਹਾਨ—ਨਾਮ ਸ਼ਹਿਜ਼ਾਦਾ ਖ਼ੁਰਮ, ਲਕਬ ਸ਼ਾਹ ਜਹਾਨ, ੧੬੨੭ ਈ. ਤੋਂ ੧੬੫੮ ਈ. ਤਕ ਰਾਜ ਕੀਤਾ। ਫਿਰ ਔਰੰਗਜ਼ੇਬ ਨੇ ਕੈਦ ਕਰ ਲਿਆ।

੬. ਔਰੰਗਜ਼ੇਬ—ਨਾਮ ਮਹੀਯੁੱਦੀਨ, ਲਕਬ ਔਰੰਗਜ਼ੇਬ ਆਲਮਗੀਰ, ੧੬੫੮ ਈ. ਤੋਂ ੧੭੦੭ ਈ.।

੭. ਬਹਾਦਰ ਸ਼ਾਹ—ਨਾਮ ਮੁਅੱਜ਼ਮ, ਲਕਬ ਬਹਾਦਰ ਸ਼ਾਹ, ੧੭੦੭ ਈ. ਤੋਂ ੧੭੧੨ ਈ.।

੮. ਜਹਾਂਦਾਰ ਸ਼ਾਹ—੧੭੧੨, (ਯਾਰਾਂ ਮਹੀਨੇ ਬਾਦਸ਼ਾਹੀ ਕੀਤੀ)। ੧੦ ਜਨਵਰੀ, ੧੭੧੩ ਈ. ਨੂੰ ਹਾਰਿਆ ਤੇ ੧੧ ਫ਼ਰਵਰੀ ਨੂੰ ਕਤਲ ਹੋਇਆ।

੯. ਫ਼ਰਖ਼ਸੀਅਰ—੧੧ ਜਨਵਰੀ, ੧੭੧੩ ਈ. ਤੋਂ ੨੮ ਫ਼ਰਵਰੀ,

੧੭੧੯ ਈ: ਤਕ। ੨੮ ਫ਼ਰਵਰੀ ਨੂੰ ਕੈਦ ਤੇ ਅੰਨ੍ਹਾ ਕੀਤਾ ਗਿਆ ਤੇ ੨੭-੨੮ ਅਪ੍ਰੈਲ ਦੀ ਰਾਤ ਨੂੰ ਕਤਲ ਕੀਤਾ ਗਿਆ।

੧੦. ਰਫ਼ੀਉੱਦਾਰਜਾਤ—(ਰਫ਼ੀਉੱਸ਼ਾਨ ਦਾ ਪੁੱਤਰ, ਬਹਾਦਰਸ਼ਾਹ ਦਾ ਪੋਤਰਾ, ਔਰੰਗਜ਼ੇਬ ਦਾ ਪੜੋਤਰਾ) ੨੮ ਫਰਵਰੀ, ੧੭੧੯ ਈ. ਤੋਂ ੪ ਜੂਨ, ੧੭੧੯ ਈ. ਤਕ।

੧੧. ਰਫ਼ੀਉਦੌਲਾ—(ਰਫ਼ੀਉੱਦਾਰਜਾਤ ਦਾ ਭਾਈ) ੬ ਜੂਨ, ੧੭੧੯ ਈ: ਤੋਂ ੧੮ ਸਤੰਬਰ, ੧੭੧੯ ਈ. ਤਕ।

੧੨. ਮੁਹੰਮਦ ਸ਼ਾਹ—ਨਾਮ ਮੁਹੰਮਦ ਰੌਸ਼ਨ ਅਖ਼ਤਰ (ਜਹਾਨ ਸ਼ਾਹ ਦਾ ਪੁੱਤਰ, ਔਰੰਗਜ਼ੇਬ ਦਾ ਪੋਤਰਾ), ਲਕਬ ਮੁਹੰਮਦ ਸ਼ਾਹ, ਸਤੰਬਰ, ੧੭੧੯ ਈ. ਤੋਂ ੧੫ ਅਪ੍ਰੈਲ, ੧੭੪੮ ਈ. ਤਕ।

੧੩. ਅਹਿਮਦ ਸ਼ਾਹ—(ਮੁਹੰਮਦ ਸ਼ਾਹ ਦਾ ਪੁੱਤਰ) ਅਪ੍ਰੈਲ, ੧੭੪੮ ਈ: ਤੋਂ ੨ ਜੂਨ, ੧੭੫੪ ਈ. ਤਕ। ਵਜ਼ੀਰ ਗ਼ਾਜ਼ੀਉੱਦੀਨ ਇਮਾਦੁਲ ਮੁਲਕ ਹੱਥੋਂ ਅੰਨ੍ਹਾ ਕਰ ਕੇ ਸਲੀਮਗੜ੍ਹ ਵਿਚ ਕੈਦ ਕੀਤਾ ਗਿਆ। ਉਹ ਜੇਲ੍ਹ ਅੰਦਰ ੧੭੭੫ ਈ. ਨੂੰ ਮਰਿਆ।

੧੪. ਆਲਮਗੀਰ ਦੂਜਾ—ਨਾਮ ਸੁਲਤਾਨ ਅਜ਼ੀਜ਼ੁੱਦੀਨ (ਜਹਾਂਦਾਰ ਸ਼ਾਹ ਦਾ ਪੁੱਤਰ), ਲਕਬ ਆਲਮਗੀਰ ਦੂਜਾ, ਜੁਲਾਈ, ੧੭੫੪ ਈ. ਤੋਂ ੨੮ ਨਵੰਬਰ, ੧੭੫੯ ਈ. ਤਕ। ਵਜ਼ੀਰ ਗ਼ਾਜ਼ੀਉੱਦੀਨ ਹੱਥੋਂ ਕਤਲ।

੧੫. ਸ਼ਾਹ ਜਹਾਨ ਦੂਜਾ—ਨਾਮ ਮਹੀਯੁੱਮਿੱਲਤ (ਮਹੀਯੁੱਸੁੰਨਤ ਦਾ ਪੁੱਤਰ, ਕਰਮਬਖ਼ਸ਼ ਦਾ ਪੋਤਰਾ, ਔਰੰਗਜ਼ੇਬ ਦਾ ਪੜੋਤਰਾ)—ਲਕਬ ਸ਼ਾਹ ਜਹਾਨ ਦੂਜਾ, ੨੯ ਨਵੰਬਰ, ੧੭੫੯ ਈ. ਤੋਂ ੯ ਅਕਤੂਬਰ, ੧੭੬੦ ਈ. ਤਕ।

੧੬. ਸ਼ਾਹ ਜਹਾਨ ਤਿੱਜਾ—ਮਰਹੱਟਾ ਜਰਨੈਲ ਸਦਾ ਸ਼ਿਵ ਰਾਉ ਭਾਊ ਨੇ ਮਿਰਜ਼ਾ ਜਵਾਨ ਬਖ਼ਤ (ਸ਼ਾਹ ਆਲਮ ਦੂੱਜੇ ਦਾ ਪੁੱਤਰ, ਆਲਮਗੀਰ ਦੂੱਜੇ ਦਾ ਪੋਤਰਾ) ਨੂੰ ੯ ਜੂਨ, ੧੭੬੦ ਈ. ਨੂੰ ਤਖ਼ਤ 'ਤੇ ਬਿਠਾਇਆ।

੧੭. ਸ਼ਾਹ ਆਲਮ ਦੂਜਾ—ਅਵਧ ਦੇ ਨਵਾਬ ਸ਼ੁਜਾਉੱਦੌਲਾ ਨੇ ਸ਼ਹਿਜ਼ਾਦਾ ਆਲਮਗੀਰ ਨੂੰ 'ਸ਼ਾਹ ਆਲਮ ਦੂਜਾ' ਦਾ ਖ਼ਿਤਾਬ ਦੇ ਕੇ ਬਾਦਸ਼ਾਹ ਬਣਾਇਆ ਤੇ ਆਪ ਵਜ਼ੀਰ ਬਣਿਆ। ੧੭੬੧ ਈ. ਵਿਚ

ਅਹਿਮਦ ਸ਼ਾਹ ਅਬਦਾਲੀ ਨੇ ਸ਼ਾਹ ਆਲਮ ਨੂੰ ਬਾਦਸ਼ਾਹ ਤੇ ਸ਼ੁਜਾਉੱਦੌਲਾ ਨੂੰ ਵਜ਼ੀਰ ਮੰਨ ਲਿਆ। ੧੭੮੮ ਈ. ਵਿਚ ਗ਼ੁਲਾਮ ਕਾਦਰ ਰੁਹੇਲੇ ਨੇ ਸ਼ਾਹ ਆਲਮ ਨੂੰ ਅੰਨ੍ਹਾ ਕਰ ਦਿੱਤਾ, ਪਰ ਬਾਦਸ਼ਾਹ ਫਿਰ ਵੀ ਓਹਾ ਰਿਹਾ। ੧੮੦੩ ਈ. ਵਿਚ ਅੰਗਰੇਜ਼ ਦਿੱਲੀ ਆ ਗਏ, ਤਾਂ ਬਾਦਸ਼ਾਹ ਉਹਨਾਂ ਦੇ ਅਧੀਨ ਹੋ ਗਿਆ।

੧੮. ਅਕਬਰ ਦੂੱਜਾ—ਸ਼ਾਹ ਆਲਮ ਦੂੱਜਾ ੧੮੦੬ ਈ: ਵਿਚ ਮਰਿਆ, ਤਾਂ ਉਸ ਦਾ ਪੁੱਤਰ ਅਕਬਰ ਦੂੱਜਾ ਤਖ਼ਤ 'ਤੇ ਬੈਠਾ।

੧੯. ਬਹਾਦਰ ਸ਼ਾਹ ਦੂੱਜਾ 'ਜ਼ਫ਼ਰ'—ਅਕਬਰ ਦੂੱਜੇ ਦੇ ਮਰਨ ਪਿੱਛੋਂ ੧੮੩੭ ਈ: ਵਿਚ ਬਹਾਦਰ ਸ਼ਾਹ ਦੂੱਜਾ ਤਖ਼ਤ 'ਤੇ ਬੈਠਾ। ਉਹ ਉਰਦੂ ਦਾ ਸ਼ਾਇਰ ਸੀ ਤੇ 'ਜ਼ਫਰ' ਤਖ਼ੱਲਸ ਰਖਦਾ ਸੀ। ੧੮੫੭ ਈ: ਦੇ ਗ਼ਦਰ ਪਿਛੋਂ ਅੰਗਰੇਜ਼ਾਂ ਨੇ ਉਸ ਨੂੰ ਰੰਗੂਨ ਜਾ ਕੈਦ ਕੀਤਾ, ਜਿੱਥੇ ਉਹ ੧੮੬੨ ਈ: ਵਿਚ ਮਰ ਗਿਆ।

ਅੰਤਕਾ—੩

## ਅਬਦਾਲੀ ਦੇ ਹਿੰਦ ਉੱਤੇ ਹਮਲੇ

ਪਹਿਲਾ ਹਮਲਾ—ਦਸੰਬਰ, ੧੭੪੭ ਈ. ਤੋਂ ਮਾਰਚ, ੧੭੪੮ ਈ.। ੧੧ ਮਾਰਚ, ੧੭੪੮ ਈ. ਨੂੰ ਮਾਣੂਪੁਰ (ਸਰਹਿੰਦ ਕੋਲ) ਦੀ ਲੜਾਈ ਵਿਚ ਹਾਰ ਕੇ ਮੁੜਿਆ।

ਦੂਜਾ ਹਮਲਾ—ਦਸੰਬਰ, ੧੭੪੮ ਈ.। ਮੀਰ ਮੰਨੂੰ ਤੋਂ ਖ਼ਰਾਜ ਲੈ ਕੇ ਝਨਾਂ ਤੋਂ ਹੀ ਵਾਪਸ ਮੁੜ ਗਿਆ।

ਤਿੱਜਾ ਹਮਲਾ—ਦਸੰਬਰ, ੧੭੫੧ ਈ. ਤੋਂ ਅਪ੍ਰੈਲ, ੧੭੫੨ ਈ. ਸੂਬਾ ਲਾਹੌਰ, ਮੁਲਤਾਨ ਤੇ ਕਸ਼ਮੀਰ ਅਬਦਾਲੀ ਦੇ ਕਬਜ਼ੇ ਵਿਚ ਚਲੇ ਗਏ।

ਚੌਥਾ ਹਮਲਾ—ਦਸੰਬਰ, ੧੭੫੬ ਈ. ਤੋਂ ਅਪ੍ਰੈਲ, ੧੭੫੭ ਈ. ਦਿੱਲੀ, ਆਗਰਾ, ਮਥਰਾ ਲੁੱਟੇ। ਬਾਦਸ਼ਾਹਾਂ ਤੇ ਨਵਾਬਾਂ ਦੀਆਂ ਲੜਕੀਆਂ ਬੱਧੀਆਂ। ਸੂਬਾ ਸਰਹਿੰਦ ਮੱਲ ਲਿਆ।

ਪੰਜਵਾਂ ਹਮਲਾ—ਅਕਤੂਬਰ, ੧੭੫੯ ਈ. ਤੋਂ ਅਪ੍ਰੈਲ, ੧੭੬੧ ਈ. ਪਾਨੀਪਤ ਦੀ ਤਿੱਜੀ ਲੜਾਈ ੧੪ ਜਨਵਰੀ, ੧੭੬੧ ਈ., ਮਰਹੱਟੇ ਹਾਰ ਗਏ। ੨੯ ਜਨਵਰੀ ਤੋਂ ੨੧ ਮਾਰਚ, ੧੭੬੧ ਈ. ਤਕ ਅਬਦਾਲੀ ਦਿੱਲੀ ਰਿਹਾ।

ਛੇਵਾਂ ਹਮਲਾ—ਜਨਵਰੀ, ੧੭੬੨ ਈ. ਤੋਂ ਦਸੰਬਰ, ੧੭੩੨ ਈ.। ਵੱਡਾ ਘੱਲੂਘਾਰਾ।

ਸੱਤਵਾਂ ਹਮਲਾ—ਮਾਰਚ, ੧੭੬੪ ਈ. ਬਟਾਲਾ, ਜੰਡਿਆਲਾ, ਲਾਹੌਰ ਤੋਂ ਵਾਪਸ ਗਿਆ ਸਿੱਖਾਂ ਤੋਂ ਹਾਰ ਕੇ।

ਅੱਠਵਾਂ ਹਮਲਾ—ਦਸੰਬਰ, ੧੭੬੪ ਈ. ਤੋਂ ਮਾਰਚ, ੧੭੬੫ ਈ. ਕੁੰਜਪੁਰੇ ਤੋਂ ਵਾਪਸ ਸਰਹਿੰਦ ਆ ਗਿਆ ਤੇ ਸਿੱਖਾਂ ਤੋਂ ਹਾਰ ਕੇ ਗਿਆ।

ਨੌਂਵਾਂ ਹਮਲਾ—ਦਸੰਬਰ, ੧੭੬੬ ਈ. ਤੋਂ ਜੂਨ, ੧੭੬੭ ਈ. ਤਕ।

ਦਸਵਾਂ ਹਮਲਾ—ਦਸੰਬਰ, ੧੭੬੮ ਈ. ਦਰਿਆ ਚਨਾਬ (ਝਨਾਂ) ਤੋਂ ਵਾਪਸ ਮੁੜ ਗਿਆ।

ਯਾਰ੍ਹਵਾਂ ਹਮਲਾ—ਦਸੰਬਰ, ੧੭੬੯ ਈ. ਜਿਹਲਮ ਤੋਂ ਪਾਰੋਂ ਹੀ ਵਾਪਸ ਮੁੜ ਗਿਆ। ਇਹ ਅਬਦਾਲੀ ਦਾ ਆਖ਼ਰੀ ਹਮਲਾ ਸੀ। ਅਹਿਮਦ ਸ਼ਾਹ ਅਬਦਾਲੀ ਮਰਿਆ, ੧੪ ਅਪ੍ਰੈਲ, ੧੭੭੨ ਈ.। ਉਸ ਦਾ ਜਰਨੈਲ ਜਹਾਨ ਖ਼ਾਂ ਮਰਿਆ, ੧੪ ਮਾਰਚ, ੧੭੭੦ ਈ.।

**ਸਮਾਪਤ**

# ਸਿੱਖ ਇਤਿਹਾਸ ਦੇ ਸੋਮੇ

(ਇਸ ਵਿਚ ਪੁਰਾਤਨ ਇਤਿਹਾਸਾਂ ਦਾ ਸਾਰੰਸ਼ ਤੇ ਆਲੋਚਨਾ ਹੈ)

ਪਹਿਲਾ ਭਾਗ : ਇਸ ਵਿਚ ਹਨ :

| | | |
|---|---|---|
| ੧. | ਸ੍ਰੀ ਗੁਰ ਸੋਭਾ, | ਕਰਤਾ ਸੈਨਾਪਤੀ |
| ੨. | ਗੁਰ ਬਿਲਾਸ, | ,, ਕੋਇਰ ਸਿੰਘ |
| ੩. | ਗੁਰ ਬਿਲਾਸ, | ਪਾਤਸ਼ਾਹੀ ਛੇਵੀਂ |
| ੪. | ਗੁਰ ਬਿਲਾਸ, | ਕਰਤਾ ਸੁੱਖਾ ਸਿੰਘ |
| ੫. | ਬੰਸਾਵਲੀ ਨਾਮਾ, | ,, ਕੇਸਰ ਸਿੰਘ ਛਿੱਬਰ |

ਦੂਸਰਾ ਭਾਗ : ਇਸ ਵਿਚ ਹਨ :

੧. ਮਹਿਮਾ ਪ੍ਰਕਾਸ਼ (ਪੂਰਾ) ਕਰਤਾ ਸਰੂਪ ਦਾਸ ਭੱਲਾ
੨. ਪਰਚੀਆਂ ਸੇਵਾ ਦਾਸ ਉਦਾਸ
੩. ਅਤੇ ਨੌਂ ਗੁਰਪ੍ਰਣਾਲੀਆਂ

ਤੀਸਰਾ ਭਾਗ : ਇਸ ਵਿਚ ਕਵੀ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ 'ਨਾਨਕ ਪ੍ਰਕਾਸ਼' ਹੈ।

ਚੌਥਾ ਭਾਗ : ਇਸ ਵਿਚ 'ਗੁਰ ਪ੍ਰਤਾਪ ਸੂਰਜ' (ਸੂਰਜ ਪ੍ਰਕਾਸ਼) ਦੀਆਂ ਦਸ ਰਾਸਾਂ ਹਨ।

ਪੰਜਵਾਂ ਭਾਗ : ਇਸ ਵਿਚ 'ਗੁਰ ਪ੍ਰਤਾਪ ਸੂਰਜ' ਦੀਆਂ ਦੋ ਰਾਸਾਂ, ਛੇ ਰੁੱਤਾਂ ਤੇ ਦੋ ਐਨ ਹਨ।

ਹਰ ਕਿਤਾਬਾਂ ਵੇਚਣ ਵਾਲੇ ਪਾਸੋਂ ਮਿਲਦੇ ਹਨ।

# ਸੋਹਣ ਸਿੰਘ 'ਸੀਤਲ' ਰਚਿਤ

**ਇਤਿਹਾਸ :** ੧. ਮਨੁੱਖਤਾ ਦੇ ਗੁਰੂ ਨਾਨਕ ਦੇਵ ਜੀ ਤੋਂ ਗੁਰੂ ਤੇਗ਼ ਬਹਾਦਰ ਜੀ, ੨. ਗੁਰੂ ਗੋਬਿੰਦ ਸਿੰਘ ਜੀ, ੩. ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ, ੪. ਬੰਦਾ ਸਿੰਘ ਸ਼ਹੀਦ, ੫. ਸਿੱਖ ਰਾਜ ਕਿਵੇਂ ਬਣਿਆ, ੬. ਸਿੱਖ ਮਿਸਲਾਂ ਤੇ ਸਰਦਾਰ ਘਰਾਣੇ, ੭. ਸਿੱਖ ਰਾਜ ਤੇ ਸ਼ੇਰੇ ਪੰਜਾਬ, ੮. ਸਿੱਖ ਰਾਜ ਕਿਵੇਂ ਗਿਆ, ੯. ਦੁੱਖੀਏ ਮਾਂ ਪੁੱਤ, ੧੦. ਗੁਰ ਇਤਿਹਾਸ ਦਸ ਪਾਤਸ਼ਾਹੀਆਂ, ੧੧. ਬਾਬਾ ਨਾਨਕ, ੧੨. ਧਰਮ ਦਾ ਰਾਖਾ ਗੁਰੂ ਤੇਗ਼ ਬਹਾਦਰ, ੧੩. ਸਿੱਖ ਸ਼ਹੀਦ ਤੇ ਯੋਧੇ, ੧੪. ਸਿੱਖ ਇਤਿਹਾਸ ਦੇ ਸੋਮੇਂ, ਪੰਜ ਭਾਗ, ੧੫. ਗੁਰਬਾਣੀ ਵਿਚਾਰ, ੧੬. ਮੇਰੇ ਇਤਿਹਾਸਕ ਲੈਕਚਰ। ੧੭. ਗੁਰਬਾਣੀ ਵਿਚ ਪੁਰਾਣਿਕ ਪਾਤਰ।

**ਨਾਵਲ :** ੧੮. ਜੁੱਗ ਬਦਲ ਗਿਆ, ੧੯. ਜਵਾਲਾ ਮੁਖੀ, ੨੦. ਮੁੱਲ ਦਾ ਮਾਸ, ੨੧. ਪਤਵੰਤੇ ਕਾਤਲ, ੨੨. ਵਿਜੋਗਣ, ੨੩. ਅੰਨ੍ਹੀ ਸੁੰਦਰਤਾ, ੨੪. ਦੀਵੇ ਦੀ ਲੋ, ੨੫. ਜੰਗ ਜਾਂ ਅਮਨ, ੨੬. ਬਦਲਾ, ੨੭. ਈਚੋਗਿਲ ਨਹਿਰ ਤਕ, ੨੮. ਕਾਲੇ ਪਰਛਾਵੇਂ, ੨੯. ਪ੍ਰੀਤ ਤੇ ਪੈਸਾ, ੩੦. ਤੂਤਾਂ ਵਾਲਾ ਖੂਹ, ੩੧. ਧਰਤੀ ਦੇ ਦੇਵਤੇ, ੩੨. ਧਰਤੀ ਦੀ ਬੇਟੀ, ੩੩. ਪ੍ਰੀਤ ਕਿ ਰੂਪ, ੩੪. ਸੁੰਵਾ ਆਹਲਣਾ, ੩੫. ਮ: ਜਿੰਦਾਂ, ੩੬. ਮ: ਦਲੀਪ ਸਿੰਘ, ਤੇ ਤਿੰਨ ਛੋਟੇ ਨਾਵਲ।

**ਕਵਿਤਾ :** ੧. ਵਹਿੰਦੇ ਹੰਝੂ, ੨. ਸੱਜਰੇ ਹੰਝੂ, ੩. ਦਿਲ ਦਰਿਆ, ੪. ਮੇਰੇ ਗੀਤ, ੫. ਮੇਰੀਆਂ ਢਾਡੀ ਵਾਰਾਂ ਚਾਰ ਭਾਗ, ੬. ਨਾਵਲਕਾਰ ਸੋਹਣ ਸਿੰਘ ਸੀਤਲ।

**ਵਾਰਾਂ :** ੧. ਸੀਤਲ ਕਿਰਣਾਂ, ੨. ਸੀਤਲ ਸੁਨੇਹੇ, ੩. ਸੀਤਲ ਹੰਝੂ, ੪. ਸੀਤਲ ਹੁਲਾਰੇ, ੫. ਸੀਤਲ ਤਰੰਗਾਂ, ੬. ਸੀਤਲ ਪ੍ਰਸੰਗ, ੭. ਸੀਤਲ ਪ੍ਰਕਾਸ਼, ੮. ਸੀਤਲ ਤਰਾਨੇ, ੯. ਸੀਤਲ ਵਾਰਾਂ, ੧੦. ਸੀਤਲ ਤਾਂਘਾਂ, ੧੧. ਸੀਤਲ ਵਲਵਲੇ, ੧੨. ਸੀਤਲ ਚੰਗਿਆੜੇ, ੧੩. ਸੀਤਲ ਰਮਜ਼ਾਂ, ੧੪. ਸੀਤਲ ਉਮੰਗਾਂ, ੧੫. ਸੀਤਲ ਅੰਗਿਆਰੇ, ੧੬. ਸੀਤਲ ਮੁਨਾਰੇ ਤੇ ਸੀਤਲ ਚਮਕਾਂ, ੧੭. ਸੀਤਲ ਸੁਗਾਤਾਂ।


## ਲਾਹੌਰ ਬੁੱਕ ਸ਼ਾਪ

*2-ਲਾਜਪਤ ਰਾਏ ਮਾਰਕੀਟ, ਲੁਧਿਆਣਾ*